Space for Advertisement

13ਵਾਂ ਸਾਲ
ਹਫ਼ਤਾਵਾਰੀ
# ਦੇਸ਼ ਦੁਆਬਾ
VOL -14 ISSUE - 13
July 2, 2025
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Space for Advertisement

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਵਿਵੇਕ ਭਾਟੀਆ



4 ਜੁਲਾਈ- ਅਮਰੀਕਾ ਦੇ ਆਜ਼ਾਦੀ ਦਿਹਾੜੇ ਦੀਆਂ ਅਦਾਰਾ "ਦੇਸ਼ ਦੁਆਬਾ" ਵੱਲੋਂ ਲੱਖ-ਲੱਖ ਵਧਾਈਆਂ। **(ਸਬੰਧਤ ਸੰਪਾਦਕੀ ਦੇਖੋ ਸਫਾ 6 'ਤੇ)**

# ਮਜੀਠੀਆ ਦਾ ਵਿਜੀਲੈਂਸ ਰਿਮਾਂਡ ਹੋਰ ਵਧਿਆ, ਅਕਾਲੀਆਂ ਦੀ ਫੜੋ-ਫੜੀ ਜਾਰੀ

## ਪੁਲਿਸ ਨੇ ਸੁਖਬੀਰ ਬਾਦਲ ਤੇ ਹੋਰ ਅਕਾਲੀ ਆਗੂ ਹਿਰਾਸਤ 'ਚ ਲੈਣ ਮਗਰੋਂ ਛੱਡੇ

**ਮੁਹਾਲੀ (ਬਿਊਰੋ)-** ਮੁਹਾਲੀ ਕੋਰਟ ਨੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਦੇ ਵਿਜੀਲੈਂਸ ਰਿਮਾਂਡ ਵਿਚ ਚਾਰ ਦਿਨਾ ਦਾ ਵਾਧਾ ਕਰ ਦਿੱਤਾ ਹੈ। ਮਜੀਠੀਆ ਨੂੰ ਡਰੱਗ ਮਨੀ ਤੇ ਆਮਦਨ ਤੋਂ ਵੱਧ ਜਾਇਦਾਦ ਮਾਮਲੇ 'ਚ ਸੱਤ ਦਿਨਾ ਦੇ ਰਿਮਾਂਡ ਦੀ ਮਿਆਦ ਮੁੱਕਣ ਮਗਰੋਂ ਅੱਜ ਮੁਹਾਲੀ ਕੋਰਟ ਵਿਚ ਪੇਸ਼ ਕੀਤਾ ਗਿਆ ਹੈ। ਦੋਵਾਂ ਧਿਰਾਂ ਵਿਚਾਲੇ ਚਾਰ ਘੰਟੇ ਦੇ ਕਰੀਬ ਬਹਿਸ ਚੱਲੀ। ਮਜੀਠੀਆ ਦੀ ਪੇਸ਼ੀ ਮੌਕੇ ਮੁਹਾਲੀ ਕੋਰਟ ਦੇ ਬਾਹਰ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ। ਇਸ ਦੌਰਾਨ ਪੁਲੀਸ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਣੇ ਹੋਰਨਾਂ ਅਕਾਲੀ ਆਗੂਆਂ ਨੂੰ ਚੰਡੀਗੜ੍ਹ-ਮੁਹਾਲੀ ਦੀ ਸਰਹੱਦ ਨੇੜਿ ਂ ਹਿਰਾਸਤ ਵਿਚ ਲੈ ਲਿਆ ਹੈ। ਸੁਖਬੀਰ ਬਾਦਲ ਨੇ ਦੋਸ਼ ਲਾਇਆ ਹੈ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੇ ਸੂਬੇ ਵਿੱਚ ਅਣਐਲਾਨੀ ਐਮਰਜੈਂਸੀ ਲਾ ਦਿੱਤੀ ਹੈ। ਪੁਲੀਸ ਨੇ ਅੰਬ ਸਾਹਿਬ ਤੋਂ ਪੁਲੀਸ ਨਾਕੇ ਤੋੜ ਕੇ ਵਿਜੀਲੈਂਸ ਭਵਨ ਵੱਲ ਮਾਰਚ ਕਰਦੇ ਹੋਏ ਅਕਾਲੀ ਆਗੂਆਂ, ਦਰਬਾਰਾ ਸਿੰਘ ਗੁਰੂ,



ਪਰਵਿੰਦਰ ਸਿੰਘ ਸੋਹਾਣਾ, ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਅਤੇ ਦਰਜਨਾਂ ਵਰਕਰਾਂ ਨੂੰ ਪੁਲੀਸ ਨੇ ਗ੍ਰਿਫਤਾਰ ਕਰ ਲਿਆ। ਸੁਖਬੀਰ ਸਣੇ ਬਾਕੀ ਆਗੂਆਂ ਨੂੰ ਫੇਜ਼ 11 ਦੇ ਥਾਣੇ ਵਿਚ ਲਿਜਾਣ ਤੋਂ ਕੁਝ ਦੇਰ ਬਾਅਦ ਛੱਡ ਦਿੱਤਾ ਗਿਆ।

ਜਾਣਕਾਰੀ ਅਨੁਸਾਰ ਸੁਖਬੀਰ ਬਾਦਲ ਅੱਜ ਜਿਵੇਂ ਹੀ ਚੰਡੀਗੜ੍ਹ-ਮੁਹਾਲੀ ਸਰਹੱਦ ਨੇੜੇ ਪੁੱਜੇ ਤਾਂ ਪੁਲੀਸ ਨੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। ਸੁਖਬੀਰ ਬਾਦਲ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੇ ਇੱਕ ਮਾਮਲੇ ਵਿੱਚ ਅਕਾਲੀ ਆਗੂ ਬਿਕਰਮ ਮਜੀਠੀਆ ਦੀ ਗ੍ਰਿਫ਼ਤਾਰੀ ਵਿਰੁੱਧ 'ਸ਼ਾਂਤਮਈ ਵਿਰੋਧ ਪ੍ਰਦਰਸ਼ਨ' ਲਈ ਮੁਹਾਲੀ ਦੇ ਫੇਜ਼ 8 ਵਿਚਲੇ ਗੁਰਦੁਆਰਾ ਅੰਬ ਸਾਹਿਬ ਜਾ ਰਹੇ ਸਨ, ਜਿੱਥੇ ਉਨ੍ਹਾਂ ਅਕਾਲੀ ਆਗੂਆਂ ਤੇ ਵਰਕਰਾਂ ਨੂੰ ਇਕੱਠੇ ਹੋਣ ਦਾ ਸੱਦਾ ਦਿੱਤਾ ਸੀ। ਮੁਹਾਲੀ ਦੇ ਐਸਪੀ (ਦਿਹਾਤੀ) ਮਨਪ੍ਰੀਤ ਸਿੰਘ ਨੇ ਕਿਹਾ ਕਿ ਸੁਖਬੀਰ ਬਾਦਲ ਅਤੇ ਹੋਰ ਅਕਾਲੀ ਵਰਕਰਾਂ ਨੂੰ ਇੱਕ ਬੱਸ ਵਿੱਚ ਮੁਹਾਲੀ ਪੁਲਿਸ ਥਾਣੇ ਲਿਜਾਇਆ ਗਿਆ।

# ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਜ਼ੋਹਰਾਨ ਮਮਦਾਨੀ ਵਿਚਕਾਰ ਤਣਾਤਣੀ ਦਾ ਕਾਰਨ ਕੀ ਹੈ?

**ਨਿਊਯਾਰਕ (ਬਿਊਰੋ)-** ਨਿਊਯਾਰਕ ਸਿਟੀ ਦੇ ਡੈਮੋਕ੍ਰੇਟਿਕ ਮੇਅਰ ਪ੍ਰਾਇਮਰੀ ਵਿਚ ਜਿੱਤ ਹਾਸਲ ਕਰ ਚੁੱਕੇ ਜ਼ੋਹਰਾਨ ਮਮਦਾਨੀ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਗ੍ਰਿਫਤਾਰੀ ਅਤੇ ਨਾਗਰਿਕਤਾ ਖੋਹਣ ਦੀ ਧਮਕੀ 'ਤੇ ਸਖ਼ਤ ਪ੍ਰਤੀਕਿਰਿਆ ਦਿੱਤੀ ਹੈ। ਮਮਦਾਨੀ ਨੇ ਕਿਹਾ ਕਿ ਉਹ ਇਸ ਤਰ੍ਹਾਂ ਦੀਆਂ ਧਮਕੀਆਂ ਤੋਂ ਡਰਨ ਵਾਲਾ ਨਹੀਂ ਹੈ ਅਤੇ ਟਰੰਪ ਦਾ ਇਹ ਰਵੱਈਆ ਲੋਕਤੰਤਰ 'ਤੇ ਸਿੱਧਾ ਹਮਲਾ ਹੈ। ਡੋਨਲਡ ਟਰੰਪ ਨੇ ਹਾਲ ਹੀ ਵਿੱਚ ਇੱਕ ਇਮੀਗ੍ਰੇਸ਼ਨ ਈਵੈਂਟ ਦੌਰਾਨ ਮਮਦਾਨੀ ਨੂੰ "ਕਮਿਊਨਿਸਟ" ਅਤੇ "ਪਾਗਲ" ਦੱਸਿਆ ਸੀ ਅਤੇ ਦਾਅਵਾ ਕੀਤਾ ਕਿ ਉਹ ਸੰਭਵ ਤੌਰ 'ਤੇ ਅਮਰੀਕਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਹਨ। ਟਰੰਪ ਨੇ ਧਮਕੀ ਦਿੱਤੀ ਕਿ ਜੇਕਰ ਮਮਦਾਨੀ ਨੇ ਯੂ.ਐੱਸ. ਇਮੀਗ੍ਰੇਸ਼ਨ ਏਜੰਸੀ ਦੇ ਕੰਮ ਵਿੱਚ ਰੁਕਾਵਟ ਪਾਈ ਤਾਂ ਉਸ ਨੂੰ ਗ੍ਰਿਫਤਾਰ ਕਰਕੇ ਡਿਟੈਂਸ਼ਨ ਕੈਂਪ ਵਿੱਚ ਭੇਜ ਦਿੱਤਾ ਜਾਵੇਗਾ ਅਤੇ ਨਾਗਰਿਕਤਾ ਰੱਦ ਕਰ ਦਿੱਤੀ ਜਾਵੇਗੀ।

ਜ਼ੋਹਰਾਨ ਮਮਦਾਨੀ ਨੇ ਟਰੰਪ ਦੀਆਂ ਟਿੱਪਣੀਆਂ 'ਤੇ ਤਿੱਖੀ ਪ੍ਰਤੀਕਿਰਿਆ ਕਰਦੇ ਹੋਏ ਕਿਹਾ, "ਸੰਯੁਕਤ ਰਾਜ ਅਮਰੀਕਾ ਦੇ ਰਾਸ਼ਟਰਪਤੀ ਨੇ ਮੈਨੂੰ ਗ੍ਰਿਫਤਾਰ ਕਰਵਾਉਣ, ਮੇਰੀ ਨਾਗਰਿਕਤਾ ਖੋਹਣ ਅਤੇ ਡਿਟੈਂਸ਼ਨ ਕੈਂਪ ਵਿੱਚ ਪਾਉਣ ਦੀ ਧਮਕੀ ਦਿੱਤੀ ਹੈ, ਉਹ ਵੀ ਉਦੋਂ ਜਦੋਂ ਮੈਂ ਕੋਈ ਕਾਨੂੰਨ ਨਹੀਂ ਤੋੜਿਆ। ਇਹ ਸਿਰਫ਼ ਇਸ ਲਈ ਹੋ ਰਿਹਾ ਹੈ ਕਿਉਂਕਿ ਮੈਂ ਆਈਸ ਨੂੰ ਸਾਡੇ ਸ਼ਹਿਰ ਵਿੱਚ ਅੱਤਵਾਦ ਫੈਲਾਉਣ ਤੋਂ ਰੋਕ-ਂਗਾ।" ਉਨ੍ਹਾਂ ਅੱਗੇ ਕਿਹਾ "ਇਹ ਨਾ ਸਿਰਫ਼ ਲੋਕਤੰਤਰ 'ਤੇ ਹਮਲਾ ਹੈ, ਬਲਕਿ ਹਰ ਉਸ ਨਿਊਯਾਰਕ ਵਾਸੀ ਨੂੰ ਡਰਾਉਣ ਦੀ ਕੋਸ਼ਿਸ਼ ਹੈ ਜੋ ਅਨਿਆਂ ਵਿਰੁੱਧ ਬੋਲਦਾ ਹੈ। ਪਰ ਅਸੀਂ ਡਰਾਂਗੇ ਨਹੀਂ, ਅਸੀਂ ਲੜਾਂਗੇ।"



ਮਮਦਾਨੀ ਨੇ ਨਿਊਯਾਰਕ ਦੇ ਮੌਜੂਦਾ ਮੇਅਰ ਐਰਿਕ ਐਡਮਜ਼ 'ਤੇ ਵੀ ਨਿਸ਼ਾਨਾ ਸੇਧਿਆ, ਜਿਨ੍ਹਾਂ ਦੀ ਟਰੰਪ ਨੇ ਹਾਲ ਹੀ ਵਿੱਚ ਪ੍ਰਸ਼ੰਸਾ ਕੀਤੀ ਸੀ। ਮਮਦਾਨੀ ਨੇ ਕਿਹਾ ਕਿ "ਟਰੰਪ ਵੱਲੋਂ ਐਰਿਕ ਐਡਮਜ਼ ਦੀ ਤਾਰੀਫ਼ ਕਰਨਾ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ, ਪਰ ਇਸ ਨਾਲ ਇਹ ਸਪੱਸ਼ਟ ਹੋ ਗਿਆ ਹੈ ਕਿ ਇਸ ਮੇਅਰ ਦਾ ਕਾਰਜਕਾਲ ਹੁਣ ਖਤਮ ਹੋਣਾ ਚਾਹੀਦਾ ਹੈ। ਅਜਿਹੇ ਸਮੇਂ ਵਿੱਚ ਜਦੋਂ ਉਘਓ ਰਿਪਬਲਿਕਨ ਲੋਕ ਸਮਾਜਿਕ ਸੁਰੱਖਿਆ ਯੋਜਨਾਵਾਂ ਖਤਮ ਕਰਨਾ ਚਾਹੁੰਦੇ ਹਨ ਅਤੇ ਗਰੀਬਾਂ ਤੋਂ ਖੋਹ ਕੇ ਅਰਬਪਤੀਆਂ ਨੂੰ ਦੇਣਾ ਚਾਹੁੰਦੇ ਹਨ, ਐਰਿਕ ਐਡਮਜ਼ ਦਾ ਟਰੰਪ ਦੀ ਭਾਸ਼ਾ ਬੋਲਣਾ ਸ਼ਰਮਨਾਕ ਹੈ।"

ਨਵੰਬਰ ਵਿੱਚ ਹੋਣ ਵਾਲੀਆਂ ਨਿਊਯਾਰਕ ਸਿਟੀ ਮੇਅਰ ਚੋਣਾਂ ਵਿੱਚ ਜ਼ੋਹਰਾਨ ਮਮਦਾਨੀ ਜਨਮਤ ਸਰਵੇਖਣਾਂ ਵਿੱਚ ਫਿਲਹਾਲ ਸਭ ਤੋਂ ਅੱਗੇ ਚੱਲ ਰਹੇ ਹਨ। ਉਹ ਮੌਜੂਦਾ ਮੇਅਰ ਐਰਿਕ ਐਡਮਜ਼ ਅਤੇ ਰਿਪਬਲਿਕਨ ਪ੍ਰਤਿਆਸ਼ੀ ਕਰਟਿਸ ਸਲਿਵਾ ਤੋਂ ਅੱਗੇ ਹਨ। ਉਨ੍ਹਾਂ ਕਿਹਾ, "ਅਸੀਂ ਸਾਬਿਤ ਕਰ ਦਿੱਤਾ ਹੈ ਕਿ ਜਦੋਂ ਲੋਕਾਂ ਨੂੰ ਕੁਝ ਠੋਸ ਵਿਕਲਪ ਮਿਲਦਾ ਹੈ, ਤਾਂ ਉਹ ਵਾਪਸ ਆਉਂਦੇ ਹਨ।"

ਜ਼ੋਹਰਾਨ ਮਮਦਾਨੀ ਭਾਰਤੀ ਮੂਲ ਦੇ ਅਮਰੀਕੀ ਨੇਤਾ ਹਨ, ਜੋ ਨਿਊਯਾਰਕ ਸਿਟੀ ਵਿੱਚ ਡੈਮੋਕ੍ਰੇਟਿਕ ਸੋਸ਼ਲਿਸਟ ਪਾਰਟੀ ਨਾਲ ਜੁੜੇ ਹੋਏ ਹਨ। ਉਨ੍ਹਾਂ ਨੇ 7 ਸਾਲ ਪਹਿਲਾਂ ਅਮਰੀਕੀ ਨਾਗਰਿਕਤਾ ਪ੍ਰਾਪਤ ਕੀਤੀ ਸੀ ਅਤੇ ਵਰਤਮਾਨ ਵਿੱਚ ਸਮਾਜਿਕ ਨਿਆਂ, ਪ੍ਰਵਾਸੀ ਅਧਿਕਾਰਾਂ ਅਤੇ ਆਰਥਿਕ ਸਮਾਨਤਾ ਦੇ ਮੁੱਦਿਆਂ ਨੂੰ ਲੈਕੇ ਚਰਚਾ ਵਿਚ ਹੈ।



















# SUNSHINE AUTO CARE INC.

**WE REPAIR ALL MAKES & MODELS. AUTO, DIESEL TRUCK & TRAILERS**

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

We do Truck Smoke Test & Alignment FOR ALL CUSTOMERS

hablamos español

We Speak English, Spanish & Punjabi


We Provide Towing & 24/7 Mobile Road Services For All Autos, Trucks & Trailers

Open Monday to Saturday

Com-Check
T-Check
EFS Check

ACCEPTED HERE

VISA MasterCard AMERICAN EXPRESS DISCOVER NETWORK



**209-239-1551**

**1003 MOFFAT BLVD., MANTECA, CA 95336**



# SKY TRANSPORT SOLUTIONS

**STRIVE FOR MORE**

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

**PLEASE CONTACT US FOR MORE INFORMATION**

**PHONE: 209-855-6938, FAX: 209-762-6540**

Email: skytransportsolution@gmail.com

Give us a chance to provide you best services

**121 E 11th St. Tracy, CA 95376**

## ਛੋਟਾ ਜਹਾਜ਼ ਹਾਦਸਾਗ੍ਰਸਤ ਹੋ ਕੇ ਜੰਗਲ ਵਿੱਚ ਡਿੱਗਾ, ਪਰਿਵਾਰ ਦੇ 4 ਜੀਆਂ ਸਮੇਤ 6 ਮੌਤਾਂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**–ਅਮਰੀਕਾ ਦੇ ਉਹਾਈਓ ਰਾਜ ਵਿੱਚ ਇੱਕ ਛੋਟਾ ਜਹਾਜ਼ ਹਾਦਸਾਗ੍ਰਸਤ ਹੋ ਕੇ ਜੰਗਲੀ ਖੇਤਰ ਵਿੱਚ ਡਿੱਗ ਪੈਣ ਦੀ ਖਬਰ ਹੈ ਜਿਸ ਵਿੱਚ ਸਵਾਰ ਪਾਇਲਟ ਤੇ ਸਹਿ ਪਾਇਲਟ



ਸਣੇ ਸਾਰੇ 6 ਵਿਅਕਤੀਆਂ ਦੀ ਮੌਤ ਹੋ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਦੋ ਇੰਜਣਾਂ ਵਾਲਾ ਜਹਾਜ਼ ਹੌਲੈਂਡ ਟਾਊਨਸ਼ਿੱਪ ਵਿੱਚ ਸਥਿੱਤ ਯੰਗਸਟਾਊਨ ਵਾਰੇਨ ਖੇਤਰੀ ਹਵਾਈ ਅੱਡੇ ਤੋਂ ਉਡਾਣ ਭਰਨ ਤੋਂ ਕੁਝ ਮਿੰਟਾਂ ਬਾਅਦ ਜਮੀਨ ਉਪਰ ਡਿੱਗ ਕੇ ਬੁਰੀ ਤਰਾਂ ਤਬਾਹ ਹੋ ਗਿਆ। ਪੱਛਮੀ ਰਿਜਰਵ ਪੋਰਟ ਅਥਾਰਿਟੀ ਦੇ ਡਾਇਰੈਕਟਰ ਐਨਟਨੀ ਟਰੀਵੇਨਾ ਨੇ ਕਿਹਾ ਹੈ ਕਿ ਜਹਾਜ਼ ਵਿਚ ਸਵਾਰ ਕੋਈ ਵੀ ਵਿਅਕਤੀ ਜੀਂਦਾ ਨਹੀਂ ਬਚਿਆ ਹੈ। ਪਾਇਲਟ ਤੇ ਸਹਿ ਪਾਇਲਟ ਜੋਸਫ ਮੈਕਸਿਨ (63) ਤੇ ਟਿਮੋਥੀ ਬਲੇਕ (55) ਵੀ ਹੋਰ ਯਾਤਰੀਆਂ ਨਾਲ ਮਾਰੇ ਗਏ ਹਨ। ਬਾਕੀ 4 ਮ੍ਰਿਤਕਾਂ ਵਿਚ ਜੇਮਜ ਵੇਲਰ (67), ਉਸ ਦੀ ਪਤਨੀ ਵੇਰੋਨਿਕਾ ਵੇਲਰ (68), ਉਨਾਂ ਦਾ ਪੁੱਤਰ ਜੌਹਨ ਵੇਲਰ (26) ਤੇ ਉਸ ਦੀ ਪਤਨੀ ਮਾਰੀਆ ਵੇਲਰ ਸ਼ਾਮਿਲ ਹਨ। ਪਰਿਵਾਰ ਛੁੱਟੀਆਂ ਮਨਾਉਣ ਲਈ ਮੋਨਟਾਨਾ ਜਾ ਰਿਹਾ ਸੀ ਪਰੰਤੂ ਕੁੱਦਰਤ ਨੂੰ ਕੁਝ ਹੋਰ ਹੀ ਮਨਜੂਰ ਸੀ।

# ਰਾਸ਼ਟਰਪਤੀ ਟਰੰਪ ਤੇ ਮਸਕ ਵਿਚਾਲੇ ਖਿੱਚੀ ਗਈ ਲਕੀਰ

## ਮੈਗਾਬਿੱਲ ਦੇ ਹੱਕ ਵਿਚ ਵੋਟ ਪਾਉਣ ਵਾਲੇ ਹਰ ਰਿਪਬਲੀਕਨ ਸਾਂਸਦ ਦਾ ਮੁੱਢਲੀ ਚੋਣ ਵਿੱਚ ਕਰਾਂਗਾ ਵਿਰੋਧ- ਮਸਕ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਰਾਸ਼ਟਰਪਤੀ ਡੋਨਾਲਡ ਟਰੰਪ ਤੇ ਅਰਬਪਤੀ ਕਾਰੋਬਾਰੀ ਐਲਨ ਮਸਕ ਵਿਚਾਲੇ ਇਕ ਵਾਰ ਫਿਰ ਮੱਤਭੇਦ ਡੂੰਘੇ ਹੋ ਗਏ ਹਨ। ਮਸਕ ਨੇ ਟਰੰਪ ਦੁਆਰਾ ਪੇਸ਼ ਮੈਗਾਬਿੱਲ ਦਾ ਵਿਰੋਧ ਕਰਦਿਆਂ ਐਲਾਨ ਕੀਤਾ ਹੈ ਕਿ ਜੋ ਵੀ ਕੋਈ ਸੈਨੇਟ ਮੈਂਬਰ ਬਿੱਲ ਦੇ ਹੱਕ ਵਿੱਚ ਵੋਟ ਪਾਵੇਗਾ, ਉਸ ਨੂੰ ਪਾਰਟੀ ਦੀ ਮੁੱਢਲੀ ਚੋਣ ਵਿੱਚ ਚੁਣੌਤੀ ਦਾ ਸਾਹਮਣਾ ਕਰਨਾ ਪਵੇਗਾ , ਮੈ ਉਸ ਦਾ ਵਿਰੋਧ ਕਰਾਂਗਾ। ਵਾਇਟ ਹਾਊਸ ਦੇ ਸਾਬਕਾ ਚੋਟੀ ਦੇ ਸਲਾਹਕਾਰ ਮਸਕ ਨੇ ਐਕਸ ਉਪਰ ਬਿੱਲ ਦਾ ਵਿਰੋਧ ਕਰਦਿਆਂ ਲਿੱਖਿਆ ਹੈ ਕਿ ਚਿੰਤਾ ਵਾਲੀ ਗੱਲ ਇਹ ਹੈ ਕਿ ਬਿੱਲ ਰਾਸ਼ਟਰੀ ਕਰਜ਼ਾ ਵਧਾਉਣ ਦਾ ਕੰਮ ਕਰੇਗਾ। ਮਸਕ ਨੇ ਲਿੱਖਿਆ ਹੈ ਕਾਂਗਰਸ ਦੇ ਹਰੇਕ ਮੈਂਬਰ ਜਿਸ ਨੇ ਸਰਕਾਰੀ ਖਰਚ ਘਟਾਉਣ ਲਈ ਮੁਹਿੰਮ ਚਲਾਈ ਸੀ, ਜੇਕਰ ਹੁਣ ਉਹ ਇਤਿਹਾਸਕ ਕਰਜ਼ਾ ਵਧਾਉਣ ਵਾਲੇ ਬਿੱਲ ਦੇ ਹੱਕ ਵਿਚ ਵੋਟ ਪਾਉਂਦਾ ਹੈ ਤਾਂ ਉਸ ਨੂੰ ਆਪਣਾ ਸਿਰ ਸ਼ਰਮ ਨਾਲ ਝੁਕਾਅ ਲੈਣਾ ਚਾਹੀਦਾ ਹੈ। ਉਸ ਨੂੰ ਅਗਲੇ ਸਾਲ ਮੁੱਢਲੀ ਚੋਣ ਵਿੱਚ ਹਾਰ ਦਾ ਸਾਹਮਣਾ ਕਰਨਾ ਪਵੇਗਾ। ਇਹ ਮੇਰੀ ਇਸ ਧਰਤੀ ਉਪਰ ਆਖਰੀ ਚੀਜ ਹੋਵੇਗੀ ਜੋ ਮੈਂ ਕਰਨ ਜਾ ਰਿਹਾ ਹਾਂ। ਇਥੇ ਜਿਕਰਯੋਗ ਹੈ ਕਿ ਸਲਾਹਕਾਰ ਵਜੋਂ ਵਾਇਟ ਹਾਊਸ ਛੱਡਣ ਤੋਂ ਬਾਅਦ ਮਸਕ ਨੇ ਟਰੰਪ ਦੀ ਸਖਤ ਅਲੋਚਨਾ ਕੀਤੀ ਸੀ ਤੇ ਇਥੋਂ ਤੱਕ ਕਹਿ ਦਿੱਤਾ ਸੀ ਮਿਸਟਰ ਟਰੰਪ ਮੈ ਤੇਰੀ ਹਮਾਇਤ ਨਾ ਕਰਦਾ ਤਾਂ ਤੂੰ ਹਾਰ ਜਾਂਦਾ। ਇਸ ਤੇ ਟਰੰਪ ਨੇ ਵੀ ਸਖਤ ਤੇਵਰ ਵਿਖਾਉਂਦਿਆਂ ਮਸਕ ਨੂੰ ਤਾੜਨਾ ਕੀਤੀ ਸੀ ਕਿ ਤੈਨੂੰ ਅਜਿਹੇ ਹਾਲਾਤ ਦਾ ਸਾਹਮਣਾ ਕਰਨਾ ਪਵੇਗਾ ਜਿਸ ਦੀ ਤੂੰ ਕਲਪਨਾ ਵੀ ਨਹੀਂ ਕਰ ਸਕਦਾ। ਇਸ 'ਤੇ ਮਸਕ ਨੇ ਮੁਆਫੀ ਮੰਗਦਿਆਂ ਕਿਹਾ ਸੀ 'ਅਫਸੋਸ ਮੈ ਕੁਝ ਟਿੱਪਣੀਆਂ ਕਰਦੇ ਸਮੇ ਹੱਦੋਂ ਬਾਹਰ ਚਲਾ ਗਿਆ ਸੀ। ਹੁਣ ਫਿਰ ਦੋਨੋਂ ਆਹਮੋ ਸਾਹਮਣੇ ਹਨ।





## ਸੀ ਐਨ ਐਨ ਵੱਲੋਂ ਰਾਸ਼ਟਰਪਤੀ ਦੀ ਅਲੋਚਨਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਸੀ ਐਨ ਐਨ ਨੇ ਉਸ ਦੀ ਕੌਮੀ ਸੁਰੱਖਿਆ ਬਾਰੇ ਪੱਤਰਕਾਰ ਨਤਾਸ਼ਾ ਬਰਟਰੰਡ ਬਾਰੇ ਵਰਤੀ ਗਈ ਸ਼ਬਦਾਵਲੀ ਨੂੰ ਲੈ ਕੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਖਤ ਅਲੋਚਨਾ ਕੀਤੀ ਹੈ। ਇਜ਼ਰਾਈਲ ਤੇ ਇਰਾਨ ਵਿਚਾਲੇ ਟਕਰਾਅ ਬਾਰੇ ਨਤਾਸ਼ਾ ਬਰਟਰੰਡ ਦੀ ਰਿਪੋਰਟਿੰਗ ਤੋਂ ਖਫ਼ਾ ਟਰੰਪ ਨੇ ਸੋਸ਼ਲ ਮੀਡੀਆ ਟਰੁੱਥ ਉਪਰ ਲਿਖਿਆ ਹੈ ਕਿ 'ਨਤਾਸ਼ਾ ਬਰਟਰੰਡ ਨੂੰ ਨੌਕਰੀ ਤੋਂ ਕੱਢ ਦੇਣਾ ਚਾਹੀਦਾ ਹੈ, ਮੈ ਉਸ ਵੱਲੋਂ ਪਿਛਲੇ 3 ਦਿਨਾਂ ਤੋਂ ਘੜੀਆਂ ਜਾ ਰਹੀਆਂ ਫਰਜੀ ਖਬਰਾਂ ਵੇਖੀਆਂ ਹਨ। ਉਸ ਵਿਰੁੱਧ ਤੁਰੰਤ ਕਾਰਵਾਈ ਕਰਕੇ ਕੁੱਤੇ ਦੀ ਤਰਾਂ ਬਾਹਰ ਸੁੱਟ ਦਿ । ਟਰੰਪ ਨੇ ਕਿਹਾ ਹੈ ਕਿ ਉਸ ਨੇ ਯਮਲੋਕ ਕਹਾਣੀ ਤੋਂ ਲੈਪਟਾਪ ਉਪਰ ਝੂਠ ਬੋਲਿਆ ਹੈ। ਹੁਣ ਉਸ ਨੇ ਪ੍ਰਮਾਣੂ ਟਿਕਾਣਿਆਂ ਬਾਰੇ ਝੂਠ ਬੋਲ ਕੇ ਸਾਡੇ ਦੇਸ਼ ਭਗਤ ਪਾਇਲਟਾਂ ਦੇ ਅਕਸ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ ਹੈ ਜਦ ਕਿ ਉਨਾਂ ਨੇ ਮਹਾਨ ਕੰਮ ਕੀਤਾ ਹੈ। ਇਥੇ ਜਿਕਰਯੋਗ ਹੈ ਕਿ ਬਰਟਰੰਡ ਤੇ ਸੀ ਐਨ ਐਨ ਨੇ ਇਸ ਹਫਤੇ ਦੇ ਸ਼ੁਰੂ ਵਿਚ ਪ੍ਰਸਾਰਿਤ ਇਕ ਰਿਪੋਰਟ ਵਿਚ ਕਿਹਾ ਸੀ ਕਿ ਅਮਰੀਕਾ ਵੱਲੋਂ ਇਰਾਨ ਦੇ ਜੋ 3 ਪ੍ਰਮਾਣੂ ਟਿਕਾਣਿਆਂ 'ਤੇ ਹਮਲਾ ਕੀਤਾ ਗਿਆ ਹੈ ਉਸ ਹਮਲੇ ਵਿੱਚ ਪ੍ਰਮਾਣੂ ਟਿਕਾਣੇ ਤਬਾਹ ਨਹੀਂ ਹੋਏ। ਇਨਾਂ ਹਮਲਿਆਂ ਨਾਲ ਇਰਾਨ ਦਾ ਪ੍ਰਮਾਣੂ ਪ੍ਰੋਗਰਾਮ ਕੁਝ ਮਹੀਨੇ ਪਿਛੇ ਜਰੂਰ ਪਿਆ ਹੈ। ਇਸ ਰਿਪੋਰਟ ਤੋਂ ਖਫ਼ਾ ਟਰੰਪ ਨੇ ਬਰਟਰੰਡ ਬਾਰੇ ਵਿਵਾਦਤ ਗੱਲਾਂ ਕੀਤੀਆਂ ਹਨ।

## ਡੇਢ ਸਾਲ ਪਹਿਲਾਂ ਕਤਲ ਕੀਤੀ ਗਈ ਭਾਰਤੀ ਮੂਲ ਦੀ ਔਰਤ ਦੇ ਮਾਮਲੇ ਵਿਚ ਦੋਸਤ ਗ੍ਰਿਫ਼ਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਤਕਰੀਬਨ ਡੇਢ ਸਾਲ ਪਹਿਲਾਂ ਕਤਲ ਕੀਤੀ ਗਈ ਭਾਰਤੀ ਮੂਲ ਦੀ ਸ਼ਲਿਨੀ ਸਿੰਘ ਦੀ ਹੈਮਿਲਟਨ ਖੇਤਰ ਦੇ ਸੀਵਰੇਜ ਦੇ ਗੰਦੇ ਪਾਣੀ ਵਿਚੋਂ ਗਲੀ ਸੜੀ ਲਾਸ਼ ਮਿਲਣ ਉਪਰੰਤ ਉਸ ਦੇ ਦੋਸਤ ਜੈਫਰੀ ਸਮਿੱਥ ਨੂੰ ਗ੍ਰਿਫਤਾਰ ਕਰ ਲਿਆ ਹੈ। ਉਸ ਵਿਰੁੱਧ ਦੂਸਰਾ ਦਰਜਾ ਹੱਤਿਆ ਤੋਂ ਇਲਾਵਾ ਮਨੁੱਖੀ ਦੇਹ ਦੀ ਬੇਅਦਬੀ ਕਰਨ ਦੇ ਦੋਸ਼ ਲਾਏ ਗਏ ਹਨ। ਪੁਲਿਸ ਨੇ ਜਾਰੀ ਇਕ ਬਿਆਨ ਵਿਚ ਇਹ ਜਾਣਕਾਰੀ ਦਿੰਦਿਆਂ ਕਿਹਾ ਹੈ ਕਿ ਜੈਫਰੀ ਸਮਿੱਥ ਸ਼ਲਿਨੀ ਸਿੰਘ ਦਾ ਦੋਸਤ ਸੀ ਤੇ ਉਹ ਬਿਨਾਂ ਵਿਆਹ ਕਰਵਾਏ ਇੱਕਠੇ ਰਹਿੰਦੇ ਸਨ। ਸ਼ਲਿਨੀ ਸਿੰਘ ਨੂੰ ਆਖਰੀ ਵਾਰ 4 ਦਸੰਬਰ 2023 ਨੂੰ ਵੇਖਿਆ ਗਿਆ ਸੀ ਜਦੋਂ ਉਸ ਦੀ ਮਾਂ ਅਨੀਤਾ ਸਿੰਘ ਨੇ ਉਸ ਨੂੰ ਫੋਨ ਕੀਤਾ ਸੀ।



ਜਾਂਚਕਾਰਾਂ ਦਾ ਵਿਸ਼ਵਾਸ਼ ਹੈ ਕਿ ਇਸ ਤੋਂ ਛੇਤੀ ਬਾਅਦ ਉਸ ਦਾ ਕਤਲ ਕਰ ਦਿੱਤਾ ਗਿਆ ਤੇ ਉਸ ਦੀ ਲਾਸ਼ ਸੀਵਰੇਜ ਵਿਚ ਵਹਾਅ ਦਿੱਤੀ ਗਈ। ਕੁਝ ਹਫਤਿਆਂ ਦੀ ਜਾਂਚ ਉਪਰੰਤ ਪੁਲਿਸ ਇਸ ਸਿੱਟੇ 'ਤੇ ਪੁੱਜੀ ਕਿ ਸ਼ਲਿਨੀ ਸਿੰਘ ਘਰ ਵਿਚੋਂ ਜੀਂਦੀ ਬਾਹਰ ਨਹੀਂ ਗਈ। ਜਾਂਚਕਾਰਾਂ ਸਬੂਤਾਂ ਦੀ ਭਾਲ ਵਿੱਚ ਜੁਟੇ ਹੋਏ ਸਨ ਤੇ ਆਖਰਕਾਰ ਉਨਾਂ ਨੂੰ ਗਲੈਨਬਰੁੱਕ ਲੈਂਡਫਿੱਲ ਖੇਤਰ ਵਿਚ ਸੀਵਰੇਜ ਦੇ ਗੰਦੇ ਪਾਣੀ ਵਿਚੋਂ ਮਨੁੱਖੀ ਲਾਸ਼ ਦੀ ਰਹਿੰਦ ਖੂੰਹਦ ਮਿਲੀ। ਡੀ ਐਨ ਏ ਦੀ ਜਾਂਚ ਉਪਰੰਤ ਪੁਸ਼ਟੀ ਹੋਈ ਕਿ ਇਹ ਲਾਸ਼ ਸ਼ਲਿਨੀ ਸਿੰਘ ਦੀ ਹੈ। ਸਮਿੱਥ ਦਾ ਪਿਛੋਕੜ ਹਿੰਸਾ ਤੇ ਦਿਮਾਗੀ ਬਿਮਾਰੀ ਨਾਲ ਜੁੜਿਆ ਹੋਇਆ ਹੈ। ਉਹ ਕਈ ਸਾਲ ਮਾਨਸਿਕ ਰੋਗਾਂ ਦੇ ਡਾਕਟਰਾਂ ਦੀ ਨਿਗਰਾਨੀ ਵਿਚ ਰਿਹਾ ਹੈ।

## ਸਿਨਸਿਨੈਟੀ ਦੇ ਅੱਠਵੇਂ ਸਾਲਾਨਾ ਸਰਵ ਧਰਮ ਸੰਮੇਲਨ "ਫੈਸਟੀਵਲ ਆਫ ਫੇਥਸ" 'ਚ ਸਿੱਖੀ ਦਾ ਪ੍ਰਚਾਰ ਅਤੇ ਲੰਗਰ ਦੀ ਸੇਵਾ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)**– ਬੀਤੇ ਦਿਨੀਂ ਅਮਰੀਕਾ ਦੇ ਸੂਬੇ ਹਾਈ ਦੇ ਸ਼ਹਿਰ ਸਿਨਸਿਨੈਟੀ ਦੀ ਜ਼ੇਵੀਅਰ ਯੂਨੀਵਰਸਿਟੀ ਵਿਖੇ ਅੱਠਵਾਂ ਸਲਾਨਾ 'ਸਿਨਸਨੈਟੀ ਫੈਸਟੀਵਲ ਆਫ ਫੇਥਸ' (ਸਰਵ ਧਰਮ ਸੰਮੇਲਨ) ਦਾ ਆਯੋਜਨ ਕੀਤਾਗਿਆ। 'ਇਕੁਏਜ਼ਨ' ਸੰਸਥਾ ਵਲੋਂ ਕਰਵਾਏ ਜਾਂਦੇ ਇਸ ਸੰਮੇਲਨ ਵਿਚ 13 ਪ੍ਰਮੁੱਖ ਵਿਸ਼ਵ ਧਰਮਾਂ ਦੇ ਲੋਕ ਅਤੇ 34 ਤੋਂ ਵੱਧ ਧਾਰਮਿਕ ਸੰਸਥਾਵਾਂ ਇਕ ਵਾਰ ਫਿਰ ਇਕਜੁੱਟ ਹੋਈਆਂ ਅਤੇ ਵੱਖ-ਵੱਖ ਧਰਮਾਂ, ਸਭਿਆਚਾਰਾਂ ਬਾਰੇ ਸਿੱਖਿਆ ਦੇਣ ਅਤੇ ਲੈਣ ਲਈ, ਵੱਡੀ ਗਿਣਤੀ ਵਿਚ ਲੋਕ ਇਕੱਠੇ ਹੋਏ।






ਇਸ ਸਮਾਗਮ ਸੰਬੰਧੀ ਪ੍ਰੈਸ ਨੂੰ ਜਾਣਕਾਰੀ ਸਾਂਝੇ ਕਰਦੇ ਹੋਏ ਸਿੱਖ ਕਾਰਕੁੰਨ ਅਤੇ ਕਈ ਸਾਲਾਂ ਤੋਂ ਇਹਨਾਂ ਸਮ-ਾਗਮਾਂ 'ਚ ਸ਼ਮੂਲੀਅਤ ਕਰ ਰਹੇ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਸਿਨਸਿਨੈਟੀ, ਡੇਟਨ ਅਤੇ ਹੋਰਨਾਂ ਸ਼ਹਿਰਾਂ ਤੋਂ ਵੱਡੀ ਗਿਣਤੀ 'ਚ ਸਿੱਖ ਭਾਈਚਾਰੇ ਨੇ ਇਸ ਸਮਾਗਮ ਵਿੱਚ ਹਿੱਸਾ ਲਿਆ। ਪਿਛਲੇ ਸਾਲਾਂ ਵਾਂਗ ਗੁਰੂ ਨਾਨਕ ਸੋਸਾਇਟੀ ਗੁਰਦੁਆਰਾ ਸਾਹਿਬ ਦੀ ਸੰਗਤ ਵਲੋਂ ਆਏ ਹੋਏ ਹਜ਼ਾਰਾਂ ਮਹਿਮਾਨਾਂ ਲਈ ਲੰਗਰ ਦੀ ਸੇਵਾ ਕੀਤੀ। ਆਏ ਹੋਏ ਮਹਿਮਾਨਾਂ ਨੂੰ ਸਿੱਖ ਧਰਮ ਵਿਚ ਲੰਗਰ ਅਤੇ ਸੇਵਾ ਦੀ ਮਹੱਤਤਾ ਬਾਰੇ ਜਾਣ ਕੇ ਬਹੁਤ ਖੁਸ਼ੀ ਹੋਈ ਤੇ ਉਹਨਾਂ ਨੇ ਸਿੱਖਾਂ ਦਾ ਧੰਨਵਾਦ ਕੀਤਾ।

ਸਮਾਗਮ ਦਾ ਉਦਘਾਟਨ ਵੱਖ-ਵੱਖ ਧਰਮਾਂ ਦੀ ਅਰਦਾਸ ਨਾਲ ਹੋਇਆ। ਵੱਖ ਵੱਖ ਧਰਮਾਂ ਦੇ ਨੁਮਾਇੰਦਿਆਂ ਨੇ ਆਪਣੇ ਧਰਮ ਦੇ ਅਕੀਦੇ ਮੁਤਾਬਕ ਪਰਮਾਤਮਾ ਦਾ ਗੁਣ ਗਾਇਨ ਕੀਤਾ। ਸਿੱਖ ਭਾਈਚਾਰੇ ਦੇ ਮੈਂਬਰ ਪ੍ਰਭਜੋਤ ਸਿੰਘ ਨੇ ਗੁਰੂ ਨਾਨਕ ਸਾਹਿਬ ਜੀ ਦੀ ਸਿੱਖਿਆ ਦਾ ਹਵਾਲਾ ਦਿੰਦਿਆਂ ਕਿਹਾ ਕਿ ਸਾਰਾ ਸੰਸਾਰ ਇੱਕ ਪਰਮਾਤਮਾ ਦੀ ਰਚਨਾ ਹੈ, ਜਿੱਥੇ ਕੋਈ ਵੀ ਕਿਸੇ ਨਾਲੋਂ ਉੱਚਾ ਜਾਂ ਨੀਵਾਂ ਨਹੀਂ। ਉਹਨਾਂ ਨੇ ਲੰਗਰ, ਸੰਗਤ ਅਤੇ ਪੰਗਤ ਵਰਗੀਆਂ ਸਿੱਖ ਰਵਾਇਤਾਂ ਨੂੰ ਬਰਾਬਰੀ, ਨਿਮਰਤਾ ਅਤੇ ਸਾਂਝੀ ਜ਼ਿੰਮੇਵਾਰੀ ਦੇ ਪ੍ਰਤੀਕ ਵਜੋਂ ਉਜਾਗਰ ਕੀਤਾ। ਉਹਨਾਂ ਨੇ ਆਪਣੇ ਸੰਦੇਸ਼ ਦੀ ਸਮਾਪਤੀ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਨਾਲ ਕੀਤੀ ਅਤੇ ਸਾਰਿਆਂ ਨੂੰ ਸਾਂਝੀ ਭਲਾਈ ਲਈ ਇਕੱਠੇ ਹੋ ਕੇ ਕੰਮ ਕਰਨ ਦੀ ਅਪੀਲ ਕੀਤੀ।

ਗੁਰਦੁਆਰਾ ਗੁਰੂ ਨਾਨਕ ਸੋਸਾਇਟੀ ਸਿਨਸਿਨੈਟੀ ਦੇ ਰਾਗੀ ਭਾਈ ਪਰਮਜੀਤ ਸਿੰਘ, ਭਾਈ ਬਿਕਰਮਜੀਤ ਸਿੰਘ, ਭਾਈ ਅੰਗਦਦੀਪ ਸਿੰਘ ਅਤੇ ਬੀਬੀ ਮਿਹਰ ਕੌਰ ਦੇ ਜੱਥੇ ਨੇ ਸਿੱਖ ਸੰਗਤ ਸਣੇ ਸ਼ਬਦ "ਹੋਇ ਇਕੱਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥" ਦਾ ਕੀਰਤਨ ਕੀਤਾ। ਆਏ ਹੋਏ ਮਹਿਮਾਨਾਂ ਨੂੰ ਸ਼ਬਦ ਦੇ ਅੰਗਰੇਜ਼ੀ ਵਿੱਚ ਅਰਥ, ਗੁਰਮਤਿ ਸੰਗੀਤ, ਦਿਲਰੂਬਾ ਆਦਿ ਬਾਰੇ ਵੀ ਜਾਣਕਾਰੀ ਦਿੱਤੀ ਗਈ।

ਸਿੱਖ ਪ੍ਰਦਰਸ਼ਨੀ ਵਿਚ ਪੁਸਤਕਾਂ ਤੋਂ ਇਲਾਵਾ ਸਿੱਖ ਧਰਮ ਬਾਰੇ ਜਾਣਕਾਰੀ ਦੇਣ ਲਈ ਕਕਾਰ ਵੀ ਰੱਖੇ ਗਏ। ਆਏ ਹੋਏ ਮਹਿਮਾਨਾਂ ਨੂੰ ਦਸਤਾਰ ਬੰਨਣ ਤੇ ਉਸ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ। ਦਸਤਾਰ ਸਜਾ ਕੇ ਬੱਚੇ, ਵੱਡੇ, ਬਜ਼ੁਰਗ ਬਹੁਤ ਹੀ ਉਤਸ਼ਾਹਿਤ ਹੁੰਦੇ, ਤਸਵੀਰਾਂ ਲੈਂਦੇ ਅਤੇ ਮਾਣ ਨਾਲ ਸੰਮੇਲਨ ਵਿਚ ਘੁੰਮਦੇ ਰਹੇ।

ਇਕੁਏਜ਼ਨ ਸੰਸਥਾ ਦੇ ਬੋਰਡ ਮੈਂਬਰ ਅਤੇ ਬੀਤੇ ਕਈ ਸਾਲਾਂ ਤੋਂ ਸਿੱਖ ਧਰਮ ਬਾਰੇ ਲੋਕਾਂ ਨੂੰ ਸਿੱਖਿਅਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਰਹੀ ਅਸੀਸ ਕੌਰ ਨੇ ਇਸ ਸਮਾਗਮ ਸੰਬੰਧੀ ਵਿਚਾਰ ਸਾਂਝੇ ਕਰਦੇ ਹੋਏ ਕਿਹਾ "ਇਹ ਇੱਕ ਵਿਲੱਖਣ ਸਾਲਾਨਾ ਸਮਾਗਮ ਹੈ ਜੋ ਵੱਖ-ਵੱਖ ਭਾਈਚਾਰਿਆਂ ਅਤੇ ਧਰਮਾਂ ਦੇ ਲੋਕਾਂ ਨੂੰ ਇਕੱਠੇ ਕਰਦਾ ਹੈ। ਸਿੱਖ ਨੌਜਵਾਨਾਂ ਨੂੰ ਆਏ ਹੋਏ ਮਹਿਮਾਨਾਂ ਨਾਲ ਸਿੱਖ ਧਰਮ ਅਤੇ ਪਛਾਣ ਬਾਰੇ ਜਾਣਕਾਰੀ ਸਾਂਝੇ ਕਰਦੇ ਹੋਏ ਦੇਖਣਾ ਸਾਡੇ ਲਈ ਮਾਣ ਵਾਲੀ ਗੱਲ ਹੈ।"

ਇਸ ਮੌਕੇ ਸਵਰਗਵਾਸੀ ਜੈਪਾਲ ਸਿੰਘ ਨੂੰ ਇਸ ਸਾਲਾਨਾ ਸਮਾਗਮ ਦੀ ਸਥਾਪਨਾ ਵਿੱਚ ਉਹਨਾਂ ਦੀ ਮਹ-ੱਤਵਪੂਰਨ ਭੂਮਿਕਾ ਅਤੇ ਇਸਦੇ ਸ਼ੁਰੂਆਤੀ ਚਾਰ ਸਾਲਾਂ ਦੌਰਾਨ ਪਾਏ ਯੋਗਦਾਨ ਲਈ ਯਾਦ ਕੀਤਾ ਗਿਆ।

## 'ਪੰਜਾਬ ਨੰਗ, ਤੇ ਆਪ ਚੰਗ !' : ਵਾਅਦੇ ਮੁਫਤ – ਭੁਗਤਾਨ ਕਰਜ਼ੇ ਵਾਲੇ: ਅਰਵਿੰਦ ਖੰਨਾ

**ਚੰਡੀਗੜ੍ਹ**– ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਚੁਕੇ ਜਾ ਰਹੇ ਲਗਾਤਾਰ ਕਰਜ਼ਿਆਂ 'ਤੇ ਭਾਜਪਾ ਆਗੂ ਅਰਵਿੰਦ ਖੰਨਾ ਨੇ ਸਖ਼ਤ ਰਵੱਈਆ ਅਪਣਾਉਂਦਿਆਂ ਕਿਹਾ ਕਿ ਪੰਜਾਬ ਮਾਲੀ ਤੌਰ 'ਤੇ ਲਹੂ-ਲੁਹਾਨ ਹੋ ਰਿਹਾ ਹੈ, ਪਰ ਮਾਨ ਸਰਕਾਰ ਹਜੇ ਵੀ ਨਾਟਕ, ਵਾਅਦੇ ਅਤੇ ਝੂਠੇ ਦਾਅਵੇ ਕਰ ਰਹੀ ਹੈ।

ਪੰਜਾਬ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਨੇ ਤੰਜ਼ ਕਰਦਿਆਂ ਕਿਹਾ ਕਿ ਪੰਜਾਬ ਨੰਗ ਹੋ ਗਿਆ ਤੇ ਆਪ ਚੰਗ – ਇਹਨਾਂ ਦੇ ਨਾਟਕਾਂ ਦੀ ਕਾਲੀ ਹਕੀਕਤ ਹੁਣ ਹਰ ਪਿੰਡ ਗਲੀ 'ਚ ਨੱਚ ਰਹੀ ਹੈ। ਉਨ੍ਹਾਂ ਆਖਿਆ ਕਿ ਜੁਲਾਈ ਤੋਂ ਸਤੰਬਰ ਤੱਕ 8,500 ਕਰੋੜ ਰੁਪਏ ਦਾ ਹੋਰ ਕਰਜ਼ਾ ਲੈਣ ਦੀ ਤਿਆਰੀ ਪੰਜਾਬ ਨੂੰ ਪੂਰੀ ਤਰ੍ਹਾਂ ਕਰਜ਼ੇ ਦੇ ਭਾਰ ਹੇਠ ਦੱਬਣ ਵਾਲੀ ਨੀਤੀ ਦਾ ਹਿੱਸਾ ਹੈ। ਸਰਕਾਰ ਦੇ ਵਾਅਦੇ ਤਾਂ ਮੁਫਤ ਨੇ, ਪਰ ਭੁਗਤਾਨ ਪੰਜਾਬੀ ਜਨਤਾ ਕਰ ਰਹੀ ਹੈ, ਉਹ ਵੀ ਕਰਜ਼ਿਆਂ ਰਾਹੀਂ।

ਖੰਨਾ ਨੇ ਕਿਹਾ ਕਿ ਦਿੱਲੀ ਤੋਂ ਵਿਹਲੜ, ਪੰਜਾਬ ਵਿਚ ਤੈਨਾਤ ਆਪ ਦੇ ਵੱਡੇ ਅਗੂ ਕੀ ਇਸ ਵਧਦੇ ਕਰਜ਼ੇ ਨੂੰ ਉਤਾਰਨ ਲਈ ਕੋਈ ਯੋਜਨਾ ਬਣਾਉਣਗੇ? ਕਿਉਂਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤਾਂ ਕਰਜ਼ਿਆਂ ਦੇ ਮਾਮਲੇ 'ਚ ਪਹਿਲਾਂ ਹੀ ਦੁੱਖੀ ਦਿਖਾਈ ਦਿੰਦੇ ਸਨ। ਉਹਨਾਂ ਨੂੰ ਤਾਂ 300 ਕਰੋੜ ਦਾ ਕਰਜ਼ਾ ਵੀ ਪਹਾੜ ਵਰਗਾ ਲੱਗਦਾ ਸੀ ਅਤੇ ਪਿਛਲੀਆਂ ਸਰਕਾਰਾਂ ਨੂੰ ਹੀ ਇਨ੍ਹਾਂ ਲਈ ਜ਼ਿੰਮੇਵਾਰ ਦੱਸਦੇ ਸਨ। ਹੁਣ 4 ਲੱਖ ਕਰੋੜ ਦੇ ਕਰਜ਼ੇ ਵੱਲ ਤੁਰ ਪਏ ਹੋ, ਤਾਂ ਕੀ ਹੁਣ ਇਸਦੀ ਜ਼ਿੰਮੇਦਾਰੀ ਆਪ ਦੀ ਹੋਵੇਗੀ?

ਖੰਨਾ ਨੇ ਕਿਹਾ ਕਿ ਹੁਣ ਤਾਂ ਮੁੱਖਮੰਤਰੀ ਭਗਵੰਤ ਮਾਨ ਨੂੰ ਵਾਅਦੇ ਮੁਤਾਬਕ ਔਰਤਾਂ ਨੂੰ ਹਜ਼ਾਰ ਰੁਪਏ ਮਹੀਨਾ ਦੇਣ ਲਈ ਵੀ ਕਰਜ਼ਾ ਲੈਣਾ ਪੈਣਾ, ਇਹ ਲੋਕ ਸੇਵਾ ਹੈ ਜਾਂ ਕਰਜ਼ਾ ਕਮਾਊ ਸਕੀਮ? ਉਨਾਂ ਕਿਹਾ ਕਿ ਜਿੱਥੇ ਆਮ ਆਦਮੀ ਪਾਰਟੀ ਆਉਂਦੀ ਏ, ਥੇ ਬਜਟ ਨੰਗਾ ਤੇ ਲੋਕ ਤੰਗ ਆ ਜਾਂਦੇ ਨੇ। ਹੁਣ ਜੇ ਜਨਤਾ ਨਾ ਜਗੀ, ਤਾਂ ਆਉਣ ਵਾਲੀ ਪੀੜ੍ਹੀ ਆਪਣੇ ਹੀ ਹੱਥਾਂ ਦੇ ਕੰਮਾਂ ਲਈ ਰੋਏਗੀ।


# ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ ਦੀ ਜਨਰਲ ਬਾਡੀ ਦੀ ਮੀਟਿੰਗ ਹੋਈ

## ਮੌਜੂਦਾ ਪ੍ਰਬੰਧਕਾਂ ਵੱਲੋਂ ਦਿਖਾਈ ਸਹਿਣਸ਼ੀਲਤਾ ਦੀ ਸ਼ਲਾਘਾ ਕੀਤੀ ਗਈ



ਜਨਰਲ ਸੈਕਟਰੀ ਚਰਨਜੀਤ ਸਿੰਘ ਝੱਲੀ


ਪ੍ਰਧਾਨ ਪਰਮਜੀਤ ਕਮਾਮ


ਜੁਆਇੰਟ ਸੈਕਟਰੀ ਬਲਵਿੰਦਰ ਭੌਰਾ


ਚੇਅਰਮੈਨ ਬੇਗਮਪੁਰਾ ਸੰਸਥਾ ਪਿੰਦਰ ਪਾਲ


ਪ੍ਰਧਾਨ ਬੇਗਮਪੁਰਾ ਸੰਸਥਾ ਰਾਜ ਕੁਮਾਰ ਰਾਜੂ


ਸਾਬਕਾ ਸੈਕਟਰੀ ਰਾਮ ਸਰੂਪ


ਸੋਹਣ ਲਾਲ ਝਿੱਕਾ


ਹੈੱਡ ਕੈਸ਼ੀਅਰ ਕਿਰਪਾਲ ਸਿੰਘ ਡੱਲੀ


ਸਾਬਕਾ ਪ੍ਰਧਾਨ ਅਸ਼ੋਕ ਕੁਮਾਰ ਮਾਹੀ


ਸਾਬਕਾ ਪ੍ਰਧਾਨ ਬਲਵੀਰ ਚੁੰਬਰ


ਅਮਰੀਕ ਚੰਦ


ਜੇ. ਪੀ. ਆਰ ਵਾਸਤਿਕ







**ਨਿਊਯਾਰਕ (ਬਲਵਿੰਦਰ ਭੌਰਾ)** ਬੀਤੀ 28 ਜੂਨ ਦਿਨ ਸ਼ਨੀਵਾਰ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਆਫ਼ ਨਿਊਯਾਰਕ ਗੁਰੂ ਵਿਖੇ ਜਨਰਲ ਬਾਡੀ ਦੀ ਮੀਟਿੰਗ ਬੁਲਾਈ ਗਈ ਸੀ। ਬਹੁਤਾਤ ਵਿੱਚ ਸਾਬਕਾ ਮੈਬਰਾਂ ਨੇ ਹਾਜ਼ਰੀ ਲਗਵਾਈ । ਜਨਰਲ ਸੈਕਟਰੀ ਚਰਨਜੀਤ ਸਿੰਘ ਝੱਲੀ ਵੱਲੋਂ ਮੀਟਿੰਗ ਦੀ ਸ਼ੁਰੂਆਤ ਕਰਨ ਉਪਰੰਤ ਮੈਂਬਰਾਂ ਨੂੰ ਜੀ ਆਇਆਂ ਕਿਹਾ ਅਤੇ ਸਨ੍ਰਿਮਰ ਸੱਦੇ ਤੇ ਮੀਟਿੰਗ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ । ਉਪਰੰਤ ਸਟੇਜ ਦੀ ਅਗਲੇਰੀ ਕਾਰਵਾਈ ਜੁਆਇੰਟ ਸੈਕਟਰੀ ਬਲਵਿੰਦਰ ਭੌਰਾ ਨੇ ਨਿਭਾਈ। ਸਭ ਤੋਂ ਪਹਿਲਾਂ ਪ੍ਰਧਾਨ ਪਰਮਜੀਤ ਕਮਾਮ ਨੇ ਸਮੂਹ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਬੜੇ ਸਹਿਜ ਢੰਗ ਨਾ਼ਲ ਆਪਣੇ ਵਿਚਾਰ ਪੇਸ਼ ਕਰਨ ਲਈ ਬੇਨਤੀ ਕੀਤੀ । ਗੁਰੂ ਘਰ ਦੇ ਹੈਂਡ ਕੈਸ਼ੀਅਰ ਕਿਰਪਾਲ ਸਿੰਘ ਡੱਲੀ ਨੇ ਕਮੇਟੀ ਦੇ ਲੱਗਭੱਗ ਡੇਢ ਸਾਲ ਦੇ ਸਮੇਂ ਦਾ ਹਿਸਾਬ ਕਿਤਾਬ ਸਾਂਝਾ ਕੀਤਾ। ਗੁਰੂਘਰ ਦੀ ਬਿਹਤਰੀ ਲਈ ਅਤੇ ਭਾਰੀ ਰਕਮ ਵਾਲੇ ਬਿੱਲਾਂ ਦਾ ਨਿਪਟਾਰਾ ਕਿਵੇਂ ਕਰੀਏ ਦੇ ਸੰਬੰਧ 'ਚ ਸੁਝਾਅ ਦੇਣੇ ਸਨ। ਜਿਨ੍ਹਾਂ ਆਪਣੇ ਵਿਚਾਰ ਪੇਸ਼ ਕੀਤੇ ਉਨ੍ਹਾਂ 'ਚ ਸੋਹਣ ਲਾਲ ਝਿੱਕਾ, ਜੇ.ਪੀ. ਆਰ ਵਾਸਤਿਕ, ਸਾਬਕਾ ਪ੍ਰਧਾਨ ਅਸ਼ੋਕ ਕੁਮਾਰ ਮਾਹੀ, ਬੇਗਮਪੁਰਾ ਸੰਸਥਾ ਦੇ ਚੇਅਰਮੈਨ ਪਿੰਦਰ ਪਾਲ, ਰਾਜ ਕੁਮਾਰ ਰਾਜੂ ਪ੍ਰਧਾਨ ਬੇਗਮਪੁਰਾ ਕਲਚਰਲ ਸੁਸਾਇਟੀ,ਸਾਬਕਾ ਸੈਕਟਰੀ ਰਾਮ ਸਰੂਪ ਬੰਗੜ, ਸਾਬਕਾ ਪ੍ਰਧਾਨ ਬਲਵੀਰ ਚੁੰਬਰ ਤੋਂ ਇਲਾਵਾ ਅਮਰੀਕ ਚੰਦ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਮੀਟਿੰਗ ਵਿੱਚ ਮੁੱਦਿਆਂ ਤੋਂ ਹੱਟ ਕੇ ਆਪਣੇ ਏਜੰਡਿਆਂ ਤੇ ਖੂਬ ਗੱਲਬਾਤ ਕੀਤੀ ਗਈ । ਸਾਬਕਾ ਪ੍ਰਧਾਨ ਅਸ਼ੋਕ ਕੁਮਾਰ ਮਾਹੀ ਨੇ ਆਪਣੀ ਸਫਾਈ ਦਿੰਦਿਆਂ ਮੌਜੂਦਾ ਪ੍ਰਧਾਨ ਤੇ ਬੇਲੋੜੀਆਂ ਟਿੱਪਣੀਆਂ ਅਤੇ ਨਿਰਾਧਾਰ ਦੋਸ਼ ਲਾਏ ਜਿਸ ਨਾਲ ਮਾਹੌਲ ਭੱਖ ਗਿਆ ਤੇ ਕੁਝ ਸਮੇਂ ਲਈ ਮੀਟਿੰਗ ਦੀ ਕਾਰਵਾਈ ਰੋਕਣੀ ਪਈ। ਕੁੱਝ ਬੰਦਿਆਂ ਨੇ ਦੱਬਵੀ ਸੁਰ 'ਚ ਇਹ ਵੀ ਕਿਹਾ ਕਿ ਅਜੇ ਅਸੀਂ ਰਲ ਮਿਲ ਕੇ ਵਿਚਾਰ ਕਰਨ ਦੇ ਕਾਬਿਲ ਨਹੀਂ ਹੋਏ। ਗੁਰੂ ਘਰ ਦੇ ਚੇਅਰਮੈਨ ਜਸਵਿੰਦਰ ਸਿੰਘ ਬਿੱਲਾ ਜੀ ਨੇ ਬਿਲਡਿੰਗ ਦੀ ਉਸਾਰੀ ਨੂੰ ਲੈਕੇ ਜੋ ਸੁਝਾਅ ਪੇਸ਼ ਕਰਨੇ ਸਨ ਰਹਿ ਗਏ । ਸਟੇਜ ਸੈਕਟਰੀ ਦੇ ਵਾਰ-ਵਾਰ ਬੇਨਤੀ ਕਰਨ ਦੇ ਬਾਵਜੂਦ ਵੀ ਕੁਝ ਮੈਂਬਰਾਂ ਨੇ ਗੁਰੂ ਘਰ ਦੀ ਆਭਾ ਤੇ ਸਤਿਕਾਰ ਦਾ ਖਿਆਲ ਨਹੀਂ ਰੱਖਿਆ । ਮੀਟਿੰਗ ਦੇ ਪਹਿਲੇ ਦੋ ਢਾਈ ਘੰਟੇ ਬੜੇ ਹੀ ਸ਼ਾਂਤਮਈ ਮਾਹੌਲ ਵਿੱਚ ਗੱਲਬਾਤ ਹੋਈ । ਗੁਰੂ ਘਰ ਤੇ ਪਿਛਲੇ ਸਮੇਂ ਦੇ ਭਾਰੀ ਰਕਮ ਵਾਲੇ ਬਿੱਲਾਂ ਵੱਲ ਧਿਆਨ ਦੇਣ ਦੀ ਬਜਾਏ, ਨਵੇਂ ਮੁੱਦੇ ਸਹੇੜ ਕੇ ਮੂਲ ਵਿਸ਼ਿਆਂ ਤੋਂ ਧਿਆਨ ਹਟਾਉਣ ਲਈ ਯਤਨ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ। ਗ੍ਰੰਥੀਆਂ ਨੂੰ ਮੰਗਾਉਣ ਲਈ ਵਾਧੂ ਪੈਸੇ ਲੈਣ-ਦੇਣ ਦੇ ਦੋਸ਼ ਵੀ ਲਾਏ ਗਏ। ਦੋਸ਼ ਬੇਬੁਨਿਆਦ ਹਨ ਜਾਂ ਸਹੀ ਹਨ ਇਸ ਲਈ ਸਬੂਤਾਂ ਨਾਲ ਪੇਸ਼ ਹੋਣ ਲਈ ਇੱਕ ਹੋਰ ਮੀਟਿੰਗ ਕੀਤੀ ਜਾਵੇਗੀ। ਕੁੱਲ ਮਿਲਾ ਕੇ ਬੇਸ਼ੱਕ ਮਾਹੌਲ ਕੁਝ ਸਮੇਂ ਲਈ ਨਾਸਾਜ਼ ਰਿਹਾ ਪਰ ਇਹ ਪਹਿਲੀ ਜਨਰਲ ਬਾਡੀ ਦੀ ਮੀਟਿੰਗ ਸੀ ਜੋ ਸੰਪੂਰਨ ਸਮਾਪਤੀ ਵੱਲ ਗਈ।

# 'ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.)'ਦੀ ਨਵੀਂ ਕਮੇਟੀ ਅਤੇ ਪਹਿਲਾ ਕਵੀ ਦਰਬਾਰ

ਪਿਛਲੇ ਲੰਬੇ ਸਮੇਂ ਤੋਂ ਆਪਣੇ ਬਹੁਪੱਖੀ ਉਦੇਸ਼ਾਂ ਵਿਸ਼ੇਸ਼ ਕਰਕੇ ਸਾਹਿਤਕ ਉਦੇਸ਼ਾਂ ਦੀ ਪੂਰਤੀ ਲਈ ਨਿਰੰਤਰ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਅਨੇਕ ਮੰਜ਼ਿਲਾਂ ਸਰ ਕਰਨ ਵਾਲੀ 'ਪੰਜਾਬੀ ਲਿਖਾਰੀ ਸਭਾ ਆਫ ਸਿਆਟਲ (ਰਜਿ.)' ਨੂੰ ਸਦਾ ਤਰੋ-ਤਾਜ਼ਾ ਰੱਖਣ ਲਈ ਨਵੇਂ ਚਿਹਰਿਆਂ ਨੂੰ ਅੱਗੇ ਲਿਆਉਣ ਦੀ ਕਵ-ਾਇਦ ਦੀ ਪਾਲਨਾ ਕਰਦਿਆਂ ਅੱਜ 'ਪੈਂਥਰ ਲੇਕ ਲਾਇਬਰੇਰੀ ਕੈਂਟ (ਸਿਆਟਲ)' ਵਿਖੇ ਸਭਾ ਦੀ ਮੀਟਿੰਗ ਸਰਦਾਰ ਹਰਦਿਆਲ ਸਿੰਘ ਚੀਮਾ ਦੇ ਅਸ਼ੀਰਵਾਦ ਨਾਲ ਸ਼ੰਗਾਰ ਸਿੰਘ ਸਿੱਧੂ ਦੀ ਸਰਪ੍ਰਸਤੀ ਹੇਠ ਹੋਈ। ਸ਼ੰਗਾਰ ਸਿੰਘ ਸਿੱਧੂ ਤੋਂ ਇਲਾਵਾ ਜੰਗਪਾਲ ਸਿੰਘ ਕੋਟਕਪੂਰਾ, ਪਿਰਤਪਾਲ ਸਿੰਘ ਟਿਵਾਣਾ, ਬਲਿਹਾਰ ਸਿੰਘ ਲ੍ਹੇਲ, ਬਲਬੀਰ ਲਹਿਰਾ, ਸਾਧੂ ਸਿੰਘ ਝੱਜ, ਜਗੀਰ ਸਿੰਘ, ਮਲਕੀਤ ਸਿੰਘ ਗਿੱਲ, ਰਣਜੀਤ ਸਿੰਘ ਮੱਲ੍ਹੀ, ਹਰਕੀਰਤ ਕੌਰ ਬਠਿੰਡਾ, ਪਰਮਿੰਦਰ ਸਿੰਘ ਟਿਵਾਣਾ, ਬਿਸਮਨ ਕੌਰ ਟਿਵਾਣਾ, ਸੁਖਦਰਸ਼ਨ ਸਿੰਘ, ਚਰਨਜੀਤ ਸਿੰਘ ਖੁਰਾਨਾ, ਰਣਜੀਤ ਸਿੰਘ ਸੋਮਲ, ਗੁਰਮੁਖ ਸਿੰਘ ਮਲਸੀਆਂ, ਬਲਵੰਤ ਰਾਣਾ, ਪਰਮਜੀਤ ਕੌਰ ਟਿਵਾਣਾ, ਹਰਪ੍ਰੀਤ ਸਿੰਘ ਬਾਸੀ, ਰਾਜ ਸਿੰਘ ਪੱਢਾ, ਜਸਵਿੰਦਰ ਲ੍ਹੇਲ ਅਤੇ ਕਿਰਨ ਸੋਹਲ ਆਦਿ ਨੇ ਇਸ ਮੀਟਿੰਗ ਵਿੱਚ ਹਿੱਸਾ ਲਿਆ। ਪਿਛਲੇ ਦੋ ਸਾਲਾਂ ਤੋਂ ਸਭਾ ਦੀਆਂ ਕਾਰਗੁਜਾਰੀਆਂ ਦਾ ਲੇਖਾ ਜ਼ੋਖਾ ਸਭਾ ਦੇ ਮੈਂਬਰਾਂ ਸਾਹਮਣੇ ਪੇਸ਼ ਕੀਤਾ ਗਿਆ। ਕੁੱਝ ਲੋਕਾਂ ਵੱਲੋਂ 21 ਜੂਨ ਨੂੰ ਜੋ ਪੰਜ ਮੈਂਬਰੀ ਆਰਜ਼ੀ ਬੋਰਡ ਬਣਾਇਆ ਸੀ ਉਸ ਨੂੰ ਭੰਗ ਕੀਤਾ ਗਿਆ। ਪੁਰਾਣੀ ਕਮੇਟੀ ਦੇ ਅਹੁਦੇਦਾਰਾਂ ਵਲੋਂ ਆਪਣੇ ਆਪ ਨੂੰ ਅਹੁਦਿਆਂ ਤੋਂ ਵੱਖ ਕਰਕੇ ਨਵੀਂ ਕਮੇਟੀ ਚੁਣਨ ਦੀ ਬੇਨਤੀ ਸਭਾ ਦੇ ਸੀਨੀਅਰ ਮੈਂਬਰ ਜੰਗਪਾਲ ਸਿੰਘ ਕੋਟਕਪੂਰਾ ਨੂੰ ਸੌਂਪੀ ਗਈ।ਕਾਫੀ ਵਿਚਾਰ-ਚਰਚਾ ਕਰਨ ਤੋਂ ਬਾਅਦ ਸਰਬਸੰਮਤੀ ਨਾਲ ਹੇਠ ਲਿਖੇ ਮੈਂਬਰਾਂ ਨੂੰ ਵੱਖ ਵੱਖ ਅਹੁਦਿਆਂ ਦੀ ਜ਼ਿੰਮੇਵੇਰੀ ਸੌਂਪੀ ਗਈ:-



ਸਰਪ੍ਰਸਤ: ਸ਼ੰਗਾਰ ਸਿੰਘ ਸਿੱਧੂ ਅਤੇ ਡਾ. ਪ੍ਰੇਮ ਕੁਮਾਰ<br>
ਮੁੱਖ ਸਲਾਹਕਾਰ: ਹਰਦਿਆਲ ਸਿੰਘ ਚੀਮਾ<br>
ਸਲਾਹਕਾਰ: ਡਾ. ਜਸਵੀਰ ਕੌਰ, ਨਵਦੀਪ ਕੌਰ ਭੰਦੋਲ, ਹਰਸ਼ਿੰਦਰ ਸਿੰਘ ਸੰਧੂ, ਜੰਗਪਾਲ ਸਿੰਘ ਕੋਟਕਪੂਰਾ ਅਤੇ ਡਾ: ਸੁੱਚਾ ਸਿੰਘ ਗਿੱਲ<br>
ਪ੍ਰਧਾਨ: ਪ੍ਰਿਤਪਾਲ ਸਿੰਘ ਟਿਵਾਣਾ<br>
ਵਾਈਸ ਪ੍ਰਧਾਨ: ਹਰਕੀਰਤ ਕੌਰ ਬਠਿੰਡਾ<br>
ਵਾਈਸ ਪ੍ਰਧਾਨ: ਬਲਬੀਰ ਲਹਿਰਾ<br>
ਜਨਰਲ ਸਕੱਤਰ: ਜਗੀਰ ਸਿੰਘ<br>
ਸਹਾਇਕ ਸਕੱਤਰ: ਸਾਧੂ ਸਿੰਘ ਝੱਜ<br>
ਵਿੱਤ ਸਕੱਤਰ: ਬਲਿਹਾਰ ਸਿੰਘ ਲੇਹਲ<br>
ਪ੍ਰੈੱਸ ਸਕੱਤਰ: ਮੰਗਤ ਕੁਲਜਿੰਦ<br>
ਸਹਾਇਕ ਪ੍ਰੈੱਸ ਸਕੱਤਰ: ਮਲਕੀਤ ਸਿੰਘ ਗਿੱਲ



ਹਾਜ਼ਰ ਮੈਂਬਰਾਂ ਵੱਲੋਂ ਸੱਭ ਅਹੁਦੇਦਾਰਾਂ ਨੂੰ ਅੱਜ ਤੋਂ ਹੀ ਕਾਰਜ ਸ਼ੁਰੂ ਕਰਨ ਦੇ ਅਧਿਕਾਰ ਦੇ ਦਿੱਤੇ ਗਏ।

ਨਵੀਂ ਬਣੀ ਕਮੇਟੀ ਨੇ ਅੱਜ ਤੋਂ ਹੀ ਸ਼ੁਭ-ਅਰੰਭ ਕਰਦਿਆਂ ਕਵੀ ਦਰਬਾਰ ਕਰਵ-ਾਇਆ, ਜਿਸ ਵਿੱਚ ਬਲਬੀਰ ਲਹਿਰਾ, ਹਰਕੀਰਤ ਕੌਰ ਬਠਿੰਡਾ, ਜਗੀਰ ਸਿੰਘ, ਮਲਕੀਤ ਸਿੰਘ ਗਿੱਲ, ਸ਼ੰਗਾਰ ਸਿੰਘ ਸਿੱਧੂ, ਪ੍ਰਿਤਪਾਲ ਸਿੰਘ ਟਿਵਾਣਾ ਅਤੇ ਜੰਗਪਾਲ ਸਿੰਘ ਕੋਟਕਪੂਰਾ ਵੱਲੋਂ ਕਾਵਿ ਦੀਆਂ ਵੱਖ ਵੱਖ ਵੰਨਗੀਆਂ ਦੀਆਂ, ਲੋਕ-ਪੱਖੀ ਸੰਨੇਹੇ ਦਿੰਦੀਆਂ ਆਪਣੀਆਂ ਰਚਨਾਵਾਂ ਨਾਲ ਕਵੀ ਦਰਬਾਰ ਵਿੱਚ ਰੰਗ ਭਰਿਆ ਗਿਆ। ਵੱਡੀ ਗਿਣਤੀ ਵਿੱਚ ਹਾਜ਼ਰ ਸਰੋਤਿਆਂ ਨੇ ਕਵੀ ਦਰਬਾਰ ਦਾ ਆਨੰਦ ਮਾਣਿਆ। ਨਵੇਂ ਚੁਣੇ ਗਏ ਪ੍ਰਧਾਨ ਪ੍ਰਿਤਪਾਲ ਸਿੰਘ ਟਿਵਾਣਾ ਅਤੇ ਜਨਰਲ ਸਕੱਤਰ ਬਲਬੀਰ ਲਹਿਰਾ ਨੇ ਪ੍ਰੈਸ ਨਾਲ ਗੱਲ ਬਾਤ ਕਰਦਿਆਂ, ਮਾਂ ਬੋਲੀ ਪੰਜਾਬੀ ਅਤੇ ਪੰਜਾਬੀਅਤ ਦੀ ਸੇਵਾ ਕਰਦੇ ਰਹਿਣ ਦੇ ਆਪਣੇ ਅਹਿਦ ਨੂੰ ਦੁਹਰਾਇਆ।

ਮੰਗਤ ਕੁਲਜਿੰਦ +1 (425) 286 0163 ਮਲਕੀਤ ਸਿੰਘ ਗਿੱਲ+1 (206) 979 1632

# ਵਿਸ਼ਵ ਦੇ ਪਹਿਲੇ "ਵਰਲਡ ਹੈਰੀਟੇਜ਼ ਮੰਦਰ" ਦਾ ਨੀਂਹ ਪੱਥਰ ਉੱਘੀ ਲੋਕ ਗਾਇਕਾ ਸੁੱਖੀ ਬਰਾੜ ਵੱਲੋਂ ਰੱਖਿਆ ਗਿਆ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਪੰਜਾਬੀਅਤ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਪੰਜਾਬ ਦੀ ਸਿਰਮੌਰ ਸੱਭਿਆਚਾਰਕ ਸ਼ਖ਼ਸੀਅਤ ਅਤੇ ਉੱਘੀ ਲੋਕ ਗਾਇਕਾ ਸੁੱਖੀ ਬਰਾੜ (ਪੰਜਾਬ ਕੌਰ) ਵੱਲੋਂ ਆਪਣੇ ਕਰ ਕਮਲਾਂ ਨਾਲ ਦੇਵੀਗੜ੍ਹ ਰੋਡ ਪਟਿਆਲਾ ਵਿਖ਼ੇ ਵਿਸ਼ਵ ਦੇ ਪਹਿਲੇ "ਵਰਲਡ ਹੈਰੀਟੇਜ਼ ਮੰਦਰ" ਦਾ ਨੀਂਹ ਪੱਥਰ ਰੱਖਿਆ ਗਿਆ। ਇਹ ਜਾਣਕਾਰੀ ਦੇਂਦਿਆਂ ਪੰਜਾਬ ਦੇ ਉੱਘੇ ਗੀਤਕਾਰ ਤੇ ਪੇਸ਼ਕਾਰ ਭੱਟੀ ਭੜੀ ਵਾਲਾ ਨੇ ਦੱਸਿਆ ਕਿ ਇਹ ਮੰਦਰ ਦੁਨੀਆਂ ਦਾ ਪਹਿਲਾ ਮੰਦਰ ਹੈ ਜਿੱਥੇ ਗੁਰੂ ਨਾਨਕ ਦੇਵ ਜੀ ਅਤੇ ਸ਼ਿਵ ਜੀ ਮਹਾਰਾਜ ਦੀਆਂ ਸਿੱਖਿਆਵਾਂ ਦਾ ਗੁਣਗਾਨ ਕੀਤਾ ਜਾਇਆ ਕਰੇਗਾ ਅਤੇ ਪੰਜਾਬੀ ਮਾਂ ਬੋਲੀ, ਪੰਜਾਬੀ ਭਾਸ਼ਾ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਵਿਰਸੇ ਦੀ ਭਰਪੂਰ ਜਾਣਕਾਰੀ ਸਾਡੀ ਨਵੀਂ ਪੀੜ੍ਹੀ ਨੂੰ ਦੇਣ ਲਈ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਨਾਲ ਸੰਬੰਧਿਤ ਡਿਪਲੋਮਾ ਵੀ ਕਰਵਾਇਆ ਜਾਏਗਾ।

ਦੁਨੀਆਂ ਦੇ ਇਸ ਵਿਲੱਖਣ ਅਤੇ ਪਹਿਲੇ ਮੰਦਰ ਵਾਰੇ ਜਾਣਕਾਰੀ ਦਿੰਦਿਆਂ ਵਰਲਡ ਹੈਰੀਟੇਜ਼ ਮੰਦਰ ਦੀ ਮੁੱਖੀ ਅਤੇ ਕਰਤਾ ਧਰਤਾ ਮੈਡਮ ਸੁੱਖੀ ਬਰਾੜ ਨੇ ਦੱਸਿਆ ਕਿ ਉਹਨਾਂ ਨੂੰ ਭਾਵੇਂ ਕੇ ਬਹੁਤ ਲੰਮਾ ਸਮਾਂ ਹੋ ਗਿਆ ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸੱਭਿਆਚਾਰ ਦੀ ਸੇਵਾ ਕਰਦਿਆਂ ਪਰ ਉਹਨਾਂ ਦੇ ਦਿਲੋਂ ਦਿਮਾਗ ਵਿੱਚ ਇਹ ਸੋਚ ਬਹੁਤ ਦੇਰ ਤੋਂ ਚੱਲ ਰਹੀ ਸੀ ਕਿ ਸੱਭਿਆਚਾਰ, ਮਾਂ ਬੋਲੀ ਪੰਜਾਬੀ, ਵਿਰਸੇ ਤੇ ਵਿਰਾਸਤ ਨੂੰ ਸਦੀਆਂ ਤੱਕ ਜਿ ੰਦਾ ਰੱਖਣ ਲਈ ਕੋਈ ਵੱਡੇ ਸੱਭਿਆਚਾਰਕ



ਸੈਂਟਰ ਦੀ ਜਰੂਰਤ ਹੈ। ਜਿੱਥੇ ਸੱਭਿਆਚਾਰ ਅਤੇ ਮਾਂ ਬੋਲੀ ਨਾਲ ਸੰਬੰਧਿਤ ਇੱਕ ਵੱਡੀ ਆਰਟ ਗੈਲਰੀ, ਪਨ ਏਅਰ ਥੀਏਟਰ, ਸੱਭਿਆਚਾਰ ਦੀਆਂ ਵੱਖ ਵੱਖ ਵੰਨਗੀਆਂ ਦੇ ਦ੍ਰਿਸ਼ ਅਤੇ ਜਾਣਕਾਰੀ ਭਰਪੂਰ ਪ੍ਰੋਗਰਾਮਾਂ ਦਾ ਆਯੋਜਨ ਵੀ ਸਮੇਂ ਸਮੇਂ ਸਿਰ ਕੀਤਾ ਜਾ ਸਕੇ। ਸੁੱਖੀ ਬਰਾੜ ਜੀ ਨੇ ਦੱਸਿਆ ਕਿ ਉਹਨਾਂ ਦੇ ਲੰਮੇ ਸਮੇਂ ਦੇ ਸੁਪਨੇ ਨੂੰ ਪੂਰਾ ਕਰਨ ਲਈ ਉਹਨਾਂ ਨਾਲ ਪੰਜਾਬ ਦੇ ਉੱਘੇ ਗੀਤਕਾਰ ਭੱਟੀ ਭੜੀਵਾਲਾ ਅਤੇ ਲੋਕ ਗਾਇਕ ਤੇ ਗੀਤਕਾਰ ਬਾਜਵਾ ਸਿੰਘ ਤੋਂ ਇਲਾਵਾ ਸਰਤਾਜ ਸਿੰਘ ਅਤੇ ਹੋਰ ਸ਼ਖ਼ਸੀਅਤਾਂ ਨੇ ਹਰ ਪੱਖੋਂ ਮੱਦਦ ਕਰਨ ਅਤੇ ਇਸ ਮਹਾਨ ਕਾਰਜ ਨੂੰ ਸਮੇਂ ਸਿਰ ਨੇਪਰੇ ਚਾੜਨ ਵਿਚ ਆਪਣੇ ਪੂਰੇ ਯੋਗਦਾਨ ਦੇਣ ਦਾ ਭਰੋਸਾ ਜਿਤਾਇਆ ਹੈ ਇੱਥੇ ਇਹ ਵੀ ਦੱਸਣਯੋਗ ਹੈ ਕਿ ਮੈਡਮ ਸੁੱਖੀ ਬਰਾੜ ਵੱਲੋਂ ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸੱਭਿਆਚਾਰ ਦੇ ਪ੍ਰਚਾਰ ਤੇ ਪਸਾਰ ਲਈ "ਹੈਰੀਟੇਜ਼ ਸੈਂਟਰ" ਚੰਡੀਗੜ੍ਹ ਵਿਖ਼ੇ ਪਿੱਛਲੇ ਲੰਮੇ ਸਮੇਂ ਤੋਂ ਚਲਾਇਆ ਜਾ ਰਿਹਾ ਹੈ। ਪੰਜਾਬ ਦੇ ਵਿਰਾਸਤੀ ਸ਼ਹਿਰ ਪਟਿਆਲਾ ਵਿਖ਼ੇ ਦੇਵੀਗੜ੍ਹ ਰੋਡ ਤੇ ਬਣਨ ਜਾ ਰਹੇ ਦੁਨੀਆਂ ਦੇ ਪਹਿਲੇ "ਵਰਲਡ ਹੈਰੀਟੇਜ਼ ਮੰਦਰ" ਦੇ ਇਸ ਨੀਂਹ ਪੱਥਰ ਰੱਖਣ ਮੌਕੇ ਪੰਜਾਬੀ ਫ਼ਿਲਮਾਂ ਦੀ ਉੱਘੀ ਤੇ ਸਿਰਮੌਰ ਅਦਾਕਾਰਾ ਸੁਨੀਤਾ ਧੀਰ, ਉੱਘੇ ਗੀਤਕਾਰ ਭੱਟੀ ਭੜੀ ਵਾਲਾ, ਉੱਘੇ ਲੋਕ ਗਾਇਕ ਬਾਜਵਾ ਸਿੰਘ, ਨਵੀਨ ਸ਼ਰਮਾ, ਰਿਸ਼ੀ ਰਾਜ, ਅਮਿਤ ਗਾਗੁਨੀ, ਪਿੰਡ ਦੇ ਸਰਪੰਚ ਅਤੇ ਪੰਚਾਇਤ ਮੈਂਬਰਾਂ ਤੋਂ ਇਲਾਵਾ ਇਲਾਕੇ ਦੇ ਪਤਵੰਤੇ ਸੱਜਣ ਹਾਜ਼ਰ ਸਨ! ਇਹ ਮੰਦਰ ਦੁਨੀਆਂ ਭਰ ਦੇ ਪੰਜਾਬੀ ਸੱਭਿਆਚਾਰ ਅਤੇ ਮਾਂ ਬੋਲੀ ਦੇ ਚਹੇਤੇਆਂ ਦੇ ਸਹਿਯੋਗ ਨਾਲ ਜਲਦ ਤਿਆਰ ਕਰ ਲਿਆ ਜਾਏਗਾ।

ਪੰਜਾਬੀ ਸੱਭਿਆਚਾਰ ਦੇ ਪ੍ਰਚਾਰ ਅਤੇ ਵਿਦੇਸ਼ਾਂ ਵਿੱਚ ਵਸਦੇ ਪੰਜਾਬੀਆਂ ਦੇ ਪਿਆਰ ਸਦਕਾ ਗਾਇਕਾ ਸੁੱਖੀ ਬਰਾੜ ਅਮਰੀਕਾ ਪਹੁੰਚ ਰਹੇ ਹਨ। ਜਿੱਥੇ ਉਹ ਆਪਣੇ ਪ੍ਰਸ਼ੰਸਕਾਂ ਨਾਲ ਪੰਜਾਬੀ ਸੱਭਿਆਚਾਰਕ ਦੀ ਸਾਂਝ ਪਾਉਣਗੇ। ਉੱਥੇ ਪੰਜਾਬੀ ਭਾਈਚਾਰੇ ਵੱਲੋਂ "ਵਰਲਡ ਹੈਰੀਟੇਜ ਮੰਦਰ" ਲਈ ਵੀ ਸਹਿਯੋਗ ਦੀ ਮੰਗ ਕਰਨਗੇ। ਸੋ, ਮੀਡੀਆਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਦੱਸਿਆ ਕਿ ਇਹ ਸਾਂਝਾ ਕਾਰਜ ਹੈ, ਉਮੀਦ ਹੈ ਕਿ ਜਿਸ ਵਿੱਚ ਸਮੁੱਚਾ ਭਾਈਚਾਰਾ ਹਮੇਸ਼ਾ ਵਾਂਗ ਸਹਿਯੋਗ ਦੇਵੇਗਾ।

# ਕੋਰੀਅਰ ਡ੍ਰਾਈਵਰ ਪੁਲਿਸ ਸਟੇਸ਼ਨ ਸਾਹਮਣੇ ਵੈਨ ਖੜ੍ਹੀ ਕਰਕੇ ਪਾਰਸਲ ਦੇਣ ਗਿਆ ਅਤੇ ਚੋਰਨੀ ਵੈਨ ਲੈ ਗਈ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)** ਨੇਪੀਅਰ ਪੁਲਿਸ ਸਟੇਸ਼ਨ ਦੇ ਬਿਲਕੁਲ ਸਾਹਮਣੇ ਜਦੋਂ ਕੋਰੀਅਰ ਵੈਨ ਦਾ ਡ੍ਰਾਈਵਰ ਅੰਦਰ ਪਾਰਸਲ ਦੇਣ ਗਿਆ ਤਾਂ ਆਪਣੀ ਕਾਰ ਆਮ ਦੀ ਤਰ੍ਹਾਂ ਚਲਦੀ ਛੱਡ ਗਿਆ, ਇਸ ਦੌਰਾਨ ਇਕ ਚੋਰਨੀ ਔਰਤ ਨੇ ਇਹ ਵੈਨ ਭਜਾ ਲਈ। ਜਦੋਂ ਕੋਰੀਅਰ ਡ੍ਰਾਈਵਰ ਨੇ ਵੇਖਿਆ ਤਾਂ ਇਸ ਸਬੰਧੀ ਪੁਲਿਸ ਨੇ ਸੂਚਿਤ ਕੀਤਾ। ਪੁਲਿਸ ਨੇ ਤੁਰੰਤ ਐਕਸ਼ਨ ਕਰਦਿਆਂ ਇਸ ਕੋਰੀਅਰ ਵੈਨ ਨੂੰ 10 ਮਿੰਟਾਂ ਦੇ ਅੰਦਰ ਹੀ ਲੱਭ ਲਿਆ ਅਤੇ ਚੋਰੀ ਕਰਨ ਵਾਲੀ ਉਸ ਔਰਤ ਨੂੰ ਵੀ ਗ੍ਰਿਫਤਾਰ ਕਰ ਲਿਆ।




ਪੁਲਿਸ ਅਫਸਰਾਂ ਨੇ ਕਿਹਾ ਨੇ ਕੋਰੀਅਰ ਡਰਾਈਵਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਗੱਡੀਆਂ ਤੋਂ ਬਾਹਰ ਨਿਕਲਣ ਵੇਲੇ ਗੱਡੀਆਂ ਨੂੰ ਬੰਦ ਕਰਕੇ ਲਾਕ ਕਰਕੇ ਜਾਣ। ਇਸ ਸਬੰਧ ਵਿਚ 27 ਸਾਲਾ ਔਰਤ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਉਸਨੂੰ 3 ਜੁਲਾਈ ਨੂੰ ਨੇਪੀਅਰ ਜ਼ਿਲ੍ਹਾ ਅਦਾਲਤ ਵਿੱਚ ਗੈਰ-ਕਾਨੂੰਨੀ ਤੌਰ 'ਤੇ ਮੋਟਰ ਵਾਹਨ ਲੈਣ ਦੇ ਦੋਸ਼ ਵਿੱਚ ਪੇਸ਼ ਕੀਤਾ ਜਾਣਾ ਹੈ।

ਗ੍ਰਿਫ਼ਤਾਰ ਕਰਨ ਵਾਲੇ ਪੁਲਿਸ ਅਧਿਕਾਰੀ ਨੂੰ ਉਸ ਔਰਤ ਕੋਲੋਂ ਪਿਛਲੀ ਚੋਰੀ ਨਾਲ ਸਬੰਧਤ ਜਾਇਦਾਦ ਵੀ ਮਿਲੀ ਹੈ, ਜਿਸ ਕਾਰਨ ਔਰਤ ਨੂੰ ਚੋਰੀ ਦੇ ਦੋਸ਼ ਦਾ ਵੀ ਸਾਹਮਣਾ ਕਰਨਾ ਪਵੇਗਾ। ਸੋ ਲਗਦਾ ਹੈ ਕਿ ਇਹ ਤਾਂ ਇਕ ਤਰ੍ਹਾਂ ਨਾਲ ਚੋਰਾਂ ਨੂੰ ਮੋਰ ਪੈ ਗਏ।


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor

Recap Truck Tire $ 249 + Labor

Recap Trailar Tires and Kind $ 199 + Labor

LUCAS OIL LUCAS INJECTOR CLEANER $28.99

NEW & USED TIRES

WASH, LUBE, BRAKES

Call:

650-642-0697

3525 Highway 99, West Corning, CA 96021

Across the Street from TA Truck Stop

# ਸੰਯੁਕਤ ਰਾਜ ਅਮਰੀਕਾ: ਆਜ਼ਾਦੀ ਅਤੇ ਮੌਕਿਆਂ ਦਾ ਸੁਪਨਾ

ਪ੍ਰੇਮ ਕੁਮਾਰ ਚੁੰਬਰ (ਐਡੀਟਰ-ਇਨ-ਚੀਫ)
'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਵੀਕਲੀ ਅਖਬਾਰ




ਸੰਯੁਕਤ ਰਾਜ ਅਮਰੀਕਾ ਵਿੱਚ, 4 ਜੁਲਾਈ ਅਜ਼ਾਦੀ ਅਤੇ ਮੌਕਿਆਂ ਦੀ ਫਿਲਾਸਫੀ ਨੂੰ ਦਰਸਾਉਂਦਾ ਹੈ। ਸੰਯੁਕਤ ਰਾਜ ਅਮਰੀਕਾ ਪੂਰੀ ਦੁਨੀਆ ਦੇ ਲੋਕਾਂ ਲਈ ਆਪਣੇ ਸੁਪਨਿਆਂ ਦੇ ਟੀਚਿਆਂ ਨੂੰ ਹਕੀਕਤ ਵਿੱਚ ਲਿਆਉਣ ਲਈ ਇੱਕ ਸੁਪਨਿਆਂ ਦੀ ਧਰਤੀ ਬਣ ਗਿਆ ਹੈ। ਹਰ ਕੋਈ ਧਰਮ, ਵਰਗ, ਨਸਲ ਅਤੇ ਖੇਤਰ ਦੀ ਪਰਵਾਹ ਕੀਤੇ ਬਿਨਾਂ ਅਮਰੀਕਾ ਨੂੰ ਆਪਣਾ ਵਤਨ ਬਣਾਉਣ ਦੀ ਇੱਛਾ ਰੱਖਦਾ ਹੈ! ਅਜ਼ਾਦੀ, ਸਮਾਨਤਾ ਅਤੇ ਭਾਈਚਾਰੇ ਦੇ ਮੌਕਿਆਂ ਅਤੇ ਸਨਮਾਨ ਦੇ ਇਸ ਮਹਾਨ ਰਾਸ਼ਟਰ ਨਾਲ ਜੁੜ ਕੇ ਉਹ ਹੌਂਸਲਾ ਮਹਿਸੂਸ ਕਰਦਾ ਹੈ। ਇਹ ਵਿਸ਼ਵਾਸ ਪੈਦਾ ਕਰਦਾ ਹੈ ਅਤੇ ਸਾਰਿਆਂ ਨੂੰ ਅੱਗੇ ਆਉਣ ਦਿਓ ਅਤੇ ਦੂਜਿਆਂ ਨੂੰ ਪਿਆਰ ਅਤੇ ਸ਼ਾਂਤੀ ਨਾਲ ਰਹਿਣ ਦਿਓ। ਦੂਜੇ ਵਿਸ਼ਵ ਯੁੱਧ ਦੇ ਅੰਤ ਤੋਂ ਬਾਅਦ, ਇਸਨੇ ਵਿਸ਼ਵ ਵਿੱਚ ਸ਼ਾਂਤੀਪੂਰਨ ਵਿਵਸਥਾ ਨੂੰ ਮੁੜ ਸਥਾਪਤ ਕਰਨ ਅਤੇ ਵਿਸ਼ਵ ਵਿੱਚ ਹਰ ਥਾਂ ਵਿਚਾਰਾਂ ਦੀ ਆਜ਼ਾਦੀ, ਆਜ਼ਾਦੀ ਅਤੇ ਸਮਾਨਤਾ ਹਾਸਲ ਕਰਨ ਵਿੱਚ ਮਦਦ ਕਰਨ ਲਈ ਪਿੱਛੇ ਮੁੜ ਕੇ ਨਹੀਂ ਦੇਖਿਆ। ਕਿਸੇ ਵੀ ਮਹਾਂਦੀਪ, ਖੇਤਰ ਜਾਂ ਦੇਸ਼ ਦਾ ਨਾਮ ਦੱਸੋ ਜਿੱਥੇ ਅਮਰੀਕਾ ਨੇ ਆਪਣੇ ਸੁਪਨਿਆਂ ਅਤੇ ਇੱਛਾਵਾਂ ਨੂੰ ਸਾਕਾਰ ਕਰਨ ਲਈ ਉਤਸ਼ਾਹ ਅਤੇ ਪਹਿਲਕਦਮੀਆਂ ਦੀ ਆਪਣੀ ਛਾਪ ਨਹੀਂ ਛੱਡੀ ਹੈ। ਦੁਨੀਆ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਪੁਰਾਣੇ ਜਮਹੂਰੀ ਦੇਸ਼ਾਂ ਵਿੱਚੋਂ ਇੱਕ, ਸੰਯੁਕਤ ਰਾਜ ਅਮਰੀਕਾ ਨੇ ਹਮੇਸ਼ਾ ਵਿਚਾਰਾਂ ਦੇ ਸੁਤੰਤਰ ਪ੍ਰਵਾਹ ਦੀ ਆਗਿਆ ਦੇਣ ਅਤੇ ਲੋਕਾਂ ਨੂੰ ਜਿਵੇਂ ਉਹ ਬਣਨਾ ਚਾਹੁੰਦੇ ਹਨ, ਰਹਿਣ ਦੇਣ ਵਿੱਚ ਆਪਣੀ ਸਭ ਤੋਂ ਵੱਡੀ ਦਿਲਚਸਪੀ ਦਿਖਾਈ ਹੈ। ਇਹ ਮਨੁੱਖੀ ਗਤੀਵਿਧੀਆਂ ਦੇ ਸਾਰੇ ਖੇਤਰਾਂ ਵਿੱਚ ਪਹਿਲੇ ਸਥਾਨ 'ਤੇ ਰਿਹਾ ਹੈ, ਭਾਵੇਂ ਇਹ ਵਿਗਿਆਨ, ਤਕਨਾਲੋਜੀ, ਕਲਾ ਅਤੇ ਖੇਡਾਂ ਹੋਣ। ਇਹ ਸਭ ਕੁਝ ਪ੍ਰਾਪਤ ਕਰਨ ਲਈ ਇਸਦੀ ਅਗਵਾਈ ਸ਼ਾਇਦ ਇਸ ਦੇ ਸੰਵਿਧਾਨ ਅਤੇ ਪ੍ਰਭਾਵਸ਼ਾਲੀ ਸ਼ਾਸਨ ਪ੍ਰਣਾਲੀ ਦੁਆਰਾ ਗਾਰੰਟੀ ਦਿੱਤੀ ਗਈ ਵਿਚਾਰ ਅਤੇ ਕਾਰਵਾਈ ਦੀ ਆਜ਼ਾਦੀ ਹੈ। "ਅੰਬੇਦਕਰ ਟਾਈਮਜ਼" ਅਤੇ "ਦੇਸ਼ ਦੁਆਬਾ" ਵੱਲੋਂ ਆਜ਼ਾਦੀ ਅਤੇ ਆਜ਼ਾਦੀ ਦੇ ਇਸ ਸ਼ੁਭ ਦਿਹਾੜੇ 'ਤੇ ਸਾਰਿਆਂ ਨੂੰ ਵਧਾਈ ਦਿੰਦੇ ਹੋਏ ਬਹੁਤ ਮਾਣ ਮਹਿਸੂਸ ਕਰਦੇ ਹਨ।

# ਸ਼ੰਕਾ-ਨਵਿਰਤੀ




? ਅੱਜਕੱਲ੍ਹ ਦੇ ਵਿਗਿਆਨੀ ਮਨੁੱਖ ਦਾ ਕਲੋਨ ਬਣਾਉਣ ਵਿਚ ਸਫਲਤਾ ਪ੍ਰਾਪਤ ਕਰ ਚੁੱਕੇ ਹਨ। ਕੀ ਆਉਣ ਵਾਲੇ ਸਮੇਂ ਵਿਚ ਵਿਗਿਆਨੀਆਂ ਦੀ ਨਵੀਂ ਕਾਢ ਦੁਆਰਾ ਮਰੇ ਹੋਏ ਮਨੁੱਖ ਨੂੰ ਜ਼ਿੰਦਾ ਕੀਤਾ ਜਾ ਸਕਦਾ ਹੈ ਕਿ ਨਹੀਂ।

ਜੀ ਹਾਂ, ਆਉਣ ਵਾਲੇ ਸਮੇਂ ਵਿਚ ਵਿਗਿਆਨੀ ਮਰੇ ਹੋਏ ਮਨੁੱਖ ਨੂੰ ਜਿਉਂਦਾ ਕਰਨ ਵਿਚ ਸਫਲਤਾ ਜ਼ਰੂਰ ਪ੍ਰਾਪਤ ਕਰ ਲੈਣਗੇ। ਮਨੁੱਖੀ ਸਰੀਰ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਖੂਨ ਵਿਚ ਕੁਝ ਅਜਿਹੀਆਂ ਰਸਾਇਣਕ ਕਿਰਿਆਵਾਂ ਵਾਪਰਣੀਆਂ ਸ਼ੁਰੂ ਹੋ ਜਾਂਦੀਆਂ ਹਨ ਜਿਨ੍ਹਾਂ ਦੇ ਵਹਾ* ਨੂੰ ਉਲਟਾਇਆ ਨਹੀਂ ਜਾ ਸਕਦਾ ਹੈ। ਜਦੋਂ ਵੀ ਵਿਗਿਆਨੀ ਇਨ੍ਹਾਂ ਵਾਪਰਨ ਵਾਲੀਆਂ ਰਸਾਇਣਕ ਕਿਰਿਆਵਾਂ ਨੂੰ ਰੋਕਣ ਅਤੇ ਇਨ੍ਹਾਂ ਨੂੰ ਉਲਟਾਉਣ ਲਈ ਢੰਗ ਤਰੀਕੇ ਲੱਭ ਲੈਣਗੇ, ਉਸ ਸਮੇਂ ਵਿਗਿਆਨੀ ਮਰੇ ਹੋਏ ਮਨੁੱਖ ਨੂੰ ਜਿਉਂਦਾ ਕਰਨ ਵਿਚ ਸਫਲ ਹੋ ਜਾਣਗੇ।

? ਕੀ ਧੂਫ ਤੇ ਅੱਗਰਬੱਤੀ ਦੇ ਧੂੰਏ ਨਾਲ ਸਿਹਤ ਨੂੰ ਹਾਨੀ ਹੁੰਦੀ ਹੈ। ਜੇ ਹਾਂ ਤਾਂ ਕੀ।

ਧੂਫ ਅਤੇ ਅੱਗਰਬੱਤੀ ਜਲਾਉਣ ਨਾਲ ਕਾਰਬਨ ਡਾਈਆਕਸਾਈਡ ਅਤੇ ਧੂੰਆਂ ਪੈਦਾ ਹੁੰਦਾ ਹੈ ਜਿਹੜੇ ਸਿਹਤ ਲਈ ਹਾਨੀਕਾਰਕ ਹਨ।

? ਕਿਸੇ ਬੱਚੇ ਦੀਆਂ ਅੱਖਾਂ ਬਿੱਲੀਆਂ ਕਿਵੇਂ ਜਾਂ ਕਿਉਂ ਹੁੰਦੀਆਂ ਹਨ? ਜਦਕਿ ਕਈ ਵਾਰ ਮਾਂ ਬਾਪ ਦੀਆਂ ਅੱਖਾਂ ਬਿੱਲੀਆਂ ਨਹੀਂ ਹੁੰਦੀਆਂ।

ਮਾਪਿਆਂ ਦੇ ਸਾਰੇ ਗੁਣ ਬੱਚਿਆਂ ਵਿਚ ਪ੍ਰਵੇਸ਼ ਹੋ ਜਾਂਦੇ ਹਨ। ਜਿਹੜੇ ਗੁਣ ਪ੍ਰਭਾਵੀ ਹੋ ਜਾਂਦੇ ਹਨ ਉਹ ਗੁਣ ਪ੍ਰਗਟ ਹੋ ਜਾਂਦੇ ਹਨ, ਬਾਕੀ ਸੁੱਤੇ ਪਏ ਰਹਿੰਦੇ ਹਨ। ਕਿਸੇ ਹੋਰ ਪੀੜ੍ਹੀ ਵਿਚ ਜਾਂ ਕਿਸੇ ਹੋਰ ਸਟੇਜ ਤੇ ਜਾ ਕੇ ਉਹ ਗੁਣ ਵੀ ਪ੍ਰਭਾਵੀ ਹੋ ਜਾਂਦੇ ਹਨ ਤੇ ਪ੍ਰਗਟ ਹੋ ਜਾਂਦੇ ਹਨ। ਇਸ ਲਈ ਬਿੱਲੀਆਂ ਅੱਖਾਂ ਵਾਲੇ ਬੱਚੇ ਦੇ ਕਿਸੇ ਦੂਰ ਦੀ ਪੀੜ੍ਹੀ ਵਿਚ ਕਿਸੇ ਨਾ ਕਿਸੇ ਦਾਦੇ-ਪੜਦਾਦੇ ਜਾਂ ਨਾਨੀ-ਪੜਨਾਨੀ ਦੀਆਂ ਅੱਖਾਂ ਜ਼ਰੂਰ ਬਿੱਲੀਆਂ ਹੋਣਗੀਆਂ।

? ਰਾਤ ਨੂੰ ਦੇਖਣ ਵਾਲੀਆਂ ਐਨਕਾਂ ਕਿਵੇਂ ਕੰਮ ਕਰਦੀਆਂ ਹਨ?

ਰਾਤ ਨੂੰ ਦੇਖਣ ਵਾਲੀਆਂ ਐਨਕਾਂ ਆਮ ਤੌਰ 'ਤੇ ਤਾਪ ਦੀਆਂ ਸੈਂਸੇਟਿਵ ਹੁੰਦੀਆਂ ਹਨ। ਇਨ੍ਹਾਂ ਵਿੱਚ ਅਜਿਹੇ ਸੈਂਸੇਰ ਲੱਗੇ ਹੁੰਦੇ ਹਨ ਜਿਹੜੇ ਤਾਪਮਾਨ ਦੇ ਮਾਮੂਲੀ ਫਰਕ ਨੂੰ ਵੀ ਅਨੁਭਵ ਕਰ ਲੈਂਦੇ ਹਨ। ਸੋ, ਜੀਵਤ ਵਸਤੂਆਂ ਦਾ ਆਮ ਤੌਰ 'ਤੇ ਤਾਪਮਾਨ 370 ਸੈਲਸੀਅਸ ਦੇ ਲੱਗਭਗ ਹੁੰਦਾ ਹੈ ਅਤੇ ਆਲੇ-ਦੁਆਲੇ ਦੇ ਤਾਪਮਾਨ ਵਿੱਚ ਜਿਉਂਦੀਆਂ ਵਸਤੂਆਂ ਦੇ ਮੁਕਾਬਲੇ ਥੋੜ੍ਹਾ ਬਹੁਤ ਫਰਕ ਹੁੰਦਾ ਹੈ।

? ਜਦੋਂ ਸਾਡੇ ਸਿਰ ਵਿੱਚ ਦਰਦ ਹੁੰਦਾ ਹੋਵੇ ਤਾਂ ਅਸੀਂ ਆਮ ਤੌਰ 'ਤੇ ਕੋਈ ਕੱਪੜਾ ਬੰਨ੍ਹ ਲੈਂਦੇ ਹਾਂ। ਕੀ ਇਸ ਤਰ੍ਹਾਂ ਕਰਨਾ ਠੀਕ ਹੈ? ਕੱਪੜਾ ਬੰਨ੍ਹਣ ਨਾਲ ਸਿਰ ਨੂੰ ਕੋਈ ਨੁਕਸਾਨ ਤਾਂ ਨਹੀਂ ਹੁੰਦਾ।

ਬਹੁਤੇ ਵਿਅਕਤੀਆਂ ਵਿੱਚ ਸਿਰ ਦਰਦ ਮਾਨਸਿਕ ਕਾਰਨਾਂ ਕਰਕੇ ਹੁੰਦਾ ਹੈ। ਇਸ ਲਈ ਇਹ ਬਹੁਤ ਸਾਰੇ ਢੰਗਾਂ ਰਾਹੀਂ ਜਿਵੇਂ ਸਿਰ ਤੇ ਕੱਪੜਾ ਬੰਨ੍ਹਣ ਨਾਲ ਜਾਂ ਬਾਮ ਆਦਿ ਲਾਉਣ ਨਾਲ ਠੀਕ ਹੋ ਜਾਂਦਾ ਹੈ। ਇਹ ਉਪਾਅ ਦੇ ਕੁਦਰਤੀ ਢੰਗ ਹਨ। ਅਜਿਹਾ ਕਰਨ ਦਾ ਕੋਈ ਨੁਕਸਾਨ ਨਹੀਂ।

? ਮੈਂ ਸਾਇੰਸ ਦਾ ਵਿਦਿਆਰਥੀ ਹਾਂ। ਮੈਨੂੰ ਹਰ ਰੋਜ਼ ਲਗਭਗ ਅੱਠ ਘੰਟੇ ਪੜ੍ਹਨਾ ਪੈਂਦਾ ਹੈ। ਮੈਂ ਆ-ਪਣੀਆਂ ਅੱਖਾਂ ਐਨਕ ਰਹਿਤ ਰੱਖਣਾ ਚਾਹੁੰਦਾ ਹਾਂ। ਕਿਰਪਾ ਕਰਕੇ ਖੁਰਾਕ ਬਾਰੇ ਦੱਸੋ?

ਉਮਰ ਦੇ ਵਧਣ ਨਾਲ ਨਿਗ੍ਹਾ ਦਾ ਕਮਜ਼ੋਰ ਪੈ ਜਾਣਾ ਇੱਕ ਆਮ ਵਾਪਰਨ ਵਾਲਾ ਵਰਤਾਰਾ ਹੈ। ਫਿਰ ਵੀ ਡਾਕਟਰਾਂ ਦੇ ਅਨੁਸਾਰ ਵਿਟਾਮਿਨ ਅਤੇ ਖੁਰਾਕ ਲੈ ਕੇ ਇਸ ਗਤੀ ਨੂੰ ਘਟਾਇਆ ਜਾ ਸਕਦਾ ਹੈ।

? ਕੀ ਦੰਦਾਂ ਤੇ ਜ਼ਿਆਦਾ ਬੁਰਸ਼ ਕਰਨ ਨਾਲ ਐਨਾਮਿਲ ਪਰਤ ਨਸ਼ਟ ਹੋ ਜਾਂਦੀ ਹੈ?

ਜੀ ਹਾਂ, ਦੰਦਾਂ 'ਤੇ ਜ਼ਿਆਦਾ ਬੁਰਸ਼ ਕਰਨ ਨਾਲ ਐਨਾਮਿਲ ਪਰਤ ਨਸ਼ਟ ਹੋ ਜਾਂਦੀ ਹੈ। ਇਸ ਲਈ ਬੁਰਸ਼ ਹਰ ਰੋਜ਼ ਇੱਕ ਦੋ ਮਿੰਟ ਲਈ ਹੀ ਕਰਨਾ ਚਾਹੀਦਾ ਹੈ।

? ਸੁੱਤੇ ਵਿਅਕਤੀ ਨੂੰ ਉਠਾਉਣ ਤੇ ਉਸਨੂੰ ਆਮ ਹਾਲਤਾਂ ਨਾਲੋਂ ਜ਼ਿਆਦਾ ਗੁੱਸਾ ਹੁੰਦਾ ਹੈ।

ਗੁੱਸਾ ਇੱਕ ਅਜਿਹੀ ਪ੍ਰਕਿਰਿਆ ਹੈ ਕਿ ਮਨੁੱਖ ਦਾ ਇਸ ਉੱਤੇ ਪੂਰੀ ਤਰ੍ਹਾਂ ਕਾਬੂ ਹੁੰਦਾ ਹੈ। ਜਿਵੇਂ ਜੇਕਰ ਥਾਣੇਦਾਰ ਨੇ ਸਿਪਾਹੀ ਜਾਂ ਡੀ. ਐਸ. ਪੀ. ਦੇ ਉੱਪਰ ਗੁੱਸੇ ਹੋਣਾ ਹੋਵੇ ਤਾਂ ਉਹ ਆਪਣਾ ਗੁੱਸਾ ਸਿਪਾਹੀ ਉੱਪਰ ਕੱਢੇਗਾ, ਡੀ. ਐਸ. ਪੀ. 'ਤੇ ਨਹੀਂ ਕਿਉਂਕਿ ਉਸਨੂੰ ਪਤਾ ਹੈ ਕਿ ਡੀ. ਐਸ. ਪੀ. ਦੇ ਉੱਪਰ ਕੱਢਿਆ ਗੁੱਸਾ ਉਸਨੂੰ ਮਹਿੰਗਾ ਪੈ ਸਕਦਾ ਹੈ। ਇਸ ਲਈ ਸੁੱਤੇ ਉੱਠੇ ਵਿਅਕਤੀ ਦਾ ਗੁੱਸਾ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਉਸਨੂੰ ਉਠਾਉਣ ਵਾਲਾ ਕੌਣ ਹੈ।

? ਔਰਤ ਲਈ ਮਾਂ ਬਣਨਾ ਕਿੰਨੀ ਉਮਰ ਤੋਂ ਕਿੰਨੀ ਉਮਰ ਤੱਕ ਸੰਭਵ ਹੈ ਅਤੇ ਕਿਉਂ?

ਔਰਤਾਂ ਲਈ ਮਾਂ ਬਣਨਾ ਦਸ ਸਾਲ ਦੀ ਉਮਰ ਤੋਂ 50 ਸਾਲ ਦੀ ਉਮਰ ਤੱਕ ਸੰਭਵ ਹੈ। ਪਰ ਮੌਜੂਦਾ ਡਾਕਟਰੀ ਸਹੂਲਤਾਂ ਰਾਹੀਂ ਕੁਝ ਕੇਸਾਂ ਵਿੱਚ 70-80 ਵਰ੍ਹਿਆਂ ਦੀਆਂ ਇਸਤਰੀਆਂ ਨੂੰ ਵੀ ਮਾਵਾਂ ਬਣਾਇਆ ਜਾ ਸਕਿਆ ਹੈ।

? ਮਨੋਰੰਜਨ ਰਾਹੀਂ ਸਾਡਾ ਮੂਡ ਕਿਵੇਂ ਠੀਕ ਹੋ ਜਾਂਦਾ ਹੈ?

ਮਨੋਰੰਜਨ ਰਾਹੀਂ ਸਾਡਾ ਧਿਆਨ ਨਿਰਾਸ਼ਾ ਪੈਦਾ ਕਰਨ ਵਾਲੀ ਸੋਚ ਤੋਂ ਪਾਸੇ ਹੋ ਜਾਂਦਾ ਹੈ। ਇਸ ਲਈ ਸਾਡਾ ਮੂਡ ਬਦਲ ਜਾਂਦਾ ਹੈ।

? ਕੀ ਯੋਗ ਰਾਹੀਂ ਦਿਲ ਦੀ ਧੜਕਣ ਰੋਕੀ ਜਾ ਸਕਦੀ ਹੈ?

ਯੋਗ ਰਾਹੀਂ ਦਿਲ ਦੀ ਧੜਕਣ ਨੂੰ ਰੋਕਣਾ ਮੌਤ ਨੂੰ ਸੱਦਾ ਦੇਣਾ ਹੁੰਦਾ ਹੈ। ਇਸ ਲਈ ਦਿਲ ਦੀ ਧੜਕਣ ਨੂੰ ਯੋਗ ਰਾਹੀਂ ਰੋਕਣਾ ਸੰਭਵ ਨਹੀਂ ਹੈ। ਹਾਂ ਕੱਛ ਵਿਚ ਆਲੂ ਜਾਂ ਨਿੰਬੂ ਰੱਖ ਕੇ ਤੇ ਉਸਨੂੰ ਦਬਾ* ਕੇ ਖੂਨ ਦੀ ਨਾੜੀ ਵਿਚ ਖੂਨ ਦੇ ਵਹਾ* ਨੂੰ ਰੋਕਿਆ ਜਾ ਸਕਦਾ ਹੈ। ਜਿਸ ਨਾਲ ਕੁੱਝ ਸਮੇਂ ਲਈ ਕਬਜ਼ ਹੁੰਦੀ ਮਹਿਸੂਸ ਹੁੰਦੀ ਹੈ।

? ਪਸ਼ੂਆਂ ਦੀ ਨਸਲ, ਕੁਆਲਿਟੀ ਸੁਧਾਰਨ ਲਈ ਕਈ ਤਰ੍ਹਾਂ ਦੀਆਂ ਕੋਸ਼ਿਸ਼ਾਂ ਯਤਨ ਕੀਤੇ ਜਾਂਦੇ ਹਨ। ਮਨੁੱਖੀ ਨਸਲ ਦੇ ਸੁਧਾਰ ਲਈ ਜਾਂ ਅਤਿਅੰਤ ਵਿਕਸਿਤ ਦਿਮਾਗ ਵਾਲੇ ਬੱਚੇ ਪੈਦਾ ਕਰਨ ਲਈ ਮੈਡੀਕਲ ਸਾਇੰਸ ਕੀ ਯਤਨ ਕਰ ਰਹੀ ਹੈ।

ਪਸ਼ੂ ਮਨੁੱਖਾਂ ਦੇ ਗੁਲਾਮ ਹਨ। ਇਸ ਲਈ ਪਾਲਤੂ ਪਸ਼ੂਆਂ ਵਿੱਚ ਜਣੇਪਾ ਮਨੁੱਖ ਤੇ ਨਿਰਭਰ ਕਰਦਾ ਹੈ। ਆਮ ਤੌਰ 'ਤੇ ਗਊਆਂ, ਮੱਝਾਂ, ਸੂਰਾਂ ਅਤੇ ਮੁਰਗੀਆਂ ਦੀ ਕਿਹੜੀ ਕਿਸਮ ਤੇ ਕਿੰਨੀ ਗਿਣਤੀ ਵਿੱਚ ਰੱਖਣੀ ਹੈ, ਇਸ ਦਾ ਫੈਸਲਾ ਫਾਰਮਾਂ ਦੇ ਮਾਲਕ ਹੀ ਕਰਦੇ ਹਨ। ਪਰ ਮਨੁੱਖ, ਮਨੁੱਖ ਦਾ ਗੁਲਾਮ ਨਹੀਂ। ਇਸ ਲਈ ਮਨੁੱਖੀ ਸੰਤਾਨ ਤੇ ਵਿਗਿਆਨਕਾਂ ਦਾ ਕੰਟਰੋਲ ਅੱਜ ਦੀਆਂ ਹਾਲਤਾਂ ਵਿੱਚ ਨਹੀਂ ਹੈ ਪਰ ਉਹ ਦਿਨ ਵੀ ਦੂਰ ਨਹੀਂ ਜਦੋਂ ਧਰਤੀ 'ਤੇ ਰਹਿਣ ਵਾਲੇ ਸਾਰੇ ਮਨੁੱਖਾਂ ਨੂੰ ਬੱਚਿਆਂ ਨੂੰ ਪੈਦਾ ਕਰਨ ਦੇ ਹੱਕ ਸੀਮਿਤ ਕਰ ਦਿੱਤੇ ਜਾਣਗੇ। ਧਰਤੀ ਉੱਤੇ ਮਨੁੱਖਾਂ ਦੀ ਨਸਲ ਵਿੱਚ ਸੁਧਾਰ ਦੀ ਪ੍ਰਕਿਰਿਆ ਚੱਲ ਰਹੀ ਹੈ। ਬਹੁਤ ਸਾਰਿਆਂ ਬੱਚਿਆਂ ਦੀਆਂ ਅਨੁਵੰਸ਼ਕ ਬਿਮਾਰੀਆਂ ਦਾ ਪਤਾ ਲਾ ਕੇ ਉਹਨਾਂ ਨੂੰ ਪੇਟ ਵਿੱਚ ਹੀ ਠੀਕ ਕਰ ਦਿੱਤਾ ਜਾਂਦਾ ਹੈ। ਕਈ ਵਾਰੀ ਤਾਂ ਪੇਟ ਵਿਚਲੇ ਭਰੂਣਾਂ ਦੇ ਉਪ੍ਰੇਸ਼ਨ ਵੀ ਕਰ ਦਿੱਤੇ ਜਾਂਦੇ ਹਨ।

# ਕਿਆ ਸੁਲਤਾਨ ਸਲਾਮ ਵਿਹੂਣਾ!!

ਆਰਜਾ ਇਕ ਸੁਣ ਤੂੰ ਆਰਜਾ ਹੈ ਬੀਤੀ ਜਾ ਰਹੀ
ਸਿਰਜਿਆ ਸੀ ਤਖਤ ਅਕਾਲ ਤੂੰ, ਨਦਰੀ ਨਹੀਂ ਹੈ ਆ ਰਿਹਾ
ਸੋਮਾਂ ਸੀ ਮੀਰੀ ਪੀਰੀ ਦਾ, 'ਤੇ ਤੂੰ ਹੀ ਸੈਂ ਬਿਰਾਜਦਾ
ਜਾਂ ਪੰਜਾਂ ਵਿਚ ਤੂੰ ਰਮ ਗਿਆ, ਜਾਂ-ਨਸ਼ੀਨ ਪੰਥ ਨੂੰ ਬਣਾ ਗਿਆ
ਪੰਥ ਨਤਮਸਤਕ ਹੋ ਗਿਆ, ਵਿਚ ਪੰਥ ਦੇ ਤੂੰ ਸਮਾ ਗਿਆ
ਫੂਲਾ ਸਿੰਘ ਜਿਹਾ ਜਥੇਦਾਰ ਹੋਵੇ, ਇਹ ਪ੍ਰਤੱਖ ਕਰ ਵਿਖਲਾ ਗਿਆ
ਦਰਬਾਰ ਅਤੇ ਤਖਤ ਦਾ, ਭੇਦ ਤੂੰ ਦਰਸਾ ਗਿਆ
ਸੰਗਤ ਲਈ ਦਰਬਾਰ ਹੈ, 'ਤੇ ਤਖਤ ਸਾਹਵੇਂ ਸਿਰ ਝੁਕਾਣਾ
ਸਿੱਖੀ ਦਾ ਮੁਢਲਾ ਫਰਜ਼ ਹੈ ਇਹ, ਪੂਰਨੇ ਤੂੰ ਪਾ ਗਿਆ
ਆਦਿ ਜੁਗਾਦਿ ਤੂੰਹੀ, ਤੂੰਹੀ, ਪ੍ਰਤੱਖ ਤੂੰ ਹੀ ਦਰਸਾ ਗਿਆ
ਮੀਰੀ ਪੀਰੀ ਨੂੰ ਛੱਡ ਕੇ, ਗੁਰਦੁਆਰਾ ਕਿਉਂ ਇਹ ਬਣਾ ਲਿਆ
ਨਾ ਇਮਾਰਤ ਹੀ ਰਹੀ ਬਾਕੀ, ਨਾ ਹੀ ਭਬਕ ਅਤੇ ਗਰਜ ਵੀ
ਸਲਾਮ ਵਿਹੂਣੇ ਜਥੇਰਹਿ ਗਏ, ਜਾਂ 'ਨਿਸ਼ਾਚਰ' ਜਥੇਦਾਰ
ਨਾ ਜਲਾਲੀ ਰੂਪ ਤੇਰਾ, 'ਤੇ ਨਾ ਹੀ ਲਾਗੂ ਹੁੰਦਾ ਹੁਕਮ ਸੁਣੀਂਦਾ
ਰਾਜਨੀਤੀ ਦੇ ਰਾਜ ਰੰਗ ਨੇ, ਗਲਬਾ ਹੈ ਪੂਰਾ ਪਾ ਲਿਆ
ਬਿਰਦ ਤੇਰੇ ਤਖਤ ਦਾ, ਆਪੇ ਹੀ ਤੂੰ ਸੰਭਾਲ ਲੈ
'ਮਸਕੀਨ' ਦੀ ਤੂੰ ਕੂਕ ਸੁਣ, ਸੁਣ ਲੈ ਪੁਕਾਰ ਪੰਥ ਦੀ
ਇਹ ਆਰਜਾ ਇਕ ਸੁਣ ਤੂੰ, ਆਰਜਾ ਹੈ ਬੀਤੀ ਜਾ ਰਹੀ।

**- ਗੁਰਚਰਨਜੀਤ ਸਿੰਘ ਲਾਂਬਾ**

# ਪੈਟਰੋਲ ਸਟੇਸ਼ਨਾਂ ਲਈ ਧਰਤੀ ਥੱਲੇ ਦੱਬੇ ਟੈਂਕਾਂ 'ਚੋਂ ਹਜ਼ਾਰਾਂ ਲੀਟਰ ਤੇਲ ਕੱਢ ਕੇ ਲੈ ਗਏ ਚੋਰ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)** ਹੁਣ ਔਕਲੈਂਡ ਅਤੇ ਹਮਿਲਟਨ ਤੋਂ ਅਜਿਹੀਆਂ ਖਬਰਾਂ ਆ ਰਹੀਆਂ ਹਨ ਕਿ ਚੋਰ ਪੈਟਰੋਲ ਸਟੇਸ਼ਨਾਂ ਦੇ ਲਈ ਧਰਤੀ ਥੱਲੇ ਦੱਬੇ ਟੈਂਕਾਂ ਦੇ ਵਿਚੋਂ ਵੀ ਤੇਲ ਚੁਰਾਉਣ ਲੱਗੇ ਹਨ। ਰਾਤ ਨੂੰ ਬਿਨਾਂ ਕਿਸੇ ਵਿਅਕਤੀ ਤੋਂ ਚੱਲਣ ਵਾਲੇ ਪੈਟਰੋਲ ਸਟੇਸ਼ਨਾਂ ਮਾਲਕਾਂ ਦੀ ਨੀਂਦ ਖਰਾਬ ਕਰ ਰਹੇ ਹਨ। ਦੋ ਸਟੇਸ਼ਨਾਂ ਦਾ ਕਹਿਣਾ ਹੈ ਕਿ ਇਹ ਚੋਰੀ ਲੋਕਾਂ ਲਈ ਖ਼ਤਰਾ ਪੈਦਾ ਕਰ ਸਕਦੀ ਹੈ ਕਿਉਂਕ ਵੱਡੀ ਮਾਤਰਾ ਵਿਚ ਤੇਲ ਹੋਣ ਕਾਰਨ ਕੋਈ ਘਟਨਾ ਘਟ ਸਕਦੀ ਹੈ। ਨੌਰਥ-ਲੈਂਡ ਵਿਚ ਇਕ ਜੀ.ਏ.ਐਸ. (ਗੈਸ) ਸਟੇਸ਼ਨ ਅਤੇ ਹੈਮਿਲਟਨ ਵਿੱਚ ਇੱਕ ਹੋਰ ਸਟੇਸ਼ਨ ਉਤੇ ਚੋਰਾਂ ਨੇ ਉਨ੍ਹਾਂ ਦੇ ਭੂਮੀਗਤ ਸਟੋਰੇਜ ਟੈਂਕਾਂ ਵਿੱਚੋਂ ਪੈਟਰੋਲ ਚੋਰੀ ਕੀਤਾ ਹੈ, ਅਤੇ ਉਨ੍ਹਾਂ ਨੇ ਆਪਣੇ ਮਾਮਲਿਆਂ ਨੂੰ ਖੁਦ ਨਜਿੱਠਣ ਦੀ ਕਾਰਵਾਈ ਲਈ ਖਤਰਾ ਮਹਿਸੂਸ ਕੀਤਾ ਹੈ। ਕਾਈਹੂ ਜੀ.ਏ.ਐਸ. ਸਟੇਸ਼ਨ ਦਿਹਾਤੀ ਨੌਰਥਲੈਂਡ ਵਿੱਚ, ਡਾਰਗਾਵਿਲ ਤੋਂ ਲਗਭਗ 23 ਮਿੰਟ ਦੀ ਦੂਰੀ 'ਤੇ ਹੈ। ਇਹ ਸਟੇਸ਼ਨ ਮਨੀ ਕੌਰ ਆਪਣੇ ਪਤੀ ਨਾਲ ਚਲਾਉਂਦੀ ਹੈ, ਅਤੇ ਉਨ੍ਹਾਂ ਨੇ ਦੱਸਿਆ ਕਿ ਇਸ ਮਹੀਨੇ ਦੇ ਸ਼ੁਰੂ ਵਿੱਚ ਉਨ੍ਹਾਂ ਨੂੰ ਦੋ ਵਾਰ ਚੋਰਾਂ ਨੇ ਨਿਸ਼ਾਨਾ ਬਣਾਇਆ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਭੂਮੀਗਤ ਟੈਂਕਾਂ ਵਿੱਚੋਂ ਲਗਭਗ 2000 ਲੀਟਰ ਈਂਧਨ ਕੱਢ ਲਿਆ ਗਿਆ। ਕੌਰ ਨੇ ਦੱਸਿਆ ਕਿ ਇੱਕ ਘਟਨਾ ਦੌਰਾਨ, ਪੁਲਿਸ ਨੇ ਉਨ੍ਹਾਂ ਨੂੰ ਦੱਸਿਆ ਕਿ ਅਜੇ ਉਨ੍ਹਾਂ ਵਿਚੋਂ ਕੋਈ ਨਹੀਂ ਆ ਰਿਹਾ, ਇਸ ਲਈ ਉਹ ਅਤੇ ਉਸਦੇ ਪਤੀ ਨੇ ਖੁਦ ਚੋਰਾਂ ਦਾ ਸਾਹਮਣਾ ਕੀਤਾ। ਉਸਨੇ ਕਿਹਾ ਮੈਂ ਬਸ ਚੋਰਾਂ ਦੇ ਨੇੜੇ ਜਾ ਕੇ ਕਿਹਾ 'ਇਹ ਨਾ ਕਰੋ-ਇਹ ਨਾ ਕਰੋ'। ਚੋਰਾਂ ਦੇ ਭੱਜਣ ਤੋਂ ਪਹਿਲਾਂ ਉਸਦੇ ਪਤੀ ਨੇ ਚੋਰਾਂ ਦੇ ਕਾਰ ਦੀ ਪਿਛਲੀ ਖਿੜਕੀ ਤੋੜ ਦਿੱਤੀ। ਹੈਮਿਲਟਨ ਪੈਟਰੋਲ ਸਟੇਸ਼ਨ ਦੇ ਮਾਲਕ ਅਮਿਤ ਦਾ ਮੰਨਣਾ ਹੈ ਕਿ ਪਿਛਲੇ ਅਕਤੂਬਰ ਵਿੱਚ ਵੀ ਉਸ ਨਾਲ ਇਹੀ ਘਟਨਾ ਵਾਪਰੀ ਸੀ। ਇੱਕ ਦਿਨ ਮੈਂ ਦੇਖਿਆ ਕਿ ਮੇਰੇ ਟੈਂਕਾਂ ਵਿੱਚੋਂ ਇੱਕ ਹਜ਼ਾਰ ਲੀਟਰ ਈਂਧਨ ਗਾਇਬ ਹੈ, ਅਤੇ ਮੈਂ ਸੋਚਿਆ, 'ਇਹ ਤੇਲ ਕਿੱਥੇ ਜਾ ਸਕਦਾ ਹੈ? ਉਸਨੇ ਆਪਣੀ ਸੀਸੀਟੀਵੀ 'ਤੇ ਦੇਖਿਆ ਅਤੇ ਇੱਕ ਕਾਰ ਨੂੰ ਈਂਧਨ ਪੁਆਇੰਟਾਂ 'ਤੇ ਖੜੀ ਦੇਖਿਆ। ਉਸਨੇ ਕਿਹਾ ਕਿ ਇਹ ਸਮਝ ਤੋਂ ਬਾਹਰ ਸੀ ਕਿ ਕਿਸੇ ਕੋਲ ਉੱਥੋਂ ਤੇਲ ਕੱਢਣ ਲਈ ਉਪਕਰਨ ਹਨ। ਅਮਿਤ ਨੇ ਕਿਹਾ ਕਿ ਉਸਦਾ ਮੰਨਣਾ ਹੈ ਕਿ ਪੁਲਿਸ ਲੋੜੀਂਦੀ ਕਾਰਵਾਈ ਕਰਨ ਵਿੱਚ ਅਸਫਲ ਰਹੀ ਹੈ ਅਤੇ ਉਹ ਇੰਨਾ ਨਿਰਾਸ਼ ਸੀ ਕਿ ਉਸਨੇ ਖੁਦ ਮਾਮਲੇ ਨੂੰ ਆਪਣੇ ਹੱਥਾਂ ਵਿੱਚ ਲੈਣ ਬਾਰੇ ਸੋਚਿਆ। ਹੈਮਿਲਟਨ ਪੁਲਿਸ ਨੇ ਕਿਹਾ ਕਿ ਉਹ ਅਮਿਤ ਦੇ ਮਾਮਲੇ ਵਿੱਚ ਸ਼ਾਮਲ ਮੰਨੇ ਜਾਂਦੇ ਵਾਹਨ ਦੀ ਪਛਾਣ ਕਰਨ ਦੇ ਯੋਗ ਹੈ ਪਰ ਉਹ ਡਰਾਈਵਰ ਦੀ ਪਛਾਣ ਕਰਨ ਵਿਚ ਅਸਮਰਥ ਹਨ। ਸੋ, ਲਗਦਾ ਹੈ ਕਿ ਚੋਰਾਂ ਦਾ ਸਿਖ਼ਰ ਸਮਾਂ ਚੱਲ ਰਿਹਾ ਹੈ ਅਤੇ ਪੁਲਿਸ ਦੇ ਲੰਬੇ ਹੱਥ ਹੁਣ ਕਾਫੀ ਛੋਟੇ ਨਜ਼ਰ ਆ ਰਹੇ ਹਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਅੰਤਰਰਾਸ਼ਟਰੀ ਨਸ਼ਾ ਰੋਕਥਾਮ ਦਿਵਸ ਸਬੰਧੀ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਡਿਪਟੀ ਕਮਿਸ਼ਨਰ ਪਠਾਨਕੋਟ ਸ੍ਰੀ ਅਦਿੱਤਿਆ ਉੱਪਲ ਅਤੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ, ਵਲੋਂ ਦਿੱਤੇ ਦਿਸ਼ੇ ਨਿਰਦੇਸ਼ਾ ਅਨੁਸਾਰ ਯੁੱਧ ਨਸ਼ਿਆ ਵਿਰੁੱਧ ਅਤੇ ਨਸ਼ਾ ਮੁਕਤ



ਭਾਰਤ ਅਭਿਆਨ ਅਧੀਨ ਅੰਤਰਰਾਸ਼ਟਰੀ ਨਸ਼ਾ ਰੋਕਥਾਮ ਦਿਵਸ ਦੇ ਤਹਿਤ ਜਿਲ੍ਹਾ ਪੱਧਰ ਤੇ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਢਾਕੀ ਪਠਾਨਕੋਟ ਵਿਖੇ ਮਨਾਇਆ ਗਿਆ। ਇਸ ਪ੍ਰੋਗਰਾਮ ਵਿੱਚ ਵੱਖ ਵੱਖ ਵਿਭਾਗਾ ਦੇ ਅਧਿਕਾਰੀਆਂ/ਨੁਮਾਇਦਾ ਵਲੋਂ ਭਾਗ ਲਿਆ ਗਿਆ। ਪ੍ਰੋਗਰਾਮ ਵਿੱਚ ਸਾਮਿਲ ਵਿਦਿਆਰਥੀਆਂ ਨੂੰ ਨਸ਼ੇ ਦੇ ਕਾਰਨ ਹੋਣ ਵਾਲੇ ਨੁਕਸਾਨ ਤੋਂ ਜਾਣੂ ਕਰਵਾਇਆ ਗਿਆ ਅਤੇ ਨਸ਼ਾ ਰਹਿਤ ਪੰਜਾਬ ਸਿਰਜਨ ਲਈ ਜਾਗਰੂਕ ਕੀਤਾ ਗਿਆ। ਇਸ ਪ੍ਰੋਗਰਾਮ ਦੋਰਾਨ ਵਿਦਿਆਰਥੀਆਂ ਨੂੰ ਨਸ਼ਾ ਨਾ ਕਰਨ ਲਈ ਸਹੁੰ ਚੁੱਕਾਈ ਗਈ। ਸਮੂਹ ਵਿਦਿਆਰਥੀਆਂ ਨੂੰ ਦਫਤਰ ਸਿਵਲ ਸਰਜਨ ਤੋਂ ਆਏ ਕਾਉਂਸਲਰ ਵੱਲੋਂ ਨਸ਼ਿਆ ਦੀ ਰੋਕਥਾਮ ਸਬੰਧੀ ਕਿਸੇ ਵੀ ਤਰ੍ਹਾ ਦੇ ਸਹਿਯੋਗ ਲਈ ਸਿਵਲ ਹਸਪਤਾਲ ਪਠਾਨਕੋਟ ਨਾਲ ਸੰਪਰਕ ਕਰਨ ਲਈ ਕਿਹਾ ਗਿਆ। ਸਮਾਰੋਹ ਵਿੱਚ ਸ੍ਰੀ ਅਸ਼ੀਸਇੰਦਰ ਸਿੰਘ ਜਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਅਤੇ ਸਟਾਫ, ਸ੍ਰੀ ਵਿਜੈ ਜਿਲ੍ਹਾ ਰੋਜਗਾਰ ਦਫਤਰ, ਇੰਚਾਰਜ ਆਈ. ਟੀ. ਆਈ. ਪਠਾਨਕੋਟ ਸਮੇਤ ਸਟਾਫ, ਸ੍ਰੀ ਮਨਭਾਵਨ ਸਿੰਘ ਸਿਹਤ ਵਿਭਾਗ, ਅਤੇ ਹੋਰ ਨੁਮਾਇੰਦੇ ਹਾਜ਼ਰ ਸਨ।

# ਵਿਧਾਨ ਸਭਾ ਹਲਕਾ ਭੋਆ ਆਮ ਆਦਮੀ ਪਾਰਟੀ ਮਹਿਲਾ ਵਿੰਗ ਵੱਲੋਂ ਕੀਤੀ ਗਈ ਵਿਸੇਸ ਮੀਟਿੰਗ ਆਯੋਜਿਤ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਅੱਜ ਆਮ ਆਦਮੀ ਪਾਰਟੀ ਦੇ ਮਹਿਲਾ ਵਿੰਗ ਦੀ ਇੱਕ ਵਿਸੇਸ ਮੀਟਿੰਗ ਮਹਿਲਾ ਵਿੰਗ ਹਲਕਾ ਕੋਆਰਡੀਨੇਟਰ ਬਲਜਿੰਦਰ ਕੌਰ ਦੀ ਪ੍ਰਧਾਨਗੀ ਵਿੱਚ ਜਸਵਾਲੀ ਰੈਸਟਹਾਊਸ ਵਿਖੇ ਆਯੋਜਿਤ ਕੀਤੀ ਗਈ। ਇਸ ਮੋਕੇ ਤੇ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਵਿਸੇਸ ਤੌਰ ਤੇ ਹਾਜ਼ਰ ਹੋਏ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀਮਤੀ ਸੈਲੀ ਸਰਮਾ ਬਲਾਕ ਪ੍ਰਧਾਨ-ਕਮ-ਸਰਪੰਚ ਭਗਵਾਨਸਰ, ਸਰੋਜ ਬਾਲਾ ਸਰਪੰਚ ਰਮਕਾਲਮਾਂ, ਸੰਦੀਪ ਕੌਰ ਹਯਾਤੀ ਚੱਕ, ਕਿਰਨਬਾਲਾ ਸਰਪੰਚ ਕੀੜੀ, ਰਾਜ ਕੁਮਾਰੀ ਸਰਪੰਚ ਪਹਾੜੋਚੱਕ, ਨਗਰ ਪੰਚਾਇਤ ਨਰੋਟ ਜੈਮਲ ਸਿੰਘ ਦੀ ਕੌਂਸਲਰ ਮੁਨੀਸਾ ਮਹਾਜਨ, ਕੌਂਸਲਰ ਸੱਤਿਆ ਦੇਵੀ, ਕੌਂਸਲਰ ਅਨੂੰ ਸਰਮਾ, ਕੌਂਸਲਰ ਮਾਇਆ ਦੇਵੀ, ਰਜਿੰਦਰ ਕੌਰ ਸਰਪੰਚ ਆਸਾਬਾਨੋ ਅਤੇ ਆਮ ਆਦਮੀ ਪਾਰਟੀ ਮਹਿਲਾ ਵਿੰਗ ਦੀਆਂ ਕਾਰਜਕਰਤਾ ਵੀ ਹਾਜ਼ਰ ਸਨ। ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਅੱਜ ਦੀ ਮਹਿਲਾ ਹਰੇਕ ਖੇਤਰ ਅੰਦਰ ਅਪਣੀ ਸਮਝ ਦੇ ਨਾਲ ਕਾਰਜ ਕਰ ਰਹੀ ਹੈ ਅਤੇ ਉੱਨਤੀ ਕਰ ਰਹੀ ਹੈ। ਉਨ੍ਹਾਂ ਮਹਿਲਾ ਵਿੰਗ ਦਾ ਹੌਂਸਲਾ ਵਧਾਉਂਦਿਆਂ ਕਿਹਾ ਕਿ ਭਵਿੱਖ ਅੰਦਰ ਆਮ ਆਦਮੀ ਪਾਰਟੀ ਵੱਲੋਂ ਕੀਤੇ ਜਾ ਰਹੇ ਕਾਰਜਾਂ ਨੂੰ ਜਨ ਜਨ ਤੱਕ ਪਹੁੰਚਾਇਆ ਜਾਵੇ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਹਲਕਾ ਭੋਆ ਦੇ ਵਿਕਾਸ ਲਈ ਭਵਿੱਖ ਅੰਦਰ ਹੋਰ ਵੀ ਵੱਡੇ ਫੈਂਸਲੇ ਲਏ ਗਏ ਹਨ ਅਤੇ ਜਨਹਿੱਤ ਨੂੰ ਧਿਆਨ ਵਿੱਚ ਰੱਖਦਿਆਂ ਹੋਰ ਵੀ ਵੱਡੇ ਪ੍ਰੋਜੈਕਟ ਲਗਾਏ ਜਾਣਗੇ। ਇਸ ਮੋਕੇ ਤੇ ਉਨ੍ਹਾਂ ਨੇ ਮੀਟਿੰਗ ਵਿੱਚ ਹਾਜਰ ਮਹਿਲਾ ਸਰਪੰਚ ਦੀਆਂ ਪਿੰਡ ਦੇ ਵਿਕਾਸ ਕਾਰਜਾਂ ਨਾਲ ਸਬੰਧਤ ਸਮੱਸਿਆਵਾਂ ਵੀ ਸੁਣੀਆਂ ਅਤੇ ਮੋਕੇ ਤੇ ਹੀ ਸਮੱਸਿਆਵਾਂ ਦਾ ਹੱਲ ਵੀ ਕੀਤਾ।



# ਸਾਰੇ ਸਾਈਨ ਬੋਰਡ ਪੰਜਾਬੀ 'ਚ ਲਿਖੇ ਜਾਣ: ਖੋਜ ਅਫ਼ਸਰ ਡਾ. ਰਾਜੇਸ਼ ਕੁਮਾਰ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਪੰਜਾਬ ਸਰਕਾਰ ਅਤੇ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਭਾਸ਼ਾ ਦਫ਼ਤਰ, ਪਠਾਨਕੋਟ ਦੇ ਖੋਜ ਅਫ਼ਸਰ ਡਾ. ਰਾਜੇਸ਼ ਕੁਮਾਰ, ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਤੇ ਪੂਰਾ ਮਾਣ ਸਨਮਾਨ ਦੇਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਹਨਾਂ ਉਪਰਾਲਿਆਂ ਤਹਿਤ ਜ਼ਿਲ੍ਹੇ ਦੇ ਸਾਰੇ ਸੂਚਨਾ ਬੋਰਡ ਪੰਜਾਬੀ ਭਾਸ਼ਾ (ਗੁਰਮੁੱਖੀ ਲਿੱਪੀ) ਵਿੱਚ ਲਿਖਣੇ ਲਾਜ਼ਮੀ ਬਣਾਏ ਜਾਣ। ਉਨਾਂ ਨੇ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਵਧੇਰੇ ਮਹੱਤਤਾ ਦੇਣ ਲਈ ਸਮੂਹ ਸਰਕਾਰੀ, ਅਰਧ ਸਰਕਾਰੀ ਦਫ਼ਤਰਾਂ, ਵਿਭਾਗਾਂ, ਅਦਾਰਿਆਂ, ਸੰਸਥਾਵਾਂ, ਵਿੱਦਿਅਕ ਅਦਾਰਿਆਂ, ਬੋਰਡਾਂ, ਨਿਗਮਾਂ ਅਤੇ ਗ਼ੈਰ-ਸਰਕਾਰੀ ਸੰਸਥਾਵਾਂ, ਪਬਲਿਕ ਅਤੇ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਿਕ ਅਦਾਰਿਆਂ ਆਦਿ ਦੇ ਨਾਮ ਅਤੇ ਸੜਕਾਂ ਦੇ ਨਾਮ, ਨਾਮ ਪੱਟੀਆਂ, ਮੀਲ ਪੱਥਰ, ਸਾਈਨ ਬੋਰਡ ਲਿਖਣ ਸਮੇਂ ਸਭ ਤੋਂ ਪਹਿਲਾਂ ਉਪਰਲੇ ਪਾਸੇ ਪੰਜਾਬੀ ਭਾਸ਼ਾ (ਗੁਰਮੱਖੀ ਲਿੱਪੀ) ਵਿੱਚ ਲਿਖੇ ਜਾਣ ਅਤੇ ਜੇਕਰ ਕਿਸੇ ਹੋਰ ਭਾਸ਼ਾ ਵਿੱਚ ਲਿਖਣਾ ਹੋਵੇ ਤਾਂ ਪੰਜਾਬੀ ਭਾਸ਼ਾ (ਗੁਰਮੁੱਖੀ ਲਿੱਪੀ) ਤੋਂ ਹੇਠਾਂ ਦੂਸਰੀ ਭਾਸ਼ਾ ਵਿਚ ਲਿਖਿਆ ਜਾਵੇ। ਸਰਕਾਰੀ ਅਦਾਰਿਆਂ ਤੋਂ ਇਲਾਵਾ ਗ਼ੈਰ-ਸਰਕਾਰੀ, ਪ੍ਰਾਈਵੇਟ ਦੁਕਾਨਾਂ ਅਤੇ ਵਪਾਰਕ ਅਦਾਰੇ ਵੀ ਆਪੋ ਆਪਣੇ ਸਾਈਨ ਬੋਰਡ ਪੰਜਾਬੀ ਭਾਸ਼ਾ ਵਿੱਚ ਲਿਖਣੇ ਲਾਜ਼ਮੀ ਬਨਾਉਣ। ਇਹਨਾਂ ਹੁਕਮਾਂ ਦੀ ਪਾਲਣਾ ਨਾ ਕੀਤੇ ਜਾਣ ਦੀ ਸੂਰਤ ਵਿਚ ਸੰਬੰਧਿਤ ਖਿਲਾਫ਼ ਪੰਜਾਬ ਰਾਜ ਭਾਸ਼ਾ (ਤਰਮੀਮ) ਐਕਟ 2008 ਅਤੇ 2021 ਵਿੱਚ ਦਰਜ ਉਪਬੰਧਾਂ ਅਨੁਸਾਰ ਜੁਰਮਾਨਾ ਲਗਾਉਣ ਸੰਬੰਧੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਸਮੂਰ ਜ਼ਿਲ੍ਹਾ ਵਾ-ਸੀਆਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਪ੍ਰਫੁੱਲਿਤ ਕਰਨ ਲਈ ਪੂਰਨ ਸਹਿਯੋਗ ਦਿੱਤਾ ਜਾਵੇ। ਜੇਕਰ ਕਿਸੇ ਨੂੰ ਸੂਚਨਾ ਬੋਰਡ ਲਿਖਣ ਸਮੇਂ ਸ਼ਬਦ ਜੋੜਾਂ ਸੰਬੰਧੀ ਕਿਸੇ ਪ੍ਰਕਾਰ ਦੀ ਸਮੱਸਿਆ ਆਉਂਦੀ ਹੈ ਤਾਂ ਉਹ ਜ਼ਿਲ੍ਹਾ ਭਾਸ਼ਾ ਦਫ਼ਤਰ, ਪਠਾਨਕੋਟ ਨਾਲ ਸੰਪਰਕ ਕਰ ਸਕਦੇ ਹਨ।



# ਗੜ੍ਹਸ਼ੰਕਰ ਸ਼ਹਿਰ ਵਿਕਾਸ ਦੀਆਂ ਅਨੇਕਾਂ ਕਮੀਆਂ ਨਾਲ ਜੂਝ ਰਿਹਾ ਹੈ - ਪ੍ਰਧਾਨ ਸਤੀਸ਼ ਕੁਮਾਰ ਸੋਨੀ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)**– ਅੱਜ ਜਿਥੇ ਸਾਡੀ ਸੂਬਾ ਸਰਕਾਰ ਵਿਕਾਸ ਦੀਆਂ ਗੱਲਾਂ ਕਰਦੀ ਹੈ। ਉਥੇ ਸਾਡਾ ਗੜਸ਼ੰਕਰ ਸ਼ਹਿਰ ਵਿਕਾਸ ਪੱਖੋਂ ਅਨੇਕਾਂ ਹੀ ਕਮੀਆਂ ਨਾਲ ਜੂਝ ਰਿਹਾ ਹੈ। ਇਹ ਵਿਚਾਰ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਪ੍ਰੈਸ ਨਾਲ ਵਾਰਤਾ ਦੌਰਾਨ ਕਹੇ । ਉਹਨਾ ਕਿਹਾ ਕਿ ਜਿੱਥੇ ਸਰਕਾਰ ਵਿਕਾਸ ਦੀਆਂ ਗੱਲਾਂ ਕਰਦੀ ਹੈ, ਉਥੇ ਗੜ੍ਹਸ਼ੰਕਰ ਸ਼ਹਿਰ ਗਲੀਆਂ ਨਾਲੀਆਂ ਦੇ ਵਿਕਾਸ ਵਿਚ ਹੀ ਫਸਿਆ ਹੋਇਆ ਹੈ। ਹ ਵੀ ਪੂਰੀਆਂ ਨਹੀਂ ਬਣ ਰਹੀਆ। ਜੇਕਰ ਦੇਖਿਆ ਜਾਵੇ ਤਾਂ ਪਿਛਲੇ ਪੰਜ ਛੇ ਮਹੀਨਿਆਂ ਤੋਂ ਸੀਵਰੇਜ ਦੇ ਕੰਮ ਤੋਂ ਬਾਅਦ ਕਚਿਹਿਰੀ ਤੋਂ ਬੀਰਮਪੁਰ ਰੋਡ ਤਕ ਅਤੇ ਰੇਲਵੇ ਫਾਟਕ ਤੋਂ ਪੂਰਾ ਬੀਰਮਪੁਰ ਰੋਡ ਅੱਜ ਨਰਕ ਵਰਗੀ ਤਸਵੀਰ ਪੇਸ਼ ਕਰ ਰਿਹਾ ਹੈ। ਜਿਸ ਵੱਲ੍ਹ ਕਿਸੇ ਵੀ ਲੀਡਰ ਨੇ ਅੱਜ ਤੱਕ ਧਿਆਨ ਨਹੀਂ ਦਿੱਤਾ। ਜੇਕਰ ਕਿਤੇ 15-20 ਮਿੰਟ ਮੀਂਹ ਪੈ ਜਾਵੇ ਤਾਂ ਆਮ ਆਉਣ ਜਾਣ ਵਾਲੇ ਰਾਹੀਆਂ ਨੂੰ ਬਹੁਤ ਹੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਵੱਲ੍ਹ ਵਿਸ਼ੇਸ ਧਿਆਨ ਦੇਣ ਦੀ ਲੋੜ ਹੈ। ਉਹਨਾ ਕਿਹਾ ਕਿ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਇਸ ਪ੍ਰੈਸ ਨੋਟ ਦੇ ਮਾਧਿਅਮ ਰਾਹੀਂ ਸੂਬਾ ਸਰਕਾਰ ਕੋਲੋ ਮੰਗ ਕਰਦੇ ਹਾਂ ਕਿ ਕੁੱਛ ਸਮੇਂ ਬਾਅਦ ਬਰਸਾਤ ਦਾ ਮੌਸਮ ਆ ਰਿਹਾ ਹੈ ਤੇ ਆਮ ਪਬਲਿਕ ਦੀਆਂ ਮੁਸ਼ਕਿਲਾਂ ਨੂੰ ਦੇਖਦੇ ਹੋਏ ਖਸਤਾ ਹਾਲ ਬੀਰਮਪੁਰ ਰੋਡ ਨੂੰ ਜਲਦੀ ਤੋ ਜਲਦੀ ਸੁਧਾਰਿਆ ਜਾਵੇ। ਮੁੱਖ ਗੰਦੇ ਨਾਲੇ ਦੀ ਸਫਾਈ ਕਰਵਾਈ ਜਾਵੇ ਅਤੇ ਹੋਰ ਗੜਸ਼ੰਕਰ ਦੇ ਰਹਿੰਦੇ ਵਿਕਾਸ ਪੱਖੋਂ ਵਿਹੂਣੇ ਕੰਮ ਜਲਦੀ ਤੋ ਜਲਦੀ ਕਰਵਾਏ ਜਾਣ।




Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ

ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ

ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh

Cell : 530-870-6600

Fax : (530) 870-1429

532 Houston St.

West Sacramento, CA 95691

Email: myfuturetruck@gmail.com



# ਫਰਿਜ਼ਨੋ 'ਚ ਜਸਵੰਤ ਸਿੰਘ ਖਾਲੜਾ ਸਕੂਲ ਦਾ ਇਤਿਹਾਸਕ ਉਦਘਾਟਨ





**ਗੁਰਿੰਦਰਜੀਤ ਸਿੰਘ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)** ਲੰਘੇ ਵੀਰਵਾਰ ਨੂੰ ਫਰਿਜ਼ਨੋ ਵਿਖੇ ਉਸ ਵਕਤ ਇਤਿਹਾਸਕ ਪਲ ਦਰਜ ਕੀਤਾ ਗਿਆ, ਜਦੋਂ ਮਨੁੱਖੀ ਅਧਿਕਾਰਾਂ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਇੱਕ ਨਵੇਂ ਐਲੀਮੈਂਟਰੀ ਸਕੂਲ ਦਾ ਉਦਘਾਟਨ ਕੀਤਾ ਗਿਆ। ਇਸ ਸਕੂਲ ਨੂੰ "Jaswant Singh Khalra Academy ਦਾ ਨਾਮ ਦਿੱਤਾ ਗਿਆ ਹੈ। ਉਦਘਾਟਨੀ ਸਮਾਰੋਹ ਵਿੱਚ ਸਥਾਨਕ ਪੰਜਾਬੀ ਭਾਈਚਾਰੇ, ਕਮਿਊਨਿਟੀ ਆਗੂਆਂ, ਸਿੱਖ ਸੰਗਤਾਂ ਅਤੇ ਸਕੂਲ ਬੋਰਡ ਦੇ ਮੈਂਬਰਾਂ ਨੇ ਭਰਪੂਰ ਸ਼ਿਰਕਤ ਕੀਤੀ। ਸਮਾਰੋਹ ਦੌਰਾਨ ਖਾਲੜਾ ਸਾਹਿਬ ਦੀ ਜ਼ਿੰਦਗੀ, ਉਨ੍ਹਾਂ ਦੀਆਂ ਇਨਸਾਫ਼ ਲਈ ਕੀਤੀਆਂ ਕੋਸ਼ਿਸ਼ਾਂ ਅਤੇ 1995 ਵਿੱਚ ਹੋਈ ਉਨ੍ਹਾਂ ਦੀ ਬੇਰਹਮੀ ਨਾਲ ਹੱਤਿਆ ਨੂੰ ਯਾਦ ਕੀਤਾ ਗਿਆ।

ਇਸ ਮੌਕੇ ਰਿਬਨ ਕੱਟ ਸਮਾਰੋਹ ਵਿੱਚ ਖਾਲੜਾ ਸਹਿਬ ਦਾ ਪਰਿਵਾਰ, ਉਨ੍ਹਾਂ ਦੀ ਧੀ ਨਵਕਿਰਣ ਕੌਰ ਖਾਲੜਾ ਅਤੇ ਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਵੀ ਮਜੂਦ ਰਹੇ। ਸਕੂਲ ਡਿਸਟ੍ਰਿਕਟ ਵੱਲੋਂ ਖਾਲੜਾ ਪਰਿਵਾਰ ਨੂੰ ਸਨਮਾਨ ਚਿੰਨ ਦਿੱਤਾ ਗਿਆ ਅਤੇ ਬੀਬੀ ਪਰਮਜੀਤ ਕੌਰ ਖਾਲੜਾ ਨੇ ਆਪਣੇ ਕਰ ਕਮਲਾਂ ਨਾਲ ਸਕੂਲ ਦਾ ਉਦਘਾਟਨ ਕੀਤਾ। ਇਸ ਮੌਕੇ ਸਕੂਲ ਦੇ ਪੰਜਾਬੀ ਬੱਚਿਆਂ ਨੇ ਭੰਗੜੇ ਦੇ ਜੌਹਰ ਵੀ ਵਿਖਾਏ, ਨਾਲ ਹੀ ਸ਼ਪੈਨਸ਼ ਬੱਚਿਆ ਵੱਲੋਂ ਡਾਂਸ ਕੀਤਾ ਗਿਆ। ਸਕੂਲ "Jaswant Singh Khalra Academy" ਵਿੱਚ 600 ਤੋਂ ਵੱਧ ਠਖ ਤੋਂ 6ਵੀਂ ਕਲਾਸ ਤੱਕ ਦੇ ਵਿਦਿਆਰਥੀ ਹੋਣਗੇ, ਜੋ "Royals" ਕਹਾਉਣਗੇ ਅਤੇ ਸਿੰਘ (lion) ਉਨ੍ਹਾਂ ਦਾ ਚਿੰਨ੍ਹ ਹੋਵੇਗਾ।

ਪ੍ਰਿੰਸੀਪਲ ਰਾਊਲ ਡੀਅਜ਼ ਨੇ ਕਿਹਾ ਕਿ ਸਕੂਲ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਹਿੰਮਤ, ਇਨਸਾਫ਼ ਅਤੇ ਇਨਸਾਨੀ ਕਦਰਾਂ ਕੀਮਤਾਂ ਲਈ ਲੜਨਾ ਸਿਖਾਏਗਾ। ਸਕੂਲ ਬੋਰਡ ਪ੍ਰਧਾਨ ਨੈਂਦੀਪ ਸਿੰਘ ਚੰਨ ਨੇ ਕਿਹਾ ਕਿ ਅੱਜ ਪੰਜਾਬੀ ਭਾਈਚਾਰੇ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਅਸੀਂ ਜੈਕਾਰਾ ਮੂਵਮਿੰਟ ਦੇ ਸਹਿਯੋਗ ਤੇ ਸੰਗਤ ਦੀ ਹਲਾਸ਼ੇਰੀ ਨਾਲ ਇਹ ਇਤਿਹਾਸਕ ਕਾਰਜ ਕਰ ਸਕੇ ਹਾਂ। ਇਸ ਸਕੂਲ ਦਾ ਨਾਮ ਹੀ ਬੱਚਿਆਂ ਲਈ ਸੱਚ ਦੇ ਰਸਤੇ ਤੇ ਚੱਲਣ ਲਈ ਪ੍ਰੇਰਨਾ ਸਰੋਤ ਬਣੇਗਾ।

ਸਕੂਲ ਸੁਪਰਡੈਂਟ ਈਮੇਰੋ ਬਰਾਇਨ ਨੇ ਕਿਹਾ ਇਹ ਸਕੂਲ ਸਿਰਫ ਇੱਕ ਇਮਾਰਤ ਨਹੀਂ, ਸਗੋਂ ਨੈਤਿਕਤਾ, ਇਨਸਾਫ਼ ਅਤੇ ਮਨੁੱਖੀ ਹੱਕਾਂ ਦੀ ਅਧਾਰਸ਼ੀਲ ਥਾਂ ਹੈ ਜੋ ਅਮਰੀਕੀ ਜ਼ਮੀਨ 'ਤੇ ਪੰਜਾਬੀ ਵਿਰਸੇ ਨੂੰ ਜਿੰਦਾ ਰੱਖੇਗੀ।

ਇਸ ਮੌਕੇ ਖਾਲੜਾ ਸਹਿਬ ਦੀ ਬੇਟੀ ਨਵਕਿਰਨ ਕੌਰ ਖਾਲੜਾ ਨੇ ਕਿਹਾ ਕਿ ਅੱਜ ਸਾਡੇ ਲਈ ਬੜਾ ਮਾਣ ਵਾਲਾ ਦਿਨ ਹੈ, ਮੇਰੇ ਪਿਤਾ ਦੀ ਕੁਰਬਾਨੀ ਨੂੰ ਯਾਦ ਕਰਦਿਆਂ, ਉਹਨਾਂ ਦੀ ਯਾਦ ਵਿੱਚ ਕੈਲੀਫੋਰਨੀਆ ਦੇ ਸ਼ਹਿਰ ਫਰਿਜਨੋ ਵਿਖੇ ਸਕੂਲ ਦਾ ਨਾਮ ਖਾਲੜਾ ਸਹਿਬ ਦੇ ਨਾਮ ਤੇ ਰੱਖਿਆ ਗਿਆ। ਉਹਨਾਂ ਕਿਹਾ ਕਿ ਜਦੋਂ ਮੈਂ ਪਹਿਲੀ ਵਾਰ ਅਮਰੀਕਾ ਵਿੱਚ ਆਈ ਸੀ ਤਾਂ ਫਰਿਜ਼ਨੋ ਸ਼ਹਿਰ ਵਿੱਚ ਆਈ ਸੀ। ਇੱਥੇ ਹੀ ਫਰਿਜ਼ਨੋ ਸਟੇਟ ਯੂਨੀਵਰਸਿਟੀ ਵਿੱਚ ਮੈਂ ਉਚੇਰੀ ਪੜ੍ਹਾਈ ਕੀਤੀ। ਫਰਿਜਨੋ ਦੀ ਸਮੂੰਹ ਸਿੱਖ ਸੰਗਤ ਤੇ ਪੰਜਾਬੀ ਭਾਈਚਾਰੇ ਤੇ ਸਾਨੂੰ ਮਾਣ ਹੈ, ਜਿਨ੍ਹਾਂ ਨੇ ਹਿੰਮਤ ਕਰਕੇ ਪਹਿਲਾਂ ਪਾਰਕ ਦਾ ਨਾਮ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਨਾਮ ਤੇ ਰੱਖਿਆ 'ਤੇ ਹੁਣ ਸਕੂਲ ਦਾ ਨਾਮ ਕਰਨ ਕਰਕੇ ਇਤਿਹਾਸ ਸਿਰਜ ਦਿੱਤਾ। ਉਹਨਾਂ ਸਮੂੰਹ ਸਕੂਲ ਬੋਰਡ ਮੈਂਬਰਾਂ ਅਤੇ ਪੰਜਾਬੀ ਭਾਈਚਾਰੇ ਦਾ ਸਹਿਯੋਗ ਲਈ ਧੰਨਵਾਦ ਕੀਤਾ। ਉਪਰੰਤ ਸਕੂਲ ਦੇ ਪ੍ਰਿੰਸੀਪਲ ਨੇ ਖਾਲੜਾ ਪਰਿਵਾਰ ਅਤੇ ਸਮੂੰਹ ਕਮਿਊਨਿਟੀ ਮੈਂਬਰਾਂ ਨੂੰ ਸਕੂਲ ਦਾ ਟੂਰ ਦਿੱਤਾ।

# ਪੰਜਾਬੀ ਸਭਾ ਬੈਲਿੰਗਹੈਮ ਵੱਲੋਂ ਸਿਹਤ ਸੈਮੀਨਾਰ ਤੇ ਕਾਵਿਕ ਰੰਗ

ਪੰਜਾਬੀ ਸਾਹਿਤ, ਸੰਗੀਤ ਤੇ ਕਲਾ ਮੰਚ ਬੈਲਿੰਗਹੈਮ (ਰਜਿ:) ਵੱਲੋਂ 28 ਜੂਨ ਦਿਨ ਸ਼ਨੀਵਾਰ ਨੂੰ ਬੈਲਿੰਗਹੈਮ ਦੇ ਹੋਟਲ ਹੈਂਪਟਨ ਵਿਚਲੇ ਸੈਮੀਨਾਰ ਰੂਮ ਵਿਚ ਸਿਹਤ ਸੰਬੰਧੀ ਇਕ ਸੈਮੀਨਾਰ ਪਰਮਜੀਤ ਸਿੰਘ ਜੌਹਲ, ਭੁਪਿੰਦਰ ਸਿੰਘ ਬੈਂਸ, ਗੁਰਦਿਆਲ ਸਿੰਘ ਮੱਟੂ, ਮੰਗਲ ਸਿੰਘ ਸਮਰਾ ਦੀ ਦੇਖਰੇਖ ਹੇਠ ਕਰਵਾਇਆ ਗਿਆ। ਕੈਨੇਡਾ ਤੋਂ ਉਚੇਚੇ ਤੌਰ 'ਤੇ ਆਏ ਸਵਾਮੀ ਸ਼ਰਨ ਅਗਰਵਾਲ ਨੇ ਕੁਦਰਤੀ ਢੰਗ ਤੇ ਸਾਧਨਾ ਨਾਲ ਸ਼ੂਗਰ ਕੰਟਰੋਲ ਕਰਨ ਪ੍ਰਤੀ ਗਿਆਨ ਭਰਪੂਰ ਜਾਣਕਾਰੀ ਦਿੱਤੀ।ਇਸ ਜਾਣਕਾਰੀ ਨੂੰ ਸਰੋਤਿਆਂ ਨੇ ਬੜੇ ਧਿਆਨ ਨਾਲ ਸੁਣਿਆ ਅਤੇ ਸਵਾਲਾਂ ਜਵਾਬਾਂ ਦੇ ਸਿਲਸਿਲੇ




ਨਾਲ ਗਰਮਾਇਆ ਪ੍ਰੋਗਰਾਮ ਆਪਣੇ ਆਪ ਵਿੱਚ ਬੇਮਿਸਾਲ ਹੋ ਨਿਬੜਿਆ।ਇਸ ਮੌਕੇ 'ਤੇ ਸਿਹਤ ਸਿੱਖਿਆ ਬਾਰੇ ਸੁਖਵੰਤ ਸਿੰਘ ਗਿੱਲ, ਨਵੀਨ ਰਾਏ, ਸੁਖਵੀਰ ਬੀਹਲਾ, ਜਗਜੀਤ ਸਿੰਘ ਸੰਧੂ, ਜਸਵੰਤ ਸਿੰਘ ਧਾਲੀਵਾਲ, ਮਚਲਾ ਜੱਟ ਬਲਜਿੰਦਰ ਧਾਮੀ ਨੇ ਕਵਿਤਾ ਪਾਠ, ਗੀਤ ਗਾਇਨ ਤੇ ਵਾਰਤਾਲਾਪ ਰਾਹੀਂ ਖ਼ੂਬ ਰੰਗ ਬੰਨ੍ਹਿਆ। ਅਖੀਰ ਵਿੱਚ ਸਭਾ ਦੇ ਸਰਪ੍ਰਸਤ ਦਵਿੰਦਰ ਸਿੰਘ ਸਹੋਤਾ, ਡਾਇਰੈਕਟਰਾਂ ਤੇ ਦਰਸ਼ਕਾਂ ਨੇ ਰਲ ਕੇ ਸਵਾਮੀ ਅਗਰਵਾਲ ਦਾ ਸਨਮਾਨ ਕੀਤਾ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਡਾ।ਸੁਖਵੀਰ ਬੀਹਲਾ ਨੇ ਬਾਖ਼ੂਬੀ ਨਿਭਾਈ। ਇਸ ਸਮੇਂ ਸਭਾ ਵੱਲੋਂ ਆਏ ਮਹਿਮਾਨਾਂ ਲਈ ਚਾਹ ਪਾਣੀ ਦਾ ਬੰਦੋਬਸਤ ਕੀਤਾ ਗਿਆ।


RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here

SELL OR BUY
Residential • Business • Commercial
Lease • Investment Property and Land

Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com



2081 Arena Blvd # 100 Sacramento, CA 95834



"ਦੇਸ਼ ਦੁਆਬਾ"
ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ
ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com
(ਸੰਪਰਕ) 1-916-947-8920,
(ਫੈਕਸ) 1-916-238-1393

www.deshdoaba.com
www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ













ਸ਼੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੀਫੋਰਨੀਆ) ਵਲੋਂ 29 ਜੂਨ 2025 ਨੂੰ ਆਪਣਾ ਦੋ ਹਫਤਾਵਾਰੀ ਪ੍ਰੋਗਰਾਮ ਹੋਇਆ, ਇਸ ਦੌਰਾਨ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਭਾਈ ਇੰਦਰਜੀਤ ਸਿੰਘ ਖਾਲਸਾ, ਹਜ਼ੂਰੀ ਰਾਗੀ ਦਰਬਾਰ ਸਾਹਿਬ, ਨੂੰ ਸ਼ਰਧਾਂਜਲੀ ਦਿੱਤੀ ਗਈ ਅਤੇ ਉਹਨਾਂ ਦੇ ਦੋ ਸਪੁੱਤਰ ਭਾਈ ਸਿਮਰਨਜੀਤ ਸਿੰਘ, ਭਾਈ ਹਰਕੀਰਤ ਸਿੰਘ ਜੀ ਨੇ ਸ਼ਬਦ ਗਾਇਨ ਕੀਤਾ ਅਤੇ ਵੱਡੇ ਭਰਾਤਾ ਭਾਈ ਜਸਵਿੰਦਰ ਸਿੰਘ ਖਾਲਸਾ (ਸਾਬਕਾ ਹੈਡ ਗ੍ਰੰਥੀ ਦਰਬਾਰ ਸਾਹਿਬ) ਨੇ ਆਪਣੇ ਪਰਿਵਾਰ ਦਾ ਪਿਛੋਕੜ ਦੱਸਦਿਆਂ ਭਾਈ ਇੰਦਰਜੀਤ ਸਿੰਘ ਖਾਲਸਾ ਬਾਰੇ ਦੱਸਿਆ ਕਿ ਉਹ ਕਿੰਨੇ ਅਤੇ ਕਿਵੇਂ ਸਿੱਖ ਧਰਮ ਨੂੰ ਸਮਰਪਿਤ ਸਨ। ਇਸੇ ਦੌਰਾਨ ਭਾਈ ਬਲਦੇਵ ਸਿੰਘ ਜੀ ਦੇ ਜਥੇ ਨੇ ਸ਼ਬਦ ਗਾਇਨ ਕੀਤਾ। ਸ੍ਰੀ ਵਿਨੋਦ ਕੁਮਾਰ ਚੁੰਬਰ (ਚੇਅਰਮੈਨ) ਨੇ ਭਾਈ ਇੰਦਰਜੀਤ ਸਿੰਘ ਜੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਉਹਨਾਂ ਦੇ ਪਰਿਵਾਰ ਬਾਰੇ ਜਾਣਕਾਰੀ ਸਾਂਝੀ ਕੀਤੀ। ਪ੍ਰਧਾਨ ਸ੍ਰੀ ਤਰਲੋਚਨ ਸਿੰਘ ਬੱਧਣ ਨੇ ਸਮੂਹ ਸੰਗਤ ਦਾ ਧੰਨਵਾਦ ਕੀਤਾ ਅਤੇ ਖਜਾਨਚੀ ਸ੍ਰੀ ਮਨਦੀਪ ਰਾਏ ਨੇ ਸੰਗਤ ਨੂੰ ਗੁਰੂ ਘਰ ਦੀ ਉਸਾਰੀ ਜਾ ਰਹੀ ਬਿਲਡਿੰਗ ਲਈ ਵੱਧ ਤੋਂ ਵੱਧ ਮਾਇਆ ਦਾ ਯੋਗਦਾਨ ਪਾਉਣ ਦੀ ਬੇਨਤੀ ਕੀਤੀ। ਇਸ ਉਪਰੰਤ ਗੁਰੂ ਕੇ ਅਤੁੱਟ ਲੰਗਰ ਵਰਤਾਏ ਗਏ।


# HAPPY BAZAAR

**Indian, Pakistani & Fijjian Groceries**

**WE ARE OPEN**
**7 DAYS A WEEK**
**9:00 am to 8:30 pm**

**RENT DVDS & BUY CLOTHES**
**ENJOY YOUR DAY WITH HOPES**

**We sell Air Tickets**
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲਬਧ ਹਨ

**CALL US**
**Ph: (209) 478-0285**
**Fax: (209) 477-3206**

**EVERY SATURDAY & SUNDAY**
**SPECIAL DISCOUNT ON GROCERIES**

**1304 E Hammer Lane # 7 Stockton CA 95212**
EMAIL : indiabazaar08@yahoo.com

# ਭੁੱਲਿਆ ਵਿਸਰਿਆ ਪ੍ਰੰਤੂ ਅਹਿਮ ਪ੍ਰਾਪਤੀਆਂ ਵਾਲਾ ਪਿੰਡ ਹੈ ਸਿਕੰਦਰਪੁਰ



ਮਦਨ ਬੰਗੜ

ਜਲੰਧਰ ਜ਼ਿਲ੍ਹੇ ਦੀ ਹਦੂਦ ਅੰਦਰ ਵਸਿਆ ਇਤਿਹਾਸਕ ਕਸਬਾ ਅਲਾਵਲਪੁਰ ਅਤੇ ਪਿੰਡ ਧੋਗੜੀ ਕਿਸੇ ਜਾਣ-ਪਹਿਚਾਣ ਦੇ ਮੁਹਤਾਜ ਨਹੀਂ ਹਨ ਇਨ੍ਹਾਂ ਦੇ ਵਿਚਕਾਰ ਅਲਾਵਲਪੁਰ ਬਰਾਸਤਾ ਧੋਗੜੀ ਜਲੰਧਰ ਰੋਡ ਤੇ ਸਥਿਤ ਹਲਕਾ ਆਦਮਪੁਰ ਦਾ ਭੁੱਲਿਆ ਵਿਸਰਿਆ ਪ੍ਰੰਤੂ ਅਹਿਮ ਪ੍ਰਾਪਤੀਆਂ ਵਾਲਾ ਪਿੰਡ ਹੈ ਸਿਕੰਦਰਪੁਰ, ਮਹਾਨ ਸਿਕੰਦਰ ਦੇ ਨਾਂ ਤੇ ਵਸੇ ਇਸ ਪਿੰਡ ਦਾ ਸਿਕੰਦਰ ਦੇ ਜੀਵਨ ਦੇ ਮਹਾਨ ਸਪੂਤ ਆਜ਼ਾਦ ਹਿੰਦ ਫ਼ੌਜ ਦੇ ਸੁਭਾਸ਼ ਚੰਦਰ ਬੋਸ ਦੇ ਵਿੰਗ ਚ, ਇਸ ਪਰਿਵਾਰ ਦੇ ਸਰਦਾਰ ਬਿੱਕਰ ਸਿੰਘ ਕੰਗ ਨੇ ਅਹਿਮ ਸੇਵਾਵਾਂ ਪ੍ਰਦਾਨ ਕੀਤੀਆਂ ਸਨ ਜਿਨ੍ਹਾਂ ਦੀ ਬਦੌਲਤ ਉਨ੍ਹਾਂ ਦੀਆਂ ਸੇਵਾਵਾਂ ਬਦਲੇ ਉਨ੍ਹਾਂ ਨੂੰ ਦੇਸ਼ ਦੇ ਆਜ਼ਾਦੀ ਘੁਲਾਟੀਏ ਹੋਣ ਵਜੋਂ ਤਾਮਰ ਪੱਤਰ ਪ੍ਰਦਾਨ ਹੋਇਆ ਉਨ੍ਹਾਂ ਦੀਆਂ ਦੇਸ਼ ਪ੍ਰਤੀ ਸੇਵਾਵਾਂ ਲਈ ਪਿੰਡ ਦੇ ਵਸਨੀਕਾਂ ਨੂੰ ਸਰਦਾਰ ਬਿੱਕਰ ਸਿੰਘ ਤੇ ਮਾਣ ਹੈ ਉਨ੍ਹਾਂ ਦੇ ਪਰਿਵਾਰ ਦੇ ਵਿੱਚੋਂ ਹੀ ਸਰਦਾਰ ਜੋਗਿੰਦਰ ਸਿੰਘ ਨੇ ਸੀਆਰਪੀਐਫ ਦੀ ਕਮਾਂਡ ਵਿੱਚ ਆਪਣੀਆਂ ਅਹਿਮ ਸੇਵਾਵਾਂ ਨਿਭਾਈਆਂ ਜਿਸ ਸਦਕਾ ਸਰਦਾਰ ਜੋਗਿੰਦਰ ਸਿੰਘ ਕੰਗ ਨੂੰ ਰਾਸ਼ਟਰਪਤੀ ਸਨਮਾਨ ਵੀ ਹਾਸਲ ਹੋਇਆ ਪਿੰਡ ਸਿਕੰਦਰਪੁਰ ਦੇ ਵਿੱਚ ਹੀ ਆਣ ਕੇ ਵਸੇ ਫ਼ਿਲਮਕਾਰ ਸਰਦਾਰ ਸਰਦੂਲ ਸਿੰਘ ਅਟਵਾਲ ਫ਼ਿਲਮੀ ਨਿਰਮਾਤਾ ਦਾ ਨਾਮ ਬਲਾਕ ਦਾ ਆਪਣਾ ਵੱਖਰਾ ਹੀ ਮੁਕਾਮ ਹੈ ਬਲਾਕ ਪੱਧਰ ਤੇ ਵਧੀਆ ਟੀਚਰ ਹੋਣ ਦਾ ਰੁਤਬਾ ਹਾਸਲ ਕਰ ਚੁੱਕੇ ਮਿਹਨਤੀ ਸਟਾਫ ਵੱਲੋਂ ਇਸ ਸਕੂਲ ਵਿਚ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ ਇਸ ਸਕੂਲ ਦੇ ਬੱਚੇ ਬੱਚੀਆਂ ਵੱਲੋਂ ਵਿਗਿਆਨਕ ,ਖੇਡਾਂ ਸੱਭਿਆਚਾਰ ਅਤੇ ਪੜ੍ਹਾਈ ਚ ਅਹਿਮ ਭੂਮਿਕਾਵਾਂ ਨਿਭਾਈਆਂ ਹਨ 2008 ਵਿਚ ਪੜ੍ਹੋ ਪੰਜਾਬ ਤਹਿਤ ਇਹ ਸਕੂਲ ਬਲਾਕ ਪੱਧਰ ਤੇ ਪਹਿਲੇ ਸਥਾਨ ਤੇ ਰਹਿ ਚੁੱਕਾ ਹੈ ਤ੍ਰਾਸਦੀ ਇਹ ਹੈ ਕਿ ਪੜ੍ਹੇ ਲਿਖੇ ਹੋਣ ਦੇ ਬਾਵਜੂਦ ਇੱਥੋਂ ਦੇ ਲੋਕਾਂ ਦਾ ਰੁਝਾਨ ਪ੍ਰਾਈਵੇਟ ਸਕੂਲਾਂ ਵੱਲ ਹੋਣ ਕਾਰਨ ਇਸ ਸਕੂਲ ਵਿੱਚ ਬੱਚਿਆਂ ਦੀ ਗਿਣਤੀ ਦਿਨ ਪ੍ਰਤੀ ਦਿਨ ਘਟਦੀ ਹੀ ਜਾ ਰਹੀ ਹੈ ਪਿੰਡ ਵਿੱਚ ਛੋਟੇ ਬੱਚਿਆਂ ਲਈ ਦੋ ਆਂਗਨਵਾੜੀ ਸੈਂਟਰ ਵੀ ਚੱਲ ਰਹੇ ਹਨ ਸਿਹਤ ਸਹੂਲਤਾਂ ਵਜੋਂ ਇੱਥੇ ਸਿਵਲ ਵੱਖ ਵੱਖ ਧਰਮਾਂ ਦੇ ਗੁਰਦੁਆਰਿਆਂ ਤੋਂ ਇਲਾਵਾ ਸਾਈਂ ਫ਼ੱਜੇ ਸ਼ਾਹ ,ਬਾਬਾ ਕਾਲਾ ਮਾਹਿਰ, ਤਪ ਅਸਥਾਨ ਬਾਬਾ ਬੇਰੀ ਵਾਲਾ , ਤਪ ਅਸਥਾਨ ਦਾਦੀ ਸਤੀ ਅਤੇ ਸੰਤ ਬਾਬਾ ਰਾਮ ਜੀ ਬਾਬਾ ਬੋਲਾ ਜੀ ਆਦਿ ਪ੍ਰਸਿੱਧ ਅਸਥਾਨ ਹਨ ਜਿੱਥੇ ਲੋਕ ਆਪਣੀ ਆਪਣੀ ਧਾਰਮਿਕ ਆਸਥਾ ਅਨੁਸਾਰ ਸਿਜਦਾ ਕਰਦੇ ਹਨ ਚਿੜੀ ਦੇ ਪਹੁੰਚੇ ਜਿੱਡੇ ਇਸ ਪਿੰਡ ਵਿੱਚ ਜਿੱਥੇ ਵੱਖ ਵੱਖ ਧਰਮਾਂ ਦੇ ਵੱਖ ਵੱਖ ਧਾਰਮਿਕ ਅਸਥਾਨ ਮੌਜੂਦ ਹਨ ਉਥੇ ਹੀ ਪਿੰਡ ਵਿਚ ਚਾਰ ਵੱਖ ਵੱਖ ਕਬਰਸਤਾਨ ਬਣਾਏ ਜਾਣ ਦਾ ਰਹੱਸ ਹਾਲੇ ਤਕ ਸਾਡੇ ਲਈ ਇਕ ਬੁਝਾਰਤ ਬਣਿਆ ਹੋਇਆ ਹੈ ਅੱਜ ਦੇ ਆਧੁਨਿਕ ਅਤੇ ਪ੍ਰਗਤੀਵਾਦੀ ਯੁੱਗ ਵਿੱਚ ਅਸੀਂ ਮਰਨ ਉਪਰੰਤ ਵੀ ਇੱਕ ਥਾਂ ਤੇ ਦਫ਼ਨ ਹੋਣਾ ਮੁਨਾਸਬ ਨਹੀਂ ਸਮਝਿਆ ਇਹ ਪਿੰਡ ਦੀ ਤ੍ਰਾਸਦੀ ਹੈ ਬੇਸ਼ੱਕ ਪਿੰਡ ਦਾ ਸਰਬਪੱਖੀ






ਨਾਲ ਕਿਤੇ ਵੀ ਦੂਰ ਨੇੜੇ ਦਾ ਵਾਹ ਵਾਸਤਾ ਨਹੀਂ ਹੈ ਜਦੋਂ ਕਿਧਰੇ ਦੂਰ ਦੁਰਾਡੇ ਆਪਣੇ ਪਿੰਡ ਸਿਕੰਦਰਪੁਰ ਬਾਰੇ ਦੱਸੀਏ ਤਾਂ ਇਸ ਦੀ ਪਹਿਚਾਣ ਕਰਾਉਣ ਲਈ ਅਲਾਵਲਪੁਰ ਨੇੜੇ ਜਾਂ ਫਿਰ ਪੁਰਾਤਨ ਪਿੰਡ ਧੋਗੜੀ ਬਾਰੇ ਦੱਸਣਾ ਪੈਂਦਾ ਹੈ ਕਿਉਂਕਿ ਆਜ਼ਾਦੀ ਤੋਂ ਪਹਿਲਾਂ ਪਿੰਡ ਧੋਗੜੀ ਪਠਾਣਾਂ ਦੀ ਰਾਜਧਾਨੀ ਵਜੋਂ ਜਾਣਿਆ ਜਾਂਦਾ ਸੀ ਭਾਰਤੀ ਸਿਨਮੇ ਦਾ ਅਨਮੋਲ ਸਿਤਾਰਾ ਆਈ ਐੱਸ ਜੌਹਰ ਪਿੰਡ ਧੋਗੜੀ ਦਾ ਜੰਮਪਲ ਸੀ। ਪੰਜਾਬ ਦੇ ਪਿੰਡਾਂ ਦੇ ਇਤਿਹਾਸ ਬਾਰੇ ਛਪੀਆਂ ਤਮਾਮ ਪੁਸਤਕਾਂ ਵਿੱਚ ਪਿੰਡ ਸਿਕੰਦਰਪੁਰ ਬਾਰੇ ਜਾਣਕਾਰੀ ਨਾ ਮਾਤਰ ਹੀ ਉਪਲਬਧ ਹੈ, ਸਿਕੰਦਰਪੁਰ ਤੋਂ ਜਲੰਧਰ ਦੀ ਦੂਰੀ 12 ਕਿਲੋਮੀਟਰ, ਆਦਮਪੁਰ 7 ਕਿਲੋਮੀਟਰ, ਚੰਡੀਗੜ੍ਹ ਦੀ ਦੂਰੀ 155 ਕਿਲੋਮੀਟਰ, ਸਿਕੰਦਰਪੁਰ ਦੇ ਗਵਾਂਢੀ ਪਿੰਡਾਂ ਦੀ ਦੂਰੀ ਚੂਹੜਵਾਲੀ -ਕਿਸ਼ਨਗੜ੍ਹ ਤਿੰਨ- ਤਿੰਨ ਕਿਲੋਮੀਟਰ , ਜਲੰਧਰ -ਪਠਾਨਕੋਟ ਕੌਮੀ ਸ਼ਾਹ ਮਾਰਗ ਮਹਿਜ਼ ਤਿੰਨ ਕਿਲੋਮੀਟਰ ਦੀ ਦੂਰੀ ਤੇ ਸਥਿਤ ਹਨ, ਰੇਲਵੇ ਸਟੇਸ਼ਨ ਅਲਾਵਲਪੁਰ ਇਕ ਕਿਲੋਮੀਟਰ ਦੀ ਵਿੱਥ ਤੇ ਸਥਿਤ ਹੈ ਭੂਗੋਲਿਕ ਪੱਖੋਂ ਇਹ ਪਿੰਡ ਨਜ਼ਦੀਕੀ ਪਿੰਡਾਂ ਅਲਾਵਲਪੁਰ, ਦੌਲਤਪੁਰ, ਸਰਮਸਤਪੁਰ, ਧੋਗੜੀ, ਮਦਾਰਾਂ, ਲੇਸਰੀਵਾਲ ਅਤੇ ਸ਼ਾਹਪੁਰ ਆਦਿ ਪਿੰਡਾਂ ਦੀਆਂ ਹੱਦਾਂ ਨਾਲ ਜੁੜਿਆ ਹੋਇਆ ਹੈ ਪਿੰਡ ਵਿੱਚ ਵਧੇਰੇ ਆਬਾਦੀ ਸਿੱਖਾਂ ਦੀ ਹੈ ਜੋ ਖੇਤੀਬਾੜੀ ਦੇ ਨਾਲ ਨਾਲ ਹੋਰ ਕਈ ਕੰਮਾਂ ਕਾਰਾਂ ਨਾਲ ਜੁੜੇ ਹੋਏ ਹਨ ਪਿੰਡ ਦੀ ਕੁੱਲ ਆਬਾਦੀ 2500 ਦੇ ਲਗਭਗ ਹੈ ਮਰਦਾਂ ਔਰਤਾਂ ਦਾ ਔਸਤਨ ਅਨੁਪਾਤ ਲਗਭਗ ਬਰਾਬਰ ਹੀ ਹੈ ਪਿੰਡ ਦੇ ਕੁੱਲ 1250 ਵੋਟਰ ਆਪਣੀਆਂ ਵੋਟਾਂ ਦਾ ਇਸਤੇਮਾਲ ਕਰਕੇ ਭਾਰਤੀ ਰਾਸ਼ਟਰੀਅਤਾ ਦੀਆਂ ਨੀਂਹਾਂ ਮਜ਼ਬੂਤ ਕਰਨ ਦੀ ਪਿਰਤ ਪਾਉਂਦੇ ਹਨ ਸਭ ਤੋਂ ਵੱਡੀ ਗੱਲ ਹੈ ਕਿ ਔਸਤਨ ਭਾਰਤ ਦੀ ਹੀ ਨਹੀਂ ਸਗੋਂ ਪੰਜਾਬ ਤੋਂ ਵੀ ਵੱਧ ਸਾਖਰਤਾ ਦਰ 81.76 % ਇਸ ਪਿੰਡ ਦੀ ਹੈ ਵੱਖ ਵੱਖ ਧਰਮਾਂ ਮਜ਼੍ਹਬਾਂ ਵਾਲਾ ਇਹ ਪਿੰਡ ਆਪਸੀ ਭਾਈਚਾਰਕ ਸਾਂਝ ਲਈ ਪੂਰੇ ਇਲਾਕੇ ਵਿੱਚ ਮੰਨਿਆ ਜਾਂਦਾ ਹੈ ਪਿੰਡ ਦੇ ਪਿਛੋਕੜ ਬਾਰੇ ਧਾਰਨਾ ਇਹ ਸੀ ਕਿ ਇਸ ਪਿੰਡ ਦੇ ਬਸ਼ਿੰਦੇ ਦੂਰ ਦੁਰਾਡੇ ਇਲਾਕੇ ਤੋਂ ਆਣ ਕੇ ਇਸ ਜਗ੍ਹਾ ਤੇ ਵਸੇ ਹਨ ਅਲਾਵਲਪੁਰ ਅਤੇ ਧੋਗੜੀ ਪਿੰਡ ਪੰਜਾਬ ਵਿਚਲੀ ਪੁਰਾਤਨ ਸੱਭਿਅਤਾ ਦੇ ਪ੍ਰਤੀਕ ਪਿੰਡ ਹਨ ਜਿਨ੍ਹਾਂ ਦੇ ਵਿਚਕਾਰ ਪਿੰਡ ਸਿਕੰਦਰਪੁਰ ਅੱਜ ਤੋਂ 200 ਸਾਲ ਪਹਿਲਾਂ ਆਬਾਦ ਹੋਇਆ ਪਹਿਲਾਂ ਪਹਿਲ ਚੀਮਾ ਗੋਤ ਨਾਲ ਸਬੰਧਿਤ ਜੱਟ ਸਿੱਖ ਪਰਿਵਾਰਾਂ ਨੇ ਪਿੰਡ ਜਾਂਗਪੁਰ ਮੁੱਲਾਂਪੁਰ ਜ਼ਿਲ੍ਹਾ ਲੁਧਿਆਣਾ ਤੋਂ ਇਸ ਪਿੰਡ ਵਿੱਚ ਆਣ ਕੇ ਡੇਰੇ ਲਾਏ ਹੌਲੀ ਹੌਲੀ ਵੱਖ ਵੱਖ ਫ਼ਿਰਕਿਆਂ ਤੋਂ ਸੂਸ, ਬੱਧਣ, ਸੁਮਨ, ਰੱਲ, ਬਿਰਦੀ, ਸੰਧੂ, ਸਹਿਗਲ ਆਦਿ ਗੋਤਾਂ ਨਾਲ ਸਬੰਧਿਤ ਬਜ਼ੁਰਗਾਂ ਨੇ ਇੱਥੇ ਵਸੋਂ ਕੀਤੀ ਅਤੇ ਆਪਣੀ ਜ਼ਿੰਦਗੀ ਬਸਰ ਕਰਨੀ ਸ਼ੁਰੂ ਕੀਤੀ ਪਿੰਡ ਦੀ ਜ਼ਮੀਨ ਕਾਸ਼ਤ ਲਈ ਉਪਜਾਊ ਨਹੀਂ ਹੁੰਦੀ ਸੀ ਸ਼ੁਰੂ-ਸ਼ੁਰੂ ਵਿੱਚ ਆਲੇ ਦੁਆਲੇ ਟਿੱਬੇ ਹੋਣ ਕਾਰਨ ਮਿਹਨਤਕਸ਼ ਲੋਕਾਂ ਨੂੰ ਹੱਡ ਭੰਨਵੀਂ ਮਿਹਨਤ ਕਰਨੀ ਪਈ ਪ੍ਰੰਤੂ ਸਮੇਂ ਦੇ ਨਾਲ ਸਮਝੌਤਾ ਨਾ ਕਰਨ ਵਾਲੇ ਪਿੰਡ ਦੇ ਨਵੇਂ ਆਏ ਬਸ਼ਿੰਦਿਆਂ ਨੇ ਆਪਣੀ ਸਖ਼ਤ ਮਿਹਨਤ ਸਦਕਾ ਕੁਝ ਸਾਲਾਂ ਵਿੱਚ ਹੀ ਟਿੱਬਿਆਂ ਨੂੰ ਆਬਾਦ ਕਰ ਕੇ ਵਾਹੀਯੋਗ ਬਣਾ ਲਿਆ ਬਾਅਦ ਵਿੱਚ ਇੱਥੇ ਪ੍ਰਮੁੱਖ ਫ਼ਸਲਾਂ ਕਣਕ, ਮੱਕੀ, ਕਮਾਦ ਅਤੇ ਝੋਨਾ ਆਦਿ ਦੀ ਖੇਤੀ ਹੋਣ ਲੱਗੀ ਦੇਸ਼ ਦੀ ਵੰਡ ਸਮੇਂ ਵੀ ਕਾਫ਼ੀ ਉਥਲ ਪੁਥਲ ਇਸ ਪਿੰਡ ਵਿੱਚ ਰਹੀ ਸਿਆਣੇ ਦੱਸਦੇ ਹਨ ਕਿ ਫਿਰ ਵੀ ਉਸ ਕਿਆਮਤ ਦੇ ਦਿਨਾਂ ਵਿੱਚ ਹਨੇਰੀਆਂ ਤੋਂ ਬਚਿਆ ਰਿਹਾ। ਪਿੰਡ ਦੀਆਂ ਅਹਿਮ ਪ੍ਰਾਪਤੀਆਂ ਦੀ ਗੱਲ ਕਰੀਏ ਤਾਂ ਪਿੰਡ ਦੇ ਕੰਗ ਪਰਿਵਾਰ ਦਾ ਵੱਡਾ ਯੋਗਦਾਨ ਹੈ ਦੇਸ਼ ਦੀ ਆਜ਼ਾਦੀ ਸੰਗਰਾਮ



ਪ੍ਰਿਤਪਾਲ ਸਿੰਘ
ਮੌਜੂਦਾ ਸਰਪੰਚ ਸਿਕੰਦਰਪੁਰ

ਫ਼ਿਲਮੀ ਨਿਰਮਾਣ ਵਿੱਚ ਬੜਾ ਅਹਿਮ ਗਿਣਿਆ ਜਾਂਦਾ ਹੈ ਪੰਜਾਬੀ ਦੀਆਂ ਫਿਲਮਾਂ ਰਾਂਝਣ ਮੇਰਾ ਯਾਰ, ਵਿਸਾਖੀ, ਪੁਰਜਾ ਪੁਰਜਾ ਕਟ ਮਰੈ, ਵਰਗੀਆਂ ਫ਼ਿਲਮਾਂ ਦੇ ਨਿਰਮਾਣ ਦੇ ਨਾਲ ਉਨ੍ਹਾਂ ਨੇ ਸਿੱਖ ਇਤਿਹਾਸ ਨਾਲ ਸੰਬੰਧਿਤ ਕਈ ਡਾਕੂਮੈਂਟਰੀਆਂ ਤੇ ਇਤਿਹਾਸਕ ਨਾਟਕਾਂ ਦਾ ਨਿਰਮਾਣ ਵੀ ਕੀਤਾ ਇਸ ਪਿੰਡ ਦੇ 5 ਵਸਨੀਕ ਡਿਪਟੀ ਸੁਪਰਡੈਂਟ ਆਫ਼ ਪੁਲਿਸ ਵਜੋਂ ਸੇਵਾ ਮੁਕਤ ਹੋਏ ਹਨ। ਪਿੰਡ ਦੇ ਬਜ਼ੁਰਗ ਸਰਦਾਰ ਸਰਵਣ ਸਿੰਘ 70 ਦੇ ਦਹਾਕੇ ਵਿੱਚ ਇੰਟਰਨੈਸ਼ਨਲ ਅਥਲੀਟ ਰਹਿ ਚੁੱਕੇ ਹਨ। ਮਹਾਂਨਗਰ ਕਲਕੱਤਾ ਕਿਸੇ ਸਮੇਂ ਵਿਸ਼ਵ ਭਰ ਵਿੱਚ ਚਮੜੇ ਦਾ ਵੱਡਾ ਵਪਾਰਕ ਕੇਂਦਰ ਸੀ ਜਿੱਥੇ ਪੰਜਾਬ ਦੇ ਨਾਮਵਰ ਸੇਠ ਕਿਸ਼ਨਦਾਸ ਬੂਟਾ ਮੰਡੀ, ਸੇਠ ਲਛਮਣ ਦਾਸ ਸਰਮਸਤਪੁਰ ਵਾਲੇ ਚਮੜੇ ਦਾ ਕਾਰੋਬਾਰ ਕਰਦੇ ਸਨ ਉੱਥੇ 60 ਦੇ ਦਹਾਕੇ ਵਿਚ ਸਿਕੰਦਰਪੁਰ ਦੇ ਸਵਰਗੀ ਪ੍ਰੀਤਮ ਦਾਸ ਸੁਮਨ, ਸਵਰਗੀ ਅਜੀਤ ਰਾਮ ਸੁਮਨ, ਸਵਰਗੀ ਸੰਸਾਰ ਚੰਦ ਸੁਮਨ, ਸਵਰਗੀ ਹਜ਼ਾਰੀ ਲਾਲ ਸੁਮਨ , ਸਵ: ਚਾਨਣ ਰਾਮ ਰਲ਼, ਸੋਮ ਲਾਲ ਸੁੰਮਨ ਨੇ ਚਮੜੇ ਦੇ ਕਾਰੋਬਾਰ ਚ ਚੰਗਾ ਮੁਕਾਮ ਹਾਸਲ ਕੀਤਾ। ਪਿੰਡ ਦੇ ਹੋਰਾਂ ਵਸਨੀਕਾਂ ਨੇ ਇੰਜੀਨੀਅਰਿੰਗ, ਅਧਿਆਪਨ, ਬੈਂਕਿੰਗ ਅਤੇ ਹੋਰ ਪੇਸ਼ਿਆਂ ਵਿੱਚ ਵੀ ਸਫਲਤਾ ਹਾਸਲ ਕੀਤੀ ਹੈ¢ ਪਿੰਡ ਸਿਕੰਦਰਪੁਰ ਦੇ ਉੱਘੇ ਕਾਮਰੇਡ ਤੇ ਰੰਗਕਰਮੀ ਮਾਣਯੋਗ ਬਖਸ਼ੀਸ਼ ਸਿੰਘ ਸਪੁੱਤਰ ਸੋਹਣ ਸਿੰਘ ਨੇ 70 ਦੇ ਦਹਾਕੇ ਵਿੱਚ ਮੁਲਕ ਵਿੱਚ ਫੈਲੀ ਆਰਥਿਕ ਲੁੱਟ ਖਸੁੱਟ ਭ੍ਰਿਸ਼ਟਾਚਾਰ ਨਾ ਬਰਾਬਰੀ ਵਿਰੁੱਧ ਆਪਣੇ ਇਨਕਲਾਬੀ ਡਰਾਮਿਆਂ ਦੇ ਮਾਧਿਅਮ ਰਾਹੀਂ ਨਵੀਂ ਚੇਤਨਾ ਦੀ ਲਹਿਰ ਖੜ੍ਹੀ ਕੀਤੀ ਸੀ ਉਨ੍ਹਾਂ ਵੱਲੋਂ ਕਰਵਾਏ ਜਾਂਦੇ ਡਰਾਮਿਆਂ ਵਿਚ ਉਸ ਸਮੇਂ ਦੇ ਉੱਘੇ ਕਮਿਊਨਿਸਟ ਮੈਂਬਰ ਪਾਰਲੀਮੈਂਟ ਮਾਸਟਰ ਭਗਤ ਰਾਮ ਭਾਰਦਵਾਜੀਆਂ ਉਨ੍ਹਾਂ ਦਾ ਮੁੱਖ ਮਹਿਮਾਨ ਹੋਇਆ ਕਰਦਾ ਸੀ ਕਾਮਰੇਡ ਬਖਸ਼ੀਸ਼ ਸਿੰਘ ਅੱਜ ਵੀ ਲੋਕ ਹਿੱਤਾਂ ਲਈ ਲੋਕਾਂ ਦੇ ਨਾਲ ਖੜ੍ਹ ਕੇ ਸੰਘਰਸ਼ ਵਿੱਚ ਜੁਟੇ ਹੋਏ ਹਨ ਬੇਸ਼ੱਕ ਉਹ ਅੱਜ-ਕੱਲ੍ਹ ਸਿਕੰਦਰਪੁਰ ਵਿਖੇ ਨਹੀਂ ਰਹਿੰਦੇ ਉਹ ਪਿਛਲੇ ਕੁਝ ਸਾਲਾਂ ਤੋਂ ਨਕੋਦਰ ਵਿਖੇ ਪੱਕੇ ਤੌਰ ਤੇ ਰਿਹਾਇਸ਼ ਕਰ ਰਹੇ ਹਨ ਜਿੱਥੋਂ ਉਹ ਕਮਿਊਨਿਸਟ ਪਾਰਟੀ ਦੇ ਨਾਲ ਅੱਜ ਵੀ ਮੋਢੇ ਨਾਲ ਮੋਢਾ ਲਗਾ ਕੇ ਸਾਥ ਦੇ ਰਹੇ ਹਨ। ਸ਼ੁਰੂਆਤੀ ਸਮੇਂ ਗ੍ਰਾਮ ਪੰਚਾਇਤ ਵਿੱਚ ਪਿੰਡ ਦੇ ਸਰਪੰਚ ਕਾਮਰੇਡ ਸਰਦਾਰਾ ਸਿੰਘ ਚੀਮਾ ਰਸ਼ੀਆ ਵਾਲੇ ਜੋ ਕੁੱਲ ਹਿੰਦ ਕਮਿਊਨਿਸਟ ਪਾਰਟੀ ਦੇ ਸੂਬਾਈ ਜਨਰਲ ਸਕੱਤਰ ਵੀ ਰਹੇ ,ਜਿੱਥੇ ਉਹ ਦੋਆਬਾ ਖਿੱਤੇ ਚ ਕਮਿਊਨਿਸਟ ਲਹਿਰ ਦੀਆਂ ਨੀਹਾਂ ਪਕੇਰੀਆਂ ਕਰਦੇ ਸਨ ਉੱਥੇ ਉਨ੍ਹਾਂ ਨੇ ਸਿਕੰਦਰਪੁਰ ਦਾ ਨਾਂ ਵੀ ਉੱਚਾ ਕੀਤਾ ਬਾਕੀ ਸਰਪੰਚਾ ਚ ਰਤਨ ਸਿੰਘ , ਅਮਰ ਸਿੰਘ ਹੋਏ ਹਨ ਫਿਰ ਲੜੀਵਾਰ ਕਰਤਾਰ ਸਿੰਘ , ਗੁਰਮੀਤ ਸਿੰਘ , ਪ੍ਰੀਤਮ ਸਿੰਘ, ਗੁਰਮੀਤ ਸਿੰਘ, ਜਸਬੀਰ ਸਿੰਘ ਚੀਮਾ , ਬਲਵਿੰਦਰ ਸਿੰਘ ਅਤੇ ਹਰਭਜਨ ਸਿੰਘ ਜੋ ਕੁਝ ਸਮੇਂ ਲਈ ਸਰਪੰਚ ਰਹੇ ਅਤੇ ਬਾਅਦ ਵਿੱਚ ਕੈਨੇਡਾ ਵਿੱਚ ਵਸ ਗਏ ਉਸ ਤੋਂ ਬਾਅਦ ਮੋਹਨ ਸਿੰਘ ਸਰਪੰਚ ਰਹੇ ਉਸ ਤੋਂ ਬਾਅਦ ਜੁਗਿੰਦਰ ਮਾਨ , ਰੇਵਲ ਸਿੰਘ ਅਤੇ ਮੌਜੂਦਾ ਸਮੇਂ ਐੱਸ ਸੀ ਕਾਸਟ ਦੀ ਪਹਿਲੀ ਵਾਰ ਬਣੀ ਮਹਿਲਾ ਸਰਪੰਚ ਅਨੀਤਾ ਗਰਾਮ ਪੰਚਾਇਤ ਦਾ ਕਾਰਜਭਾਰ ਸੰਭਾਲ ਰਹੀ ਹੈ

ਸਹੂਲਤਾਂ ਪੱਖੋਂ ਸਰਕਾਰੀ ਅਦਾਰਿਆਂ ਵਿੱਚ ਸਰਕਾਰੀ ਐਲੀਮੈਂਟਰੀ ਸਕੂਲ ਸਿਕੰਦਰਪੁਰ ਅਲਾਵਲਪੁਰ ਸਰਕਾਰੀ ਡਿਸਪੈਂਸਰੀ ਹੈ ਇੱਥੇ ਸਰਕਾਰੀ ਸਿਹਤ ਕੇਂਦਰ ਦਾ ਉਦਘਾਟਨ ਸਰਦਾਰ ਸੁਰਜੀਤ ਸਿੰਘ ਮਿਨਹਾਸ ਐਮਐਲਏ ਆਦਮਪੁਰ ਸਾਬਕਾ ਸਪੀਕਰ ਪੰਜਾਬ ਦੇ ਕਰ ਕਮਲਾਂ ਨਾਲ ਮਿਤੀ 13/09/1988 ਨੂੰ ਹੋਇਆ ਸੀ ਜੋ ਲੰਮਾ ਸਮਾ ਮਹਿਕਮੇ ਦੀ ਅਣਦੇਖੀ ਅਣਗਹਿਲੀ ਨਾਲ ਬੰਦ ਹੀ ਰਿਹਾ ਹੈ ਜਿਸ ਨੂੰ ਪਿਛਲੇ ਕੁਝ ਸਮੇਂ ਤੋਂ ਹੀ ਮੁੜ ਦੁਬਾਰਾ ਸੁਰਜੀਤ ਕੀਤਾ ਗਿਆ ਹੈ ਜੋ ਇਸ ਸਮੇਂ ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਨ ਵਿੱਚ ਸਹਾਈ ਹੋ ਰਿਹਾ ਹੈ ਇਸ ਪਿੰਡ ਵਿੱਚ , ਦੀ ਜਲੰਧਰ ਸੈਂਟਰਲ ਕੋਆਪ੍ਰੇਟਿਵ ਬੈਂਕ ਲਿਮਟਿਡ 80 ਦੇ ਦਹਾਕੇ ਚ ਸੁਰੱਖਿਆ ਕਾਰਨਾਂ ਕਰਕੇ ਉਸ ਨੂੰ ਨਜ਼ਦੀਕੀ ਕਸਬਾ ਅਲਾਵਲਪੁਰ ਵਿਖੇ ਸ਼ਿਫਟ ਕਰ ਦਿੱਤਾ ਗਿਆ ਸੀ ਜੋ ਬਾਅਦ ਵਿੱਚ ਪੱਕੇ ਤੌਰ ਤੇ ਹੀ ਉਸ ਨੂੰ ਅਲਾਵਲਪੁਰ ਦੀ ਬ੍ਰਾਂਚ ਬਣਾ ਦਿੱਤਾ ਗਿਆ ਇਸ ਪਿੰਡ ਦੇ ਫੋਕਲ ਪੁਆਇੰਟ ਦਾ ਜ਼ਿਕਰ ਕਰਨਾ ਵੀ ਬਹੁਤ ਜ਼ਰੂਰੀ ਹੈ ਪਿੰਡ ਵਿੱਚ 70 ਦੇ ਦਹਾਕੇ ਚ ਦਰਜਨਾਂ ਪਿੰਡਾਂ ਦੀ ਸੁੱਖ ਸਹੂਲਤ ਲਈ ਇਸ ਦੀ ਉਸਾਰੀ ਪੰਚਾਇਤੀ ਜ਼ਮੀਨ ਉੱਤੇ ਕੀਤੀ ਗਈ ਹੈ ਜਿਥੇ ਅੱਜ ਬੜੀ ਸਫਲਤਾ ਨਾਲ ਤਿੰਨ ਪਿੰਡਾਂ ਸਿਕੰਦਰਪੁਰ ਦੌਲਤਪੁਰ ਅਤੇ ਧੋਗੜੀ ਦੀ ਸਾਂਝੀ ,ਦੀ ਜਲੰਧਰ ਸੈਂਟਰਲ ਕੋਆਪ੍ਰੇਟਿਵ ਸਰਵਿਸ ਸੁਸਾਇਟੀ ਇਲਾਕੇ ਦੇ ਕਿਸਾਨਾਂ ਮਜ਼ਦੂਰਾਂ ਦੀਆਂ ਕਈ ਲੋੜਾਂ ਪੂਰੀਆਂ ਕਰਦੀ ਹੈ ਪਿੰਡ ਵਿੱਚ ਪਸ਼ੂ ਪਾਲਕਾਂ ਅਤੇ ਦੁੱਧ ਉਤਪਾਦਕਾਂ ਲਈ , ਦੀ ਸਿਕੰਦਰਪੁਰ ਦੁੱਧ ਉਤਪਾਦਕ ਸਹਿਕਾਰੀ ਸਭਾ ਲਿਮਟਿਡ ਪਿੰਡ ਦੇ ਦੁੱਧ ਉਤਪਾਦਕਾਂ ਲਈ ਵਰਦਾਨ ਸਿੱਧ ਹੋਈ ਹੈ ਪਿੰਡ ਵਿੱਚ ਕਿਸਾਨਾਂ ਦੀ ਜਿਣਸ ਲਈ ਅਨਾਜ ਮੰਡੀ ਵੀ ਚਲਦੀ ਹੈ ਇੱਥੇ ਹੀ ਪਿੰਡ ਦੀ ਸਹੂਲਤ ਲਈ ਪਸ਼ੂ ਹਸਪਤਾਲ ਵੀ ਇਲਾਕੇ ਦੇ ਪਸ਼ੂ ਪਾਲਕਾਂ ਦੀਆਂ ਸੇਵਾਵਾਂ ਲਈ ਕਾਰਜਸ਼ੀਲ ਹੈ ਪੰਚਾਇਤੀ ਰਾਜ ਅਧੀਨ ਪਿੰਡ ਵਿੱਚ ਇਲਾਕੇ ਦਾ ਨਾਮਵਰ ਕਮਿਊਨਟੀ ਸੈਂਟਰ ਕੰਮ ਪੈਲੇਸ ਇਲਾਕੇ ਦੇ ਲੋਕਾਂ ਲਈ ਵਿਆਹ ਸ਼ਾਦੀਆਂ ਅਤੇ ਆਮ ਫੰਕਸ਼ਨਾਂ ਲਈ ਘੱਟ ਖਰਚੇ ਉੱਪਰ ਉਪਲਬਧ ਹੈ ਜਿਸ ਦੀ ਆਮਦਨ ਪਿੰਡ ਦੇ ਵਿਕਾਸ ਕਾਰਜਾਂ ਨੂੰ ਗਤੀ ਪ੍ਰਦਾਨ ਕਰਨ ਦੇ ਕੰਮ ਆਉਂਦੀ ਹੈ ਪੀਣਯੋਗ ਪਾਣੀ ਲਈ ਪਿੰਡ ਵਿੱਚ ਸਰਕਾਰੀ ਜਲ ਯੋਜਨਾ ਬੜੀ ਕਾਰਗਰ ਸਾਬਤ ਹੋਈ ਹੈ ਪਿੰਡ ਵਿੱਚ ਪਬਲਿਕ ਹਿੱਤਾਂ ਲਈ ਪੀਣ ਯੋਗ ਪਾਣੀ ਪੱਕੀਆਂ ਗਲੀਆਂ ਨਾਲੀਆਂ ਅਤੇ ਸੀਵਰੇਜ ਦੀ ਵਿਵਸਥਾ ਕੀਤੀ ਗਈ ਹੈ ਪੂਰਾ ਪਿੰਡ ਸਾਫ ਸੁਥਰਾ ਪੱਕੇ ਰਸਤਿਆਂ ਨਾਲ ਜੁੜਿਆ ਹੋਇਆ ਹੈ ਪਿੰਡ ਨੂੰ ਸ਼ਹਿਰ ਦੇ ਨਾਲ ਜੋੜਦੀ ਲਿੰਕ ਸੜਕ ਦੀ ਹਾਲਤ ਅਤਿਅੰਤ ਖਸਤਾ ਹਾਲਤ ਵਿੱਚ ਹੈ ਜਿਸ ਵੱਲ ਸਬੰਧਿਤ ਵਿਭਾਗ ਨੂੰ ਧਿਆਨ ਦੇਣ ਦੀ ਬਹੁਤ ਲੋੜ ਹੈ ਇਹ ਪਿੰਡ ਚੌਵੀ ਘੰਟੇ ਬਿਜਲੀ ਸਪਲਾਈ ਨਾਲ ਵੀ ਜੁੜ ਚੁੱਕਾ ਹੈ ਕਿਸੇ ਸਮੇਂ ਖੇਡਾਂ ਚ ਨਾਮਣਾ ਖੱਟਣ ਵਾਲੇ ਪਿੰਡ ਦੇ ਖਿਡਾਰੀਆਂ ਦੀ ਖੇਡਾਂ ਪ੍ਰਤੀ ਰੁਚੀ ਅੱਜ-ਕੱਲ੍ਹ ਨਾਂ-ਮਾਤਰ ਹੀ ਰਹਿ ਗਈ ਹੈ ਪਿੰਡ ਦੇ ਸਰਦਾਰ ਧਰਮ ਸਿੰਘ ਚੀਮਾ ਪਟਵਾਰੀ ਦੇ ਸਪੁੱਤਰ ਪੁਸ਼ਵਿੰਦਰ ਸਿੰਘ ਚੀਮਾ ਪੰਜਾਬ ਦੀ ਨਾਮਵਰ ਜੇਸੀਟੀ ਮਿੱਲ ਫਗਵਾੜਾ ਫੁਟਬਾਲ ਦੀ ਟੀਮ ਦੇ ਉੱਘੇ ਖਿਡਾਰੀ ਰਹਿ ਚੁੱਕੇ ਹਨ, ਸਕੂਲੀ ਖੇਡਾਂ ਵਿੱਚ ਆਸ਼ਾ ਰਾਣੀ ਸਟੇਟ ਲੈਵਲ ਤੇ ਕਈ ਮੈਡਲ ਵੀ ਪ੍ਰਾਪਤ ਕਰ ਚੁੱਕੀ ਹੈ। ਖੇਡਣ ਲਈ ਪਿੰਡ ਵਿੱਚ ਖਿਡਾਰੀਆਂ ਲਈ ਵਧੀਆ ਖੇਡ ਗਰਾਊਂਡ ਦਾ ਵੀ ਪ੍ਰਬੰਧ ਹੈ ਪਰ ਖੇਡ ਸਟੇਡੀਅਮ ਦੀ ਘਾਟ ਰੜਕਦੀ ਹੈ ਪਿੰਡ ਦੇ ਨੌਜਵਾਨਾਂ ਦੀ ਸਿਹਤ ਅਤੇ ਕਸਰਤ ਲਈ ਬਣਾਇਆ ਗਿਆ ਹੈਲਥ ਕਲੱਬ ਵੀ ਤਰਸਯੋਗ ਹਾਲਤ ਵਿੱਚ ਹੈ ਆਸਥਾ ਲੋਕਾਂ ਦੀ ਧਾਰਮਿਕ ਆਸਥਾ ਦੇ ਅਸਥਾਨਾਂ ਵਿਚ ਵਿਕਾਸ ਕਾਫ਼ੀ ਪੱਧਰ ਤੇ ਹੋਇਆ ਹੈ ਪ੍ਰੰਤੂ ਫਿਰ ਵੀ ਬਹੁਤ ਸਾਰੀਆਂ ਕਮੀਆਂ ਜਾਂ ਸਮੱਸਿਆਵਾਂ ਹਨ ਜਿਨ੍ਹਾਂ ਪ੍ਰਤੀ ਗੰਭੀਰਤਾ ਨਾਲ ਸੋਚੇ ਜਾਣ ਦੀ ਜ਼ਰੂਰਤ ਹੈ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਪੰਚਾਇਤ ਕੋਲ ਸਥਾਨਕ ਪੱਧਰ ਤੇ ਕਾਫ਼ੀ ਸ਼ਾਮਲਾਟ ਜ਼ਮੀਨ ਹੈ ਜੋ ਲੋਕਾਂ ਨੇ ਨਾਜਾਇਜ਼ ਕਬਜ਼ਿਆਂ ਹੇਠ ਦੱਬ ਰੱਖੀ ਹੈ ਹੁਣ ਤੱਕ ਕਿਸੇ ਵੀ ਪੰਚਾਇਤ ਨੇ ਆਪਣਾ ਸਿਰ ਢਕਣ ਲਈ ਪੰਚਾਇਤ ਘਰ ਵੀ ਨਹੀਂ ਉਸਾਰਿਆ ਪੁਰਾਣੇ ਪ੍ਰਾਇਮਰੀ ਸਕੂਲ ਦੀ ਚਾਰਦੀਵਾਰੀ ਵਿੱਚ ਹੀ ਪੰਚਾਇਤੀ ਮੀਟਿੰਗਾਂ ਜੁੜਦੀਆਂ ਹਨ ਪਿੰਡ ਵਿੱਚ ਲੋਕਾਂ ਦੀ ਸਹੂਲਤ ਲਈ ਬੱਸ ਸਟਾਪ ਨੂੰ ਵੀ ਐੱਨ ਆਰ ਆਈ ਵੀਰਾਂ ਵੱਲੋਂ ਬਣਾਇਆ ਗਿਆ ਪਿੰਡ ਵਿੱਚ ਵੱਡਾ ਤਬਕਾ ਪੜ੍ਹਿਆ ਲਿਖਿਆ ਹੋਣ ਦੇ ਬਾਵਜੂਦ ਵੀ ਉਨ੍ਹਾਂ ਵਿਚ ਹੋਰ ਜਾਣਕਾਰੀ ਲਈ ਲਾਇਬਰੇਰੀ ਬਣਾਈ ਜਾ ਸਕਦੀ ਹੈ ਇਸ ਸੰਬੰਧੀ ਕਿਸੇ ਵੀ ਪੰਚਾਇਤ ਨੇ ਕਦੇ ਪਹਿਲਕਦਮੀ ਨਹੀਂ ਕੀਤੀ ਪਿੰਡ ਦੇ ਸਕੂਲ ਨੂੰ ਅੱਠਵੀਂ ਕਲਾਸ ਤੱਕ ਅਪਗ੍ਰੇਡ ਕਰਨ ਦੀ ਮੰਗ ਵੀ ਕਈ ਵਾਰ ਉੱਠ ਚੁੱਕੀ ਹੈ ਸਕੂਲ ਨੂੰ ਅਪਗਰੇਡ ਕਰਕੇ ਅੱਠਵੀਂ ਕਲਾਸ ਤੱਕ ਕੀਤਾ ਜਾਵੇ ਕਿਉਂਕਿ ਪਿੰਡ ਤੋਂ ਪੰਜਵੀਂ ਕਲਾਸ ਪਾਸ ਕਰਨ ਤੋਂ ਬਾਅਦ ਉੱਚ ਸਿੱਖਿਆ ਲਈ ਛੋਟੇ ਛੋਟੇ ਬੱਚਿਆਂ ਨੂੰ ਕਸਬਾ ਅਲਾਵਲਪੁਰ ਵਿਖੇ ਜਾਣਾ ਪੈਂਦਾ ਹੈ ਇਸ ਪਿੰਡ ਦੇ ਵੱਡੀ ਗਿਣਤੀ ਵਿੱਚ ਲੋਕ ਇਟਲੀ, ਕੈਨੇਡਾ ,ਅਮਰੀਕਾ ਯੂਏਈ ਆਦਿ ਤੋਂ ਇਲਾਵਾ ਯੂਰਪ ਵਿੱਚ ਵਸੇ ਹੋਏ ਹਨ ਜਿਨ੍ਹਾਂ ਵੱਲੋਂ ਵੱਖ ਵੱਖ ਸਮੇਂ ਪਿੰਡ ਦੇ ਵਿਕਾਸ ਕਾਰਜਾਂ ਲਈ ਸਹਾਇਤਾ ਭੇਜਣ ਦੀ ਪਹਿਲਕਦਮੀ ਕਰਨੀ ਚਾਹੀਦੀ ਹੈ ਹੁਣ ਤੱਕ ਸਿਕੰਦਰਪੁਰ ਦੇ ਐੱਨ ਆਰ ਆਈ ਸਰਦਾਰ ਲਹਿੰਬਰ ਸਿੰਘ ਚੀਮਾ ਵੱਲੋਂ ਪਿੰਡ ਦੇ ਸਕੂਲ ਵਿਚ ਇਕ ਕਮਰੇ ਦੀ ਉਸਾਰੀ ਕਰਵਾਈ ਗਈ ਪਿੰਡ ਵਿੱਚ ਲੰਬੇ ਸਮੇਂ ਤੋਂ ਬੱਸ ਸਟੈਂਡ ਨਾ ਹੋਣ ਕਾਰਨ ਲੋਕਾਂ ਦੀ ਦਿੱਕਤ ਨੂੰ ਦੇਖਦਿਆਂ ਉਨ੍ਹਾਂ ਵੱਲੋਂ ਬੱਸ ਸਟੈਂਡ ਬਣਾਉਣ ਲਈ ਸਹਾਇਤਾ ਕੀਤੀ ਗਈ ਇੱਥੇ ਹੀ ਕਾਫ਼ੀ ਨਹੀਂ ਸਰਦਾਰ ਲਹਿੰਬਰ ਸਿੰਘ ਚੀਮਾ ਯੂਐਸਏ ਨੇ ਵੱਖ ਵੱਖ ਸਮੇਂ ਪਿੰਡ ਵਿੱਚ ਜ਼ਰੂਰਤਮੰਦ ਪਰਿਵਾਰਾਂ ਦੀਆਂ ਬਹੁਤ ਸਾਰੀਆਂ ਲੜਕੀਆਂ ਦੇ ਵਿਆਹ ਮੌਕੇ ਸਹਾਇਤਾ ਵੀ ਕੀਤੀ ਗਈ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਸਾਰੇ ਬੱਚਿਆਂ ਨੂੰ ਵਰਦੀਆਂ ਲੰਬੇ ਸਮੇਂ ਤੋਂ ਮੁਫ਼ਤ ਦਿੰਦੇ ਆ ਰਹੇ ਹਨ ਪਿੰਡ ਵਿੱਚ ਗੰਦੇ ਪਾਣੀ ਦੇ ਨਿਕਾਸ ਦਾ ਪ੍ਰਬੰਧ ਨਾ ਹੋਣ ਕਾਰਨ ਪਿੰਡ ਦੀ ਆਬਾਦੀ ਦੇ ਵਿੱਚ ਹੀ ਵੱਡ ਅਕਾਰੀ ਤਿੰਨ ਗੰਦੇ ਪਾਣੀ ਦੇ ਛੱਪੜ ਮੌਜੂਦ ਹਨ ਜੋ ਪਿੰਡ ਵਿੱਚ ਭਿਆਨਕ ਬੀਮਾਰੀਆਂ ਨੂੰ ਸੱਦਾ ਦਿੰਦੇ ਜਾਪਦੇ ਹਨ ਪਿੰਡ ਵਿੱਚ ਸ਼ਹੀਦ ਭਗਤ ਸਿੰਘ ਸੋਸ਼ਲ ਵੈਲਫੇਅਰ ਸੁਸਾਇਟੀ ਰਜਿ: ਅਗਾਂਹ ਵਧੂ ਸੋਚ ਲੈ ਕੇ ਸਮਾਜਿਕ ਕੁਰੀਤੀਆਂ ਖ਼ਿਲਾਫ਼ ਲਾਮਬੰਦ ਹੈ ਇਸ ਸੁਸਾਇਟੀ ਵੱਲੋਂ ਹਰ ਸਾਲ ਸਮਾਜਿਕ ਕੁਰੀਤੀਆਂ ਖ਼ਿਲਾਫ਼ ਸ਼ੁਰੂ ਕੀਤਾ ਗਿਆ ਨਾਟਕ ਮੇਲਾ ਇਲਾਕੇ ਚ ਵੱਖਰੀ ਪਹਿਚਾਣ ਬਣਾਉਂਦਾ ਜਾ ਰਿਹਾ ਹੈ ਇਸ ਸੁਸਾਇਟੀ ਵੱਲੋਂ ਵੱਖ ਵੱਖ ਸਮੇਂ ਲੋਕਾਂ ਨੂੰ ਰੁੱਖ ਲਗਾਉਣ ਅਤੇ ਰੁੱਖ ਬਚਾਉਣ ਦਾ ਸੱਦਾ ਦਿੱਤਾ ਜਾਂਦਾ ਹੈ ਤ੍ਰਾਸਦੀਆਂ ਗ੍ਰਾਮ ਪੰਚਾਇਤ ਦੀ ਮਨਜ਼ੂਰੀ ਅਤੇ ਮੋਟੇ ਮੁਨਾਫ਼ੇ ਦੇ ਲਾਲਚ ਨਾਲ ਖੋਲ੍ਹਿਆ ਗਿਆ ਨਸ਼ਿਆਂ ਨੂੰ ਬੜ੍ਹਾਵਾ ਦਿੰਦਾ ਸ਼ਰਾਬ ਦਾ ਠੇਕਾ ਵੀ ਹਟਾਉਣ ਦੀ ਲੋੜ ਹੈ।

ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿੱਚ ਘਟ ਰਹੀ ਬੱਚਿਆਂ ਦੀ ਗਿਣਤੀ, ਪੀਣ ਯੋਗ ਪਾਣੀ ਸਬੰਧੀ ਲੋਕਾਂ ਦੀ ਘਟ ਰਹੀ ਜਾਗਰੂਕਤਾ, ਮਨੁੱਖੀ ਜ਼ਿੰਦਗੀ ਲਈ ਰੁੱਖਾਂ ਦੀ ਅਹਿਮੀਅਤ, ਧਾਰਮਿਕ ਸਮਾਗਮਾਂ, ਵਿਆਹਾਂ, ਸ਼ਾਦੀਆਂ ਉੱਪਰ ਬੇਲੋੜਾ ਖ਼ਰਚਾ, ਅੰਧ ਵਿਸ਼ਵਾਸ਼ਾਂ ਅਖੌਤੀ ਬਾਬਿਆਂ ਤੋਂ ਸੁਚੇਤ ਹੋਣ ਪ੍ਰਤੀ ਇਸ ਪਿੰਡ ਦੇ ਵਸਨੀਕਾਂ ਨੂੰ ਜਾਗਰੂਕ ਹੋਣ ਦੀ ਬਹੁਤ ਲੋੜ ਹੈ।

# ਦੇਸ਼ ਭਗਤ ਯਾਦਗਾਰ ਹਾਲ ਹੋਈ ਕਨਵੈਨਸ਼ਨ 'ਚ ਲੋਕਾਂ ਤੇ ਵਿੱਢੇ ਚੌਤਰਫ਼ੇ ਹੱਲੇ ਖਿਲਾਫ਼ ਮਿਲਕੇ ਜੂਝਣ ਦਾ ਪੈਗ਼ਾਮ

**ਜਲੰਧਰ (ਵਿਵੇਕ ਭਾਟੀਆ)-** ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਬੁਲਾਈ ਕਨਵੈਨਸ਼ਨ ਨੇ ਅੱਜ ਵੰਗਾਰਮਈ ਪੈਗ਼ਾਮ ਦਿੱਤਾ ਕਿ ਆਦਿਵਾਸੀਆਂ ਅਤੇ ਕਮਿਊਨਿਸਟ ਇਨਕਲਾਬੀ (ਮਾਓਵਾਦੀਆਂ) ਖਿਲਾਫ਼ ਭਾਜਪਾ ਹਕੂਮਤ ਵੱਲੋਂ ਪੂਰੀ ਬੇਹਯਾਈ ਨਾਲ ਵਿੱਢੀ ਫਾਸ਼ੀ ਮੁਹਿੰਮ ਦਾ ਫੌਰੀ ਮਕਸਦ ਦੇਸੀ-ਬਦੇਸ਼ੀ ਕਾਰਪੋਰੇਟ ਘਰਾਣਿਆਂ ਦਾ ਢਿੱਡ ਜੰਗਲ, ਜਲ, ਜ਼ਮੀਨ ਅਤੇ ਕੁਦਰਤੀ ਖਜ਼ਾਨਿਆਂ ਨਾਲ ਭਰਨਾ ਹੈ ਪਰ ਅਸਲ ਮਕਸਦ ਪੂਰੇ ਮੁਲਕ ਅੰਦਰ ਹਰ ਤਰ੍ਹਾਂ ਦੀ ਤਰਕਸੰਗਤ, ਵਿਗਿਆਨਕ, ਲੋਕ-ਪੱਖੀ, ਜਮਹੂਰੀ ਇਨਕਲਾਬੀ ਆਵਾਜ਼ ਦੀ ਸੰਘੀ ਨੱਪਣਾ ਹੈ, ਜਿਸਨੂੰ ਵਿਸ਼ਾਲ ਇੱਕਜੁੱਟ ਲੋਕ-ਲਹਿਰ ਦੇ ਜ਼ੋਰ ਨਾਲ ਅਵੱਸ਼ ਹੀ ਭਾਂਜ ਦਿੱਤੀ ਜਾਏਗੀ ਇਹ ਆਉਣ ਵਾਲੇ ਸਮੇਂ ਦਾ ਸੱਚ ਹੈ। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕੁਲਵੰਤ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਦੇ ਪ੍ਰਧਾਨਗੀ ਮੰਡਲ ਨਾਲ ਇਸ ਕਨਵੈਨਸ਼ਨ ਦੇ ਮੁੱਖ ਬੁਲਾਰੇ ਕਮੇਟੀ ਮੈਂਬਰ ਡਾ.ਪਰਮਿੰਦਰ ਸਿੰਘ, ਦਰਸ਼ਨ ਸਿੰਘ ਖਟਕੜ ਅਤੇ ਮੰਗਤ ਰਾਮ ਪਾਸਲਾ ਵੀ ਮੰਚ 'ਤੇ ਸਸ਼ੋਭਤ ਸਨ।

'ਸਾਮਰਾਜੀ ਸੰਕਟ ਕਾਰਨ ਸਾਡੇ ਵਰਗੇ ਮੁਲਕਾਂ ਉਪਰ ਬੋਝ ਲੱਦਣ, ਕਾਰਪੋਰੇਟ ਅਤੇ ਫ਼ਿਰਕੂ ਫਾਸ਼ੀ ਹੱਲੇ ਖਿਲਾਫ਼ ਲੋਕ ਸੰਗਰਾਮ ਸਮੇਂ ਦੀ ਤਿੱਖੀ ਲੋੜ' ਵਿਸ਼ੇ ਨੂੰ ਡਾ. ਪਰਮਿੰਦਰ ਸਿੰਘ, ਦਰਸ਼ਨ ਖਟਕੜ ਅਤੇ ਮੰਗਤ ਰਾਮ ਪਾਸਲਾ ਨੇ ਆਪਣੇ ਭਾਸ਼ਣਾਂ ਦੇ ਕਲਾਵੇ ਵਿੱਚ ਲੈਂਦਿਆਂ ਦੱਸਿਆ ਕਿ ਫ਼ਲਸਤੀਨ, ਇਰਾਨ ਤੋਂ ਲੈ ਕੇ ਬਸਤਰ, ਆਦਿਵਾਸੀ ਖੇਤਰਾਂ, ਸਾਡੇ ਮੁਲਕ ਦੇ ਸਮੂਹ ਮਿਹਨਤਕਸ਼ ਹਿੱਸਿਆਂ ਸਮੇਤ ਪੰਜਾਬ ਅੰਦਰ ਲੋਕਾਂ ਖਿਲਾਫ਼ ਤਿੱਖੇ ਕੀਤੇ ਚੌਤਰਫ਼ੇ ਮਾਰੂ ਹੱਲੇ ਦੀ ਤੰਦ ਸਾਂਝੀ ਹੈ।

ਬੁਲਾਰਿਆਂ ਕਿਹਾ ਕਿ ਜਿਥੇ ਦੁਨੀਆਂ ਭਰ ਦੇ ਲੋਕਾਂ ਨੂੰ ਸਾਮਰਾਜੀ ਧਾਵੇ ਖਿਲਾਫ਼ ਮੈਦਾਨ 'ਚ ਨਿਤਰਨ ਦੀ ਲੋੜ ਹੈ ਓਥੇ ਗ਼ਦਰੀ ਬਾਬਿਆਂ, ਭਗਤ-ਸਰਾਭੇ ਅਤੇ ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਦੇ ਗੌਰਵਮਈ ਵਿਰਸੇ ਉਪਰ ਪਹਿਰਾ ਦਿੰਦਿਆਂ ਸਾਨੂੰ ਆਰਥਕ, ਸਮਾਜਕ ਮੁੱਦਿਆਂ ਦੇ ਨਾਲ-ਨਾਲ ਜਮਹੂਰੀ ਇਨਕਲਾਬੀ ਰਾਜਨੀਤਕ ਮੁੱਦਿਆਂ ਨੂੰ ਵੀ ਸਾਂਝੇ ਤੌਰ 'ਤੇ ਆਪਣੀ ਆਧਾਰਸ਼ਿਲਾ ਅਤੇ ਦਾਇਰੇ ਮੁਤਾਬਕ ਮੁਖ਼ਾਤਿਬ ਹੋਣ ਦੀ ਲੋੜ ਹੈ।





ਤਿੰਨੇ ਬੁਲਾਰਿਆਂ ਨੇ ਸਾਂਝੇ ਤੌਰ 'ਤੇ ਜ਼ੋਰ ਦੇ ਕੇ ਕਿਹਾ ਕਿ ਆਦਿਵਾਸੀ ਖੇਤਰ ਅੰਦਰ ਜ਼ੁਲਮ ਦੀ ਇੰਤਹਾ, 31 ਮਾਰਚ 2026 ਤੱਕ ਕਮਿਊਲਿਸਟ ਇਨਕਲਾਬੀਆਂ ਤੋਂ ਮੁਕਤ ਭਾਰਤ, ਸ਼ਹੀਦੀ ਸਮਾਰਕਾਂ ਮਿੱਟੀ 'ਚ ਮਿਲਾ ਕੇ ਲੋਕ-ਪੱਖੀ ਵਿਚਾਰਧਾਰਾ ਦੇ ਚਿੰਨਾਂ ਦਾ ਨਾਮੋ ਨਿਸ਼ਾਨ ਮਿਟਾ ਦੇਣ ਦੇ ਫੜੇ ਰਾਹ ਦੀ ਘੁਮੇਰ ਵਿੱਚ ਰਹਿਣ ਦੀ ਬਜਾਏ, ਭਾਜਪਾ ਹਕੂਮਤ ਨੂੰ ਵਿਸ਼ਵ ਅਤੇ ਸਾਡੇ ਮੁਲਕ ਦੇ ਇਤਿਹਾਸ ਦੇ ਹਰਫ਼ ਜ਼ਰੂਰ ਪੜ੍ਹ ਲੈਣੇ ਚਾਹੀਦੇ ਨੇ ਜਿਹੜੇ ਹਵਾ ਵਿੱਚ ਲਿਖੇ ਹੋਏ ਨੇ ਕਿ,'ਤੁਸੀਂ ਕਿਸੇ ਵਿਅਕਤੀ ਦਾ ਕਤਲ ਤਾਂ ਕਰ ਸਕਦੇ ਹੋ ਪਰ ਵਿਚਾਰਾਂ ਦਾ ਨਹੀਂ।'

ਬੁਲਾਰਿਆਂ ਨੇ ਕਿਹਾ ਕਿ ਸਲਵਾ ਜੁਡਮ ਦੀ ਤਰਜ਼ 'ਤੇ ਥਾਪੜਾ ਦੇ ਕੇ ਬਣਾਏ ਕਾਤਲੀ ਗਰੋਹਾਂ ਨੂੰ ਹਕੂਮਤੀ ਛਤਰੀ ਸਹਾਰੇ ਮਾਓਵਾਦੀਆਂ, ਆਦਿਵਾਸੀਆਂ ਨੂੰ ਘਰਾਂ 'ਚੋਂ ਚੁੱਕਕੇ, ਫ਼ਲਸਤੀਨ ਲੋਕਾਂ ਦੀ ਤਰ੍ਹਾਂ ਘੇਰਾਬੰਦੀ ਕਰਕੇ ਮੌਤ ਦੇ ਘਾਟ ਉਤਾਰਨਾ, ਪੁਲਸ ਮੁਕਾਬਲੇ ਦੀ ਕਹਾਣੀ ਘੜਨਾ ਕਿੰਨੀ ਕੁ ਦੇਰ ਚੱਲਦਾ ਰਹੇਗਾ ਕਿਉਂਕਿ ਧਰਤੀ ਦੀ ਅੱਖ ਸਭ ਕੁੱਝ ਦੇਖ ਰਹੀ ਹੈ। ਧਰਤੀ ਕਰਵਟ ਲਏਗੀ ਅਤੇ ਸਦੀਆਂ ਤੋਂ ਲਿਤਾੜੇ ਲੋਕਾਂ ਦੀ ਮੁਕਤੀ ਲਈ ਜੂਝਦੇ ਲੋਕਾਂ ਦੇ ਕਾਫ਼ਲੇ ਖਾਮੋਸ਼ ਨਹੀਂ ਰਹਿਣਗੇ, ਕਿਉਂਕਿ 'ਹਰ ਮਿੱਟੀ ਦੀ ਆਪਣੀ ਖਸਲਤ, ਹਰ ਮਿੱਟੀ ਕੁੱਟਿਆਂ ਨਹੀਂ ਭੁਰਦੀ'।

ਬੁਲਾਰਿਆਂ ਕਿਹਾ ਕਿ ਪੰਜਾਬ ਦੀ ਧਰਤੀ ਦਾ ਹਰ ਵੰਨਗੀ ਦੀ ਦਹਿਸ਼ਤਗਰਦੀ, ਕਾਲ਼ੇ ਕਾਨੂੰਨਾਂ ਖ਼ਿਲਾਫ਼, ਦੇਸੀ ਅਤੇ ਬਦੇਸੀ ਦਾਬੇ ਖਿਲਾਫ਼ ਜੂਝਣ ਦਾ ਆਪਣਾ ਇਤਿਹਾਸ ਹੈ ਹੁਣ ਜਿਵੇਂ ਪੰਜਾਬ ਨੂੰ ਪੁਲਸ ਰਾਜ ਵਿੱਚ ਤਬਦੀਲ ਕਰਕੇ ਨਵੀਆਂ ਲੋਕ ਮਾਰੂ ਨੀਤੀਆਂ ਮੜ੍ਹਨ ਲਈ ਰਾਹ ਮੋਕਲਾ ਕਰਨ ਦਾ ਭਰਮ ਪਾਲਿਆ ਜਾ ਰਿਹਾ ਹੈ। ਇਹ ਭਰਮ ਪੰਜਾਬ ਦੀ ਗੌਰਵਸ਼ਾਲੀ ਧਰਤੀ ਭਵਿੱਖ ਵਿੱਚ ਚਕਨਾਚੂਰ ਕਰ ਦੇਵੇਗੀ।

ਉਹਨਾਂ ਕਿਹਾ ਕਿ ਕਲਮ, ਕਲਾ, ਗਿਆਨ-ਵਿਗਿਆਨ, ਜਮਹੂਰੀ ਅਤੇ ਮਿਹਨਤਕਸ਼ ਲੋਕਾਂ ਦੇ ਵਿਸ਼ਾਲ ਹਿੱਸਿਆਂ ਦੀ ਗਲਵੱਕੜੀ ਸੱਚ ਦੇ ਫੁੱਲ ਖਿੜਨ ਲਾਏਗੀ। ਮੂੰਹ ਜ਼ੋਰ ਝੱਖੜ ਜਿਹੜੇ ਚੜ੍ਹਦੇ ਸੂਰਜ, ਦਲਿਤ ਭਾਈਚਾਰੇ, ਬੇਜ਼ਮੀਨੇ ਲੋਕਾਂ, ਕਿਸਾਨਾਂ, ਮੁਲਾਜ਼ਮਾਂ, ਵਿਦਿਆਰਥੀਆਂ ਅਤੇ ਸਮਾਜ ਦੇ ਹੋਰ ਵਰਗਾਂ ਨੂੰ ਝੁਕਾਉਣ ਦੀ ਖੁਸ਼ਫਹਿਮੀ ਦਾ ਸ਼ਿਕਾਰ ਹਨ, ਗ਼ਦਰੀ ਸੂਰਬੀਰਾਂ ਦੀ ਧਰਤੀ ਇਸ ਖਿਲਾਫ਼ ਨਾਬਰੀ ਅਤੇ ਸੰਘਰਸ਼ ਦੀ ਲਹਿਰ ਬਣਕੇ ਠੁੱਕ ਨਾਲ ਖੜ੍ਹੀ ਹੋਏਗੀ।

ਇਸ ਇਕੱਤਰਤਾ 'ਚ ਪੇਸ਼ ਮਤੇ, ਖਚਾਖਚ ਭਰੇ ਪੰਡਾਲ ਨੇ ਹੱਥ ਖੜ੍ਹੇ ਕਰਕੇ ਪਾਸ ਕੀਤੇ। ਮਤਿਆਂ 'ਚ ਕਿਹਾ ਗਿਆ ਕਿ 1. 'ਵਿਕਾਸ' ਦੇ ਨਾਂ 'ਤੇ ਆਦਿਵਾਸੀ ਲੋਕਾਂ ਦੀ ਨਸਲਕੁਸ਼ੀ ਕਰਨਾ ਬੰਦ ਕੀਤਾ ਜਾਵੇ, 2. ਕਮਿਊਨਸਟ ਇਨਕਲਾਬੀ (ਮਾਓਵਾਦੀ) ਕਾਰਕੁੰਨਾਂ ਨੂੰ 'ਮੁਕਾਬਲਿਆਂ' 'ਚ ਮਾਰਨਾ ਬੰਦ ਕੀਤਾ ਜਾਵੇ, 3. ਬਸਤਰ ਅਤੇ ਹੋਰ ਆਦਿਵਾਸੀ ਇਲਾਕਿਆਂ ਵਿਚ ਓਪਰੇਸ਼ਨ ਕਗਾਰ ਅਤੇ ਹੋਰ ਨਾਂਵਾਂ ਹੇਠ ਨਸਲਕੁਸ਼ੀ, ਤਬਾਹੀ ਅਤੇ ਉਜਾੜਾ ਬੰਦ ਕੀਤਾ ਜਾਵੇ, 4. ਜੰਗਲ, ਜਲ, ਜ਼ਮੀਨ ਅਤੇ ਕੁਦਰਤੀ ਅਨਮੋਲ ਖਜ਼ਾਨੇ, ਦੇਸੀ ਅਤੇ ਬਦੇਸ਼ੀ ਕਾਰਪੋਰੇਟ ਘਰਾਣਿਆਂ ਹਵਾਲੇ ਕਰਨ ਲਈ ਬੋਲੇ ਧਾਵੇ ਬੰਦ ਕੀਤੇ ਜਾਣ, 5. ਆਦਿਵਾਸੀਆਂ ਦੇ ਬੁਨਿਆਦੀ ਰਾਜਨੀਤਕ ਮਸਲਿਆਂ ਨੂੰ ਦੋਵੱਲੀ ਗੱਲਬਾਤ ਦੇ ਅਮਲ ਰਾਹੀਂ ਹੱਲ ਕੀਤਾ ਜਾਵੇ, 6. ਦੇਸ-ਵਿਰੋਧੀ, ਲੋਕ-ਵਿਰੋਧੀ ਅਤੇ ਕੁਦਰਤ-ਵਿਰੋਧੀ ਕਾਰਪੋਰੇਟ ਮਾਡਲ ਮੜ੍ਹਨਾ ਬੰਦ ਕੀਤਾ ਜਾਵੇ, 7. ਸੰਘਰਸ਼ ਅਤੇ ਵਿਚਾਰਾਂ ਦੇ ਪ੍ਰਗਟਾਵੇ ਦੇ ਜਮਹੂਰੀ ਹੱਕ ਬਹਾਲ ਕੀਤੇ ਜਾਣ, 8. ਜੇਲ੍ਹਾਂ 'ਚ ਡੱਕੇ ਆਦਿਵਾਸੀਆਂ, ਬੁੱਧੀਜੀਵੀਆਂ ਅਤੇ ਸਾਰੇ ਕੈਦੀਆਂ ਨੂੰ ਬਿਨਾਂ ਸ਼ਰਤ ਰਿਹਾ ਕੀਤਾ ਜਾਵੇ, 9. ਬਿਨਾਂ ਮੁਕੱਦਮਾ ਚਲਾਏ ਵਰ੍ਹਿਆਂ ਤੋਂ ਜੇਲੀਂ ਡੱਕੇ ਉਮਰ ਖ਼ਾਲਿਦ ਸਮੇਤ ਸਭਨਾਂ ਸਮਾਜਕ ਜਮਹੂਰੀ ਕਾਰਕੁੰਨਾਂ ਨੂੰ ਬਿਨਾਂ ਸ਼ਰਤ ਰਿਹਾ ਕੀਤਾ ਜਾਵੇ, 10. ਧਾਰਮਿਕ ਭਾਵਨਾਵਾਂ ਦੀ ਆੜ ਵਿੱਚ ਤਰਕਸ਼ੀਲ ਅਤੇ ਜਮਹੂਰੀ ਵਿਗਿਆਨਕ ਵਿਚਾਰਾਂ ਦੀ ਸੰਘੀ ਨੱਪਣ ਵਾਲੇ ਕਾਨੂੰਨ ਮੂਲੋਂ ਰੱਦ ਕੀਤੇ ਜਾਣ, 11. ਪੰਜਾਬ ਵਿਚ ਬੇਜ਼ਮੀਨੇ ਲੋਕਾਂ ਦੀ ਆਵਾਜ਼ ਬੰਦ ਕਰਨ ਅਤੇ ਕਿਸਾਨਾਂ ਦੀਆਂ ਜ਼ਮੀਨਾਂ ਖੋਹਣ ਲਈ ਹਕੂਮਤੀ ਹਮਲੇ ਬੰਦ ਕੀਤੇ ਜਾਣ, 12. ਲੋਕ ਸੰਘਰਸ਼ਾਂ ਉੱਪਰ ਪੁਲਿਸ ਜਬਰ ਢਾਹੁਣ ਲਈ ਪੰਜਾਬ ਨੂੰ ਪੁਲਸ ਰਾਜ ਬਣਾ ਧਰਨ ਦੇ ਕਦਮ ਰੋਕੇ ਜਾਣ, 13. ਪੰਜਾਬ ਵਿਚ ਵਿਸ਼ੇਸ਼ ਕਰਕੇ ਦਲਿਤਾਂ ਉੱਪਰ ਜਬਰ ਢਾਹੁਣ ਵਾਲਾ ਪੁਲਿਸ-ਗੁੰਡਾ-ਸਿਆਸੀ ਗੱਠਜੋੜ ਦੇ ਹਮਲੇ ਬੰਦ ਕੀਤੇ ਜਾਣ, 14. ਫ਼ਲਸਤੀਨੀ ਲੋਕਾਂ ਦੀ ਨਸਲਕੁਸ਼ੀ, ਉਜਾੜਾ ਬੰਦ ਕੀਤਾ ਜਾਵੇ ਅਤੇ ਇਜ਼ਰਾਈਲ ਅਮਰੀਕੀ ਦਾਬਾ, ਦਖ਼ਲਅੰਦਾਜ਼ੀ ਅਤੇ ਇਰਾਨ ਉਪਰ ਅਮ-ਰੀਕੀ ਹਮਲੇ ਬੰਦ ਕੀਤੇ ਜਾਣ। 9 ਜੁਲਾਈ ਨੂੰ ਹੋ ਰਹੀ ਮੁਲਕ ਪੱਧਰੀ ਹੜਤਾਲ ਦੀ ਹਮਾਇਤ ਦਾ ਵੀ ਕਨਵੈਨਸ਼ਨ ਵੱਲੋਂ ਮਤਾ ਪਾਸ ਕੀਤਾ ਗਿਆ।

ਅੱਜ ਦੀ ਕਨਵੈਨਸ਼ਨ ਦੀ ਸ਼ੁਰੂਆਤ ਜਸਬੀਰ ਜੱਸੀ, ਜਗਸੀਰ ਜੀਦਾ, ਸੁਨੀਲ ਕਾਨਪੁਰ, ਜਸਪ੍ਰੀਤ ਨੰਗਲ ਖਿਲਾੜੀਆਂ ਅਤੇ ਨਰਗਿਸ ਦੇ ਪ੍ਰਭਾਵਸ਼ਾਲੀ ਗੀਤਾਂ ਨਾਲ ਹੋਈ।

ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਜੂਨ ਮਹੀਨੇ ਦੀਆਂ ਆਜ਼ਾਦੀ ਸੰਗਰਾਮ ਨਾਲ ਜੁੜੀਆਂ ਇਤਿਹਾਸਕ ਘਟਨਾਵਾਂ ਅਤੇ ਨਾਇਕਾਂ ਨੂੰ ਸਿਜਦਾ ਕਰਦਿਆਂ ਵੱਡੀ ਗਿਣਤੀ ਵਿੱਚ ਜੁੜੇ ਲੋਕਾਂ ਨੂੰ ਜੀ ਆਇਆਂ ਕਿਹਾ। ਕਨਵੈਨਸ਼ਨ 'ਚ ਵੱਡੀ ਗਿਣਤੀ ਵਿੱਚ ਸਾਹਿਤ, ਕਲਾ, ਤਰਕਸ਼ੀਲ, ਜਮਹੂਰੀ ਅਤੇ ਮਿਹਨਤਕਸ਼ ਤਬਕਿਆਂ ਦੀਆਂ ਲੋਕ-ਪੱਖੀ ਸੰਸਥਾਵਾਂ ਅਤੇ ਦੇਸ਼ ਭਗਤਾਂ ਦੇ ਪਿੰਡਾਂ, ਇਲਾਕਿਆਂ ਵਿੱਚ ਬਣੀਆਂ ਯਾਦਗਾਰ ਸੰਸਥਾਵਾਂ ਦੀ ਵਿਸ਼ੇਸ਼ ਆਮਦ 'ਤੇ ਸ਼ਲਾਘਾ ਕੀਤੀ।

ਸਮਾਗਮ ਦੇ ਅਖੀਰ 'ਚ ਪ੍ਰਧਾਨਗੀ ਮੰਡਲ ਦੀ ਤਰਫ਼ੋਂ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਨੇ ਸਮੂਹ ਸੰਸਥਾਵਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦਾ 'ਧਰਨਾ ਮੁਕਤ ਸੂਬਾ' ਬਣਾਉਣ ਦਾ ਦਾਅਵਾ ਆਉਣ ਵਾਲਾ ਸਮਾਂ ਮੂਧੇ ਮੂੰਹ ਕਰਕੇ ਰੱਖ ਦੇਵੇਗਾ, ਕਿਉਂਕਿ ਲੋਕਾਂ ਨੇ ਆਪਣੇ ਹੱਕ ਲਈ ਮੈਦਾਨ ਵਿੱਚ ਆਉਣਾ ਹੀ ਆਉਣਾ ਹੈ। ਸਮਾਗਮ ਦਾ ਮੰਚ ਸੰਚਾਲਨ ਕਮੇਟੀ ਮੈਂਬਰ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।







# ਵਿਵਾਦਗ੍ਰਸਤ ਈਸਾਈ ਬੁਨਿਆਦੀ ਸੰਗਠਨ 'ਡੈਸਟੀਨੀ ਚਰਚ' ਸਮਰਥਕਾਂ ਵੱਲੋਂ 'ਵਿਦੇਸ਼ੀ ਧਰਮਾਂ' ਵਿਰੁੱਧ ਪ੍ਰਦਰਸ਼ਨ





**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)-** ਅੱਜ ਔਕਲੈਂਡ ਦੀ ਕੁਈਨ ਸਟ੍ਰੀਟ 'ਤੇ ਇਕ ਵਿਵਾਦਗ੍ਰਸਤ ਈਸਾਈ ਬੁਨਿਆਦੀ ਸੰਗਠਨ 'ਡੈਸਟੀਨੀ ਚਰਚ' ਦੇ ਮੁਖੀ ਬ੍ਰਾਇਨ ਤਾਮਾਕੀ ਦੀ ਅਗਵਾਈ ਹੇਠ ਇੱਕ ਵਿਸ਼ਾਲ ਮਾਰਚ ਕੱਢਿਆ ਗਿਆ, ਜਿਸ ਵਿੱਚ 'ਗੈਰ-ਈਸਾਈ ਧਰਮਾਂ ਦਾ ਫੈਲਾਅ ਹੁਣ ਕੰਟਰੋਲ ਤੋਂ ਬਾਹਰ' ਹੋਣ ਦਾ ਦਾਅਵਾ ਕੀਤਾ ਗਿਆ। ਇਸ ਮਾਰਚ ਦਾ ਨਾਮ 'ਵਿਸ਼ਵਾਸ-ਝੰਡਾ-ਪਰਿਵਾਰ: ਇਕ ਦੇਸ਼ ਇਕ ਈਸ਼ਵਰ ਦੇ ਅਧੀਨ' (6aith-6lag-6amily: One Nation under one 7od) ਰੱਖਿਆ ਗਿਆ ਸੀ ਅਤੇ ਇਸ ਵਿੱਚ ਇਮੀਗ੍ਰੇਸ਼ਨ ਦੇ ਨਾਲ-ਨਾਲ ਨਿਊਜ਼ੀਲੈਂਡ ਵਿੱਚ ਗੈਰ-ਈਸਾਈ ਧਰਮਾਂ ਦੇ ਵਧਣ ਦਾ ਵਿਰੋਧ ਕੀਤਾ ਗਿਆ। ਪੁਲਿਸ ਅਨੁਸਾਰ ਲਗਭਗ 500 ਲੋਕ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਕਾਲੇ ਲਿਬਾਸ ਵਿੱਚ ਸਨ, ਨੇ ਇਸ ਮਾਰਚ ਵਿੱਚ ਹਿੱਸਾ ਲਿਆ। ਵੱਖ-ਵੱਖ ਧਰਮਾਂ ਦੇ ਝੰਡਿਆ ਨੂੰ ਬੇਕਦਰ ਕੀਤਾ ਗਿਆ, ਫਾੜਿਆ ਗਿਆ ਅਤੇ ਪੈਰਾਂ ਥੱਲੇ ਦੱਬਿਆ ਗਿਆ। ਇਸਲਾਮ, ਖਾਲਿਸਤਾਨ, ਪ੍ਰਦਰਸ਼ਨ ਦਾ ਸੰਖੇਪ ਇਤਿਹਾਸ: ਬ੍ਰਾਇਨ ਤਾਮਾਕੀ ਅਤੇ ਡੈਸਟੀਨੀ ਚਰਚ ਦਾ ਵਿਰੋਧ ਪ੍ਰਦਰਸ਼ਨਾਂ ਦਾ ਇੱਕ ਲੰਮਾ ਇਤਿਹਾਸ ਰਿਹਾ ਹੈ। ਉਹ ਪਹਿਲਾਂ ਵੀ ਕਈ ਵਾਰ ਸਮਲਿੰਗੀ ਸਮਾਗਮਾਂ, ਡਰੱਗ ਪਰਫਾਰਮਰਾਂ, ਕੋਵਿਡ-19 ਪਾਬੰਦੀਆਂ ਅਤੇ ਟੀਕਾਕਰਨ ਨੀਤੀਆਂ ਦੇ ਖਿਲਾਫ ਆਵਾਜ਼ ਉਠਾ ਚੁੱਕੇ ਹਨ। ਹਾਲ ਹੀ ਵਿੱਚ, ਉਨ੍ਹਾਂ ਦੇ ਚਰਚ ਦੇ ਮੈਂਬਰਾਂ ਨੇ ਔਕਲੈਂਡ ਵਿੱਚ ਇੱਕ ਬੱਚਿਆਂ ਦੇ ਸਮਾਗਮ ਵਿੱਚ ਹੰਗਾਮਾ ਕੀਤਾ ਸੀ, ਜਿਸਦੀ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਸਮੇਤ ਕਈਆਂ ਨੇ ਸਖ਼ਤ ਨਿੰਦਾ ਕੀਤੀ ਸੀ। ਡੈਸਟੀਨੀ ਚਰਚ ਅਕਸਰ ਈਸਾਈ ਕਦਰਾਂ-ਕੀਮਤਾਂ, ਕੀਵੀ ਪਛਾਣ ਅਤੇ ਇਸ ਰਾਸ਼ਟਰ ਦੇ ਭਵਿੱਖ ਦੀ ਰੱਖਿਆ ਦੇ ਨਾਮ 'ਤੇ ਅਜਿਹੇ ਪ੍ਰਦਰਸ਼ਨ ਕਰਦਾ ਹੈ। ਸਰਕਾਰ ਤੋਂ ਮੰਗਾਂ ਅਤੇ ਲੋਕਾਂ ਨੂੰ ਸੁਨੇਹਾ: ਇਸ ਪ੍ਰਦਰਸ਼ਨ ਤੋਂ ਪਹਿਲਾਂ, ਬ੍ਰਾਇਨ ਤਾਮਾਕੀ ਨੇ ਪ੍ਰਧਾਨ ਮੰਤਰੀ ਕ੍ਰਿਸਟੋਫਰ ਲਕਸਨ ਨੂੰ ਇੱਕ ਖੁੱਲ੍ਹਾ ਪੱਤਰ ਭੇਜਿਆ ਸੀ, ਜਿਸ ਵਿੱਚ ਦੇਸ਼ ਦੇ ਕੋਈ ਅਧਿਕਾਰਤ ਧਰਮ ਨਾ ਹੋਣ ਦੀ ਸਥਿਤੀ ਨੂੰ ਬਦਲਣ ਦੀ ਮੰਗ ਕੀਤੀ ਗਈ ਸੀ। ਉਨ੍ਹਾਂ ਦੀ ਇੱਕ ਮੁੱਖ ਮੰਗ 'ਬਿਨਾਂ ਅਸਿਮਿਲੇਸ਼ਨ (ਸਮਾਯੋਜਨ) ਕੋਈ ਇਮੀਗ੍ਰੇਸ਼ਨ ਨਹੀਂ' (Noi mimgraiton iwthout asisimlaiton) ਦੀ ਨੀਤੀ ਲਾਗੂ ਕਰਨਾ ਸੀ, ਜਿਸਦਾ ਪ੍ਰਦਰਸ਼ਨ ਦੌਰਾਨ ਵੀ ਨਾਅਰਾ ਲਗਾਇਆ ਗਿਆ।

ਸਮਾਯੋਜਨ: ਇਸ ਵਾਕੰਸ਼ ਦਾ ਮਤਲਬ ਹੈ ਕਿ ਜੇਕਰ ਪ੍ਰਵਾਸੀ ਆਉਣ ਵਾਲੇ ਦੇਸ਼ ਦੀ ਸੰਸਕ੍ਰਿਤੀ, ਭਾਸ਼ਾ, ਕਦਰਾਂ-ਕੀਮਤਾਂ ਅਤੇ ਰੀਤੀ-ਰਿਵਾਜਾਂ ਨੂੰ ਪੂਰੀ ਤਰ੍ਹਾਂ ਨਹੀਂ ਅਪਣਾਉਂਦੇ, ਤਾਂ ਉਨ੍ਹਾਂ ਨੂੰ ਉਸ ਦੇਸ਼ ਵਿੱਚ ਦਾਖਲ ਹੋਣ ਜਾਂ ਰਹਿਣ ਦੀ ਇਜਾਜ਼ਤ ਨਹੀਂ ਹੋਣੀ ਚਾਹੀਦੀ। ਇਹ ਵਿਚਾਰ ਇਹ ਮੰਗ ਕਰਦਾ ਹੈ ਕਿ ਪ੍ਰਵਾਸੀਆਂ ਨੂੰ ਆਪਣੀ ਮੂਲ ਪਛਾਣ ਨੂੰ ਘੱਟ ਕਰਕੇ ਜਾਂ ਤਿਆਗ ਕੇ ਮੇਜ਼ਬਾਨ ਦੇਸ਼ ਦੇ ਮੁੱਖ ਧਾਰਾ ਸੱਭਿਆਚਾਰ ਵਿੱਚ ਪੂਰੀ ਤਰ੍ਹਾਂ ਰਲ ਜਾਣਾ ਚਾਹੀਦਾ ਹੈ।

ਤਾਮਾਕੀ ਨੇ ਦਾਅਵਾ ਕੀਤਾ ਕਿ ਯੂਨਾਈਟਿਡ ਕਿੰਗਡਮ ਵਿੱਚ ਬੇਕਾਬੂ ਇਮੀਗ੍ਰੇਸ਼ਨ ਕਾਰਨ ਅਪਰਾਧਾਂ ਵਿੱਚ ਵਾਧਾ ਅਤੇ ਬ੍ਰਿਟਿਸ਼ ਪਛਾਣ ਦਾ ਪਤਨ ਹੋਇਆ ਹੈ, ਅਤੇ ਉਹ ਈਸਾਈ ਰਾਸ਼ਟਰਾਂ ਨੂੰ ਮੁੜ ਪ੍ਰਾਪਤ ਕਰਨ ਲਈ ਇੱਕ ਰਾਸ਼ਟਰਮੰਡਲ ਧਰਮ ਯੁੱਧ ਬਣਾ ਰਹੇ ਹਨ।

ਇਸ ਪ੍ਰਦਰਸ਼ਨ ਉਤੇ ਕਾਰਜਕਾਰੀ ਪ੍ਰਧਾਨ ਮੰਤਰੀ ਡੇਵਿਡ ਸੀਮੋਰ ਨੇ ਡੈਸਟੀਨੀ ਚਰਚ ਦੇ ਅੱਜ ਦੇ ਪ੍ਰਦਰਸ਼ਨ ਦੀ ਨਿੰਦਾ ਕਰਦਿਆਂ ਇਸਨੂੰ ਗੈਰ-ਕੀਵੀ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਕੀਵੀ ਹੋਣ ਦਾ ਮਤਲਬ ਹੈ ਕਿ ਲੋਕ ਦੁਨੀਆ ਭਰ ਤੋਂ ਆਉਂਦੇ ਹਨ, ਅਤੇ ਜਦੋਂ ਤੱਕ ਉਹ ਇੱਕ ਬਿਹਤਰ ਸੰਸਾਰ ਬਣਾਉਣ ਲਈ ਸ਼ਾਂਤੀ ਨਾਲ ਆਉਂਦੇ ਹਨ, ਉਨ੍ਹਾਂ ਦਾ ਸੁਆਗਤ ਹੈ। ਸੀਮੋਰ ਨੇ ਜ਼ੋਰ ਦਿੱਤਾ ਕਿ ਤਾਮਾਕੀ ਦੇ ਵੱਖ-ਵੱਖ ਰਵੱਈਏ ਅਸਹਿਣਸ਼ੀਲ ਅਤੇ ਗੈਰ-ਸਮਾਵੇਸ਼ੀ ਹਨ। ਉਨ੍ਹਾਂ ਕਿਹਾ ਕਿ ਹਰ ਨਿਊਜ਼ੀਲੈਂਡ ਵਾਸੀ ਨੂੰ ਆਪਣਾ ਧਰਮ ਮੰਨਣ ਦਾ ਅਧਿਕਾਰ ਹੈ, ਜਿਵੇਂ ਕਿ ਤਾਮਾਕੀ ਨੂੰ ਵੀ ਹੈ। ਉਨ੍ਹਾਂ ਨੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜੇਕਰ ਉਹ ਚੰਗੀ ਨੀਅਤ ਨਾਲ ਬਿਹਤਰ ਸਮਾਜ ਬਣਾਉਣ ਲਈ ਆਉਂਦੇ ਹਨ ਅਤੇ ਦੂਜਿਆਂ ਪ੍ਰਤੀ ਸਹਿਣਸ਼ੀਲ ਹਨ, ਤਾਂ ਉਨ੍ਹਾਂ ਦਾ ਇੱਥੇ ਸਵਾਗਤ ਹੈ, ਅਤੇ ਬ੍ਰਾਇਨ ਤਾਮਾਕੀ ਨੂੰ ਉਨ੍ਹਾਂ ਨੂੰ ਹੋਰ ਕੁਝ ਕਹਿਣ ਦਾ ਕੋਈ ਹੱਕ ਨਹੀਂ। ਪ੍ਰਦਰਸ਼ਨ ਦੌਰਾਨ ਮੁੱਖ ਧਾਰਾ ਮੀਡੀਆ ਦੇ ਝੰਡਿਆਂ ਸਮੇਤ ਕਈ ਝੰਡਿਆਂ ਨੂੰ ਅੱਗ ਲਗਾਈ ਗਈ, ਹਾਲਾਂਕਿ ਪ੍ਰਦਰਸ਼ਨਕਾਰੀਆਂ ਨੇ ਖੁਦ ਹੀ ਅੱਗ ਬੁਝਾ ਦਿੱਤੀ। ਪੁਲਿਸ ਨੇ ਵਿਰੋਧ ਪ੍ਰਦਰਸ਼ਨ ਦੇ ਵਿਰੋਧ ਵਿਚ ਆਏ ਸੰਗਠਨਾਂ ਅਤੇ ਵਿਰੋਧ ਕਰ ਰਹੇ ਸੰਗਠਾਂ ਦੇ ਵਿਚ ਕੰਧ ਬਣਾ ਕੇ ਸ਼ਾਂਤੀ ਬਣਾਈ ਰੱਖੀ ਪਰ ਕੋਈ ਕਾਰਵਾਈ ਨਹੀਂ ਕੀਤੀ। ਆਜ਼ਾਦ ਮੁਲਕਾਂ ਦੇ ਵਿਚ ਆਪਣੀ ਆਵਾਜ਼ ਰੱਖਣ ਦਾ ਜਿੱਥੇ ਸਭ ਨੂੰ ਹੱਕ ਹੈ ਉਥੇ ਇਹੀ ਕਿਹਾ ਜਾ ਸਕਦਾ ਹੈ ਕਿ ਆਪਣੀ ਡਫ਼ਲੀ ਆਪਣਾ ਰਾਗ' ਕੋਈ ਵੀ ਵਜਾ ਸਕਦਾ ਹੈ, ਪਰ ਸਰਕਾਰ ਕੀ ਚਾਹੁੰਦੀ ਹੈ, ਪ੍ਰਵਾਸੀਆਂ ਦੇ ਲਈ ਉਹ ਮਹੱਤਵਪੂਰਨ ਹੈ।

## ਨਿਊ ਮੈਡੀਕਲ ਪ੍ਰੈਕਟੀਸ਼ਨਰਜ ਐਸੋਸੀਏਸ਼ਨ ਪੰਜਾਬ (ਰਜਿ: ਨੰ 100) ਵੱਲੋਂ ਬਲਾਕ ਮਾਛੀਵਾੜਾ (ਲੁਧਿਆਣਾ) ਦੀ ਚੋਣ ਕੀਤੀ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**-ਨਿਊ ਮੈਡੀਕਲ ਪ੍ਰੈਕਟੀਸ਼ਨਰਜ ਐਸੋਸੀਏਸ਼ਨ ਪੰਜਾਬ ਰਜਿਸਟਰ ਨੰਬਰ 100 ਦੇ ਮੈਂਬਰਾਂ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਬਲਾਕ ਮਾਛੂਵਾੜਾ ਜ਼ਿਲ੍ਹਾ ਲੁਧਿਆਣਾ ਦੀ ਚੋਣ ਕੀਤੀ ਗਈ ਜਿਸ ਵਿੱਚ ਸਟੇਟ ਕਮੇਟੀ ਆਗੂਆਂ ਸਮੇਤ ਬਲਾਕ ਦੇ ਦਸ ਮੈਂਬਰਾਂ ਨੇ ਹਿੱਸਾ ਲਿਆ। ਅੱਜ ਦੀ ਮੀਟਿੰਗ ਦੀ ਦੇਖਰੇਖ ਸੀਨੀਅਰ ਮੀਤ ਪ੍ਰਧਾਨ ਡਾਕਟਰ ਹਰਮੇਲ ਸਿੰਘ ਮਲੇਰਕੋਟਲਾ, ਜਨਰਲ ਸਕੱਤਰ ਡਾਕਟਰ ਅਵਤਾਰ ਬਾਲੀ ਅਤੇ ਸੂਬਾ ਖਜਾਨਚੀ ਡਾਕਟਰ ਮਾਲ ਸਿੰਘ ਮਾਣਕੀ ਨੇ ਕੀਤੀ। ਡਾਕਟਰ ਜਸਵੰਤ ਸਿੰਘ ਖਜਾਨਚੀ ਬਲਾਕ ਰੁੜਕੀ, ਡਾਕਟਰ ਸੁਰਜੀਤ ਸਿੰਘ ਸਕੱਤਰ ਬਲਾਕ ਰੁੜਕੀ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਅੱਜ ਦੀ ਮੀਟਿੰਗ ਵਿੱਚ ਅਡਵਾਈਜ਼ਰ ਡਾਕਟਰ ਜਸਵੀਰ ਸਿੰਘ ,ਡਾਕਟਰ ਪ੍ਰਦੀਪ ਕੁਮਾਰ ਅਤੇ ਹੈਪੀ ਮਾਨ ਜੀ ਦਾ ਵਿਸ਼ੇਸ਼ ਯੋਗਦਾਨ ਰਿਹਾ। ਡਾਕਟਰ ਜਸਬੀਰ ਸਿੰਘ ਮੁੱਖ ਸਲਾਹਕਾਰ, ਡਾਕਟਰ ਜਸਕਰਨ ਸਿੰਘ ਬਲਾਕ ਪ੍ਰਧਾਨ, ਡਾਕਟਰ ਜਸਪ੍ਰੀਤ ਸਿੰਘ ਬਲਾਕ ਖਜਾਨਚੀ, ਡਾਕਟਰ ਵਰਿੰਦਰ ਸਿੰਘ ਬਲਾਕ ਸਕੱਤਰ, ਡਾਕਟਰ ਸੁਰਜੀਤ ਸਿੰਘ ਮੁੱਖ ਮੈਂਬਰ ਚੁਣੇ ਗਏ ਅਤੇ ਆਦਿ ਮੈਂਬਰ ਮੀਟਿੰਗ ਵਿੱਚ ਹਾਜਰੀ ਵਿੱਚ ਹੋਏ। ਇਹ ਸਾਰੇ ਮੈਂਬਰ ਸੂਬਾ ਕਮੇਟੀ ਵੱਲੋਂ ਸਰਬ ਸਹਿਮਤੀ ਨਾਲ ਚੁਣੇ ਗਏ ਅਤੇ ਸਾਰਿਆਂ ਨੇ ਇਸ ਚੋਣ ਨੂੰ ਸਰਬ ਸਹਿਮਤੀ ਨਾਲ ਪ੍ਰਵਾਨ ਕੀਤਾ।

## ਡੀਬੀਯੂ ਵਿਖੇ ਨਤੀਜਾ-ਅਧਾਰਿਤ ਸਿੱਖਿਆ ਅਤੇ ਐਨਈਪੀ 2020 'ਤੇ ਆਨਲਾਈਨ ਫੈਕਲਟੀ ਡਿਵਲਪਮੈਂਟ ਪ੍ਰੋਗਰਾਮ ਕਰਵਾਇਆ

**ਮੰਡੀ ਗੋਬਿੰਦਗੜ੍ਹ-** ਏਆਈਯੂ-ਡੀਬੀਯੂ-ਏਏਡੀਸੀ ਦੁਆਰਾ 'ਨਤੀਜਾ-ਅਧਾਰਿਤ ਸਿੱਖਿਆ ਅਤੇ ਐਨਈਪੀ 2020 ਦੀ ਮਹੱਤਤਾ ਅਤੇ ਪ੍ਰਭਾਵਸ਼ਾਲੀ ਲਾਗੂ ਕਰਨ' ਵਿਸ਼ੇ 'ਤੇ ਪੰਜ ਦਿਨ੍ਹਾਂ ਆਨਲਾਈਨ ਫੈਕਲਟੀ ਡਿਵਲਪਮੈਂਟ ਪ੍ਰੋਗਰਾਮ (ਐਫਡੀਪੀ) ਦਾ ਆਯੋਜਨ ਕੀਤਾ ਗਿਆ। ਇਸ ਪਹਿਲਕਦਮੀ ਵਿੱਚ ਦੇਸ਼ ਭਗਤ ਯੂਨੀਵਰਸਿਟੀ ਅਤੇ ਖੇਤਰ ਭਰ ਦੇ ਵੱਖ-ਵੱਖ ਹੋਰ ਸੰਸਥਾਵਾਂ ਦੇ 43 ਫੈਕਲਟੀ ਮੈਂਬਰਾਂ ਦੀ ਸਰਗਰਮ ਭਾਗੀਦਾਰੀ ਦੇਖਣ ਨੂੰ ਮਿਲੀ। ਉਦਘਾਟਨੀ ਸੰਬੋਧਨ ਏ ਆਈ ਯੂ-ਡੀ ਬੀ ਯੂ-ਏਏਡੀਸੀ ਕੋਆਰਡੀਨੇਟਰ ਪ੍ਰੋਫੈਸਰ (ਡਾ.) ਐਚਕੇ ਸਿੱਧੂ ਦੁਆਰਾ ਦਿੱਤਾ ਗਿਆ, ਜਿਨ੍ਹਾਂ ਨੇ ਸਿੱਖਿਆ ਅਭਿਆਸਾਂ ਨੂੰ ਆਧੁਨਿਕ ਬਣਾਉਣ ਵਿੱਚ ਨਤੀਜਾ-ਅਧਾਰਿਤ ਸਿੱਖਿਆ ( ਬੀਈ) ਅਤੇ ਐਨਈਪੀ 2020 ਦੀ ਸਾਰਥਕਤਾ 'ਤੇ ਜ਼ੋਰ ਦਿੱਤਾ। ਇਸ ਮੌਕੇ ਮਾਨਯੋਗ ਚਾਂਸਲਰ ਡਾ. ਜ਼ੋਰਾ ਸਿੰਘ ਨੇ ਇਸ ਗੱਲ 'ਤੇ ਚਾਨਣਾ ਪਾਇਆ ਕਿ ਅਜਿਹੀਆਂ ਪਹਿਲਕਦਮੀਆਂ ਫੈਕਲਟੀ ਵਿਕਾਸ ਅਤੇ ਸੰਸਥਾਗਤ ਤਰੱਕੀ ਦੋਵਾਂ ਨੂੰ ਵਧਾਉਂਦੀਆਂ ਹਨ। ਪ੍ਰੋ. (ਡਾ.) ਹਰਸ਼ ਸਦਾਵਰਤੀ, ਵਾਈਸ ਚਾਂਸਲਰ, ਨੇ ਐਨਈਪੀ 2020 ਦੇ ਅਨੁਸਾਰ ਉੱਨਤ ਸਾਧਨਾਂ ਅਤੇ ਸਿੱਖਿਆ ਸ਼ਾਸਤਰੀ ਸੁਧਾਰਾਂ ਨੂੰ ਏਕੀਕ੍ਰਿਤ ਕਰਨ ਦੇ ਯੂਨੀਵਰਸਿਟੀ ਦੇ ਦ੍ਰਿਸ਼ਟੀਕੋਣ ਨੂੰ ਸਾਂਝਾ ਕੀਤਾ।




ਪਹਿਲੇ ਦਿਨ ਡਾ. ਸੇਸਾਦੇਬਾ ਪਾਨੀ (ਸੈਂਟਰਲ ਯੂਨੀਵਰਸਿਟੀ, ਪੰਜਾਬ) ਨੇ ਪ੍ਰੋਗਰਾਮ ਅਤੇ ਕੋਰਸ ਦੇ ਨਤੀਜਿਆਂ ਦੀ ਮੈਪਿੰਗ ਅਤੇ ਮੁਲਾਂਕਣ 'ਤੇ ਚਰਚਾ ਕੀਤੀ। ਦੂਜੇ ਦਿਨ, ਡਾ. ਆਦਿਤਿਆ ਬਖਸ਼ੀ (ਐਨਐਮਆਈਐਮਐਸ, ਚੰਡੀਗੜ੍ਹ) ਨੇ ਬੀਈ ਨਾਲ ਜੁੜੇ ਪ੍ਰਭਾਵਸ਼ਾਲੀ ਸਿੱਖਿਆ ਰਣਨੀਤੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਤੀਜੇ ਦਿਨ ਡਾ. ਗਿਆਨੇਸ਼ਵਰ ਅਰਜੁਨ ਮਦਾਨੇ (ਪੀਏਯੂ, ਲੁਧਿਆਣਾ) ਨੇ ਅਕਾਦਮਿਕ ਪ੍ਰਸ਼ਾਸਨ ਵਿੱਚ ਡਿਜੀਟਲ ਸਾਧਨਾਂ ਦੇ ਲਾਭਾਂ ਦੀ ਪੜਚੋਲ ਕੀਤੀ। ਚੌਥੇ ਦਿਨ, ਡਾ. ਐਚ.ਕੇ. ਸਿੱਧੂ ਨੇ ਐਨਈਪੀ 2020 ਦੁਆਰਾ ਕਲਪਨਾ ਕੀਤੇ ਗਏ ਆਈ.ਸੀ.ਟੀ.-ਸੰਚਾਲਿਤ ਦ੍ਰਿਸ਼ਟੀਕੋਣ ਵਿੱਚ ਸਿੱਖਿਅਕਾਂ ਦੀ ਵਿਕਸਤ ਹੋ ਰਹੀ ਭੂਮਿਕਾ ਨੂੰ ਸੰਬੋਧਨ ਕੀਤਾ।

ਸਮਾਪਤੀ ਸੈਸ਼ਨ ਵਿੱਚ ਪ੍ਰੋ. (ਡਾ.) ਮਧੂ ਪਰਹਾਰ (ਸਾਬਕਾ ਡਾਇਰੈਕਟਰ, ਇਗਨੂ) ਸ਼ਾਮਲ ਹੋਏ, ਜਿਨ੍ਹਾਂ ਨੇ ਅਲਫ਼ਾ ਤੋਂ ਬੀਟਾ ਸਿੱਖਣ ਵਾਲਿਆਂ ਵਿੱਚ ਤਬਦੀਲੀ ਬਾਰੇ ਗੱਲ ਕੀਤੀ। ਏਆਈਯੂ ਦੇ ਨੋਡਲ ਅਫਸਰ ਡਾ. ਰੰਜਨਾ ਪਰਿਹਾਰ ਨੇ ਐਨਈਪੀ 2020 ਸੁਧਾਰਾਂ ਅਤੇ ਇੱਕ ਵਧੇਰੇ ਸੰਪੂਰਨ, ਲਚਕਦਾਰ ਅਤੇ ਵਿਦਿਆਰਥੀ-ਕੇਂਦ੍ਰਿਤ ਪ੍ਰਣਾਲੀ ਨੂੰ ਉਤਸ਼ਾਹਿਤ ਕਰਨ ਵਿੱਚ ਨਤੀਜਾ-ਅਧਾਰਤ ਸਿੱਖਿਆ ਦੀ ਕੇਂਦਰੀ ਭੂਮਿਕਾ ਬਾਰੇ ਵਿਸਥਾਰ ਨਾਲ ਦੱਸਿਆ। ਇਸ ਪ੍ਰੋਗਰਾਮ ਦੀ ਸਮਾਪਤੀ ਡਾ. ਐਚ.ਕੇ. ਸਿੱਧੂ ਦੇ ਧੰਨਵਾਦ ਮਤੇ ਨਾਲ ਹੋਈ।

## ਸੈਕਟਰ ਕਮੇਟੀਆਂ ਬਣਾਉਣ ਲਈ ਜ਼ਿੰਮੇਵਾਰੀ ਸੌਂਪੀ ਗਈ - ਸੁਖਦੇਵ ਭੱਟੀ

ਬਹੁਜਨ ਸਮਾਜ ਪਾਰਟੀ ਵਲੋਂ ਪੰਜਾਬ ਸੰਭਾਲੋ ਮੁਹਿੰਮ ਨੂੰ ਹੁਲਾਰਾ ਦੇਣ ਲਈ ਅੱਜ ਮਿਤੀ 02 ਜੁਲਾਈ 2025 ਨੂੰ ਬਹੁਜਨ ਸਮਾਜ ਪਾਰਟੀ ਹਲਕਾ ਫਿਰੋਜ਼ਪੁਰ ਸ਼ਹਿਰੀ ਵਿਧਾਨ ਸਭਾ ਕਮੇਟੀ ਦੀ ਵਿਸ਼ੇਸ਼ ਮੀਟਿੰਗ ਸ੍ਰੀ ਅਸ਼ੋਕ ਕਪਤਾਨ ਪ੍ਰਧਾਨ ਬਸਪਾ ਜ਼ਿਲ੍ਹਾ ਫਿਰੋਜ਼ਪੁਰ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਦਫ਼ਤਰ ਵਿਖੇ ਹੋਈ। ਜਿਸ ਵਿਚ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਜਰਨਲ ਸਕੱਤਰ (ਸ। ਲਾਲ ਸਿੰਘ ਸੁਲਹਾਣੀ ਤੇ ਸ੍ਰੀ ਓਮ ਪ੍ਰਕਾਸ਼ ਸਰੋਏ ਜੀ) ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਹਲਕਾ ਕਮੇਟੀ ਦੇ ਪ੍ਰਧਾਨ ਸ੍ਰੀ ਸਰਵਨ ਸਿੰਘ, ਸ੍ਰੀ ਕੁਲਦੀਪ ਸਿੰਘ ਬਰਾੜ ਕੋਆਰਡੀਨੇਟਰ, ਅਮਰੀਕ ਸਿੰਘ ਰਾਏ ਸਿੱਖ ਕੈਸ਼ੀਅਰ ਸ੍ਰੀ ਸੁਖਦੇਵ ਸਿੰਘ ਭੱਟੀ ਜਰਨਲ ਸਕੱਤਰ ਬਸਪਾ ਜ਼ਿਲ੍ਹਾ ਫਿਰੋਜ਼ਪੁਰ, ਸ੍ਰੀ ਹਦਾਇਤ ਵਾਲਮੀਕਿ ਕੋਆਰਡੀਨੇਟਰ, ਐਡਵੋਕੇਟ ਮਲਕੀਤ ਸਿੰਘ ਖੋਖਰ ਇੰਚਾਰਜ ਲੀਗਲ ਸੈੱਲ ਫਿਰੋਜ਼ਪੁਰ, ਸ੍ਰੀ ਯੂਨਿਸ ਭੱਟੀ ਸਕੱਤਰ ਤੇ ਮੁਖਤਿਆਰ ਸਿੰਘ ਚਾਂਦੀ ਵਾਲਾ ਹਾਜ਼ਰ ਸਨ। ਇਸ ਮੌਕੇ ਵਿਧਾਨ ਸਭਾ ਹਲਕੇ ਨੂੰ ਬਾਈ ਸੈਕਟਰਾਂ ਵਿਚ ਵੰਡਿਆ ਗਿਆ ਤੇ ਸੀਨੀਅਰ ਆਗੂਆਂ ਨੂੰ ਸੈਕਟਰ ਕਮੇਟੀਆਂ ਬਣਾਉਣ ਦੀ ਜ਼ਿੰਮੇਵਾਰੀ ਸੌਂਪੀ ਗਈ 10 ਜੁਲਾਈ ਤੱਕ ਆਪਣੀ ਜ਼ਿੰਮੇਵਾਰੀ ਨਿਭਾਉਣ ਲਈ ਤਾਕੀਦ ਕੀਤੀ ਗਈ।




ਸੁਖਦੇਵ ਸਿੰਘ ਭੱਟੀ

## ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਇਕਾਈ ਫਿਰੋਜ਼ਪੁਰ ਦੀ ਪਲੇਠੀ ਮੀਟਿੰਗ

ਬਸਪਾ ਸੁਪ੍ਰੀਮੋ ਭੈਣ ਕੁਮਾਰੀ ਮਾਇਆਵਤੀ ਜੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਡਾ. ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਪੰਜਾਬ ਵਲੋਂ ਵਿੱਢੇ ਗਏ ਪੰਜਾਬ ਸੰਭਾਲੋ ਅੰਦੋਲਨ ਤਹਿਤ ਪਾਰਟੀ ਸਰਗਰਮੀਆਂ ਤੇਜ਼ ਕਰਨ ਲਈ ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਇਕਾਈ ਫਿਰੋਜ਼ਪੁਰ ਦੀ ਪਲੇਠੀ ਮੀਟਿੰਗ ਅਸ਼ੋਕ ਕਪਤਾਨ ਜ਼ਿਲ੍ਹਾ ਪ੍ਰਧਾਨ ਬਸਪਾ ਫਿਰੋਜ਼ਪੁਰ ਦੀ ਪ੍ਰਧਾਨਗੀ ਹੇਠ ਅੱਜ ਮਿਤੀ 21 ਜੂਨ 2025 ਨੂੰ ਜ਼ਿਲ੍ਹਾ ਦਫ਼ਤਰ ਵਿਖੇ ਹੋਈ। ਜਿਸ ਵਿਚ ਮਾਸਟਰ ਮ ਪ੍ਰਕਾਸ਼ ਸਰੋਏ ਤੇ ਸ ਲਾਲ ਸਿੰਘ ਸੁਲਹਾਣੀ ਦੋਵੇਂ ਜਨਰਲ ਸਕੱਤਰ ਬਸਪਾ ਪੰਜਾਬ ਤੇ ਇੰਚਾਰਜ ਫਿਰੋਜ਼ਪੁਰ ਜ਼ੋਨ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਬਸਪਾ ਦੀਆਂ ਗਤੀਵਿਧੀਆਂ ਨੂੰ ਘਰ ਪੁਚਾਉਣ ਲਈ ਜ਼ਿਲ੍ਹਾ ਆਗੂਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ।




ਇਸ ਮੀਟਿੰਗ ਵਿੱਚ ਸੁਖਦੇਵ ਸਿੰਘ ਭੱਟੀ ਜਰਨਲ ਸਕੱਤਰ, ਹਰਬੰਸ ਸਿੰਘ ਮੀਤ ਪ੍ਰਧਾਨ, ਪਾਸਟਰ ਪ੍ਰੇਮ ਭਾਰਤੀ ਖਜ਼ਾਨਚੀ, ਐਡਵੋਕੇਟ ਮਲਕੀਤ ਸਿੰਘ ਖੋਖਰ ਇੰਚਾਰਜ ਲੀਗਲ ਸੈੱਲ, ਕੁਲਦੀਪ ਸਿੰਘ ਬਰਾੜ ਕੋਆਰਡੀਨੇਟਰ, ਹਦਾਇਤ ਵਾਲਮੀਕਿ ਕੋਆਰਡੀਨੇਟਰ, ਤਾਰਾ ਸਿੰਘ ਮਾਰਸ਼ਲ ਕੋਆਰਡੀਨੇਟਰ, ਯੂਨਿਸ ਭੱਟੀ ਸਕੱਤਰ, ਸਰਬਣ ਸਿੰਘ ਪੀਰਾਂ ਵਾਲਾ ਸਾਬਕਾ ਸਰਪੰਚ, ਤਰਸੇਮ ਲਾਲ ਸਾਬਕਾ ਸਰਪੰਚ ਰੱਜੀ ਵਾਲਾ ਤੇ ਵਿਸ਼ਾਲ ਰੱਜੀ ਵਾਲਾ ਨੇ ਸ਼ਮੂਲੀਅਤ ਕੀਤੀ।

ਸੰਗਠਨ ਨੂੰ ਚੁਸਤ ਦਰੁੱਸਤ ਕਰਨ ਅਤੇ ਪਾਰਟੀ ਸਰਗਰਮੀਆਂ ਤੇਜ਼ ਕਰਨ ਲਈ ਸੰਜੀਦਗੀ ਨਾਲ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਹਲਕਾ ਫਿਰੋਜ਼ਪੁਰ ਅਰਬਨ ਦੇ ਮੀਤ ਪ੍ਰਧਾਨ ਸਰਬਣ ਸਿੰਘ ਪੀਰਾਂ ਵਾਲਾ ਸਾਬਕਾ ਸਰਪੰਚ ਨੂੰ ਪਦ ਉੱਨਤ ਕਰਕੇ ਹਲਕਾ ਪ੍ਰਧਾਨ ਨਾਮਜ਼ਦ ਕੀਤਾ ਗਿਆ ਸੀਨੀਅਰ ਆਗੂਆਂ ਵਲੋਂ ਨਵ ਨਿਯੁਕਤ ਪ੍ਰਧਾਨ ਨੂੰ ਜੀ ਆਇਆਂ ਕਿਹਾ ਗਿਆ।

**ਰਿਪੋਰਟ ਸੁਖਦੇਵ ਸਿੰਘ ਭੱਟੀ**

## Matrimonial

USA born boy Doctor DPT (Doctor of physio therapist) born 1993, About 6 ft tall very handsome Looking for suitable match no smoking no drinking.

**Contact- 559 709 8838**


# ਨੌਵੀਂ ਜਮਾਤ ਦੀ ਵਿਦਿਆਰਥਣ ਅਗਮ ਪ੍ਰੀਤ ਕੌਰ ਦੀ ਪਹਿਲੀ ਕਿਤਾਬ "ਦੁਸ਼ਮਣਾਂ ਅਤੇ ਮਿੱਤਰਾਂ ਤੋਂ ਵੱਧ" ਲਾਂਚ ਕੀਤੀ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸੱਭਿਆਚਾਰ ਸੰਭਾਲ ਸੋਸਾਇਟੀ ਦੇ ਸ਼ਿਸ਼ਟਾਚਾਰ ਨਾਲ, ਪੰਜਾਬ ਦੀ ਸਭ ਤੋਂ ਛੋਟੀ ਉਮਰ ਦੀ ਲੇਖਿਕਾ, 15 ਸਾਲਾ ਅਗਮ ਪ੍ਰੀਤ ਕੌਰ, ਜੋ ਕਿ ਨੌਵੀਂ ਜਮਾਤ ਦੀ ਵਿਦਿਆਰਥਣ ਹੈ, ਦੁਆਰਾ ਲਿਖੀ ਗਈ ਕਿਤਾਬ 'ਦੁਸ਼ਮਣਾਂ ਅਤੇ ਮਿੱਤਰਾਂ ਤੋਂ ਵੱਧ' ਅੱਜ ਲਾਂਚ ਕੀਤੀ ਗਈ। ਪ੍ਰੋਗਰਾਮ ਵਿੱਚ, ਲਿਖਣ ਨਾਲ ਜੁੜੇ ਬੁੱਧੀਜੀਵੀਆਂ ਨੇ ਸਭ ਤੋਂ ਛੋਟੀ ਉਮਰ ਦੀ ਲੇਖਿਕਾ ਅਗਮ ਪ੍ਰੀਤ ਕੌਰ ਨੂੰ ਉਸਦੀ ਪਹਿਲੀ ਕਿਤਾਬ ਦੇ ਰਿਲੀਜ਼ ਹੋਣ 'ਤੇ ਵਧਾਈ ਦਿੱਤੀ।




ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਸਾਬਕਾ ਕੇਂਦਰੀ ਮੰਤਰੀ ਵਿਜੇ ਸਾਂਪਲਾ ਨੇ ਕਿਹਾ ਕਿ ਲਿਖਣਾ ਇੱਕ ਬਹੁਤ ਹੀ ਪ੍ਰਤਿਭਾਸ਼ਾਲੀ ਕਲਾ ਹੈ ਅਤੇ ਜਦੋਂ ਇੰਨੀ ਛੋਟੀ ਉਮਰ ਦੀ ਕੁੜੀ ਸਮਾਜ ਵਿੱਚ ਵਾਪਰ ਰਹੀਆਂ ਘਟਨਾਵਾਂ ਨੂੰ ਸੋਚ-ਸਮਝ ਕੇ ਆਪਣੇ ਸ਼ਬਦਾਂ ਵਿੱਚ ਬਿਆਨ ਕਰਦੀ ਹੈ, ਤਾਂ ਉਹ ਕਿਤਾਬ ਸਿਰਫ਼ ਇੱਕ ਕਿਤਾਬ ਨਹੀਂ ਰਹਿੰਦੀ ਸਗੋਂ ਗਿਆਨ ਦਾ ਭੰਡਾਰ ਬਣ ਜਾਂਦੀ ਹੈ ਕਿਉਂਕਿ ਇਸ ਵਿੱਚ ਲਿਖਿਆ ਹਰ ਸ਼ਬਦ ਇੱਕ ਪਵਿੱਤਰ ਆਤਮਾ ਦੁਆਰਾ ਆਪਣੀ ਕਲਮ ਨਾਲ ਲਿਖਿਆ ਜਾਂਦਾ ਹੈ। ਇਸ ਮੌਕੇ ਕਮੇਟੀ ਦੇ ਮੁਖੀ ਕਲਵਿੰਦਰ ਜੰਡਾ ਨੇ ਕਿਹਾ ਕਿ ਸਮਾਜ ਹਮੇਸ਼ਾ ਪ੍ਰਤਿਭਾਸ਼ਾਲੀ ਬੱਚਿਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ ਅਤੇ ਕਮੇਟੀ ਦੇ ਸਾਰੇ ਮੈਂਬਰ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਆਉਣ ਵਾਲੀਆਂ ਕਿਸੇ ਵੀ ਸਮੱਸਿਆ ਨੂੰ ਹੱਲ ਕਰਨ ਵਿੱਚ ਸਹਿਯੋਗ ਕਰਨ ਲਈ ਤਿਆਰ ਹਨ।

ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਸਮਾਜ ਸੇਵਕ ਡਾ. ਅਜੇ ਬੱਗਾ ਨੇ ਕਿਹਾ ਕਿ ਇਸ ਆਧੁਨਿਕ ਯੁੱਗ ਵਿੱਚ ਜਦੋਂ ਸੋਸ਼ਲ ਮੀਡੀਆ ਬੱਚਿਆਂ ਦੇ ਮਨਾਂ 'ਤੇ ਬੁਰਾ ਪ੍ਰਭਾਵ ਪਾ ਰਿਹਾ ਹੈ, ਲੇਖਿਕਾ ਅਗਮ ਪ੍ਰੀਤ ਕੌਰ ਦੀ ਕਿਤਾਬ ਦੂਜੇ ਬੱਚਿਆਂ ਲਈ ਪ੍ਰੇਰਨਾ ਬਣ ਕੇ ਆਈ ਹੈ। ਉਨ੍ਹਾਂ ਕਿਹਾ ਕਿ ਮਾਪਿਆਂ ਨੂੰ ਆਪਣੇ ਬੱਚਿਆਂ ਦੀ ਪ੍ਰਤਿਭਾ ਨੂੰ ਪਛਾਣਨਾ ਚਾਹੀਦਾ ਹੈ ਅਤੇ ਇਸ ਨੂੰ ਪੂਰਾ ਕਰਨ ਵਿੱਚ ਉਨ੍ਹਾਂ ਦੀ ਮਦਦ ਕਰਨੀ ਚਾਹੀਦੀ ਹੈ।

# ਮਿਉਂਸੀਪਲ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਲਈ ਜ਼ਰੂਰੀ ਮੀਟਿੰਗ ਈਸੜੂ ਭਵਨ ਵਿਖੇ ਹੋਈ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਬੀਤੇ ਦਿਨੀ ਮਿਊਂਸੀਪਲ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਦੇ ਸੂਬਾ ਪੱਧਰੀ ਨਮਾਇੰਦਿਆਂ ਦੀ ਇਕ ਅਹਿਮ ਮੀਟਿੰਗ ਲੁਧਿਆਣਾ ਸਥਿਤ ਈਸੜੂ ਭਵਨ ਵਿਖੇ ਹੋਈ। ਮੀਟਿੰਗ ਦੇ ਵਿੱਚ ਸ਼ਮੂਲੀਅਤ ਕਰਕੇ ਵਾਪਸ ਪਰਤੇ ਐਕਸ਼ਨ ਕਮੇਟੀ ਦੇ ਸਰਪਰਸਤ ਕੁਲਵੰਤ ਸਿੰਘ ਸੈਣੀ ਨੇ ਪ੍ਰੈਸ ਵਿੱਚ ਬਿਆਨ ਜਾਰੀ ਕਰਦਿਆਂ ਹੋਇਆਂ ਜਾਣਕਾਰੀ ਦਿੱਤੀ ਕਿ ਪੰਜਾਬ ਸਰਕਾਰ ਦੇ ਸਥਾਨਕ ਸਰਕਾਰਾਂ



ਮੰਤਰੀ ਡਾ. ਰਵਜੋਤ ਸਿੰਘ ਵਲੋਂ ਬੀਤੇ 23-04-2025 ਨੂੰ ਐਕਸ਼ਨ ਕਮੇਟੀ ਨਾਲ ਪੰਜਾਬ ਦੇ ਸਮੂਹ ਮਿਊਂਸੀਪਲ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਦਾ ਨਿਪਟਾਰਾ ਕਰਨ ਲਈ ਕੀਤੀ ਗਈ ਮੀਟਿੰਗ ਵਿੱਚ ਸਮੂਹ ਮੰਗਾਂ ਨੂੰ ਹਲ ਕਰਨ ਲਈ 2 ਮਹੀਨਿਆਂ ਦਾ ਸਮਾਂ ਮੰਗਿਆ ਸੀ ਜਿਸ ਦੀ ਮਿਆਦ 23 ਜੂਨ ਨੂੰ ਪੂਰੀ ਹੋ ਗਈ ਹੈ। ਪਰ ਪੰਜਾਬ ਸਰਕਾਰ ਵੱਲੋਂ ਹੁਣ ਤੱਕ ਸਾਡੀਆਂ ਮੰਗਾਂ ਤੇ ਕੋਈ ਵੀ ਗੋਰ ਨਹੀ ਕੀਤੀ ਜਾ ਰਹੀ ਹੈ ਜਿਸ ਦੇ ਕਾਰਨ ਪੰਜਾਬ ਦੇ ਖਿਲਾਫ ਕੀਤੇ ਜਾਣ ਵਾਲੇ ਸੰਘਰਸ਼ਾਂ ਦੀ ਰੂਪਰੇਖਾ ਤਿਆਰ ਕੀਤੀ ਗਈ, ਜਿਸ ਵਿੱਚ ਸਭ ਤੋਂ ਪਹਿਲਾਂ ਜੱਥੇਬੰਦੀਆਂ ਵੱਲੋਂ ਆਪਣੇ ਸਮੁੱਚੇ ਮੁਲਾਜ਼ਮਾਂ ਨੂੰ ਰੈਲੀਆਂ ਕਰਕੇ ਉਨ੍ਹਾਂ ਨੂੰ ਲਾਮਬੰਦ ਕੀਤਾ ਜਾਵੇਗਾ। ਉਸ ਤੋਂ ਬਾਅਦ ਪੰਜਾਬ ਪੱਧਰੀ ਰੈਲੀ ਵਿੱਚ ਸੀ।ਐਮ। ਦੀ ਕੋਠੀ ਜਾਂ ਖਜਾਨਾ ਮੰਤਰੀ ਦੀ ਕੋਠੀ ਅੱਗੇ ਘੇਰਾਵ ਕੀਤਾ ਜਾਵੇਗਾ। ਉਨ੍ਹਾਂ ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਜਦੋ ਤੋਂ ਸਤਾ ਵਿੱਚ ਆਈ ਹੈ ਉਦੋਂ ਤੋਂ ਮੁਲਾਜ਼ਮਾਂ ਨਾਲ ਵਾਰ-ਵਾਰ ਵਾਅਦਾ ਖਿਲਾਫੀ ਕਰਕੇ ਤੇ ਲਾਰੇ ਲਗਾ-ਲਗਾ ਕੇ ਮੁਲਾਜ਼ਮਾਂ ਨਾਲ ਖਿਲਵਾੜ ਕਰ ਰਹੀ ਹੈ ਜਿਸ ਤੋਂ ਦੁਖੀ ਹੋ ਕੇ ਪੰਜਾਬ ਦੇ ਮਿਊਂਸੀਪਲ ਕਾਮਿਆਂ ਵੱਲੋਂ ਇਹ ਸੰਘਰਸ਼ ਵਿੱਡੇ ਗਏ ਹਨ।ਮੰਗਾਂ ਬਾਰੇ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਸਭ ਤੋਂ ਪਹਿਲਾਂ ਸਾਡੇ ਪੰਜਾਬ ਭਰ ਦੇ ਦਰਜਾ-3 ਅਤੇ ਦਰਜਾ-4 ਜਿਵੇਂ ਕਲਰਕ, ਡਾਟਾ ਐਂਟਰੀ ਕੰਪਿਊਟਰ ਆਪ੍ਰੇਟਰ, ਪੰਪ ਆਪ੍ਰੇਟਰ, ਡਰਾਈਵਰ, ਇਲੈਕਟ੍ਰੀਸ਼ੀਅਨ, ਮਾਲੀ, ਬੇਲਦਾਰ, ਸੇਵਾਦਾਰ, ਚੌਂਕੀਦਾਰ, ਸਫਾਈ ਸੇਵਕ, ਸੀਵਰਮੈਨ ਅਤੇ ਫਾਈਰ ਬ੍ਰਿਗੇਡ ਦੇ ਆਊਟ ਸ੍ਰੋਸ ਮੁਲਾਜ਼ਮਾਂ ਨੂੰ ਇਨਸ੍ਰੋਸ ਕੀਤਾ ਜਾਵੇ ਅਤੇ ਇਨਸ੍ਰੋਸ ਮੁਲਾਜ਼ਮਾਂ ਨੂੰ ਰੈਗੂਲਰ ਕੀਤਾ ਜਾਵੇ। ਇਨ੍ਹਾਂ ਦੀ ਤਨਖਾਹ ਵਿੱਚ ਵਾਧਾ ਕਰਕੇ ਘੱਟੋ ਘੱਟ 26000 ਰੁਪਏ ਕੀਤੀ ਜਾਵੇ। ਮਿਤੀ: 01-01-2004 ਤੋਂ ਬਾਅਦ ਭਰਤੀ ਪੰਜਾਬ ਦੇ ਸਮੂਹ ਮਿਊਂਸੀਪਲ ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨ ਲਾਗੂ ਕੀਤੀ ਜਾਵੇ, ਜਿਨ੍ਹਾਂ ਮੁਲਾਜ਼ਮਾਂ ਤੋਂ ਮਿਤੀ: 31-12-2011 ਤੱਕ ਪੈਨਸ਼ਨ ਸਬੰਧੀ ਆਪਸ਼ਨ ਲਈ ਹੈ, ਦਾ ਪ੍ਰੋਸੈਸ ਪੂਰਾ ਕਰਕੇ ਪੈਨਸ਼ਨ ਲਗਾਈ ਜਾਵੇ ਅਤੇ ਮਿਤੀ: 23-07-2021 ਨੂੰ ਜਾਰੀ ਹੋਏ ਨੋਟੀਫਿਕੇਸ਼ਨ ਦੇ ਆਧਾਰ ਤੇ ਪੰਜਾਬ ਵਿੱਚ ਸਫਾਈ ਸੇਵਕ ਸੀਵਰਮੈਨਾਂ ਦੀ ਕੀਤੀ ਗਈ ਕੰਟਰੈਕਟ ਬੇਸ ਭਰਤੀ ਵਿੱਚ ਪੈਂਡਿੰਗ ਛੱਡੇ ਗਏ ਪਹਿਲਾਂ ਤੋਂ ਕੰਮ ਕਰਦੇ ਆਊਟ ਸ੍ਰੋਸ ਸਫਾਈ ਸੇਵਕ ਅਤੇ ਸੀਵਰਮੈਨਾਂ ਨੂੰ ਇਨਸ੍ਰੋਸ ਕੀਤਾ ਜਾਵੇ, ਜਿਨ੍ਹਾਂ ਨਗਰ ਨਿਗਮਾਂ, ਨਗਰ ਕੌਂਸਲਾ ਅਤੇ ਨਗਰ ਪੰਚਾਇਤਾਂ ਵਲੋਂ ਸਫਾਈ ਸੇਵਕ, ਸੀਵਰਮੈਨ ਦੀ ਕੰਟਰੈਕਟ ਬੇਸ ਭਰਤੀ ਦਾ ਭਰਤੀ ਪ੍ਰੋਸੈਸ ਅੱਧ ਵਿਚਕਾਰ ਪਿਆ ਹੈ, ਉਹ ਜਲਦ ਪੂਰਾ ਕਰਕੇ ਇਨ੍ਹਾਂ ਨੂੰ ਇਨਸ੍ਰੋਸ ਕੀਤਾ ਜਾਵੇ ਆਦਿ ਮੰਗਾਂ ਨੂੰ ਜੇਕਰ ਸਰਕਾਰ ਜਲਦ ਪੂਰਾ ਨਹੀਂ ਕਰੇਗੀ ਤਾਂ ਆਗਾਮੀ ਆਉਣ ਵਾਲੇ ਸਮੇਂ ਵਿੱਚ ਮਿਊਂਸੀਪਲ ਮੁਲਾਜ਼ਮ ਐਕਸ਼ਨ ਕਮੇਟੀ ਪੰਜਾਬ ਵਲੋਂ ਇਨ੍ਹਾਂ ਸੰਘਰਸ਼ਾਂ ਨੂੰ ਹੋਰ ਵੀ ਤਿੱਖਾ ਕਰੇਗੀ ਤੇ ਇਹਨਾਂ ਤੋਂ ਵੀ ਵੱਡੇ ਸੰਘਰਸ਼ ਵਿੱਡਣ ਲਈ ਮਜਬੂਰ ਹੋਵੇਗੀ ਜਿਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਇਸ ਸਮੇਂ ਤੇ ਕੰਨਵੀਨਰ ਰਮੇਸ਼ ਗੈਚੰਡ, ਕੁਲਦੀਪ ਸ਼ਰਮਾ ਫਰੀਦਕੋਟ, ਸਫਾਈ ਸੇਵਕ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਅਸ਼ੋਕ ਸਾਰਵਾਨ ਫਰੀਦਕੋਟ, ਨਗਰਪਾਲਿਕਾ ਕਰਮਚਾਰੀ ਸੰਗਠਨ ਪੰਜਾਬ ਦੇ ਸੀਨੀਅਰ ਵਾਈਸ ਪ੍ਰਧਾਨ ਗੋਪਾਲ ਥਾਪਰ ਤੇ ਪੰਜਾਬ ਮਿਊਂਸੀਪਲ ਵਰਕਰਜ਼ ਫੈਡਰੇਸ਼ਨ ਜਨਰਲ ਸਕੱਤਰ ਨਾਇਬ ਸਿੰਘ ਬਰਾੜ ਜੈਤੋਂ, ਜੀ।ਐਮ। ਸਿੰਘ ਖਰੜ, ਗੁਲਸ਼ਨ ਬਰਨਾਲਾ, ਸ਼ੰਨੀ ਭਘਾਨੀਆ ਨਵਾਂਸ਼ਹਿਰ, ਹਰਮੇਸ਼ ਬੰਗਾ, ਪ੍ਰਵੀਨ ਰਾਮਾ, ਸੋਨੂੰ ਧਵਨ, ਜਗਦੀਸ਼ ਲੁਧਿਆਣਾ, ਪੰਕਜ ਕੋਟਕਪੁਰਾ, ਸੋਮਨਾਥ ਆਦੀਆ, ਵਿਕਰਮ ਜੀਤ ਬੰਟੀ ਹੁਸ਼ਿਆਰਪੁਰ ਆਦਿ ਮੁਲਾਜ਼ਮ ਆਗੂ ਹਾਜ਼ਰ ਸਨ।

# ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ- ਖ਼ੂਨਦਾਨ ਦੁਨੀਆ ਤੇ ਸਭ ਤੋਂ ਵੱਡਾ ਦਾਨ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਜੈਕੋ ਟ੍ਰੇਡਰਜ ਵੱਲੋਂ ਜਨਹਿੱਤ ਦੇ ਲਈ ਜੈਕੋ ਟ੍ਰੇਡਰਜ ਆਦਰਸ ਕਲੋਨੀ ਸਰਨਾ ਵਿਖੇ ਖ਼ੂਨਦਾਨ ਕੈਂਪ ਲਗਾਇਆ ਗਿਆ। ਖ਼ੂਨਦਾਨ ਕੈਂਪ ਵਿੱਚ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਨਰੇਸ ਕੁਮਾਰ ਸੈਣੀ ਜਿਲ੍ਹਾ ਪ੍ਰਧਾਨ ਬੀ।ਸੀ। ਵਿੰਗ, ਪਵਨ ਕੁਮਾਰ ਫੋਜੀ ਬਲਾਕ ਪ੍ਰਧਾਨ, ਸੰਦੀਪ ਕੁਮਾਰ ਬਲਾਕ ਪ੍ਰਧਾਨ, ਸਾਹਿਬ ਸਿੰਘ ਸਾਬਾ, ਡਾ। ਮਾਧਵੀ ਅੱਤਰੀ ਬੀ।ਟੀ। ।, ਕੌਂ-ਸਲਰ ਸੁਨੀਤਾ, ਰਾਹੁਲ ਸੀਨੀਅਰ ਐਲ।ਟੀ।, ਕਰਨ ਐਲ।ਟੀ।, ਹੈਪੀ ਐਲ।ਟੀ।, ਕਰਨ ਸੰਧੂ, ਰਜਨੀਸ, ਨਾਇਬ ਤਹਿਸੀਲਦਾਰ ਰਣਦੀਪ ਸਿੰਘ, ਜਸਵਿੰਦਰ ਪਾਲ ਐਕਸੀਅਨ ਪੀ.ਐਸ. ਪੀ.ਸੀ.ਐਲ, ਨਿਖਿਲ ਗੁਪਤਾ, ਤਰੂਨ ਮਹਾਜਨ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰ-ਜਕਰਤਾ ਵੀ ਹਾਜਰ ਸਨ।



ਖ਼ੂਨਦਾਨ ਕੈਂਪ ਦੇ ਸੁਭਾਅਰੰਭ ਤੇ ਜੈਕੋ ਟ੍ਰੇਡਰਜ ਵੱਲੋਂ ਮੁੱਖ ਮਹਿਮਾਨ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਦਾ ਸਵਾਗਤ ਫੁੱਲਾਂ ਦੇ ਗੁਲਦਸਤੇ ਭੇਂਟ ਕਰਕੇ ਕੀਤਾ ਗਿਆ। ਇਸ ਮਗਰੋਂ ਮੁੱਖ ਮਹਿਮਾਨ ਜੀ ਵੱਲੋਂ ਖ਼ੂਨਦਾਨ ਕਰਨ ਆਏ ਖ਼ੂਨ ਦਾਨੀਆਂ ਨਾਲ ਵਿਸੇਸ ਤੋਰ ਤੇ ਗੱਲਬਾਤ ਕੀਤੀ ਗਈ। ਵਿਕਰਮ ਸਿੰਘ, ਕਪਿਲ ਸਲਾਰੀਆਂ, ਪੁਨੀਤ, ਅਸਵਨੀ ਕੁਮਾਰ, ਦੀਪਕ ਪਠਾਨੀਆਂ ਵੱਲੋਂ ਅਪਣੀ ਇੱਛਾ ਨਾਲ ਖ਼ੂਨਦਾਨ ਕਰਕੇ ਹੋਰ ਲੋਕਾਂ ਨੂੰ ਵੀ ਖ਼ੂਨਦਾਨ ਕਰਨ ਦੇ ਲਈ ਪ੍ਰੇਰਿਤ ਕੀਤਾ।

ਇਸ ਮੋਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਖ਼ੂਨਦਾਨ ਇੱਕ ਮਹਾਨ ਦਾਨ ਹੈ ਕਿਸੇ ਵਿਅਕਤੀ ਵੱਲੋਂ ਦਾਨ ਕੀਤਾ ਖ਼ੂਨ ਕਿਸੇ ਦੂਸਰੇ ਇਨਸਾਨ ਦੀ ਜਿੰਦਗੀ ਬਚਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਾਡਾ ਸਾਰਿਆਂ ਦਾ ਫਰਜ ਬਣਦਾ ਹੈ ਕਿ ਅਜਿਹੇ ਕੈਂਪਾਂ ਵਿੱਚ ਪਹੁੰਚ ਕਰਕੇ ਖ਼ੂਨਦਾਨ ਕਰੀਏ। ਉਨ੍ਹਾਂ ਕਿਹਾ ਕਿ ਅਜਿਹੇ ਸਮਾਜ ਦੇ ਕਾਰਜ ਸਮੇਂ ਸਮੇਂ ਤੇ ਆਯੋਜਿਤ ਕੀਤੇ ਜਾਣੇ ਚਾਹੀਦੇ ਹਨ ਕਿਉਕਿ ਅੱਜ ਲਗਾਏ ਗਏ ਖ਼ੂਨਦਾਨ ਕੈਂਪ ਵਿੱਚ ਪਹੁੰਚਣ ਵਾਲੇ ਹੋਰ ਲੋਕਾਂ ਅੰਦਰ ਵੀ ਖ਼ੂਨਦਾਨ ਕਰਨ ਦੀ ਪ੍ਰੇਰਨਾ ਪੈਦਾ ਹੋਵੇਗੀ।

ਜੈਕੋ ਟ੍ਰੇਡਰਜ ਦੇ ਮਾਲਿਕ ਨਿਖਿਲ ਗੁਪਤਾ ਅਤੇ ਤਰੂਨ ਮਹਾਜਨ ਨੇ ਕਿਹਾ ਕਿ ਅੱਜ ਦਾ ਕੈਂਪ ਸਮਾਜਹਿੱਤ ਨੂੰ ਧਿਆਨ ਵਿੱਚ ਰੱਖ ਕੇ ਲਗਾਇਆ ਗਿਆ ਅਤੇ 62 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਭਵਿੱਖ ਅੰਦਰ ਅਜਿਹੇ ਸਮਾਜ ਹਿੱਤ ਦੇ ਲਈ ਹੋਰ ਵੀ ਪ੍ਰੋਜੈਕਟ ਚਲਾਏ ਜਾਣਗੇ। ਇਸ ਮੌਕੇ ਤੇ ਜੈਕੋ ਟ੍ਰੇਡਰਜ ਵੱਲੋਂ ਖ਼ੂਨਦਾਨੀਆਂ ਨੂੰ ਵਿਸੇਸ ਤੌਰ ਤੇ ਸਨਮਾਨਤ ਕੀਤਾ। ਅੰਤ ਵਿੱਚ ਮੁੱਖ ਮਹਿਮਾਨ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੂੰ ਇੱਕ ਯਾਦਗਾਰ ਚਿਨ੍ਹ ਭੇਂਟ ਕਰਕੇ ਸਨਮਾਨਤ ਕੀਤਾ ਗਿਆ।

# ਛੁੱਟੀਆਂ ਤੋਂ ਬਾਅਦ ਪਹਿਲੇ ਦਿਨ ਸਕੂਲਾਂ 'ਚ ਜਸ਼ਨ ਵਰਗਾ ਮਾਹੌਲ ਹੋਵੇ:- ਡੀ.ਈ.ਓ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਰਾਜ ਦੇ ਸਕੂਲ 1 ਜੁਲਾਈ ਤੋਂ ਮਹੀਨੇ ਦੀਆਂ ਛੁੱਟੀਆਂ ਤੋਂ ਬਾਅਦ ਇੱਕ ਵਾਰ ਫਿਰ ਖੁੱਲ੍ਹ ਰਹੇ ਹਨ ਤੇ ਇਸ ਦਿਨ ਨੂੰ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਜਸ਼ਨ ਵਾਂਗ ਮਣਾਉਂਦੇ ਹੋਏ ' ਆ ਸਕੂਲ ਚੱਲੀਏ' ਥੀਮ ਤਹਿਤ ਮਨਾਇਆ ਜਾਵੇ। ਇਸ ਸਬੰਧੀ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਨੇ ਸਮੂਹ ਪ੍ਰਾਇਮਰੀ ਸਕੂਲਾਂ ਦੇ ਮੁਖੀਆਂ ਅਤੇ ਇੰਚਾਰਜ ਅਧਿਆਪਕਾਂ ਨੂੰ ਕਿਹਾ ਕਿ ਜ਼ਿਲ੍ਹੇ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲ 1 ਜੁਲਾਈ ਤੋਂ ਸਕੂਲ ਛੁੱਟੀਆਂ ਤੋਂ ਬਾਅਦ ਖੁੱਲਣ ਜਾ ਰਹੇ ਹਨ। ਇਸ ਲਈ ਪਹਿਲੀਂ ਜੁਲਾਈ ਨੂੰ ਬੱਚਿਆਂ ਦੀ ਵੱਧ ਤੋਂ ਵੱਧ ਹਾਜ਼ਰੀ ਲਈ ਯਤਨ ਕੀਤੇ ਜਾਣ ਅਤੇ ਸਕੂਲਾਂ ਵਿੱਚ ਜਸ਼ਨ ਵਰਗਾ ਮਾਹੌਲ ਬਣਾਇਆ ਜਾਵੇ ਅਤੇ ਸਕੂਲਾਂ ਦੀ ਸਾਫ ਸਫਾਈ ਦੇ ਨਾਲ-ਨਾਲ ਸਜਾਵਟ ਵੀ ਕੀਤੀ ਜਾਵੇ ਤਾਂ ਜੋ ਬੱਚਿਆਂ ਨੂੰ ਇਹ ਮਹਿਸੂਸ ਨਾ ਹੋਵੇ ਕਿ ਉਹ ਸਕੂਲ ਜਾ ਰਹੇ ਹਨ ਤੇ ਬੱਚੇ ਚਾਂਈ-ਚਾਂਈ ਸਕੂਲ ਆਉਣ।






# ਆਦਿਵਾਸੀਆਂ ਅਤੇ ਇਨਕਲਾਬੀਆਂ ਦੇ ਕਤਲੇਆਮ ਖ਼ਿਲਾਫ਼ 28 ਜੂਨ ਕਨਵੈਨਸ਼ਨ ਤੇ ਪੁੱਜਣਗੇ ਲੋਕ- ਕਾਫ਼ਲੇ



**ਜਲੰਧਰ (ਵਿਵੇਕ ਭਾਟੀਆ)** – ਦੇਸ਼ ਭਗਤ ਯਾਦਗਾਰ ਕਮੇਟੀ ਦੇ ਅਹੁਦੇਦਾਰਾਂ ਨੇ ਅੱਜ ਦੇਸ਼ ਭਗਤ ਯਾਦਗਾਰ ਹਾਲ 'ਚ ਵਿਸ਼ੇਸ਼ ਮੀਟਿੰਗ ਕਰਕੇ ਫੈਸਲਾ ਕੀਤਾ ਕਿ ਚੜ੍ਹਦੇ ਸੂਰਜ ਕਮਿਊਨਿਸਟ ਇਨਕਲਾਬੀਆਂ (ਮਾ ਵਾਦੀਆਂ) ਅਤੇ ਆਦਿਵਾਸੀਆਂ ਨੂੰ ਵੱਡੀ ਪੱਧਰ ਤੇ ਝੂਠੇ ਪੁਲਸ ਮੁਕਾਬਲੇ ਬਣਾ ਕੇ ਭਾਜਪਾ ਹਕੂਮਤ ਦੇ ਥਾਪੜੇ ਸਦਕਾ ਕਤਲ ਕਰਨ ਦੇ ਘਿਨਾਉਣੇ ਕਾਰਿਆਂ ਖ਼ਿਲਾਫ਼ 28 ਜੂਨ ਨੂੰ 11 ਵਜੇ ਦੇਸ਼ ਭਗਤ ਯਾਦਗਾਰ ਹਾਲ 'ਚ ਬਣੇ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਹੋ ਰਹੀ ਪ੍ਰਭਾਵਸ਼ਾਲੀ ਕਨਵੈਨਸ਼ਨ ਵਿੱਚ ਲੋਕ ਕਾਫ਼ਲੇ ਬੰਨ੍ਹ ਕੇ ਸ਼ਾਮਲ ਹੋਣਗੇ।

ਅੱਜ ਤਿਆਰੀ ਮੁਹਿੰਮ ਦਾ ਜਾਇਜ਼ਾ ਲੈਣ ਲਈ ਕੀਤੀ ਮੀਟਿੰਗ 'ਚ ਪਾਸ਼ ਕੀਤੇ ਵਿਸ਼ੇਸ਼ ਮਤੇ ਰਾਹੀਂ ਭਾਜਪਾ ਦੀ ਕੇਂਦਰੀ ਹਕੂਮਤ ਉਪਰ ਦੋਸ਼ ਲਾਇਆ ਗਿਆ ਕਿ ਉਹ ਸਾਰੀਆਂ ਸੰਵਿਧਾਨਕ ਮਰਿਆਦਾਵਾਂ ਨੂੰ ਤਿਲਾਂਜਲੀ ਦੇ ਕੇ ਸ਼ਰੇਆਮ ਕਤਲੇਆਮ ਕਰਨ, ਲੋਥਾਂ ਉੱਪਰ ਭੰਗੜਾ ਪਾਉਣ ਅਤੇ ਕਾਤਲਾਂ ਨੂੰ ਇਨਾਮ ਸਨਮਾਨ ਦੇਕੇ ਜਸ਼ਨ ਮਨਾਏ ਜਾ ਰਹੇ ਹਨ। ਅਜਿਹੇ ਵਰਤਾਰੇ ਖਿਲਾਫ਼ ਮੁਲਕ ਦੇ ਸਮੂਹ ਇਨਸਾਫ਼ ਪਸੰਦ ਲੋਕਾਂ ਨੂੰ ਆਵਾਜ਼ ਬੁਲੰਦ ਕਰਨ ਲਈ ਮੈਦਾਨ ਵਿੱਚ ਆਉਣ ਦੀ ਲੋੜ ਹੈ।

ਮੀਟਿੰਗ ਦੇ ਫੈਸਲੇ ਮੁਤਾਬਕ ਇਸ ਕਨਵੈਨਸ਼ਨ ਦੀ ਤਿਆਰੀ ਮੁਹਿੰਮ ਵਿੱਚ ਸਿਰ ਜੋੜਨ ਲਈ ਪੰਜਾਬ ਭਰ ਦੀਆਂ ਸਮੂਹ ਲੋਕ ਪੱਖੀ ਸੰਸਥਾਵਾਂ ਨੂੰ ਲਿਖ਼ਤੀ ਅਤੇ ਜਨਤਕ ਬੁਲਾਵਾ ਭੇਜਿਆ ਜਾ ਰਿਹਾ ਹੈ।

ਜਨਤਕ ਜਮਹੂਰੀ ਜੱਥੇਬੰਦੀਆਂ ਤੋਂ ਇਲਾਵਾ ਪੰਜਾਬ ਦੇ ਪਿੰਡਾਂ ਅੰਦਰ ਬਣੀਆਂ ਸ਼ਹੀਦੀ ਯਾਦਗਾਰ ਕਮੇਟੀਆਂ ਅਤੇ ਵੱਖ ਵੱਖ ਨਾਵਾਂ ਹੇਠ ਕੰਮ ਕਰਦੀਆਂ ਸੰਸਥਾਵਾਂ ਨੂੰ ਉਚੇਚੇ ਤੌਰ ਤੇ ਪਹੁੰਚ ਕਰਕੇ ਸਮਾਗਮ ਵਿੱਚ ਇਹ ਉਤਸ਼ਾਹਜਨਕ ਅਤੇ ਸਾਰਥਕ ਹੁੰਗਾਰਾ ਭਰਨ ਦੀ ਅਪੀਲ ਕੀਤੀ ਜਾ ਰਹੀ ਹੈ।

ਪਿੰਡਾਂ ਦੀਆਂ ਇਹ ਕਮੇਟੀਆਂ ਆਪਣੇ ਬੈਨਰ, ਝੰਡੇ ਅਤੇ ਮਾਟੋ ਲੈ ਕੇ ਨਾਅਰੇ ਮਾਰਦੇ ਕਾਫ਼ਲੇ ਸਮਾਗਮ ਵਿੱਚ ਸ਼ਾਮਲ ਹੋਣਗੀਆਂ।

ਇਸ ਕਨਵੈਨਸ਼ਨ ਨੂੰ ਕਮੇਟੀ ਮੈਂਬਰ ਮੰਗਤ ਰਾਮ ਪਾਸਲਾ, ਦਰਸ਼ਨ ਖਟਕੜ ਅਤੇ ਡਾ. ਪਰਮਿੰਦਰ ਸਿੰਘ ਸੰਬੋਧਨ ਕਰਨਗੇ।

ਅੱਜ ਦੀ ਮੀਟਿੰਗ 'ਚ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਰਣਜੀਤ ਸਿੰਘ ਔਲਖ, ਸੁਰਿੰਦਰ ਕੁਮਾਰੀ ਕੋਛੜ, ਮੰਗਤ ਰਾਮ ਪਾਸਲਾ, ਗੁਰਮੀਤ ਅਤੇ ਹਰਵਿੰਦਰ ਭੰਡਾਲ ਹਾਜ਼ਰ ਸਨ।

# ਸੰਵਿਧਾਨ ਬਚਾਓ ਰੈਲੀ ਨੂੰ ਲੈ ਕੇ ਕਾਂਗਰਸ ਵਿੱਚ ਉਤਸ਼ਾਹ, ਸੁੰਦਰ ਸ਼ਾਮ ਅਰੋੜਾ ਦੀ ਅਗਵਾਈ ਵਿੱਚ ਕੌਂਸਲਰਾਂ ਨੇ ਦਿਖਾਈ ਇਕਜੁੱਟਤਾ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** 29 ਜੂਨ ਨੂੰ ਹੋਣ ਵਾਲੀ ਸੰਵਿਧਾਨ ਬਚਾ ਰੈਲੀ ਨੂੰ ਲੈ ਕੇ ਕਾਂਗਰਸ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ। ਇਸ ਸਬੰਧੀ ਅੱਜ ਕਾਂਗਰਸੀ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਸੁੰਦਰ ਸ਼ਾਮ ਅਰੋੜਾ ਨੇ ਹੁਸ਼ਿਆਰਪੁਰ ਦੇ ਕਾਂਗਰਸੀ ਕੌਂਸਲਰਾਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਵੱਡੀ ਗਿਣਤੀ ਵਿੱਚ ਕਾਂਗਰਸੀ ਕੌਂਸਲਰਾਂ ਨੇ ਹਿੱਸਾ ਲਿਆ ਅਤੇ ਰੈਲੀ ਨੂੰ ਸਫਲ ਬਣਾਉਣ ਦਾ ਪ੍ਰਣ ਲਿਆ। ਕੌਂਸਲਰਾਂ ਨੇ ਇੱਕ ਸੁਰ ਵਿੱਚ ਕਿਹਾ ਕਿ ਉਹ ਇਸ ਰੈਲੀ ਵਿੱਚ ਕਾਰਕੁਨਾਂ ਦੀ ਵੱਡੀ ਫੌਜ ਨਾਲ ਹਿੱਸਾ ਲੈਣਗੇ ਅਤੇ ਸੂਬਾ ਸਰਕਾਰ ਦੀਆਂ ਪੰਜਾਬ ਵਿਰੋਧੀ ਨੀਤੀਆਂ ਦਾ ਜ਼ੋਰਦਾਰ ਵਿਰੋਧ ਕਰਨਗੇ। ਇਸ ਮੌਕੇ ਸੁੰਦਰ ਸ਼ਾਮ ਅਰੋੜਾ ਨੇ ਕੌਂਸਲਰਾਂ ਨੂੰ ਸੰਬੋਧਨ ਕਰਦਿਆਂ ਕਿਹਾ, "ਇਹ ਰੈਲੀ ਸਿਰਫ਼ ਇੱਕ ਪ੍ਰੋਗਰਾਮ ਨਹੀਂ ਹੈ, ਸਗੋਂ ਸੰਵਿਧਾਨ ਅਤੇ ਲੋਕਤੰਤਰ ਨੂੰ ਬਚਾਉਣ ਦੀ ਲੜਾਈ ਹੈ।" ਸਾਨੂੰ ਇੱਕਜੁੱਟ ਹੋ ਕੇ ਪੰਜਾਬ ਦੀ ਆਵਾਜ਼ ਬੁਲੰਦ ਕਰਨੀ ਪਵੇਗੀ। ਕੌਂਸਲਰਾਂ ਨੇ ਭਰੋਸਾ ਦਿੱਤਾ ਕਿ ਉਹ ਅਰੋੜਾ ਦੀ ਅਗਵਾਈ ਹੇਠ ਹਰ ਦਿਸ਼ਾ-ਨਿਰਦੇਸ਼ ਦੀ ਪਾਲਣਾ ਕਰਨਗੇ ਅਤੇ ਰੈਲੀ ਨੂੰ ਪੂਰੀ ਲਗਨ ਅਤੇ ਇਮਾਨਦਾਰੀ ਨਾਲ ਇਤਿਹਾਸਕ ਬਣਾਉਣਗੇ। ਇਸ ਮੀਟਿੰਗ ਨੇ ਸਪੱਸ਼ਟ ਕੀਤਾ ਕਿ ਕਾਂਗਰਸ ਪਾਰਟੀ ਪੂਰੀ ਤਰ੍ਹਾਂ ਇੱਕਜੁੱਟ ਹੈ ਅਤੇ ਸੰਵਿਧਾਨ ਦੀ ਰੱਖਿਆ ਲਈ ਹਰ ਪੱਧਰ 'ਤੇ ਲੜਨ ਲਈ ਤਿਆਰ ਹੈ।

# ਪੰਜਾਬ ਨੂੰ ਫਿੱਟ ਅਤੇ ਤੰਦਰੁਸਤ ਬਣਾਉਣ 'ਚ ਅਹਿਮ ਭੂਮਿਕਾ ਨਿਭਾਅ ਰਹੀ ਹੈ ਸੀ.ਐਮ ਦੀ ਯੋਗਸ਼ਾਲਾ - ਜਿੰਪਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** 11ਵੇਂ ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਅੱਜ ਪੁਲਿਸ ਲਾਈਨ ਗਰਾਊਂਡ ਹੁਸ਼ਿਆਰਪੁਰ ਵਿਖੇ 'ਸੀ।ਐਮ ਦੀ ਯੋਗਸ਼ਾਲਾ' ਤਹਿਤ ਵਿਸ਼ਾਲ ਜ਼ਿਲ੍ਹਾ ਪੱਧਰੀ ਸਮਾਗਮ ਕਰਵਾਇਆ ਗਿਆ। ਸਮਾਗਮ ਵਿਚ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਕਿਹਾ ਕਿ ਯੋਗ ਸਾਡੇ ਦੇਸ਼ ਦੀ ਪ੍ਰਾਚੀਨ ਅਤੇ ਗੌਰਵਸ਼ਾਲੀ ਪ੍ਰੰਪਰਾ ਹੈ, ਜੋ ਸਰੀਰਕ, ਮਾਨਸਿਕ ਅਤੇ ਆਤਮਿਕ ਸ਼ੁੱਧੀ ਦਾ ਮਾਧਿਅਮ ਬਣ ਚੁੱਕੀ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਤੇਜ਼ ਰਫ਼ਤਾਰ ਜੀਵਨਸ਼ੈਲੀ ਅਤੇ ਵੱਧਦੇ ਤਣਾਅ ਨਾਲ ਨਜਿੱਠਣ ਲਈ ਯੋਗ ਇਕ ਵਧੀਆ ਉਪਰਾਲਾ ਹੈ, ਜਿਸ ਨਾਲ ਵਿਅਕਤੀ ਨਾ ਕੇਵਲ ਤੰਦਰੁਸਤ ਰਹਿ ਸਕਦਾ ਹੈ ਬਲਕਿ ਨਸ਼ੇ ਵਰਗੀ ਬੁਰਾਈ ਤੋਂ ਵੀ ਦੂਰ ਰਹਿ ਸਕਦਾ ਹੈ।ਵਿਧਾਇਕ ਜਿੰਪਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿਚ ਸੀ।ਐਮ ਦੀ ਯੋਗਸਾਲਾ ਰਾਹੀਂ ਪੰਜਾਬ ਸਰਕਾਰ ਪੂਰੇ ਸੂਬੇ ਵਿਚ ਯੋਗ ਦੇ ਪ੍ਰਚਾਰ-ਪ੍ਰਸਾਰ ਲਈ ਲਗਾਤਾਰ ਯਤਨਸ਼ੀਲ ਹੈ। ਸੂਬੇ ਦੇ ਸਾਰੇ ਪ੍ਰਮੁੱਖ ਸ਼ਹਿਰਾਂ ਤੋਂ ਲੈ ਕੇ ਬਲਾਕ ਪੱਧਰ ਤੱਕ ਯੋਗਸ਼ਾਲਾਵਾਂ ਸੰਚਾਲਿਤ ਕੀਤੀਆਂ ਜਾ ਰਹੀਆਂ ਹਨ, ਜਿਥੇ ਹਜ਼ਾਰਾਂ ਲੋਕ ਨਿਯਮਿਤ ਰੂਪ ਵਿਚ ਯੋਗ ਅਭਿਆਸ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਇਕ ਅਨੂਠੀ ਪਹਿਲ ਹੈ, ਜੋ ਪੰਜਾਬ ਨੂੰ ਫਿੱਟ ਅਤੇ ਤੰਦਰੁਸਤ ਬਣਾਉਣ ਦੀ ਦਿਸ਼ਾ ਵਿਚ ਮੀਲ ਦਾ ਪੱਥਰ ਸਿੱਧ ਹੋ ਰਹੀ ਹੈ। ਉਨ੍ਹਾਂ ਇਸ ਦੌਰਾਨ ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ 'ਤੇ ਚਰਚਾ ਕਰਦਿਆਂ ਕਿਹਾ ਕਿ ਸਾਰੇ ਲੋਕ ਇਸ ਮੁਹਿੰਮ ਵਿਚ ਸਹਿਯੋਗ ਦੇਣ, ਤਾਂ ਜੋ ਰੰਗਲੇ ਪੰਜਾਬ ਦੇ ਸੁਪਨੇ ਨੂੰ ਸਾਕਾਰ ਕੀਤਾ ਜਾ ਸਕੇ। ਇਸ ਦੌਰਾਨ ਉਨ੍ਹਾਂ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਯੋਗ ਨੂੰ ਆਪਣੇ ਜੀਵਨ ਵਿਚ ਅਪਨਾਉਣ ਦੀ ਅਪੀਲ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਪ੍ਰੋਗਰਾਮ ਦਾ ਉਦੇਸ਼ ਯੋਗ ਰਾਹੀਂ ਸਿਹਤਮੰਦ, ਅਨੁਸ਼ਾਸਿਤ ਅਤੇ ਨਸ਼ਾ ਮੁਕਤ ਸਮਾਜ ਵੱਲ ਵੱਧਣਾ ਹੈ। ਉਨ੍ਹਾਂ ਜਾਣਕਾਰੀ ਦਿੱਤੀ ਕਿ ਅੱਜ ਜ਼ਿਲ੍ਹੇ ਭਰ ਵਿਚ 16 ਹਜ਼ਾਰ ਤੋਂ ਵੱਧ ਲੋਕਾਂ ਨੇ ਸੀ।ਐਮ ਦੀ ਯੋਗਸ਼ਾਲਾ ਤਹਿਤ ਕਰਵਾਏ ਜਾ ਰਹੇ ਪ੍ਰੋਗਰਾਮਾਂ ਵਿਚ ਹਿੱਸਾ ਲਿਆ। ਪੁਲਿਸ ਲਾਈਨ ਗਰਾਊਂਡ ਵਿਚ ਆਯੋਜਿਤ ਜ਼ਿਲ੍ਹਾ ਪੱਧਰੀ ਸਮਾਗਮ ਵਿਚ 2500 ਤੋਂ ਵੱਧ ਲੋਕਾਂ ਨੇ ਇਕ ਸਾਰ ਯੋਗ ਕਰਕੇ ਅਨੁਸ਼ਾਸਨ ਅਤੇ ਤੰਦਰੁਸਤੀ ਪ੍ਰਤੀ ਜਾਗਰੂਕਤਾ ਦਾ ਪ੍ਰਦਰਸ਼ਨ ਕੀਤਾ। ਉਨ੍ਹਾਂ ਇਹ ਵੀ ਦੱਸਿਆ ਕਿ ਜ਼ਿਲ੍ਹੇ ਵਿਚ ਰੋਜ਼ਾਨਾ 341 ਯੋਗ ਕਲਾਸਾਂ ਚਲਾਈਆਂ ਜਾ ਰਹੀਆਂ ਹਨ, ਜਿਨ੍ਹਾਂ ਵਿਚ 15 ਹਜ਼ਾਰ ਤੋਂ ਵੱਧ ਲੋਕ ਹਿੱਸਾ ਲੈ ਰਹੇ ਹਨ। ਐਸ.ਐਸ.ਪੀ. ਸੰਦੀਪ ਕੁਮਾਰ ਮਲਿਕ ਨੇ ਸਾਰੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਸੀ.ਐਮ ਦੀ ਯੋਗਸ਼ਾਲਾ ਦਾ ਵੱਧ ਤੋਂ ਵੱਧ ਲਾਭ ਉਠਾਉਣ ਅਤੇ ਇਸ ਨੂੰ ਆਪਣੇ ਰੋਜ਼ਾਨਾ ਦੇ ਜੀਵਨ ਦਾ ਹਿੱਸਾ ਬਣਾਉਣ। ਪ੍ਰੋਗਰਾਮ ਵਿਚ ਮਾਹਿਰ ਯੋਗ ਟੀਚਰਾਂ ਵੱਲੋਂ ਯੋਗ ਦੇ ਵੱਖ-ਵੱਖ ਆਸਣਾਂ, ਲਾਭਾਂ ਅਤੇ ਅਭਿਆਸ ਵਿਧੀਆਂ ਦੀ ਜਾਣਕਾਰੀ ਦਿੱਤੀ ਗਈ। ਸੋਨਾਲੀਕਾ ਡਿਵਾਈਨ ਸੰਸਥਾ ਵਲੋਂ ਲਾਫਟਰ ਯੋਗ ਅਤੇ ਡਾਂਸ ਯੋਗ ਕਰਵਾ ਕੇ ਲੋਕਾਂ ਵਿਚ ਨਵੀਂ ਊਰਜਾ ਦਾ ਸੰਚਾਰ ਕੀਤਾ ਗਿਆ।






# 11ਵਾਂ ਅੰਤਰਰਾਸ਼ਟਰੀ ਯੋਗ ਦਿਵਸ 21 ਜੂਨ 2025- ਇੱਕ ਧਰਤੀ ਇੱਕ ਸਿਹਤ, ਯੋਗਾ ਵਿਸ਼ਵ ਭਲਾਈ, ਵਿਸ਼ਵ ਸ਼ਾਂਤੀ ਅਤੇ ਸਿਹਤ ਵੱਲ ਇੱਕ ਕਦਮ

**ਗੋਂਡੀਆ–** ਇਹ ਵਿਸ਼ਵ ਪੱਧਰ 'ਤੇ ਚੰਗੀ ਤਰ੍ਹਾਂ ਜਾਣਿਆ ਜਾਂਦਾ ਹੈ ਕਿ ਭਾਰਤ ਅਨਾਦਿ ਸਮੇਂ ਤੋਂ ਯੋਗ ਦਾ ਗੜ੍ਹ ਰਿਹਾ ਹੈ, ਲਗਭਗ 5000 ਸਾਲਾਂ ਦੀ ਭਾਰਤੀ ਪਰੰਪਰਾ ਤੋਂ ਪ੍ਰਾਪਤ ਯੋਗ ਦਾ ਗਿਆਨ ਅੱਜ ਵਿਸ਼ਵ ਆਵਾਜ਼ ਅੰਦੋਲਨ ਦਾ ਹਿੱਸਾ ਬਣ ਗਿਆ ਹੈ। ਆਧੁਨਿਕ ਸੰਸਾਰ ਵਿੱਚ, ਪੂਰੀ ਦੁਨੀਆ ਹੁਣ ਯੋਗਾ ਦੀ ਮਹੱਤਤਾ ਨੂੰ ਸਮਝ ਚੁੱਕੀ ਹੈ ਅਤੇ ਇਸਦਾ ਸਹੀ ਪ੍ਰਭਾਵ ਵੀ ਦਿਖਾਈ ਦੇ ਰਿਹਾ ਹੈ। ਇਸ ਵਾਰ ਅੰਤਰਰਾਸ਼ਟਰੀ ਯੋਗ ਦਿਵਸ ਦਾ ਥੀਮ "ਇੱਕ ਧਰਤੀ, ਇੱਕ ਸਿਹਤ ਲਈ ਯੋਗਾ" ਹੈ। 2025 ਇੱਕ ਮਹੱਤਵਪੂਰਨ ਮੀਲ ਪੱਥਰ ਹੈ ਕਿਉਂਕਿ ਇਹ ਇਸ ਵਿਸ਼ਵਵਿ ਆਪੀ ਜਸ਼ਨ ਦੀ 11ਵੀਂ ਵਰ੍ਹੇਗੰਢ ਨੂੰ ਦਰਸਾਉਂਦਾ ਹੈ। ਇਸ ਸਾਲ ਦੇ ਜਸ਼ਨਾਂ ਵਿੱਚ 10 ਸਿਗਨੇਚਰ ਪ੍ਰੋਗਰਾਮ ਵੀ ਸ਼ਾਮਲ ਹਨ, ਜਿਸ ਵਿੱਚ ਪ੍ਰਮੁੱਖ ਪ੍ਰੋਗਰਾਮ 'ਯੋਗ ਸੰਗਮ' ਸ਼ਾਮਲ ਹੈ, ਜੋ ਕਿ ਭਾਰਤ ਭਰ ਵਿੱਚ 1,00,000 ਸਥਾਨਾਂ 'ਤੇ ਸਮੂਹਿਕ ਯੋਗ ਪ੍ਰਦਰਸ਼ਨਾਂ ਦਾ ਪ੍ਰਦਰਸ਼ਨ ਕਰਦਾ ਹੈ। ਹੋਰ ਨੌਂ ਪ੍ਰੋਗਰਾਮ ਯੋਗ ਬੰਧਨ, ਯੋਗ ਪਾਰਕ, ਯੋਗਾ ਸ਼ਾਮਲ ਕਰਨਾ, ਯੋਗ ਪ੍ਰਭਾਵ, ਯੋਗਾ ਕਨੈਕਟ, ਗ੍ਰੀਨ ਯੋਗਾ, ਯੋਗਾ ਅਨਪਲੱਗਡ, ਯੋਗਾ ਮਹਾਕੁੰਭ ਅਤੇ ਸਮਯੋਗ ਹਨ। ਕੇਂਦਰੀ ਆਯੁਸ਼ ਮੰਤਰਾਲੇ ਦੇ ਰਾਜ ਮੰਤਰੀ ਨੇ ਪ੍ਰੈਸ ਕਾਨਫਰੰਸ ਵਿੱਚ ਦੱਸਿਆ ਕਿ ਰਾਸ਼ਟਰੀ ਪ੍ਰੋਗਰਾਮ 21 ਜੂਨ 2025 ਨੂੰ ਵਿਸ਼ਾਖਾ-ਪਟਨਮ, ਆਂਧਰਾ ਪ੍ਰਦੇਸ਼ ਵਿੱਚ ਆਯੋਜਿਤ ਕੀਤਾ ਜਾਵੇਗਾ, ਜਿੱਥੇ ਪ੍ਰਧਾਨ ਮੰਤਰੀ 5 ਲੱਖ ਤੋਂ ਵੱਧ ਭਾਗੀਦਾਰਾਂ ਦੇ ਨਾਲ ਕਾਮਨ ਯੋਗਾ ਪ੍ਰੋਟੋਕੋਲ (ਛੈਫ) ਸੈਸ਼ਨ ਦੀ ਅਗਵਾਈ ਕਰਨਗੇ। ਇਸ ਦੇ ਨਾਲ, ਦੇਸ਼ ਭਰ ਵਿੱਚ ਇੱਕ ਲੱਖ ਤੋਂ ਵੱਧ ਸਥਾਨਾਂ 'ਤੇ 'ਯੋਗ ਸੰਗਮ' ਸੈਸ਼ਨ ਆਯੋਜਿਤ ਕੀਤੇ ਜਾਣਗੇ, ਜੋ ਇਸਨੂੰ ਇਤਿਹਾਸ ਦੇ ਸਭ ਤੋਂ ਵੱਡੇ ਤਾਲਮੇਲ ਯੋਗ ਪ੍ਰਦਰਸ਼ਨਾਂ ਵਿੱਚੋਂ ਇੱਕ ਬਣਾ ਦੇਵੇਗਾ। ਉਨ੍ਹਾਂ ਨੇ "ਯੋਗਆਂਧਰਾ" ਮੁਹਿੰਮ ਦੀ ਵੀ ਸ਼ੁਰੂਆਤ ਕੀਤੀ - ਜੋ ਕਿ ਰਾਜ ਭਰ ਵਿੱਚ 10 ਲੱਖ ਨਿਯਮਤ ਯੋਗ ਅਭਿਆਸੀਆਂ ਦਾ ਇੱਕ ਭਾਈਚਾਰਾ ਬਣਾਉਣ ਲਈ ਇੱਕ ਮਹੱਤਵਾਕਾਂਖੀ ਪਹਿਲ ਹੈ। 21 ਜੂਨ 2025 ਨੂੰ ਇੱਕ ਧਰਤੀ ਇੱਕ ਸਿਹਤ ਲਈ ਇਤਿਹਾਸਕ ਹੋਣ ਵਾਲੇ 11ਵੇਂ ਅੰਤਰਰਾਸ਼ਟਰੀ ਯੋਗ ਦਿਵਸ ਨੂੰ ਬਣਾਉਣ ਲਈ ਤਿਆਰੀਆਂ ਜ਼ੋਰਾਂ 'ਤੇ ਹਨ, ਪ੍ਰਧਾਨ ਮੰਤਰੀ ਸਰਵ ਸੰਤੂ ਨਿਰਾਮਯਾ, ਯਾਨੀ ਕਿ ਸਾਰੇ ਰੋਗ ਮੁਕਤ, ਵਿਸ਼ਾਖਾਪਟਨਮ ਵਿੱਚ, ਪ੍ਰਧਾਨ ਮੰਤਰੀ 5 ਲੱਖ ਭਾਗੀਦਾਰਾਂ ਨਾਲ ਵੱਡੇ ਸਾਂਝੇ ਯੋਗ ਪ੍ਰੋਟੋਕੋਲ ਦੀ ਅਗਵਾਈ ਕਰਨਗੇ। ਅੰਤਰਰਾਸ਼ਟਰੀ ਯੋਗ ਦਿਵਸ ਨਾ ਸਿਰਫ ਭਾਰਤੀ ਸੱਭਿਆਚਾਰ ਦੀ ਸ਼ਾਨਦਾਰ ਵਿਰਾਸਤ ਦਾ ਪ੍ਰਤੀਕ ਹੈ ਬਲਕਿ ਪੂਰੀ ਮਨੁੱਖਤਾ ਨੂੰ ਸਿਹਤ, ਸ਼ਾਂਤੀ ਅਤੇ ਸਦਭਾਵਨਾ ਪ੍ਰਤੀ ਇੱਕ ਵਿਸ਼ਵਵਿਆਪੀ ਸੰਦੇਸ਼ ਵੀ ਦਿੰਦਾ ਹੈ। ਯੋਗ, ਜੋ ਸਰੀਰ, ਮਨ ਅਤੇ ਆਤਮਾ ਵਿਚਕਾਰ ਸੰਤੁਲਨ ਸਥਾਪਤ ਕਰਦਾ ਹੈ, ਅੱਜ ਆਧੁਨਿਕ ਜੀਵਨ ਸ਼ੈਲੀ ਕਾਰਨ ਪੈਦਾ ਹੋਣ ਵਾਲੇ ਤਣਾਅ, ਬਿਮਾਰੀ ਅਤੇ ਮਾਨਸਿਕ ਅਸੰਤੁਲਨ ਦਾ ਇੱਕ ਕੁਦਰਤੀ ਹੱਲ ਬਣ ਗਿਆ ਹੈ। ਯੋਗ ਸਿਰਫ਼ ਇੱਕ ਵਿਅਕਤੀਗਤ ਅਭਿਆਸ ਨਹੀਂ ਹੈ, ਸਗੋਂ ਵਿਸ਼ਵਵਿਆਪੀ ਸਿਹਤ ਅਤੇ ਸਦਭਾਵਨਾ ਪ੍ਰਤੀ ਇੱਕ ਸਮੂਹਿਕ ਯਤਨ ਹੈ। ਦੁਨੀਆ ਦੇ ਹਰ ਕੋਨੇ ਵਿੱਚ ਕਰੋੜਾਂ ਲੋਕ ਯੋਗ ਨੂੰ ਆਪਣੇ ਜੀਵਨ ਦਾ ਹਿੱਸਾ ਬਣਾ ਰਹੇ ਹਨ, ਜਿਸ ਕਾਰਨ ਇਸ ਦਿਨ ਨੇ ਇੱਕ ਵਿਸ਼ਵਵਿਆਪੀ ਜਨ ਅੰਦੋਲਨ ਦਾ ਰੂਪ ਧਾਰਨ ਕਰ ਲਿਆ ਹੈ। ਇਸ ਮੌਕੇ 'ਤੇ, ਭਾਰਤ ਸਮੇਤ ਦੁਨੀਆ ਭਰ ਵਿੱਚ ਲੱਖਾਂ ਥਾਵਾਂ 'ਤੇ ਸਮੂਹਿਕ ਯੋਗ ਅਭਿਆਸ, ਵਰਕਸ਼ਾਪਾਂ ਅਤੇ ਜਨ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ, ਜੋ ਯੋਗ ਨੂੰ ਜੀਵਨ ਸ਼ੈਲੀ ਦਾ ਹਿੱਸਾ ਬਣਾਉਣ ਲਈ ਪ੍ਰੇਰਨਾਦਾਇਕ ਹਨ।

ਯੋਗ ਦਿਵਸ ਦੀ ਇਹ ਪ੍ਰਸਤਾਵਨਾ ਸਾਨੂੰ ਸਵੈ-ਆਤਮ-ਨਿਰੀਖਣ, ਸਮੂਹਿਕ ਏਕਤਾ ਅਤੇ ਸੰਪੂਰਨ ਸਿਹਤ ਵੱਲ ਵਧਣ ਦਾ ਸੱਦਾ ਦਿੰਦੀ ਹੈ। ਕਿਉਂਕਿ ਯੋਗ ਪ੍ਰਾਚੀਨ ਭਾਰਤ ਦਾ ਇੱਕ ਤੋਹਫ਼ਾ ਹੈ, ਆਧੁਨਿਕ ਸੰਸਾਰ ਦੀ ਇੱਕ ਜ਼ਰੂਰਤ ਹੈ, ਆਤਮਾ ਅਤੇ ਸਰੀਰ ਦਾ ਇੱਕ ਮਹਾਨ ਸੰਗਮ ਹੈ, ਅੱਜ ਅਸੀਂ ਇਸ ਲੇਖ ਰਾਹੀਂ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਚਰਚਾ ਕਰਾਂਗੇ,11ਵਾਂ ਅੰਤਰਰਾਸ਼ਟਰੀ ਯੋਗ ਦਿਵਸ 21 ਜੂਨ 2025, ਇੱਕ ਧਰਤੀ ਇੱਕ ਸਿਹਤ, ਯੋਗ ਰਾਹੀਂ ਵਿਸ਼ਵ ਭਲਾਈ ਵਿਸ਼ਵ ਸ਼ਾਂਤੀ ਅਤੇ ਸਿਹਤ ਵੱਲ ਇੱਕ ਕਦਮ ਹੈ, ਜਿਸ ਨੂੰ ਰੇਖਾਂਕਿਤ ਕਰਨ ਵਾਲਾ ਵਿਸ਼ਾ ਹੈ।

ਦੋਸਤੋ, ਜੇਕਰ ਅਸੀਂ ਯੋਗ ਦੀ ਮਹੱਤਤਾ ਬਾਰੇ ਗੱਲ ਕਰੀਏ, ਤਾਂ ਯੋਗਾ ਦੁਨੀਆ ਨੂੰ ਪ੍ਰਾਚੀਨ ਭਾਰਤੀ ਪਰੰਪਰਾ ਦਾ ਇੱਕ ਅਨਮੋਲ ਤੋਹਫ਼ਾ ਹੈ। ਇਹ ਨਾ ਸਿਰਫ਼ ਤੁਹਾਡੀ ਸਰੀਰਕ ਸਿਹਤ ਨੂੰ ਉਤਸ਼ਾਹਿਤ ਕਰਦਾ ਹੈ ਬਲਕਿ ਤੁਹਾਡੀ ਮਾਨਸਿਕ






ਸਿਹਤ ਨੂੰ ਵੀ ਉਤਸ਼ਾਹਿਤ ਕਰਦਾ ਹੈ। ਦੁਨੀਆ ਹਰ ਸਾਲ 21 ਜੂਨ ਨੂੰ ਯੋਗਾ ਦੇ ਅਭਿਆਸ ਦਾ ਸਨਮਾਨ ਕਰਨ ਅਤੇ ਦੁਨੀਆ ਭਰ ਵਿੱਚ ਇਸਦੇ ਲਾਭਾਂ ਨੂੰ ਉਤਸ਼ਾਹਿਤ ਕਰਨ ਲਈ ਅੰਤਰ-ਰਾਸ਼ਟਰੀ ਯੋਗਾ ਦਿਵਸ ਮਨਾਉਂਦੀ ਹੈ। ਕੰਮ, ਤਣਾਅ ਅਤੇ ਰੁਝੇਵਿਆਂ ਕਾਰਨ ਸਰੀਰ ਅਤੇ ਮਨ ਦੋਵੇਂ ਥੱਕ ਜਾਂਦੇ ਹਨ, ਅਜਿਹੀ ਸਥਿਤੀ ਵਿੱਚ ਸਾਡੇ ਲਈ ਆਪਣੀ ਸਿਹਤ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ, ਯੋਗਾ ਇਸ ਜ਼ਰੂਰਤ ਨੂੰ ਪੂਰਾ ਕਰਨ ਦਾ ਇੱਕ ਕੁਦਰਤੀ ਅਤੇ ਆਸਾਨ ਤਰੀਕਾ ਹੈ।

ਦੋਸਤੋ, ਜੇਕਰ ਅਸੀਂ ਯੋਗ ਦੇ ਉਦੇਸ਼ ਦੀ ਗੱਲ ਕਰੀਏ ਤਾਂ ਅੱਜ ਦੀ ਤੇਜ਼ ਰਫ਼ਤਾਰ ਜ਼ਿੰਦਗੀ ਵਿੱਚ ਸਿਹਤ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੋ ਗਿਆ ਹੈ, ਰੁਝੇਵਿਆਂ ਅਤੇ ਕੰਮ ਦੇ ਤਣਾਅ ਕਾਰਨ ਅਸੀਂ ਆਪਣੇ ਸਰੀਰ ਅਤੇ ਮਨ ਨੂੰ ਸਹੀ ਆਰਾਮ ਅਤੇ ਧਿਆਨ ਨਹੀਂ ਦੇ ਪਾ ਰਹੇ, ਅਜਿਹੀ ਸਥਿਤੀ ਵਿੱਚ ਯੋਗ ਸਾਡੇ ਲਈ ਇੱਕ ਬਹੁਤ ਵੱਡਾ ਸਹਾਰਾ ਬਣ ਕੇ ਆਉਂਦਾ ਹੈ, ਯੋਗ ਨਾ ਸਿਰਫ਼ ਸਾਡੇ ਸਰੀਰ ਨੂੰ ਤੰਦਰੁਸਤ ਰੱਖਦਾ ਹੈ ਬਲਕਿ ਮਨ ਨੂੰ ਸ਼ਾਂਤ ਅਤੇ ਆਰਾਮ ਦੇਣ ਵਿੱਚ ਵੀ ਮਦਦ ਕਰਦਾ ਹੈ। ਇਸ ਦਿਨ ਲੋਕ ਯੋਗ ਦੇ ਫਾਇਦਿਆਂ ਨੂੰ ਜਾਣਨ ਅਤੇ ਅਪਣਾਉਣ ਦੀ ਕੋਸ਼ਿਸ਼ ਕਰਦੇ ਹਨ। ਯੋਗ ਦਿਵਸ ਮਨਾਉਣ ਦਾ ਉਦੇਸ਼ ਲੋਕਾਂ ਨੂੰ ਯੋਗ ਦੇ ਫਾਇਦਿਆਂ ਤੋਂ ਜਾਣੂ ਕਰਵਾਉਣਾ ਹੈ। ਅੱਜ ਦੇ ਯੁੱਗ ਵਿੱਚ ਜਿੱਥੇ ਜੀਵਨ ਸ਼ੈਲੀ ਬਦਲ ਗਈ ਹੈ, ਉੱਥੇ ਸਰੀਰ ਅਤੇ ਮਨ 'ਤੇ ਤਣਾਅ ਵੀ ਵਧਿਆ ਹੈ। ਯੋਗ ਇਨ੍ਹਾਂ ਸਾਰੀਆਂ ਸਮੱਸਿਆਵਾਂ ਨੂੰ ਘਟਾਉਣ ਵਿੱਚ ਮਦਦ ਕਰਦਾ ਹੈ। ਇਹ ਸਰੀਰਕ ਬਿਮਾਰੀਆਂ ਨੂੰ ਦੂਰ ਕਰਦਾ ਹੈ ਅਤੇ ਮਾਨਸਿਕ ਸੰਤੁਲਨ ਵੀ ਬਣਾਈ ਰੱਖਦਾ ਹੈ। ਇਸ ਲਈ, ਵਿਸ਼ਵ ਪੱਧਰ 'ਤੇ ਯੋਗ ਦਿਵਸ ਮਨਾ ਕੇ, ਯੋਗ ਦੀ ਮਹੱਤਤਾ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਇਸ ਦੇ ਨਾਲ, ਇਹ ਦਿਨ ਦੁਨੀਆ ਨੂੰ ਇਕੱਠੇ ਲਿਆਉਣ ਅਤੇ ਸਿਹਤ ਵੱਲ ਧਿਆਨ ਦੇਣ ਦਾ ਸੰਦੇਸ਼ ਵੀ ਦਿੰਦਾ ਹੈ। ਯੋਗ ਦੇ ਫਾਇਦੇ- ਯੋਗ ਸਾਡੇ ਸਰੀਰ ਨੂੰ ਲਚਕਦਾਰ, ਮਜ਼ਬੂਤ ਅਤੇ ਸਿਹਤਮੰਦ ਬਣਾਉਂਦਾ ਹੈ। ਇਸਦਾ ਨਿਯਮਤ ਅਭਿਆਸ ਦਿਲ ਦੀਆਂ ਬਿਮਾਰੀਆਂ, ਮੋਟਾਪਾ, ਤਣਾਅ, ਚਿੰਤਾ ਅਤੇ ਹੋਰ ਬਹੁਤ ਸਾਰੀਆਂ ਬਿਮਾਰੀਆਂ ਨੂੰ ਦੂਰ ਰੱਖਦਾ ਹੈ। ਯੋਗਾ ਮਨ ਨੂੰ ਸ਼ਾਂਤ ਕਰਦਾ ਹੈ ਅਤੇ ਸੋਚਣ ਅਤੇ ਸਮਝਣ ਦੀ ਸ਼ਕਤੀ ਨੂੰ ਵਧਾਉਂਦਾ ਹੈ। ਇਹ ਨੀਂਦ ਨੂੰ ਵੀ ਸੁਧਾਰਦਾ ਹੈ ਅਤੇ ਸਰੀਰ ਵਿੱਚ ਊਰਜਾ ਦਾ ਸੰਚਾਰ ਕਰਦਾ ਹੈ। ਇਸੇ ਲਈ ਯੋਗਾ ਸਿਰਫ਼ ਇੱਕ ਕਸਰਤ ਨਹੀਂ ਹੈ, ਸਗੋਂ ਇੱਕ ਸਿਹਤਮੰਦ ਜੀਵਨ ਸ਼ੈਲੀ ਹੈ।

ਦੋਸਤੋ, ਜੇਕਰ ਅਸੀਂ 100 ਦਿਨਾਂ ਦੀ ਯੋਗਾ ਲੜੀ ਬਾਰੇ ਗੱਲ ਕਰੀਏ, ਤਾਂ ਅੰਤਰਰਾਸ਼ਟਰੀ ਯੋਗਾ ਦਿਵਸ 2025 ਵਿੱਚ 100 ਦਿਨਾਂ ਤੱਕ ਚੱਲਣ ਵਾਲੇ ਦਸ ਮਹੱਤਵਪੂਰਨ ਪ੍ਰੋਗਰਾਮ ਹੋਣਗੇ, ਜੋ ਸਮਾਜ ਦੇ ਵੱਖ-ਵੱਖ ਵਰਗਾਂ ਨਾਲ ਜੁੜਨ ਅਤੇ ਯੋਗ ਨੂੰ ਇੱਕ ਸੰਪੂਰਨ ਜੀਵਨ ਢੰਗ ਵਜੋਂ ਉਤਸ਼ਾਹਿਤ ਕਰਨ ਲਈ ਤਿਆਰ ਕੀਤੇ ਗਏ ਹਨ। ਸਮਾਵੇਸ਼ ਲਈ ਯੋਗ ਸੰਵਾਦ ਤੋਂ ਲੈ ਕੇ ਅੰਤਰਰਾਸ਼ਟਰੀ ਭਾਈਵਾਲੀ ਲਈ ਯੋਗ ਬੰਧਨ ਤੱਕ - ਇਹ ਪ੍ਰੋਗਰਾਮ ਯੋਗ ਨੂੰ ਮੈਟ ਤੋਂ ਜਨਤਾ ਤੱਕ ਲਿਜਾਣ ਦੇ ਸਰਕਾਰ ਦੇ ਰਣਨੀਤਕ ਦ੍ਰਿਸ਼ਟੀਕੋਣ ਨੂੰ ਦਰਸਾਉਂਦੇ ਹਨ।ਦਿੱਲੀ,ਭੁਵਨੇਸ਼ਵਰ, ਨਾਸਿਕ ਅਤੇ ਪੁਡੂਚੇਰੀ ਵਿੱਚ ਕ੍ਰਮਵਾਰ 100-ਦਿਨ, 75-ਦਿਨ, 50-ਦਿਨ ਅਤੇ 25-ਦਿਨ ਦੇ ਸਮਾਗਮਾਂ ਦੀ ਲੜੀ ਪ੍ਰਤੀ ਜਨਤਾ ਦੇ ਉਤਸ਼ਾਹੀ ਹੁੰਗਾਰੇ ਨੇ ਮੁੱਖ ਪ੍ਰੋਗਰਾਮ ਦੀ ਅਗਵਾਈ ਵਿੱਚ ਮਹੱਤਵ ਪੂਰਨ ਯੋਗਦਾਨ ਪਾਇਆ ਹੈ। ਯੋਗਾ ਸਿਰਫ਼ ਆਸਣ ਕਰਨ ਅਤੇ ਸਾਹ ਲੈਣ ਦਾ ਅਭਿਆਸ ਨਹੀਂ ਹੈ - ਇਹ ਜੀਵਨ ਦਾ ਇੱਕ ਤਰੀਕਾ ਹੈ, ਮੀਡੀਆ ਦੇ ਸਮਰਥਨ ਨਾਲ, ਟੀਚਾ ਅੰਤਰਰਾਸ਼ਟਰੀ ਯੋਗਾ ਦਿਵਸ 2025 ਨੂੰ ਇੱਕ ਇਤਿਹਾਸਕ ਪ੍ਰੋਗਰਾਮ ਬਣਾਉਣਾ ਹੈ ਜੋ ਲੱਖਾਂ ਲੋਕਾਂ ਨੂੰ ਆਪਣੀ ਰੋਜ਼ਾਨਾ ਰੁਟੀਨ ਵਿੱਚ ਯੋਗਾ ਨੂੰ ਸ਼ਾਮਲ ਕਰਨ ਲਈ ਪ੍ਰੇਰਿਤ ਕਰਦਾ ਹੈ ਅਤੇ ਇੱਕ ਸਿਹਤਮੰਦ, ਖੁਸ਼ਹਾਲ ਅਤੇ ਵਧੇਰੇ ਸਦਭਾਵਨਾਪੂਰਨ ਸਮਾਜ ਬਣਾਉਣ ਵਿੱਚ ਮਦਦ ਕਰਦਾ ਹੈ।

ਦੋਸਤੋ, ਜੇਕਰ ਅਸੀਂ ਯੋਗ ਨੂੰ ਇੱਕ ਪ੍ਰਾਚੀਨ ਵਿਰਾਸਤ ਹੋਣ ਦੀ ਗੱਲ ਕਰੀਏ, ਤਾਂ ਯੋਗ ਭਾਰਤੀ ਸੱਭਿਆਚਾਰ ਵਿੱਚ ਡੂੰਘਾਈ ਨਾਲ ਜੁੜਿਆ ਹੋਇਆ ਹੈ। ਮਨ ਨੂੰ ਤੰਦਰੁਸਤ ਰੱਖਣ ਲਈ, ਪ੍ਰਾਚੀਨ ਭਾਰਤ ਵਿੱਚ ਰਿਸ਼ੀ-ਮੁਨੀ ਨੇ ਯੋਗ ਦਾ ਸਭ ਤੋਂ ਉੱਚਾ ਰੂਪ ਅਪਣਾਇਆ ਅਤੇ ਆਪਣੇ ਆਪ ਨੂੰ ਸੰਜਮਿਤ ਕੀਤਾ। ਇਹ ਮੰਨਿਆ ਜਾਂਦਾ ਹੈ ਕਿ ਯੋਗ ਸਰੀਰ ਦੀਆਂ ਇੰਦਰੀਆਂ ਨੂੰ ਕਾਬੂ ਕਰਨ ਦੀ ਸਮਰੱਥਾ ਦਿੰਦਾ ਹੈ, ਜੋ ਸਿਹਤਮੰਦ ਰਹਿਣ ਵਿੱਚ ਮਦਦ ਕਰਦਾ ਹੈ। ਯੋਗ ਬਿਮਾਰੀਆਂ ਨੂੰ ਦੂਰ ਕਰਦਾ ਹੈ ਇਹ ਇੱਕ ਪੁਰਾਣੀ ਕਹਾਵਤ ਹੈ। ਪਰ ਸਮੇਂ ਦਾ ਪਹੀਆ ਘੁੰਮ ਗਿਆ ਅਤੇ ਅਸੀਂ ਆਧੁਨਿਕਤਾ ਦੀ ਅੰਨ੍ਹੀ ਦੌੜ ਵਿੱਚ ਸ਼ਾਮਲ ਹੋ ਗਏ। ਜ਼ਿੰਦਗੀ ਦੀ ਭੱਜ-ਦੌੜ ਵਿੱਚ, ਅਸੀਂ ਆਪਣੇ ਪ੍ਰਾਚੀਨ ਤਰੀਕਿਆਂ ਨੂੰ ਭੁੱਲਣ ਲੱਗ ਪਏ, ਜਿਸਦੇ ਨਤੀਜੇ ਕਈ ਤਰ੍ਹਾਂ ਦੇ ਸਰੀਰਕ ਬਿਮਾਰੀਆਂ ਦੇ ਰੂਪ ਵਿੱਚ ਭੁਗਤਣੇ ਪੈ ਰਹੇ ਹਨ। ਹਾਲਾਂਕਿ, ਪਿਛਲੇ ਕੁਝ ਸਾਲਾਂ ਵਿੱਚ, ਨਾ ਸਿਰਫ ਦੇਸ਼ ਬਲਕਿ ਦੁਨੀਆ ਨੇ ਯੋਗ ਦੀ ਉਪਯੋਗਤਾ ਨੂੰ ਸਮਝਿਆ ਹੈ ਅਤੇ ਇਸਨੂੰ ਆਪਣੀ ਰੋਜ਼ਾਨਾ ਦੀ ਰੁਟੀਨ ਵਿੱਚ ਸ਼ਾਮਲ ਕੀਤਾ ਹੈ। 21 ਜੂਨ ਨੇ ਵੀ ਦੁਨੀਆ ਨੂੰ ਯੋਗ ਨਾਲ ਜਾਣੂ ਕਰਵਾਉਣ ਵਿੱਚ ਕੋਈ ਘੱਟ ਯੋਗਦਾਨ ਨਹੀਂ ਪਾਇਆ ਹੈ।


ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਈ

ਦੋਸਤੋ, ਜੇਕਰ ਅਸੀਂ 21 ਜੂਨ ਨੂੰ ਯੋਗ ਦਿਵਸ ਦੇ ਇਤਿਹਾਸ ਦੀ ਗੱਲ ਕਰੀਏ, ਤਾਂ ਪਹਿਲੀ ਵਾਰ 21 ਜੂਨ 2015 ਨੂੰ ਅੰਤਰਰਾਸ਼ ਟਰੀ ਯੋਗ ਦਿਵਸ ਮਨਾਇਆ ਗਿਆ। ਇਹ ਪਹਿਲ ਪ੍ਰਧਾਨ ਮੰਤਰੀ ਦੁਆਰਾ ਕੀਤੀ ਗਈ ਸੀ। 27 ਸਤੰਬਰ 2014 ਨੂੰ, ਉਨ੍ਹਾਂ ਨੇ ਸੰਯੁਕਤ ਰਾਸ਼ਟਰ ਮਹਾਸਭਾ ਵਿੱਚ ਇੱਕ ਪ੍ਰਸਤਾਵ ਪੇਸ਼ ਕੀਤਾ। ਇਹ ਪ੍ਰਸਤਾਵ ਸੰਯੁਕਤ ਰਾਸ਼ਟਰ ਮਹਾਸਭਾ ਨੇ 11 ਦਸੰਬਰ 2014 ਨੂੰ ਪੂਰੇ ਬਹੁਮਤ ਨਾਲ ਪਾਸ ਕੀਤਾ ਸੀ। ਸੰਯੁਕਤ ਰਾਸ਼ਟਰ ਮਹਾਸਭਾ ਦੇ 193 ਮੈਂਬਰਾਂ ਵਿੱਚੋਂ 177 ਨੇ 21 ਜੂਨ ਨੂੰ ਅੰਤਰਰਾਸ਼ਟਰੀ ਯੋਗ ਦਿਵਸ ਮਨਾਉਣ ਦੇ ਪ੍ਰਸਤਾਵ ਨੂੰ ਆਵਾਜ਼ ਵੋਟ ਨਾਲ ਮਨਜ਼ੂਰੀ ਦਿੱਤੀ। ਇਹ ਪ੍ਰਸਤਾਵ 90 ਦਿਨਾਂ ਦੇ ਅੰਦਰ ਪੂਰਨ ਬਹੁਮਤ ਨਾਲ ਪਾਸ ਹੋ ਗਿਆ, ਜੋ ਕਿ ਸੰਯੁਕਤ ਰਾਸ਼ਟਰ ਵਿੱਚ ਇੱਕ ਦਿਨ ਦੇ ਪ੍ਰਸਤਾਵ ਲਈ ਸਭ ਤੋਂ ਘੱਟ ਸਮਾਂ ਸੀ। 21 ਜੂਨ, 2015 ਨੂੰ ਨਵੀਂ ਦਿੱਲੀ ਵਿੱਚ ਹੋਏ ਸ਼ਾਨਦਾਰ ਸਮਾਗਮ ਵਿੱਚ, ਪਹਿਲੇ ਅੰਤਰਰਾਸ਼ਟਰੀ ਯੋਗ ਦਿਵਸ ਨੇ ਦੋ ਗਿਨੀਜ਼ ਵਰਲਡ ਰਿਕਾਰਡ ਪ੍ਰਾਪਤ ਕੀਤੇ, ਸਭ ਤੋਂ ਵੱਡੇ ਯੋਗ ਸੈਸ਼ਨ ਲਈ, ਜਿਸ ਵਿੱਚ 35,985 ਭਾਗੀਦਾਰ ਸਨ, ਅਤੇ ਇੱਕ ਸੈਸ਼ਨ ਵਿੱਚ ਸਭ ਤੋਂ ਵੱਧ ਕੌਮੀਅਤਾਂ (84) ਲਈ। ਅੰਤਰਰਾਸ਼ਟਰੀ ਯੋਗ ਦਿਵਸ ਦਾ ਉਦੇਸ਼ ਯੋਗਾ ਅਭਿਆਸ ਦੇ ਬਹੁਤ ਸਾਰੇ ਫਾਇਦਿਆਂ ਬਾਰੇ ਦੁਨੀਆ ਭਰ ਵਿੱਚ ਜਾਗਰੂਕਤਾ ਪੈਦਾ ਕਰਨਾ ਹੈ। ਯੋਗਾ ਮਨ ਅਤੇ ਸਰੀਰ, ਸੋਚ ਅਤੇ ਕਿਰਿਆ ਦਾ ਏਕੀਕਰਨ ਹੈ ਜੋ ਇੱਕ ਸੰਪੂਰਨ ਪਹੁੰਚ ਹੈ ਜੋ ਸਾਡੀ ਸਿਹਤ ਅਤੇ ਤੰਦਰੁਸਤੀ ਲਈ ਲਾਭਦਾਇਕ ਹੈ। ਇਸ ਲਈ ਜੇਕਰ ਅਸੀਂ ਉਪਰੋਕਤ ਵੇਰਵਿਆਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਸਾਨੂੰ ਪਤਾ ਲੱਗੇਗਾ ਕਿ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ 21 ਜੂਨ 2025- ਇੱਕ ਧਰਤੀ ਇੱਕ ਸਿਹਤ, ਯੋਗ ਰਾਹੀਂ ਵਿਸ਼ਵ ਭਲਾਈ, ਵਿਸ਼ਵ ਸ਼ਾਂਤੀ ਅਤੇ ਸਿਹਤ ਵੱਲ ਕਦਮਯੋਗ ਪ੍ਰਾਚੀਨ ਭਾਰਤ ਦਾ ਇੱਕ ਤੋਹਫ਼ਾ ਹੈ, ਆਧੁਨਿਕ ਸੰਸਾਰ ਨੂੰ ਆਤਮਾ ਅਤੇ ਸਰੀਰ ਦੇ ਮਹਾਨ ਸੰਗਮ ਦੀ ਲੋੜ ਹੈ। ਅੰਤਰਰਾਸ਼ਟਰੀ ਯੋਗ ਦਿਵਸ 21 ਜੂਨ 2025- ਵਿਸ਼ਵ ਏਕਤਾ ਵੱਲ ਵਧਦਾ ਭਾਰਤ ਦਾ ਅਧਿਆਤਮਿਕ ਤੋਹਫ਼ਾ- ਵਿਸ਼ਵ ਸੰਗਮ 200 ਤੋਂ ਵੱਧ ਦੇਸ਼ਾਂ ਦੀ ਬੇਮਿਸਾਲ ਵਿਸ਼ਵਵਿਆਪੀ ਭਾਗੀਦਾਰੀ ਨਾਲ ਹੋਵੇਗਾ।

-ਕੰਪਾਈਲਰ ਲੇਖਕ - ਕਿਆਰ ਮਾਹਿਰ ਕਾਲਮਨਵੀਸ ਸਾਹਿਤਕ ਸ਼ਖਸੀਅਤ ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ ਸੰਗੀਤ ਮਾਧਿਅਮ CA (ATC) ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਈ ਗੋਂਡੀਆ ਮਹਾਰਾਸ਼ਟਰ 9359653465

# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਕੋਰਟ ਕੰਪਲੈਕਸ ਵਿਖੇ ਮਨਾਇਆ ਅੰਤਰਾਸ਼ਟਰੀ ਯੋਗ ਦਿਵਸ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਰਜਿੰਦਰ ਅਗਰਵਾਲ ਦੀ ਅਗਵਾਈ ਵਿਚ ਅੰਤਰ-ਰਾਸ਼ਟਰੀ ਯੋਗ ਦਿਵਸ ਜ਼ਿਲ੍ਹਾ ਪੱਧਰ ਦੇ ਨਾਲ-ਨਾਲ ਉਪ ਮੰਡਲਾਂ (ਦਸੂਹਾ, ਮੁਕੇਰੀਆਂ ਅਤੇ ਗੜ੍ਹਸ਼ੰਕਰ) ’ਤੇ ਵੀ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਿਵਲ ਜੱਜ (ਸੀਨੀਅਰ ਡਵੀਜ਼ਨ) ਅਤੇ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਸੁਰੇਸ਼ ਕੁਮਾਰ ਗੋਇਲ ਨੇ ਮੌਜੂਦ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਯੋਗ ਇਕ ਮਾਨਸਿਕ, ਸਰੀਰਕ ਅਤੇ ਅਧਿਆਤਮਕ ਅਨੁਸ਼ਾਸਨ ਹੈ, ਜਿਸ ਦੀ ਉਤਪਤੀ ਭਾਰਤ ਵਿਚ ਹੋਈ ਹੈ। ਇਹ ਸਾਡੇ ਜੀਵਨ ਵਿਚ ਸੰਤੁਲਨ ਨੂੰ ਬਣਾਏ ਰੱਖਣ ਦਾ ਮਾਧਿਅਮ ਹੈ। ਉਨ੍ਹਾਂ ਕਿਹਾ ਕਿ ਸਾਨੂੰ ਰੋਜ਼ਾਨਾ ਯੋਗ ਨੂੰ ਆਪਣੇ ਜੀਵਨ ਵਿਚ ਸ਼ਾਮਲ ਕਰਨਾ ਚਾਹੀਦਾ ਹੈ ਅਤੇ ਨਾਲ ਹੀ ਪਲਾਸਟਿਕ ਦੀ ਵਰਤੋਂ ਨਾ ਕਰਕੇ ਵਾਤਾਵਰਨ ਨੂੰ ਵੀ ਸੁਰੱਖਿਅਤ ਕਰਨਾ ਚਾਹੀਦਾ ਹੈ।




ਪ੍ਰੋਗਰਾਮ ਦੌਰਾਨ ਯੋਗ ਟੀਚਰ ਜਿਤਿਨ ਸ਼ਰਮਾ ਨੇ ਯੋਗ ਅਭਿਆਸ ਕਰਵਾਇਆ। ਉਨ੍ਹਾਂ ਨੇ ਮੌਜੂਦ ਸਾਰੇ ਮੈਂਬਰਾਂ ਨੂੰ ਪ੍ਰਾਣਾਯਾਮ, ਕਪਾਲਭਾਤੀ, ਅਨੁਲੋਮ-ਵਿਲੋਮ, ਧਿਆਨ ਅਤੇ ਸੰਕਲਪ ਯੋਗ ਆਸਣਾਂ ਦਾ ਅਭਿਆਸ ਕਰਵਾਇਆ ਅਤੇ ਦੱਸਿਆ ਕਿ ਨਿਯ-ਮਿਤ ਯੋਗਾ ਤਣਾਅ ਨੂੰ ਘੱਟ ਕਰਨ ਅਤੇ ਸਰੀਰ ਨੂੰ ਤੰਦਰੁਸਤ ਰੱਖਣ ਵਿਚ ਮਦਦ ਕਰਦਾ ਹੈ।

ਇਸ ਮੌਕੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਅਮਿਤ ਕੁਮਾਰ ਗਰਗ, ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਰਾਜਪਾਲ ਰਾਵਲ, ਸੀਨੀਅਰ ਜੱਜ (ਜੂਨੀਅਰ ਡਵੀਜ਼ਨ) ਜਸਵਿੰਦਰ ਪਾਲ ਤੋਂ ਇਲਾਵਾ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਪੀ.ਐਸ ਘੁੰਮਣ, ਚੀਫ਼ ਲੀਗਲ ਏਡ ਡਿਫੈਂਸ ਕਾਉਂਸਲ ਵਿਸ਼ਾਲ ਕੁਮਾਰ ਨੰਦਾ, ਪੈਨਲ ਐਡਵੋਕੇਟ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਅਧਿਕਾਰੀ, ਕਰਮਚਾਰੀ, ਡਿਊਟੀ ’ਤੇ ਨਿਯੁਕਤ ਨਿਆਇਕ ਸਟਾਫ਼ ਅਤੇ ਵਕੀਲ ਮੌਜੂਦ ਸਨ। ਇਸ ਦੇ ਨਾਲ ਹੀ ਦਸੂਹਾ, ਮੁਕੇਰੀਆਂ ਅਤੇ ਗੜ੍ਹਸ਼ੰਕਰ ਵਿਚ ਵੀ ਸਬੰਧਤ ਡਿਊਟੀ ’ਤੇ ਤਾਇਨਾਤ ਜੱਜ ਸਾਹਿਬਾਨ, ਸਟਾਫ਼ ਅਤੇ ਵਕੀਲਾਂ ਵੱਲੋਂ ਯੋਗ ਦਿਵਸ ਮਨਾਇਆ ਗਿਆ ਅਤੇ ਸਿਹਤ ਲਾਭ ਪ੍ਰਾਪਤ ਕੀਤੇ ਗਏ। ਪ੍ਰੋਗਰਾਮ ਦੌਰਾਨ ਜੱਜ ਸਾਹਿਬਾਨ ਵੱਲੋਂ ਵਾਤਾਵਰਨ ਦੀ ਸਾਂਭ-ਸੰਭਾਲ ਦੇ ਉਦੇਸ਼ ਨਾਲ ਪੌਦੇ ਵੀ ਵੰਡੇ ਗਏ।

# ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ 7.76 ਕਿਲੋਮੀਟਰ ਲੰਬੀ ਸੜਕ ਦੇ ਨਿਰਮਾਣ ਕਾਰਜ ਦੀ ਕੀਤੀ ਸ਼ੁਰੂਆਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਸੂਬਾ ਵਾਸੀਆਂ ਨੂੰ ਬਿਹਤਰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨਾ ਹੈ ਅਤੇ ਇਸੇ ਤਹਿਤ ਹਲਕਾ ਸ਼ਾਮ ਚੁਰਾਸੀ ਦੀ ਕਾਇਆ ਕਲਪ ਲਈ ਜੰਗੀ ਪੱਧਰ ‘ਤੇ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਇਹ ਪ੍ਰਗਵਾਟਾ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੇ ਇਲਾਕਾ ਵਾਸੀਆਂ ਦੀ ਬਹੁਤ ਦੇਰ ਤੋਂ ਚੱਲੀ ਆ ਰਹੀ ਮੰਗ ਅਤੇ ਉਨ੍ਹਾਂ ਨਾਲ ਕੀਤੇ ਹੋਏ ਵਾਅਦੇ ਨੂੰ ਪੂਰਾ ਕਰਦਿਆਂ ਹੁਸ਼ਿਆਰਪੁਰ-ਜਲੰਧਰ ਲਿੰਕ ਸੜਕ ਤੋਂ ਤਾਰਾਗੜ੍ਹ, ਰੰਧਾਵਾ ਬਰੋਟਾ, ਸਾਂਧਰਾ, ਨੰਦਾਚੌਰ ਸੜਕ ਨੂੰ ਚੌੜਾ ਅਤੇ ਮਜ਼ਬੂਤ ਕਰਨ ਦੇ ਕੰਮ ਦੀ ਸ਼ੁਰੂਆਤ ਕਰਨ ਮੌਕੇ ਕੀਤਾ। ਕੈਬਨਿਟ ਮੰਤਰੀ ਨੇ ਤਾਰਾਗੜ੍ਹ ਵਿਖੇ ਸੜਕ ਦੇ ਕੰਮ ਦੀ ਸ਼ੁਰੂਆਤ ਕਰਵਾਉਂਦੇ ਹੋਏ ਕਿਹਾ ਕਿ 7.76 ਕਿਲੋਮੀਟਰ ਲੰਬੀ ਇਸ ਸੜਕ ਨੂੰ ਹੁਸ਼ਿਆਰਪੁਰ-ਜਲੰਧਰ ਸੜਕ ਤੋਂ ਸ਼ੁਰੂ ਕਰਕੇ ਹਰਿਆਣਾ-ਸ਼ਾਮ ਚੁਰਾਸੀ ਸੜਕ ਤੱਕ 14 ਫੁੱਟ ਚੌੜਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਸੜਕ 'ਤੇ ਪਿੰਡ ਸਾਂਧਰਾ ਵਿਖੇ ਪੈਂਦੇ ਪੁਲ ਨੂੰ ਵੀ 8.50 ਮੀਟਰ ਚੌੜਾ ਕੀਤਾ ਜਾ ਰਿਹਾ ਹੈ। ਇਸ ਕੰਮ ਦੀ ਕੁੱਲ ਲਾਗਤ 5.33 ਕਰੋੜ ਰੁਪਏ ਹੈ। ਉਨ੍ਹਾਂ ਦੱਸਿਆ ਕਿ ਇਸ ਸੜਕ ਦੀ ਹਾਲਤ ਬਹੁਤ ਮਾੜੀ ਸੀ, ਜਿਸ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਕਿਹਾ ਕਿ ਸੜਕ ਦਾ ਕੰਮ ਮੁਕੰਮਲ ਹੋਣ ਨਾਲ ਲੋਕਾਂ ਨੂੰ ਵੱਡੀ ਸਹੂਲਤ ਮਿਲੇਗੀ। ਇਸ ਦੌਰਾਨ ਸਮੂਹ ਇਲਾਕਾ ਵਾਸੀਆਂ ਵਲੋਂ ਪੰਜਾਬ ਸਰਕਾਰ ਅਤੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਦਾ ਧੰਨਵਾਦ ਕੀਤਾ ਗਿਆ।



### ਮਾਮਲਾ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦਾ !

# ਵਿਦਿਆਰਥੀਆਂ ਲਈ ਸਿੱਖਿਆ ਦੇ ਦਰਵਾਜੇ ਬੰਦ ਨਹੀਂ ਹੋਣ ਦੇਵੇਗੀ ਬਸਪਾ - ਡਾ. ਅਵਤਾਰ ਸਿੰਘ ਕਰੀਮਪੁਰੀ

**ਫਗਵਾੜਾ–** ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸੂਬਾ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਅੱਜ ਇੱਥੇ ਮੀਡੀਆ ਨਾਲ ਗੱਲਬਾਤ ਕਰਦਿਆ ਕਿਹਾ ਕਿ ਸੂਬੇ ਦੀ ਆਪ ਸਰਕਾਰ ਵਿਦਿਅਕ ਅਦਾਰਿਆਂ ਵਿਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਦਾਖ਼ਲਾ ਕਰਵਾਏ। ਉਨ੍ਹਾਂ ਕਿਹਾ ਕਿ ਜੇਕਰ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਬਸਪਾ ਸਰਕਾਰ ਤੇ ਵਿਦਿਅਕ ਅਦਾਰਿਆਂ ਖਿਲਾਫ਼ ਸਖ਼ਤ ਕਦਮ ਚੁੱਕਣ ਤੋਂ ਵੀਂ ਗੁਰੇਜ ਨਹੀਂ ਕਰੇਗੀ। ਉਨ੍ਹਾ ਕਿਹਾ ਕਿ ਵਿਦਿਅਰਥੀਆ ਵਲੋਂ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਕਈ ਯੂਨੀਵਰਸਿਟੀਜ ਵਲੋਂ ਸਕੀਮ ਤਹਿਤ ਦਾਖ਼ਲਾ ਨਹੀਂ ਦਿੱਤਾ ਜਾ ਰਿਹਾ ਹੈ ਤੇ ਬੱਚਿਆ ਦਾ ਭਵਿੱਖ ਬਰਬਾਦ ਕੀਤਾ ਜਾ ਹੈ। ਜਿਸਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾ ਕਿਹਾ ਕਿ ਬਸਪਾ ਮੁੱਦਿਆ ਦੇ ਹੱਲ ਲਈ ਪਹਿਲਾ ਗੱਲਬਾਤ ਵਿਚ ਵਿਸ਼ਵਾਸ ਰੱਖਦੀ ਹੈ। ਇਸ ਲਈ ਹੀ ਪਾਰਟੀ ਨੇ ਪਹਿਲਾ ਤਿੰਨ ਮੈਂਬਰੀ ਟੀਮ ਬਸਪਾ ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ, ਗੁਰਮੇਲ ਚੁੰਬਰ ਤੇ ਮਾਸਟਰ ਹਰਭਜਨ ਬਲਾਲੋ ਦੀ ਵਿਦਿਅਕ ਅਦਾਰਿਆਂ ਨਾਲ ਗੱਲਬਾਤ ਲਈ ਭੇਜੀ ਸੀ ਤਾਂ ਕਿ ਵਿਦਿਅਰਥੀਆ ਨੂੰ ਦਾਖਲੇ ਵਿਚ ਕੋਈ ਪਰੇਸ਼ਾਨੀ ਨਾ ਆਵੇ। ਉਨ੍ਹਾਂ ਕਿਹਾ ਕਿ ਚਾਹੇ ਅਦਾਰਿਆ ਨੇ ਉਨ੍ਹਾਂ ਦੇ ਸਰਕਾਰ ਵੱਲੋਂ ਪਏ ਪਹਿਲੇ ਬਕਾਇਆ ਵਾਰੇ ਦੱਸਿਆ ਪਰ ਫਿਰ ਵੀ ਉਨ੍ਹਾਂ ਨੂੰ ਕਿਸੇ ਵੀ ਵਿਦਿਆਰਥੀ ਨੂੰ ਸਕੀਮ ਤਹਿਤ ਦਾਖਲੇ ਤੋਂ ਮਨ੍ਹਾ ਨਹੀਂ ਕਰਨਾ ਚਾਹੀਦਾ ਹੈ। ਉਨ੍ਹਾ ਨੂੰ ਸਿਰਫ ਆਪਣੇ ਫਾਇਦੇ ਵਿਚ ਹੀ ਨਹੀਂ ਸੋਚਣਾ ਚਾਹੀਦਾ ਬਲਕਿ ਸਮਾਜਿਕ ਜ਼ਿੰਮੇਵਾਰੀ ਵੀ ਨਿਭਾਉਣੀ ਚਾਹੀਦੀ ਹੈ।



ਸਰਕਾਰ ਨੂੰ ਇਸ ਵੱਲ ਤੁਰੰਤ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਵਿਦਿਆਰਥੀ ਵਿਦਿਅਕ ਅਦਾਰਿਆਂ ਵਿਚ ਸਕੀਮ ਤਹਿਤ ਦਾਖ਼ਲਾ ਲੈਣ ਜਾਣ ਜੇਕਰ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਉਹ ਬਸਪਾ ਨਾਲ ਸੰਪਰਕ ਕਰਨ। ਬਸਪਾ ਉਨ੍ਹਾ ਦਾ ਸਾਥ ਦੇਵੇਗੀ।

ਬਸਪਾ ਸੂਬਾ ਪ੍ਰਧਾਨ ਡਾ ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਜੇਕਰ ਵਿਦਿਆਰਥੀ ਪਰੇਸ਼ਾਨ ਹੋ ਰਹੇ ਹਨ ਤਾਂ ਇਸ ਸਥਿਤੀ ਲਈ ਕੇਂਦਰ ਦੀ ਭਾਜਪਾ ਤੇ ਸੂਬੇ ਦੀ ਆਪ ਸਰਕਾਰ ਜਿੰਮੇਵਾਰ ਹਨ। ਉਹ ਐਸਸੀ ਵਰਗ ਨੂੰ ਸਿੱਖਿਆ ਦੇਣ ਪ੍ਰਤੀ ਈਮਾਨਦਾਰ ਨਹੀਂ ਹਨ।

ਬਸਪਾ ਸੂਬਾ ਪ੍ਰਧਾਨ ਨੇ ਕਿਹਾ ਕਿ ਇਹ ਵੀ ਤਰਾਸਦੀ ਹੈ ਕਿ ਅਕਾਲੀ ਭਾਜਪਾ ਸਰਕਾਰ, ਫੇਰ ਕਾਂਗਰਸ ਤੇ ਹੁਣ ਆਪ ਦੀ ਸਰਕਾਰ ਸਕੀਮ ਨੂੰ ਇਮਾਨਦਾਰੀ ਨਾਲ ਲਾਗੂ ਹੀ ਨਹੀਂ ਕਰ ਸਕੀਆਂ। ਇਸ ਕਰਕੇ ਵਿਦਿਅਰਥੀਆ ਨਾਲ ਲਗਾਤਾਰ ਅਨਿਆ ਹੋ ਰਿਹਾ ਹੈ ਤੇ ਬਹੁਤ ਮਾਨਸਿਕ ਤਣਾਅ ਤੋਂ ਗੁਜਰਦੇ ਹਨ। ਉਨ੍ਹਾ ਨੂੰ ਦਾਖਲੇ ਸਮੇਂ ਵੀ ਪਰੇਸ਼ਾਨ ਹੋਣਾ ਪੈਂਦਾ ਹੈ ਫੇਰ ਪ੍ਰੀਖਿਆ ਵੇਲੇ ਤੇ ਬਾਅਦ ਵਿਚ ਆਪਣੀਆਂ ਡਿਗਰੀਆਂ ਲੈਣ ਵੇਲੇ। ਉਕਤ ਚਾਰੇ ਦਲ ਇਸ ਵਾਰੇ ਸਹੀ ਨੀਤੀ ਨਹੀਂ ਬਣਾ ਸਕੇ। ਉਨ੍ਹਾਂ ਕਿਹਾ ਕਿ ਬਸਪਾ ਅਜਿਹਾ ਹੋਣ ਨਹੀਂ ਦੇਵੇਗੀ। ਉਨ੍ਹਾ ਕਿਹਾ ਕਿ ਬਸਪਾ ਦਲਿਤ ਪੱਛੜੇ ਵਰਗਾਂ ਤੇ ਆਮ ਵਰਗ ਦੇ ਗਰੀਬ ਵਿਦਿਆਰਥੀਆਂ ਨਾਲ ਖੜ੍ਹੀ ਹੈ ਜਿੰਨਾਂ ਨੂੰ ਸਿੱਖਿਆ ਲੈਣ ਵਿੱਚ ਮੁਸ਼ਕਲ ਪੇਸ਼ ਆ ਰਹੀ ਹੈ।

ਉਨ੍ਹਾ ਕਿਹਾ ਕਿ ਸੱਤਾ ਵਿਚ ਰਹੀਆ ਸਾਰੀਆਂ ਪਾਰਟੀਆਂ ਦੀ ਹੀ ਮਨਸ਼ਾ ਸਿੱਖਿਆ ਪ੍ਰਤੀ ਮਾੜੀ ਹੀ ਰਹੀ ਹੈ। ਆਰਟੀਈ ਐਕਟ 2009 ਵੀ ਲਾਗੂ ਨਹੀਂ ਕਰ ਸਕੇ ਜਿਸਦਾ ਫਾਇਦਾ ਸਾਰੇ ਵਰਗਾਂ ਦੇ ਗਰੀਬ ਵਿਦਿਆਰਥੀਆਂ ਨੂੰ ਹੋਣਾ ਸੀ। ਉਨ੍ਹਾ ਇਹ ਵੀ ਕਿਹਾ ਕਿ ਬਸਪਾ ਪੰਜਾਬ ਸੰਭਾਲੋ ਮੁਹਿੰਮ ਤਹਿਤ ਇਸ ਮੁੱਦੇ ਨੂੰ ਲੋਕਾਂ ਤੱਕ ਲੇ ਕੇ ਜਾਵੇਗੀ। ਦਲਿਤ ਪੱਛੜੇ ਵਰਗਾਂ ਤੇ ਆਮ ਵਰਗ ਦੇ ਗਰੀਬ ਵਿਦਿਆਰਥੀਆਂ ਲਈ ਦਖਲ ਦੇ ਕੇ ਸਿਖਿਆ ਦੇ ਦਰਵਾਜੇ ਖੋਲੇਗੀ ਤੇ ਸੱਤਾ ਵਿਚ ਹਿੱਸੇਦਾਰੀ ਕਰਨ ਤੇ ਇਸ ਦੇ ਲਈ ਅਲੱਗ ਤੋਂ ਬਜਟ ਰੱਖਿਆ ਜਾਵੇਗਾ। ਇਸ ਮੌਕੇ ਤੇ ਤੀਰਥ ਰਾਜਪੁਰਾ ਸਟੇਟ ਕੋ ਆਰਡੀਨੇਟਰ, ਬਸਪਾ ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ, ਹਰਭਜਨ ਬਲਾਲੋ, ਤੇਜਪਾਲ ਬਸਰਾ ਸੀਨੀਅਰ ਡਿਪਟੀ ਮੇਅਰ ਫਗਵਾੜਾ, ਚਿਰੰਜੀ ਲਾਲ ਕਾਲਾ ਹਲਕਾ ਪ੍ਰਧਾਨ ਫਗਵਾੜਾ, ਇੰਚਾਰਜ ਫਗਵਾੜਾ ਲੇਖਰਾਜ ਜਮਾਲਪੁਰੀ, ਜਿਲ੍ਹਾ ਵਾਈਸ ਪ੍ਰਧਾਨ ਇੰਜ: ਪਰਦੀਪ ਮੱਲ ਐਡਵੋਕੇਟ ਕੁਲਦੀਪ ਭੱਟੀ, ਪਰਮਜੀਤ ਖਲਵਾੜਾ ਵੀ ਮੌਜੂਦ ਸਨ।

# ਡਿਪਟੀ ਕਮਿਸ਼ਨਰ ਵੱਲੋਂ ਸਤਲੁਜ ਦਰਿਆ ਦੇ ਬੰਨ ਦਾ ਦੌਰਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਬਰਸਾਤਾਂ ਦੇ ਮੌਸਮ ਦੇ ਮੱਦੇਨਜ਼ਰ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਅੱਜ ਸਤਲੁਜ ਦਰਿਆ ਨਾਲ ਲੱਗਦੇ ਵੱਖ-ਵੱਖ ਇਲਾਕਿਆਂ ਵਿੱਚ ਜਾ ਕੇ ਹੜ੍ਹ ਰੋਕੂ ਕਾਰਜਾਂ ਦਾ ਜਾਇਜ਼ਾ ਲੈਂਦਿਆਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਨ੍ਹਾਂ ਕੰਮਾਂ ਵਿੱਚ ਤੇਜ਼ੀ ਲਿਆਂਦੀ ਜਾਵੇ। ਸਤਲੁਜ ਦਰਿਆ ਦੇ ਬੰਨ ਦੇ ਨਿਰੀਖਣ ਮੌਕੇ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਅਧਿਕਾਰੀਆਂ ਨੂੰ ਕਿਹਾ ਕਿ ਦਰਿਆ ਅਤੇ ਬੰਨ ਦੇ ਨੇੜੇ ਸਫ਼ਾਈ ਕਾਰਜਾਂ ਨੂੰ ਤਰਜੀਹ ਦੇ ਆਧਾਰ 'ਤੇ ਨੇਪਰੇ ਚਾੜ੍ਹਿਆ ਜਾਵੇ ਤਾਂ ਜੋ ਬਰਸਾਤੀ ਮੌਸਮ ਦੌਰਾਨ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਤਾਜੋਵਾਲ ਅਤੇ ਲਾਲੇਵਾਲ ਕੰਪਲੈਕਸ ਵਿਖੇ ਬੰਨ ਦੇ ਦੁਆਲੇ ਜਾਲ ਵਿੱਚ ਲਾਏ ਗਏ ਪੱਥਰ ਦੇ ਕੰਮ ਦੀ ਸਮੀਖਿਆ ਦੌਰਾਨ ਪਿੰਡ ਦੇ ਮੋਹਤਵਰਾਂ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਇਹ ਕੰਮ ਮੁਕੰਮਲ ਹੋਣ ਨਾਲ ਬੰਨ ਨੂੰ ਨਵੀਂ ਮਜ਼ਬੂਤੀ ਮਿਲੀ ਹੈ। ਉਨ੍ਹਾਂ ਦੱਸਿਆ ਕਿ ਇਹ ਇਲਾਕੇ ਪਹਿਲਾਂ ਹੜ੍ਹਾਂ ਦੀ ਮਾਰ ਝਲਦੇ ਰਹੇ ਹਨ ਪਰ ਮੌਜੂਦਾ ਸਮੇਂ ਬੰਨ ਨਾਲ ਪੱਥਰ ਲੱਗਣ ਕਰਕੇ ਹੜ੍ਹਾਂ ਤੋਂ ਬਚਾਅ ਰਹੇਗਾ।




ਫਾਂਬੜਾ ਇਲਾਕੇ 'ਚ ਲੋਕਾਂ ਨਾਲ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਡਰੇਨ ਦੀ ਮੁਕੰਮਲ ਸਫ਼ਾਈ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਪਿੰਡ ਸ਼ਹਿਬਾਜਪੁਰ ਵਿਖੇ ਰਾਹੋਂ ਡਰੇਨ 'ਚੋਂ ਸਰਕੰਡਾ, ਬੂਟੀ, ਜਾਲਾ ਅਤੇ ਸਫ਼ਾਈ ਦੇ ਕੰਮ ਨੂੰ ਜਲਦ ਨੇਪਰੇ ਚਾੜ੍ਹਨ ਦੇ ਨਿਰਦੇਸ਼ ਦਿੱਤੇ। ਇਨ੍ਹਾਂ ਥਾਵਾਂ 'ਤੇ ਪਿੰਡ ਵਾਸੀਆਂ ਨਾਲ ਗੱਲਬਾਤ ਕਰਦਿਆਂ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਆਉਂਦੇ ਸਮੇਂ ਵਿੱਚ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਹਰ ਲੋੜੀਂਦੇ ਕਾਰਜ ਨੂੰ ਸਮੇਂ ਸਿਰ ਮੁਕੰਮਲ ਕਰਵਾਉਣ ਲਈ ਵਚਨਬੱਧ ਹੈ। ਡਿਪਟੀ ਕਮਿਸ਼ਨਰ ਨੇ ਪਿੰਡ ਬੁਰਜ, ਪਠਲਾਵਾ, ਸੋਨਾ ਅਤੇ ਬਰਨਾਲਾ ਕਲਾਂ ਵਿਖੇ ਵੀ ਡਰੇਨਾਂ ਦੀ ਮੌਜੂਦਾ ਸਥਿਤੀ ਦਾ ਜਾਇਜ਼ਾ ਲੈਂਦਿਆਂ ਅਧਿਕਾਰੀਆਂ ਨੂੰ ਲੋੜੀਂਦੇ ਨਿਰਦੇਸ਼ ਦਿੱਤੇ। ਇਸ ਮੌਕੇ ਸਿਵਲ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀ ਮੌਜੂਦ ਸਨ।

# ਵਿਜੈ ਗਰਗ ਦੀ ਕਿਤਾਬ "ਟਿਊਸ਼ਨ ਤੋਂ ਬਿਨਾਂ ਪੜ੍ਹਾਈ ਕਿਵੇਂ ਕਰੀਏ" ਸ਼੍ਰੀ ਹਿੰਮਤ ਸਿੰਘ, ਪ੍ਰਧਾਨ ਅਧਿਆਪਕ ਸੰਘ ਦੁਆਰਾ ਲੋਕ ਅਰਪਣ ਕੀਤੀ ਗਈ

ਪ੍ਰਸਿੱਧ ਲੇਖਕ ਅਤੇ ਸੇਵਾਮੁਕਤ ਪ੍ਰਿੰਸੀਪਲ ਵਿਜੇ ਗਰਗ ਦੁਆਰਾ ਲਿਖੀ ਗਈ "ਟਿਊਸ਼ਨ ਬਿਨਾਂ ਕੈਸੇ ਪੜ੍ਹੇ" ਨਾਮਕ ਇੱਕ ਕਿਤਾਬ ਅੱਜ ਸਰਦਾਰ ਹਿੰਮਤ ਸਿੰਘ, ਪ੍ਰਧਾਨ, ਟੀਚਰਜ਼ ਐਸੋਸੀਏਸ਼ਨ ਮਲੋਟ ਦੁਆਰਾ ਲੋਕ ਅਰਪਣ ਕੀਤੀ ਗਈ। ਇਹ






ਕਿਤਾਬ "ਟਿਊਸ਼ਨ ਬਿਨਾਂ ਕੈਸੇ ਪੜ੍ਹੇ" ਵਿਦਿਆਰਥੀਆਂ ਲਈ ਇੱਕ ਵਿਆਪਕ ਮਾਰਗਦਰਸ਼ਕ ਹੈ, ਜੋ ਵੱਖ-ਵੱਖ ਪ੍ਰੀਖਿਆਵਾਂ, ਉਨ੍ਹਾਂ ਦੇ ਢਾਂਚੇ, ਯੋਗਤਾ ਮਾਪਦੰਡਾਂ ਅਤੇ ਤਿਆਰੀ ਰਣਨੀਤੀਆਂ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ। ਐਸ. ਹਿੰਮਤ ਸਿੰਘ ਨੇ ਸਿੱਖਿਆ ਖੇਤਰ ਵਿੱਚ ਵਿਜੇ ਗਰਗ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਅਤੇ ਸਮਾਜ ਨੂੰ ਮਾਰਗਦਰਸ਼ਨ ਕਰਨ ਵਿੱਚ ਇਸਦੀ ਉਪਯੋਗਤਾ ਲਈ ਕਿਤਾਬ ਦੀ ਪ੍ਰਸ਼ੰਸਾ ਕੀਤੀ।

ਇਸ ਮੌਕੇ ਬੋਲਦਿਆਂ ਵਿਜੈ ਗਰਗ ਨੇ ਕਿਹਾ ਕਿ "ਇਹ ਕਿਤਾਬ ਵਿਦਿਆਰਥੀਆਂ ਨੂੰ ਸਪੱਸ਼ਟਤਾ ਅਤੇ ਆਤਮਵਿਸ਼ਵਾਸ ਦਿੰਦੀ ਹੈ। ਤੁਸੀਂ ਖੁਦ ਕਿਤਾਬ ਪੜ੍ਹ ਕੇ ਬਿਨਾਂ ਟਿਊਸ਼ਨ ਦੇ ਚੰਗੀ ਤਰ੍ਹਾਂ ਪੜ੍ਹਾਈ ਕਰ ਸਕਦੇ ਹੋ। ਇਸ ਲਈ ਕੁਝ ਆਸਾਨ ਅਤੇ ਪ੍ਰਭਾਵਸ਼ਾਲੀ ਤਰੀਕੇ ਅਪਣਾਏ ਜਾ ਸਕਦੇ ਹਨ: ਉਨ੍ਹਾਂ ਕਿਹਾ ਕਿ ਹਰ ਰੋਜ਼ ਪੜ੍ਹਾਈ ਲਈ ਇੱਕ ਨਿਸ਼ਚਿਤ ਸਮਾਂ ਨਿਸ਼ਚਿਤ ਕਰੋ। ਜਦੋਂ ਤੁਹਾਡਾ ਮਨ ਤਾਜ਼ਾ ਹੋਵੇ ਤਾਂ ਪਹਿਲਾਂ ਔਖੇ ਵਿਸ਼ਿਆਂ ਨੂੰ ਪੜ੍ਹੋ। ਅਤੇ ਪਹਿਲਾਂ ਇਹ ਜਾਣੋ ਕਿ ਕਿਤਾਬ ਵਿੱਚ ਕਿਹੜੇ ਵਿਸ਼ੇ ਹਨ ਅਤੇ ਕਿਹੜੇ ਮਹੱਤਵਪੂਰਨ ਹਨ। ਕਿਤਾਬ ਦੇ ਸ਼ੁਰੂ ਵਿੱਚ ਦਿੱਤੀ ਗਈ ਸਮੱਗਰੀ ਸਾਰਣੀ ਤੋਂ ਮਦਦ ਲ । ਅਤੇ ਪੂਰਾ ਅਧਿਆਇ ਇੱਕੋ ਵਾਰ ਪੜ੍ਹਨ ਦੀ ਬਜਾਏ, ਇਸਨੂੰ ਛੋਟੇ ਹਿੱਸਿਆਂ ਵਿੱਚ ਪੜ੍ਹੋ ਅਤੇ ਸਮਝੋ। ਪੜ੍ਹਦੇ ਸਮੇਂ, ਮਹੱਤਵਪੂਰਨ ਨੁਕਤੇ ਆਪਣੇ ਸ਼ਬਦਾਂ ਵਿੱਚ ਲਿਖੋ। ਅਤੇ ਆਪਣੇ ਆਪ ਤੋਂ ਸਵਾਲ ਪੁੱਛੋ ਅਤੇ ਜੋ ਵੀ ਪੜ੍ਹਿਆ ਹੈ ਉਸ ਵਿੱਚੋਂ ਉਨ੍ਹਾਂ ਦੇ ਜਵਾਬ ਦਿ । ਅਤੇ ਜੋ ਤੁਸੀਂ ਪੜ੍ਹਿਆ ਹੈ ਉਸਨੂੰ ਨਿਯਮਿਤ ਤੌਰ 'ਤੇ ਸੋਧੋ।

"ਟਿਊਸ਼ਨ ਤੋਂ ਬਿਨਾਂ ਪੜ੍ਹਾਈ ਕਿਵੇਂ ਕਰੀਏ" ਕਿਤਾਬ ਦਾ ਉਦੇਸ਼ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਅਕਾਦਮਿਕ ਅਤੇ ਪੇਸ਼ੇਵਰ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਲੋੜੀਂਦੇ ਗਿਆਨ ਅਤੇ ਹੁਨਰਾਂ ਨਾਲ ਸਸ਼ਕਤ ਬਣਾਉਣਾ ਹੈ। ਇਹ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਲਈ ਇੱਕ ਕੀਮਤੀ ਸਰੋਤ ਵਜੋਂ ਕੰਮ ਕਰਦਾ ਹੈ, ਜੋ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੇ ਗੁੰਝਲਦਾਰ ਦ੍ਰਿਸ਼ ਨੂੰ ਨੈਵੀਗੇਟ ਕਰਨ ਵਿੱਚ ਮਾਰਗਦਰਸ਼ਨ ਅਤੇ ਸਹਾਇਤਾ ਪ੍ਰਦਾਨ ਕਰਦਾ ਹੈ," ਗਰਗ ਨੇ ਕਿਹਾ, ਇਸ ਮੌਕੇ ਸ. ਹਿੰਮਤ ਸਿੰਘ, ਵਿਜੈ ਗਰਗ ਲੇਖਕ ਅਤੇ ਸੇਵਾਮੁਕਤ ਪ੍ਰਿੰਸੀਪਲ, ਸੀਨੀਅਰ ਸੇਵਾਮੁਕਤ ਅਧਿਆਪਕ ਰਕੇਸ਼ ਜੈਨ, ਗੁਰਦੀਪ ਸਿੰਘ, ਪੁਰੀ, ਪ੍ਰਦੀਪ ਕੁਮਾਰ ਅਤੇ ਹੋਰ ਪ੍ਰਮੁੱਖ ਪਤਵੰਤੇ ਸੱਜਣ ਮੌਜੂਦ ਸਨ।

# ਜਮਹੂਰੀ ਅਧਿਕਾਰ ਸਭਾ ਵਲੋਂ ਆਦਿਵਾਸੀਆਂ ਦੇ ਕਤਲਾਂ ਅਤੇ ਉਜਾੜੇ ਵਿਰੁੱਧ ਕਨਵੈਨਸ਼ਨ 30 ਜੂਨ ਨੂੰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਜਮਹੂਰੀ ਅਧਿਕਾਰ ਸਭਾ ਜਿਲਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਕੇਂਦਰ ਦੀ ਮੋਦੀ ਸਰਕਾਰ ਅਤੇ ਕਈ ਰਾਜ ਸਰਕਾਰਾਂ ਦੁਆਰਾ ਕੀਤੇ ਜਾ ਰਹੇ ਆਦਿਵਾਸੀਆਂ ਦੇ ਉਜਾੜੇ ਅਤੇ ਕਤਲਾਂ ਦੇ ਵਿਰੋਧ ਵਿੱਚ 30 ਜੂਨ ਨੂੰ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ,ਬੰਗਾ ਰੋਡ ਨਵਾਂਸ਼ਹਿਰ ਵਿਖੇ ਕਨਵੈਨਸ਼ਨ ਕੀਤੀ ਜਾਵੇਗੀ। ਇਹ ਫੈਸਲਾ ਅੱਜ ਸਭਾ ਦੇ ਜਿਲਾ ਪ੍ਰਧਾਨ ਅਸ਼ੋਕ ਕੁਮਾਰ ਦੀ ਪ੍ਰਧਾਨਗੀ ਹੇਠ ਸਭਾ ਦੀ ਜਿਲਾ ਕਮੇਟੀ ਦੀ ਹੋਈ ਮੀਟਿੰਗ ਵਿਚ ਕੀਤਾ ਗਿਆ।



ਇਸ ਸਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਜਿਲਾ ਸਕੱਤਰ ਜਸਬੀਰ ਦੀਪ ਨੇ ਕਿਹਾ ਕਿ ਮੋਦੀ ਸਰਕਾਰ ਅਤੇ ਰਾਜ ਸਰਕਾਰਾਂ ਛੱਤੀਸਗੜ੍ਹ, ਝਾੜਖੰਡ, ਮਹਾਰਾਸ਼ਟਰ, ਮੱਧ ਪ੍ਰਦੇਸ਼, ਤੇਲੰਗਾਨਾ, ਉੜੀਸਾ, ਆਂਧਰਾ ਪ੍ਰਦੇਸ਼, ਕਰਨਾਟਕਾ ਆਦਿ ਸੂਬਿਆਂ ਦੇ ਜੰਗਲਾਂ ਅਤੇ ਪਹਾੜਾਂ ਹੇਠ ਛੁਪੇ ਕੀਮਤੀ ਖਣਿਜ ਪਦਾਰਥਾਂ ਨੂੰ ਆਪਣੇ ਚਹੇਤੇ ਦੇਸੀ ਅਤੇ ਵਿਦੇਸ਼ੀ ਕਾਰਪੋਰੇਟਾਂ ਨੂੰ ਕੌਡੀਆਂ ਦੇ ਭਾਅ ਲੁਟਾਉਣਾ ਚਾਹੁੰਦੀਆਂ ਹਨ। ਜੇਕਰ ਜੰਗਲਾਂ ਅਤੇ ਪਹਾੜਾਂ ਦਾ ਕਾਰਪੋਰੇਟ ਉਜਾੜਾ ਕਰਦੇ ਹਨ ਤਾਂ ਆਦਿਵਾਸੀਆਂ ਦਾ ਵੀ ਵੱਡੀ ਪੱਧਰ ਉੱਤੇ ਉਜਾੜਾ ਹੋ ਜਾਵੇਗਾ। ਇਸ ਲਈ ਆਦਿਵਾਸੀ ਆਪਣੀ ਹੋਂਦ ਬਚਾਉਣ ਲਈ ਸੰਘਰਸ਼ ਕਰ ਰਹੇ ਹਨ।ਉਹਨਾਂ ਦੇ ਇਸ ਸੰਘਰਸ਼ ਨੂੰ ਦਬਾਉਣ ਲਈ ਆਦਿਵਾਸੀਆਂ ਨੂੰ ਮਾ  ਵਾਦੀ ਕਹਿਕੇ ਕਤਲ ਕੀਤਾ ਜਾ ਰਿਹਾ ਹੈ। ਭਾਰਤ ਦੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵਾਰ ਵਾਰ ਬਿਆਨ ਦੇ ਰਹੇ ਹਨ ਕਿ ਮਾਰਚ 2026 ਤੱਕ ਦੇਸ਼ ਵਿੱਚੋਂ ਮਾ  ਵਾਦੀਆਂ ਨੂੰ ਖਤਮ ਕਰ ਦਿੱਤਾ ਜਾਵੇਗਾ।ਅਜਿਹੇ ਬਿਆਨ ਦੇਕੇ ਅਮਿਤ ਸ਼ਾਹ ਦਰਅਸਲ ਆਦਿਵਾਸੀਆਂ ਨੂੰ ਉਜਾੜਨ ਅਤੇ ਮਾਰਨ ਦੇ ਐਲਾਨ ਕਰ ਰਹੇ ਹਨ।ਉਹਨਾਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਆਦਿਵਾਸੀਆਂ ਦੇ ਉਜਾੜੇ ਅਤੇ ਕਤਲਾਂ ਦਾ ਤਿੱਖਾ ਵਿਰੋਧ ਹੋਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਛੱਤੀਸਗੜ੍ਹ ਸੂਬੇ ਦੀ ਇਕੱਲੀ ਬਸਤਰ ਡਵੀਜ਼ਨ ਵਿੱਚ ਸੀਆਰਪੀਐਫ਼ ਦੇ 277 ਕੈਂਪ ਅਤੇ ਬੀਐਸਐਫ ਦੇ 50 ਕੈਂਪ ਹਨ।ਮੋਦੀ ਸਰਕਾਰ ਅਪ੍ਰੇਸ਼ਨ ਕਗਾਰ ਰਾਹੀਂ ਵੱਖਰੀ ਵਿਚਾਰਧਾਰਾ ਅਤੇ ਰਾਜਸੀ ਸਮਝ ਰੱਖਣ ਵਾਲੇ ਮਾ  ਵਾਦੀਆਂ ਨੂੰ ਝੂਠੇ ਪੁਲਿਸ ਮੁਕਾਬਲੇ ਬਣਾਕੇ ਮਾਰ ਰਹੀ ਹੈ ਜੋ ਕਿ ਸੰਗੀਨ ਜ਼ੁਰਮ ਹੈ। ਇਹ ਮੋਦੀ ਸਰਕਾਰ ਦਾ ਨੰਗੇ ਚਿੱਟੇ ਰੂਪ ਵਾਲਾ ਫਾਸ਼ੀਵਾਦ ਹੈ। ਸਿਤਮ ਦੀ ਗੱਲ ਹੈ ਕਿ ਸਰਕਾਰ ਇਸ ਫਾਸ਼ੀਵਾਦ ਨੂੰ ਜਾਇਜ਼ ਠਹਿਰਾਕੇ ਸੰਵਿਧਾਨਕ ਅਤੇ ਜਮਹੂਰੀ ਕਦਰਾਂ ਕੀਮਤਾਂ ਦਾ ਗਲਾ ਘੁੱਟ ਰਹੀ ਹੈ। ਕੇਂਦਰ ਅਤੇ ਰਾਜ ਸਰਕਾਰਾਂ ਦੀ ਤਾਕਤ ਦੀ ਵਰਤੋਂ ਕਰਨਾ ਘਰੇਲੂ ਅਤੇ ਅੰਤਰਰਾਸ਼ਟਰੀ ਕਾਨੂੰਨਾਂ ਦੀ ਉਲੰਘਣਾ ਹੈ। ਇਹਨਾਂ ਸਰਕਾਰਾਂ ਦੀ ਜਵਾਬਦੇਹੀ ਯਕੀਨੀ ਹੋਣੀ ਚਾਹੀਦੀ ਹੈ।

# ਪਲੇਵੇਅ ਅਤੇ ਪ੍ਰੀ ਨਰਸਰੀ ਸਕੂਲਾਂ ਦੀ ਰਜਿਸਟਰੇਸ਼ਨ ਲਾਜਮੀ ਤੁਰੰਤ ਰਜਿਸਟ੍ਰੇਸ਼ਨ ਕਰਵਾਉਣ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਸਰਕਾਰ ਵੱਲੋਂ ਜਾਰੀ ਨਿਰਦੇਸ਼ਾਂ ਅਨੁਸਾਰ 3 ਤੋਂ 6 ਸਾਲ ਤੱਕ ਦੇ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਅਰਲੀ ਚਾਇਲਡ ਹੁਡ ਕੇਅਰ ਐਂਡ ਐਜੂਕੇਸ਼ਨ ਸਕੀਮ ਤਹਿਤ ਜ਼ਿਲੇ ਵਿੱਚ ਚੱਲ ਰਹੇ ਪ੍ਰਾਈਵੇਟ ਪਲੇ ਵੇਅ ਸਕੂਲਾਂ ਦੀ ਰਜਿਸਟਰੇਸ਼ਨ ਲਾਜ਼ਮੀ ਹੈ। ਜ਼ਿਲਾ ਪ੍ਰੋਗਰਾਨ ਅਧਿਕਾਰੀ ਜਗਰੂਪ ਸਿੰਘ ਨੇ ਦੱਸਿਆ ਕਿ ਡਾਇਰੈਕਟਰ, ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲੇ ਵਿੱਚ ਚੱਲ ਰਹੇ ਪ੍ਰਾਈਵੇਟ ਪਲੇਵੇ ਸਕੂਲਾਂ ਦੀ ਰਜਿਸਟਰੇਸ਼ਨ ਕੀਤੀ ਜਾਣੀ ਜਰੂਰੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਪ੍ਰਾਈਵੇਟ ਸੰਸਥਾਵਾਂ, ਜੋ ਕਿ ਤਿੰਨ ਤੋਂ ਛੇ ਸਾਲ ਤੱਕ ਦੇ ਬੱਚਿਆਂ ਲਈ ਅਰਲੀ ਚਾਇਲਡ ਕੇਅਰ ਅਤੇ ਐਜੂਕੇਸ਼ਨ/ ਪਲੇ ਵੇਅ ਸਕੂਲ ਦੇ ਖੇਤਰ ਵਿੱਚ ਕੰਮ ਕਰ ਰਹੀਆਂ ਹਨ ਜਾਂ ਕਰਨਾ ਚਾਹੁੰਦੀਆਂ ਹਨ, ਲਈ ਸਮਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਅਧੀਨ ਰਜਿਸਟਰੇਸ਼ਨ ਕਰਵਾਉਣਾ ਲਾਜ਼ਮੀ ਹੈ । ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਅਧੀਨ ਆਉਂਦੇ ਸਮੂਹ ਪ੍ਰੀ-ਨਰਸਰੀ ਅਤੇ ਪਲੇ ਵੇਅ ਸਕੂਲਾਂ ਦੇ ਪ੍ਰਬੰਧਕ ਆਪਣੇ ਸਕੂਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਜਿਲਾ ਪ੍ਰੋਗਰਾਮ ਅਫਸਰ ਦੇ ਦਫਤਰ ਤੋਂ ਐਪਲੀਕੇਸ਼ਨ ਫਾਰਮ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਰਜਿਸਟਰੇਸ਼ਨ ਦੌਰਾਨ ਕਿਸੇ ਕਿਸਮ ਦੀ ਪਰੇਸ਼ਾਨੀ ਹੁੰਦੀ ਹੈ ਤਾਂ ਜਿਲਾ ਪ੍ਰੋਗਰਾਮ ਅਫਸਰ ਨਾਲ ਉਨ੍ਹਾਂ ਦੇ ਦਫ਼ਤਰ ਵਿੱਚ ਸੰਪਰਕ ਕੀਤਾ ਜਾ ਸਕਦਾ ਹੈ। ਜ਼ਿਕਰਯੋਗ ਹੈ ਕਿ ਇਸ ਸੰਬੰਧ ਵਿਚ ਹੋਰ ਜਾਣਕਾਰੀ ਲਈ ਜਿਲ੍ਹਾ ਬਾਲ ਸੁਰੱਖਿਆ ਅਫਸਰ ਨਾਲ ਸੰਪਰਕ ਨੰਬਰ 01823-222322 ਅਤੇ 01823-281798 'ਤੇ ਵੀ ਤਾਲਮੇਲ ਕੀਤਾ ਜਾ ਸਕਦਾ ਹੈ। ਉਹਨਾਂ ਵੱਲੋਂ ਕਿਹਾ ਗਿਆ ਕਿ ਜਿਲੇ ਅਧੀਨ ਚੱਲ ਰਹੇ ਸਾਰੇ ਪ੍ਰਾਈਵੇਟ ਸਕੂਲਾਂ ਸੰਸਥਾਵਾਂ ਪਲੇਵੇ ਸਕੂਲ ਜੋ ਤਿੰਨ ਤੋਂ ਛੇ ਸਾਲ ਤੱਕ ਦੇ ਬੱਚਿਆਂ ਲਈ ਕੰਮ ਕਰਦਾ ਹੈ, ਲਈ ਸਰਕਾਰ ਵੱਲੋਂ ਦਿੱਤੇ ਮਾਪਦੰਡ ਨੂੰ ਪੂਰਾ ਕਰਨਾ ਲਾਜਮੀ ਹੈ। ਇਸਲਈ ਪਲੇਵੇ ਸਕੂਲਾਂ/ਪ੍ਰਾਈਵੇਟ ਸਕੂਲਾਂਦੇ ਪ੍ਰਬੰਧਕ ਆਪਣੇ ਸਕੂਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਜਲਦ ਤੋਂ ਜਲਦ ਜ਼ਿਲ੍ਹਾ ਪ੍ਰੋਗਰਾਮ ਦਫਤਰ ਵਿਖੇ ਤਾਲਮੇਲ ਕਰਨ।



ਵਿਅੰਗ

# ਡਿਜ਼ੀਟਲ ਘਸੁੰਨ-ਮੁੱਕੀ



ਮੰਗਤ ਕੁਲਜਿੰਦ
ਮੋ. +91-94177-53892, (ਬਠਿੰਡਾ)
ਵੱਟਸਐਪ +1 (425) 286 0163 (ਸਿਆਟਲ)

ਅੱਜ ਤਾਂ ਕੱਕੋ ਦੇ ਚੇਹਰੇ ਤੋਂ ਡੁੱਲ ਡੁੱਲ ਪੈਂਦੀ ਖੁਸ਼ੀ ਦੇ ਨਾਲ ਵਿਅੰਗਮਈ ਮੁਸਕਾਨ ਵੰਡੀ ਜਾ ਰਹੀ ਸੀ ਤੇ ਜੱਸੋ ਨੂੰ ਅੱਚਵੀ ਲੱਗੀ ਪਈ ਸੀ--ਘਰ ਦਾ ਕੰਮ ਧੰਦਾ ਨਿਬੇੜ ਕੇ ਗਲੀ 'ਚ ਮੰਜਾ ਡਾਹ ਕੇ ਟਾਈਮ ਨੂੰ ਧੱਕਾ ਦੇਣ ਲਈ ਬੈਠੀਆਂ ਮੀਨਾ, ਸ਼ੀਨਾ, ਚਤਰੋ, ਰਾਣੀ, ਜੱਸੋ ਕਿਸੇ ਵਿਸ਼ੇ ਨੂੰ ਭਖਾਉਣ ਦੇ ਆਹਰ 'ਚ ਸਨ। ਜੱਸੋ ਨੇ ਤੀਲੀ ਡੱਬੀ ਤੇ ਘਸਾ ਹੀ ਲਈ, "ਨੀ ਕੱਕੋ, ਅੱਜ ਤਾਂ ਬੜੀ ਮੁਸਕੀ ਪਈ ਐ।" ਕਹਿਣਾ ਤਾਂ ਉਸਨੇ 'ਮੁਸ਼ਕੜੀ ਹੱਸੀ ਜਾਂਦੀ ਐਂ' ਪਰ ਨੈਨੋ ਯੁੱਗ ਤੋਂ ਪ੍ਰਭਾਵਿਤ ਮਨ ਤੇ ਜ਼ੁਬਾਨ ਵੀ ਮਿੰਨੀ ਤੋਂ ਮਿੰਨੀ ਹੋਣ ਦਾ ਯਤਨ ਕਰਨ ਦੇ ਕਾਰਨ 'ਮੁਸਕੀ ਪਈ' ਕਹਿ ਹੋ ਗਿਆ। "ਕੀ ਗੱਲ ਕੁੜੇ ਅੱਜ ਤੂੰ ਤਾਂ ਰੁਮਾਂਟਿਕਤਾ ਤੇ ਹੀ ਉਤਰ ਆਈ ਐ ਤੜਕੇ ਤੜਕੇ ਈ! ਭਲਾ ਮੈਂ ਕਿਵੇਂ ਮੁਸ਼ਕੀ ਪਈ ਆਂ?

"ਨਹੀਂ ਕੰਜਰੀਏ, ਮੇਰਾ ਮੁਸਕੀ ਤੋਂ ਮਤਲਬ ਤੇਰੇ ਚੇਹਰੇ ਤੋਂ ਪ੍ਰਗਟ ਹੋ ਰਹੀ ਮੁਸਕਾਨ ਤੋਂ ਸੀ।"

"ਕੁੜੇ ਮੁਸਕਾਣ ਤਾਂ ਆਉਣੀ ਹੀ ਸੀ... ਅੱਜ ਤਾਂ ਘਸੁੰਨ-ਮੁੱਕੀ ਹੋਣ ਦਾ ਸੁਵਾਦ ਈ ਆ ਗਿਆ।"

"ਹੈਂ! ਕੁੜੇ ਕੀਹਦੇ ਨਾਲ? ਸਾਡਾ ਜੀਜਾ 'ਤੇ ਤੇਰੇ ਅੱਗੇ ਪਾਣੀ ਭਰਦੈ, ਹਤਾ ਤੇਰੇ ਨਾਲ ਕੀ ਘਸੁੰਨ-ਮੁੱਕੀ ਹੋਇਆ ਹੋਊ?"

"ਕੁੜੇ ਘਸੁੰਨ ਮੁੱਕੀ ਤਾਂ ਬਰਾਬਰ ਦੇ ਨਾਲ ਹੀ ਕਰਨ 'ਚ ਸੁਵਾਦ ਆਉਂਦੈ।"

"ਇਹਦਾ ਮਤਲਬ ਤੇਰੀ ਸੱਸ ਕੈਨੇਡਾ ਤੋਂ ਵਾਪਿਸ ਆ ਗਈ।"

"ਕਿੱਥੇ? ਉਹ ਤਾਂ ਕਹਿ ਕੇ ਗਈ ਐ, 'ਜੇ ਮੈਂ ਪਿਉ ਦੀ ਧੀ ਹੋਈ ਤਾਂ ਤੇਰਾ ਮਰੀ ਦਾ ਮੂੰਹ ਹੀ ਵੇਖਣ ਆਊ।'

"ਤੇ ਫੇਰ ਕੌਣ ਘਸੁੰਨ ਮੁੱਕੀ ਹੋ ਗਿਆ ਤੇਰੇ ਨਾਲ?"

"ਮੇਰਾ ਤਾ ਕਈ ਦਿਨਾਂ ਦਾ ਸਿਰ ਜਿਹਾ ਦੁਖੀ ਜਾਂਦਾ ਸੀ, ਬਦਹਜ਼ਮੀ ਹੋਈ ਪਈ ਸੀ। ਪਤਾ ਨਹੀਂ ਇਹਨਾਂ ਨੂੰ ਕਿੱਥੋਂ ਸੁਝਿਆ -ਵੱਡਾ ਸਾਰਾ ਮੁਬਾਈਲ ਘਰੇ ਲਿਆਏ ਅਤੇ ਕਹਿੰਦੇ, ਲੈ ਬਈ ਕੱਕੋ ਤੇਰੇ ਲਈ ਸਾਰੀ ਦੁਨੀਆਂ ਹੀ ਤੇਰੀ ਮੁੱਠੀ 'ਚ ਲਿਆ ਤੀ, ਨੱਬੇ ਕੁ ਹਜ਼ਾਰ ਦਾ ਆਇਆ ਇਹ ਡੱਡੂ ਜਿਹਾ। ਤੇਰਾ ਸਿਰ ਦੁਖਣੋਂ ਨਹੀਂ ਹੱਟਦਾ, ਢਿੱਡ 'ਚ ਕੜੱਲ ਪੈਣੋਂ ਸਾਹ ਨਹੀਂ ਲੈ ਰਹੇ, ਲੱਗਦੈ ਤੇਰੇ ਚਿੱਤ 'ਚ ਗੁੱਭ-ਗੁਬਾਰ ਈ ਭਰਿਆ ਪਿਆ ਹੋਊ ਤੇ ਉਧਰ ਮਾਂ ਵੀ ਉਸਲਵੱਟੇ ਲਈ ਜਾਂਦੀ ਹੋਊ, ਕੋਈ ਮਿਹਣੋ-ਮਿਹਣੀ ਹੋਣ ਲਈ ਨਹੀਂ ਮਿਲਦੀ ਹੋਊ। ਅੱਜ ਮੈਂ ਥੋਡੀ ਕਰਾਉਣੀ ਹੈ ਵੀਡੀ -ਕਾਨਫਰੰਸ। ਆਪਾ ਆਜਾ ਗੇ ਇਕ ਦੂਸਰੇ ਦੇ ਸਾਹਮਣੇ,ਤੇ ਕਰ ਲਿਉ ਮਨ ਹਲਕਾ, ਘਸੁੰਨ-ਮੁੱਕੀ ਹੋ ਕੇ।"

"ਕਿਉਂ ਮੈਨੂੰ ਮੂਰਖ ਬਣਾਉਂਦੇ ਹੋ? ਉਹ ਕੜਮੀ ਦੀ ਜ਼ਬਾਨ ਹੀ ਇੰਨੀ ਲੰਮੀ ਹੈ ਕਿ ਉਹ ਵੱਧਦੀ ਵੱਧਦੀ ਇੱਥੋਂ ਤੱਕ ਆ ਜੇ ਗੀ। ਘਸੁੰਨਮੁੱਕੀ ਲਈ ਹੱਥ ਬਾਹਵਾਂ ਕਿਵੇਂ ਪਹੁੰਚਣਗੇ ਇਕ ਦੂਜੇ ਕੋਲ?"

"ਅਕਲ ਦੀਏ ਅੰਨੀਏ- ਨਹੀਂ! ਰੋਜ਼ ਟੀ।ਵੀ। ਤੇ ਨਹੀਂ ਵੇਹਦੀ ਹੁੰਦੀ ਘਸੁੰਨ-ਮੁੱਕੀ। ਅੱਜ ਕੱਲ ਜ਼ਮਾਨਾ ਹੈ ਡਿਜ਼ੀਟਲ ਘਸੁੰਨ-ਮੁੱਕੀ ਦਾ ਤੇ ਆਪਾਂ ਵੀ ਓਹੀ ਕਰਾਂਗੇ। ਮੈਨੂੰ ਪਤੈ, ਮੈਨੂੰ ਤਾਂ ਸਮਾਂ ਮਿਲਣਾ ਹੀ ਨਹੀਂ ਮੂੰਹ ਖੋਲ੍ਹਣ ਦਾ ਪਰ ਫਿਰ ਵੀ ਟੀ।ਵੀ। ਦੇ ਐਂਕਰ ਵਾਂਗ ਮੈਂ ਤੁਹਾਡੇ ਵਿਚਕਾਰ ਬੈਠਾਂਗਾ।"

ਤੇ ਜਿਉਂ ਹੀ ਅਸੀਂ ਸਕਰੀਨ ਤੇ ਇਕ ਦੂਜੇ ਦੇ ਸਾਹਮਣੇ ਆਈਆਂ- ਆਪਣੇ ਸੰਸਕਾਰਾਂ ਨੂੰ ਕਾਇਮ ਰੱਖਣ ਦਾ ਦਿਖਾਵਾ ਕਰਦਿਆਂ ਥੋਹੜਾ ਜਿਹਾ ਝੁੱਕ ਕੇ ਮਨ 'ਚ ਮੈਂ ਗਾਲ੍ਹ ਜਿਹੀ ਕੱਢੀ ਤਾਂ ਕਿ ਉਹਨੂੰ ਲੱਗੇ ਮੈਂ ਪੈਰੀਪੈਣਾ ਕਰ ਰਹੀ ਹਾਂ।ਉਂਝ ਮੈਨੂੰ ਪਤੈ, ਜਿਹੜੀ ਮੇਰੀਆਂ ਉਂਗਲਾਂ 'ਚ ਹੁੰਦੀ ਹੈ ਉਹ ਉਹਦੇ ਨਹੁੰਆਂ 'ਚ ਹੁੰਦੀ ਹੈ। ਉਹਨੇ ਵੀ ਹੱਥ ਜਿਹਾ ਉਤਾਂਹ ਨੂੰ ਚੁੱਕਿਆ ਤਾਂ ਕਿ ਵੇਖਣ ਵਾਲੇ ਨੂੰ ਲੱਗੇ, ਬਈ ਆਸ਼ੀਰਵਾਦ ਦੇ ਰਹੀ ਹੈ। ਮੈਨੂੰ ਪਤੈ ਮਨ 'ਚ ਉਸਨੇ ਕਿਹਾ ਹੋਊ, 'ਕਿੱਥੇ ਡੈਣ ਮੱਥੇ ਲੱਗ ਗਈ।' ਚਲੋ ਘਰ ਵਾਲਿਆਂ ਦੇ ਸਾਹਮਣੇ ਤਾਂ ਸੰਸਕਾਰੀ ਹੋਣ ਦਾ ਡਰਾਮਾ ਕਰਨਾ ਹੀ ਸੀ।"

"ਨੀ ਕੁੜੇ ਅੱਗੇ ਦੱਸ!"

"ਬੱਸ ਫੇਰ ਕੀ ਭੈਣੇ, ਹਾਲ ਚਾਲ ਪੁੱਛ ਕੇ ਮਿਹਣਿਆਂ ਦੀ ਕਿਣਮਿਣ ਤੇ ਫਿਰ ਹੌਲੀ ਹੌਲੀ ਗਾਲ੍ਹਾਂ ਦੀ ਚਟਣੀ 'ਚ ਭਿਉਂ ਭਿਉਂ ਕੇ ਛੱਡਣੇ ਸ਼ੁਰੂ ਕਰ ਦਿੱਤੇ ਅਤੇ ਜ਼ੁਬਾਨ ਦੀ ਉਚਾਈ-ਗਤੀ ਨੂੰ ਨੱਬੇ-ਮੀਲੀ ਬਣਾ ਕੇ ਪਰ ਫਿਰ ਵੀ ਲੱਗ ਰਿਹਾ ਸੀ ਕਿ ਸਪੀਡ ਅਜੇ ਘੱਟ ਹੈ ਤੇ ਲੱਗਦਾ ਸੀ ਸਾਡੀ ਗੱਲ ਤਾਂ ਇਕ ਦੂਜੀ ਕੋਲ ਪਹੁੰਚ ਹੀ ਨਹੀਂ ਰਹੀ, ਇਸੇ ਲਈ ਗਾਲ੍ਹਾਂ ਮਿਹਣਿਆਂ ਨੂੰ ਸਿਰੇ ਦੀ ਗਤੀ ਬਖ਼ਸ਼ਣ ਲਈ ਹੱਥਾਂ 'ਤੇ ਬਾਹਵਾਂ ਨੂੰ ਐਕਸ਼ਨ ਵਿੱਚ ਲੈ ਆਂਦਾ। ਇਕ ਵਾਰ ਤਾਂ ਇਹਨਾਂ ਜ਼ੋਸ਼ ਆਇਆ ਕਿ ਮੈਂ ਮੁਬਾਈਲ ਦੀ ਸਕਰੀਨ ਤੇ ਹੀ ਮੁੱਕਾ ਮਾਰ ਦੇਣਾ ਸੀ ਇਹ ਤਾਂ ਇਹਨਾਂ ਨੇ ਹਵਾਂ 'ਚ ਲਹਿਰਾਇਆ ਮੁੱਕਾ ਫੜ੍ਹ ਲਿਆ ਤੇ ਨੱਬੇ ਹਜ਼ਾਰ 'ਚ ਪਾਣੀ ਪੈਣੋਂ ਬਚ ਗਿਆ। ਪਰ ਭੈਣੇ ਇਕ ਘੰਟਾ ਡਿਜ਼ੀਟਲ ਘਸੁੰਨ ਮੁੱਕੀ ਕਰਕੇ ਸੁਆਦ ਹੀ ਆ ਗਿਆ- ਮਨ ਸ਼ਾਤ ਹੋ ਗਿਆ।"

"ਨੀ ਕੁੜੇ ਸਾਨੂੰ ਵੀ ਇਹ ਸਿਖਾ ਦੇ।"

"ਲੈ... ਐਂ ਤਾਂ ਕਿਵੇਂ ਸਿਖਾਦਿਆਂ? ਪਹਿਲਾਂ ਪੰਜਾਹ ਪੰਜਾਹ ਹਜ਼ਾਰ ਖਰਾ ਕਰੋ।"

"ਕੰਜਰੀਏ ਤੂੰ ਸਾਥੋਂ ਫੀਸ ਲਏਂਗੀ।"

"ਮੈਂ ਤਾਂ ਕਾਹਦੀ ਫੀਸ ਲੈਣੀ ਐ? ਇਹ ਤਾਂ ਭੈਣੇ ਆਹ ਯੰਤਰ ਜੇ ਲੈਣੇ ਪੈਣ ਗੇ ਜੀਹਦੇ 'ਚ ਤੁਹਾਨੂੰ ਕਈ ਜਣੀਆਂ ਨੂੰ ਇਕੱਠੇ ਬਿਠਾ ਲੈਣ ਦੀ ਥਾਂ ਹੋਵੇ।"

ਸਦਕੇ ਜਾਈਏ ਵਿਗਿਆਨੀਆਂ ਦੇ ਜਿਹਨਾਂ ਨੇ ਡਿਜ਼ੀਟਲ ਨੂੰ ਲੋਕਾਂ ਦੀ ਜ਼ਿੰਦਗੀ ਦਾ ਹਮਸਫਰ ਬਣਾਇਆ: ਡਿਜ਼ੀਟਲ ਕਰੰਸੀ, ਡਿਜ਼ੀਟਲ ਅਪਰੇਸ਼ਨ, ਡਿਜ਼ੀਟਲ ਅਰੈਸਟ ਆਦਿ ਅਤੇ ਹੁਣ ਆਹ 'ਡਿਜ਼ੀਟਲ ਘਸੁੰਨ-ਮੁੱਕੀ'। ਸਾਰਾ ਸਮਾਜ ਹੀ ਡਿਜ਼ੀਟਲ ਡਿਜ਼ੀਟਲ ਕੀਤਾ ਪਿਐ।ਡਿਜ਼ੀਟਲ ਘਸੁੰਨ ਮੁੱਕੀ ਦੇ ਫਾਇਦੇ ਬੜੇ ਨੇ, ਕਿਸੇ ਦੇ ਕੋਈ ਸੱਟ ਲੱਗਣ ਦੀ ਗੁਜ਼ਾਇਸ਼ ਨਹੀਂ ਰਹਿ ਜਾਂਦੀ, ਜੂੰਡੇ ਪੱਟਣ-ਪਟਾਉਣ ਦਾ ਖਤਰਾ ਨਹੀਂ ਰਹਿੰਦਾ, ਜਦੋਂ ਸੱਟ ਫੇਟ ਨਹੀਂ ਵੱਜਣੀ ਫਿਰ ਡਾਕਟਰਾਂ, ਵਕੀਲਾਂ, ਪੁਲੀਸ ਦੇ ਘਰ ਕੀਹਨੇ ਭਰਨੇ ਹੋਏ? ਸੱਟਾਂ ਫੇਟਾਂ 'ਤੇ ਸੇਕੇ ਦੇਣ ਦੀਆਂ ਲੋੜਾਂ ਨਹੀਂ।ਜਿਹੜੇ ਮਕਸਦ ਫਿਜ਼ੀਕਲ ਘਸੁੰਨ ਮੁੱਕੀ ਨਾਲ ਪੂਰੇ ਹੁੰਦੇ ਸੀ ਉਹ ਸਾਰੇ ਦੇ ਸਾਰੇ ਡਿਜ਼ੀਟਲ ਘਸੁੰਨ ਮੁੱਕੀ ਨਾਲ ਪੂਰੇ ਹੋ ਜਾਂਦੇ ਨੇ।

ਯਾਦ ਕਰੋ! ਅੱਜ ਤੋਂ ਕੋਈ ਪੰਜ ਛੇ ਦਹਾਕੇ ਪਹਿਲਾਂ ਦੀਆਂ ਗੱਲਾਂ।ਮੈਨੂੰ ਲੱਗਦੈ ਉਦੋਂ ਬੱਚੇ ਬੜੇ ਸਿਆਣੇ ਹੁੰਦੇ ਸੀ। ਜਿਵੇਂ ਸਿਆਣੇ ਕਹਿੰਦੇ ਨੇ ਜਦੋਂ ਲੜਾਈ ਸਿਖਰ 'ਤੇ ਪਹੁੰਚ ਜਾਵੇ ਫਿਜ਼ੀਕਲ ਨੁਕਸਾਨ ਹੋਣ ਤੋਂ ਬਚਾਅ ਕਰਨ ਲਈ ਉਦੋਂ ਜੇ ਇਕ ਮਿੰਟ ਲਈ ਵੀ ਕੰਧ ਵੱਲ ਮੂੰਹ ਕਰਕੇ ਖੜ੍ਹ ਜਾਈਏ ਤਾਂ ਨੁਕਸਾਨਾਂ ਤੋਂ ਬਚਿਆ ਜਾ ਸਕਦੈ। ਇਸੇ ਤਰ੍ਹਾਂ ਬੱਚੇ ਵੀ ਲੜਾਈ ਦੇ ਸਿਖਰੀ-ਪਲਾਂ ਨੂੰ ਟਾਲ ਲੈਂਦੇ ਸਨ। ਖੇਡਦੇ ਖੇਡਦੇ ਉਹ ਉਦੋਂ ਲੜਦੇ ਜਦੋਂ ਉਹਨਾਂ ਨੂੰ ਅਹਿਸਾਸ ਹੋ ਜਾਂਦਾ ਕਿ ਹੁਣ ਘਰਾਂ ਨੂੰ ਵਾਪਸੀ ਹੋਣ ਵਾਲੀ ਐ। ਯੁੱਧ ਨੂੰ ਭਖਾ ਕੇ ਸਿਖਰ 'ਤੇ ਲੈ ਜਾਂਦੇ ਉਧਰੋਂ ਘਰ ਨੂੰ ਵਾਪਸੀ ਪਾ ਦਿੰਦੇ, ਚੱਲਦੇ ਬੈਕ ਗੇਅਰ ਪਾ ਕੇ ਤਾਂ ਕਿ ਵੈਰੀ ਪਿੱਠ ਪਿੱਛੋਂ ਨਾ ਵਾਰ ਕਰ ਦੇਵੇ, ਘਰ ਤੱਕ ਪਹੁੰਚਦਿਆਂ ਪੱਟਾਂ ਤੇ ਥਾਪੀਆਂ ਮਾਰ ਮਾਰ ਪੱਟਾ ਦੇ ਸੰਨਾਂ ਨੂੰ ਲਾਲ ਕਰ ਦਿੰਦੇ, ਨਾਲੇ ਪਿੱਛੇ ਪਿੱਛੇ ਹੱਟਦੇ ਕਹੀ ਜਾਂਦੇ, "ਆਈਂ ਸਾਡੇ ਘਰ ਵੰਨੀ... ਦੇਊਂ ਧਨੇਸੜੀ.. ਤੇਰੀ ਭੈ... ਕੱਢੂ ਤੇਰੀ ਜੇਬ 'ਚੋਂ ਬੰਟੇ ਤੇ ਰੱਬ ਤੇ ਭੇਜਦੂੰ।" ਕਿਉਂਕਿ ਉਦੋਂ ਕੱਛਨੀ-ਦੌਰ ਹੁੰਦਾ ਸੀ, ਪੈਂਟ ਪਜਾਮੇ ਤਾਂ ਕਿਸੇ ਟਾਵੇਂ ਘਰੇ ਹੀ ਨਸੀਬ ਹੁੰਦੇ ਸੀ।ਲੱਗਦੈ ਇਹਨਾਂ ਦੀ ਸਿਆਣਪ ਇਹੀ ਹੁੰਦੀ ਸੀ ਹੁਣ ਦੀ ਘੜੀ ਟਾਲ ਲਉ, ਗੁੱਸਾ ਵੀ ਘਰੇ ਵੜਦਿਆਂ ਤਿੱਤਰ ਹੋ ਜਾਵੇਗਾ, ਹੁਣ ਦਬਕੇ ਮਾਰ ਕੇ ਭੱਜ ਚੱਲੀਏ, ਕਲ ਤੜਕੇ ਜਦੋਂ ਮਿਲਾਂਗੇ ਨਵੇਂ ਦੌਰ 'ਚ ਸ਼ੁਭ-ਪ੍ਰਭਾਤ ਨਾਲ ਹੀ ਮਿਲਾਂਗੇ ਜਾਣੀ ਕਿ ਗਹਿਗੱਚ ਯਾਰੀ ਦਾ ਦੌਰ ਸ਼ੁਰੂ ਹੋ ਜਾਵੇਗਾ।

ਆਹ ਡਿਜ਼ੀਟਲ ਘਸੁੰਨਮੁੱਕੀ ਵੀ ਅਜਿਹੀ ਪ੍ਰਕਿਰਿਆ ਹੈ। ਗਰਮੋ-ਗਰਮੀ ਹੁੰਦਿਆ ਸਾਹਮਣੇ ਹੋਣ 'ਤੇ ਘਸੁੰਨਮੁੱਕੀ ਦੇ ਐਕਟਿਵ ਹੋਣ ਦੇ ਚਾਂਸ ਬਹੁਤ ਹੁੰਦੇ ਨੇ ਪਰ ਡਿਜ਼ੀਟਲ ਘਸੁੰਨ ਮੁੱਕੀ ਵਿੱਚ ਫੀਜੀਕਲ ਹੋਣ ਦੇ ਨੁਕਸਾਨਾਂ ਤੋਂ ਬਚਾਅ ਰਹਿੰਦਾ ਹੈ।

ਦਫਤਰਾਂ ਦੇ ਬੌਸਜ਼ ਨੂੰ ਡਿਜ਼ੀਟਲ ਘਸੁੰਨਮੁੱਕੀ ਦਾ ਬੜਾ ਫਾਇਦਾ ਰਹਿੰਦੈ । ਜਦ ਵੀ ਉਹਨਾਂ ਨੇ ਆਪਣੇ ਮਤਾਹਿਤਾਂ 'ਤੇ ਗੁੱਸਾ ਉਤਾਰ ਆਪਣਾ ਮਨ ਹਲਕਾ ਕਰਨਾ ਹੁੰਦਾ ਹੈ, ਆਹਮਣੇ-ਸਾਹਮਣੇ ਹੋਣ ਦੀ ਬਜਾਇ ਆਪਣੇ ਕੈਬਿਨ ਦਾ ਅੰਦਰੋਂ ਕੁੰਡਾ ਲਾ ਕੇ ਇਕ ਤਰਫਾ ਡਿਜ਼ੀਟਲ ਘਸੁੰਨ ਮੁੱਕੀ ਬੇਫਿਕਰੀ ਨਾਲ ਕਰ ਸਕਦੇ ਨੇ।ਕਿਉਂਕਿ ਮਾਤਹਿਤ ਤਾਂ ਹੁਕਮ ਦੇ ਬੱਝੇ ਹੁੰਦੇ ਨੇ ਕਿ 'ਬੌਸ ਵਿਰੁਧ ਜ਼ੁਬਾਨ' ਨੂੰ ਆਪਣੇ ਘਰ ਹੀ ਸੰਭਾਲ ਕੇ ਆਉਣਾ ਹੈ।ਜੀਭਾ ਘਸੁੰਨ ਮੁੱਕੀ ਕਰਦਿਆਂ ਜੇ ਮਾਤਹਿਤ ਕਦੇ ਸਾਹਮਣੇ ਖੜ੍ਹੇ ਹੋਣ, ਖਤਰਾ ਤਾਂ ਹੋ ਹੀ ਸਕਦੈ ਕਿ ਕਦੇ ਵੀ ਕਿਸੇ ਵੀ ਮਾਤਹਿਤ ਦਾ ਸਾਈਲੈਂਸ ਪਿਆ ਬਰੇਨ ਭੰਬੂਕਾ ਮਾਰ ਕੇ ਉਠ ਸਕਦੈ ਅਤੇ ਹੱਥਾਂ ਬਾਹਾਂ ਨੂੰ ਐਕਸ਼ਨ ਕਰਨ ਦਾ ਹੁਕਮ ਦੇ ਕੇ ਬਾਸ ਲਈ ਵਕਤ ਖੜ੍ਹਾ ਕਰ ਸਕਦੈ।ਇਸ ਲਈ ਇਸ ਗੱਲੋਂ ਬਾਸ ਹੁਣ ਆਪਣੇ ਆਪ ਨੂੰ ਬੜਾ ਸੁਰੱਖਿਅਤ ਮਹਿਸੂਸ ਕਰਨ ਲੱਗ ਪਏ ਨੇ।ਪਰ ਇਸ ਸੁਰੱਖਿਆ ਨੂੰ ਹੋਰ ਪਾਸਿਉਂ ਸੰਨ ਵੀ ਲੱਗ ਸਕਦੀ ਹੈ। ਪਹਿਲਾਂ ਤਾਂ ਵੱਡਾ ਖਤਰਾ ਉਹਨਾਂ ਨੂੰ ਸ਼ਾਮੀ ਘਰ ਪਹੁਚੰਣ ਤੇ ਝੱਲਣਾ ਹੁੰਦਾ ਸੀ। ਉਦੋਂ ਬੌਸ-ਸਾਹਬਾਨੀ ਸਾਰਾ ਦਿਨ ਘਰ ਦੇ ਕਮਰਿਆਂ ਦੇ ਚੱਕਰ ਕੱਟਦੀ ਸ਼ਾਮੀਂ ਲਈ ਜੋ ਮਨਸੂਬੇ ਬਣਾਉਂਦੀ ਰਹਿੰਦੀ ਸੀ ਉਹ ਸ਼ਾਮ ਨੂੰ ਹੀ ਲਾਗੂ ਹੁੰਦੇ ਸਨ। ਪਰ ਹੁਣ.. ਝੱਟ 'ਮੁਬਾਈਲ ਜਾਨੇਮਨ' ਦੀਆਂ ਸੇਵਾਵਾਂ ਲੈ ਕੇ ਬੌਸ ਦੇ ਦਫਤਰ ਬੈਠੇ ਦੇ ਸਿਰ ਹੀ ਆ ਗੱਜਦੀਆਂ ਨੇ ਤੇ ਬੇਜ਼ੁਬਾਨ ਹੋਇਆ ਬੌਸ ਫੋਨ ਨੂੰ ਆਪਣੇ ਸਾਹਮਣੇ ਇਸ ਐਂਗਲ ਤੇ ਰੱਖ ਲੈਂਦਾ ਹੈ ਕਿ ਮੈਡਮ ਨੂੰ ਸਾਰੇ ਦਾ ਸਾਰਾ ਦੀਹਦਾ ਰਹੇ। ਉਂਝ ਉਸ ਵਕਤ ਬਾਸ ਦੇ ਹੱਥ ਬਾਹਵਾਂ ਅਤੇ ਜੀਭ ਨੂੰ ਵੀ ਲਕਵੇ ਦਾ ਦੌਰਾ ਪੈ ਜਾਂਦਾ ਹੈ ਪਰ ਬੌਸ ਦੀ ਕੋਸ਼ਿਸ਼ ਹੁੰਦੀ ਹੈ ਦਫਤਰ ਦਾ ਕੋਈ ਖਤਰਨਾਕ ਕੋਨਾ ਮੈਡਮ ਨੂੰ ਨਾ ਦਿਸੇ। ਮੈਡਮ ਦੀ ਡਿਜ਼ੀਟਲ ਘਸੁੰਨ ਮੁੱਕੀ ਜੋ ਬਿਨ੍ਹਾਂ ਸਮਾਂ-ਬੱਧ ਹੁੰਦੀ ਹੈ, ਚੱਲਦੀ ਰਹਿੰਦੀ ਹੈ- ਕਰਮਚਾਰੀ ਵੀ ਇਸ ਮੌਕੇ ਦਾ ਕਦੇ ਕਦੇ ਫਾਇਦਾ ਉਠਾ ਲੈਂਦੇ ਨੇ ਕਿਉਂਕਿ ਬਾਸ ਦੀਆਂ ਨਿਗਾਹਾਂ ਤਾਂ ਮੈਡਮ ਦੀਆਂ ਨਿਗਾਹਾਂ ਨੇ ਕਾਬੂ ਕੀਤੀਆਂ ਹੁੰਦੀਆਂ ਹਨ ਤੇ ਉਹ ਇਕ ਪਾਸੇ ਫਾਈਲਾਂ ਲਿਆ ਲਿਆ ਬੌਸ ਤੋਂ ਘੁੱਗੀਆਂ ਮਰਵਾਈ ਜਾਂਦੇ ਨੇ । ਇਸ ਤਰ੍ਹਾਂ ਬਾਸ ਦੇ ਗੁੱਸੇ ਦੀਆਂ ਸ਼ਿਕਾਰ ਹੋਈਆਂ ਅਲਮਾਰੀਆਂ ਦਾ ਸ਼ਿੰਗਾਰ ਬਣੀਆਂ ਕਈ ਫਾਈਲਾਂ ਵੀ ਭਵਸਾਗਰ ਤਰ ਜਾਂਦੀਆਂ ਹਨ।

ਵੈਸੇ ਡਿਜ਼ੀਟਲ ਘਸੁੰਨ ਮੁੱਕੀ ਦਾ ਫਾਇਦਾ ਸਾਡੀਆਂ ਰਾਜਨੀਤਕ ਪਾਰਟੀਆਂ ਨੂੰ ਬਹੁਤ ਹੁੰਦਾ ਹੈ। ਪਹਿਲਾਂ ਕਦੇ ਮੇਲਿਆਂ ਜਾਂ ਕਿਸੇ ਸਮਾਗਮਾਂ ਵਿੱਚ ਇਕੱਠੇ ਹੋ ਕੇ ਇਕ ਦੂਜੇ ਤੇ ਚਿੱਕੜ-ਉਛਾਲਣ, ਗਾਲੋ ਗਾਲੀ, ਹੱਥੋਪਾਈ ਹੋਣ ਦਾ ਮੌਕਾ ਮਿਲਦਾ ਸੀ ਪਰ ਉਥੇ ਆਪਣੀ ਜਿੱਤ ਯਕੀਨੀ ਬਣਾਉਣ ਲਈ ਗੁੰਡੇ-ਬਦਮਾਸ਼, ਹਥਿਆਰ ਸਮੇਤ ਟਕੂਏ, ਕ੍ਰਿਪਾਨਾਂ, ਗੰਡਾਸੇ, ਡਾਂਗਾਂ, ਬੰਦੂਕਾਂ, ਪਿਸਟਲ, ਨਾਲ ਰੱਖਣੇ ਪੈਂਦੇ ਪਰ ਹੁਣ ਇਹ ਸਾਰੇ ਝੰਝਟ ਖਤਮ ਹੋ ਗਏ ਨੇ। ਹੁਣ ਤਾਂ ਆਪਣੇ ਘੁਰਨਿਆਂ 'ਚ ਬੈਠੇ, ਚੈਨਲਾਂ ਨਾਲ ਸੰਪਰਕ ਸਾਧ ਕੇ ਇਕ ਦੂਜੇ ਨੂੰ ਘੂਰਦਿਆਂ ਡਿਜ਼ੀਟਲ ਘਸੁੰਨ ਮੁੱਕੀ ਕਰਦੇ ਰਹਿੰਦੇ ਨੇ ਜਿਹਨਾਂ ਦੀ ਕੋਈ ਹੱਦ ਬੰਨਾਂ ਨਹੀਂ ਹੁੰਦਾ ਕਈ ਵਾਰ ਤਾਂ ਇਹ ਇੰਨੇ ਗਰਮੋ ਗਰਮ ਹੋ ਜਾਂਦੇ ਨੇ ਕਿ ਦਰਸ਼ਕਾਂ ਨੂੰ ਡਰ ਲੱਗਣ ਲੱਗ ਜਾਂਦਾ ਹੈ ਕਿ ਇਹ ਇੰਨੇ ਗੁੱਸੇ 'ਚ ਆਏ ਜ਼ਰੂਰ ਕਿਸੇ ਨੂੰ ਸੱਟ ਫੇਟ ਮਾਰ ਦੇਣਗੇ। ਪਰ ਐਂਕਰ ਵੀ ਆਪਣੇ ਕੋਲ ਸੁਦਰਸ਼ਨ ਚੱਕਰ ਰੱਖੀ ਬੈਠਾ ਹੁੰਦਾ ਹੈ, ਇਹਨਾਂ ਦੀਆਂ ਛੱਡੀਆਂ ਮਜ਼ਾਈਲਾਂ-ਡਰੋਨਾਂ ਨੂੰ ਭਸਮ ਕਰ ਦਿੰਦਾ ਹੈ ਤੇ ਇਸ਼ਾਰੇ ਨਾਲ ਸੱਭ ਨੂੰ ਆਪਣੇ ਬੈਂਕ ਖਾਤਿਆਂ ਨੂੰ ਵੇਖਣ ਦੇ ਆਹਰੇ ਲਾ ਦਿੰਦਾ ਹੈ। ਤੇ ਜਦੋਂ ਖਾਤੇ ਦਾ ਕੱਦ ਵਧਿਆ ਦਿਸਦਾ ਹੈ ਤੇ ਫਿਰ ਵਿਰੋਧੀ ਕਿਸ ਨੂੰ ਦਿਸਣਾ ਹੋਇਆ? ਇਹੀ ਪੁੱਛਦੇ ਰਹਿੰਦੇ ਨੇ, ਬਈ ਅਜਿਹੀ ਘਸੁੰਨ ਮੁੱਕੀ ਫੇਰ ਕਦੋਂ ਕਰਣੀ ਐ? ਸੁਵਾਦ ਈ ਆ ਗਿਆ ਅੱਜ ਤਾਂ। ਤੇ ਨਾਲ ਹੀ ਐਂਕਰ ਦੀ ਰਾਇ ਜਾਨਣ ਲਈ ਪੁੱਛ ਬਹਿੰਦੇ ਨੇ, "ਕਿਵੇਂ ਲੱਗੀ ਮੇਰੀ ਐਕਟਿੰਗ 'ਤੇ ਗੱਲ ਬਾਤ ਫਿਰ?"

# ਧਰਤੀ ਜੁਲਾਈ ਅਤੇ ਅਗਸਤ ਵਿੱਚ ਅਸਾਧਾਰਨ ਤੌਰ 'ਤੇ ਤੇਜ਼ੀ ਨਾਲ ਘੁੰਮੇਗੀ-ਮਿਲੀਸੈਕਿੰਡ ਦਾ ਰਹੇਗਾ ਫਰਕ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**- ਸਾਡੀ ਧਰਤੀ ਦੋ ਮੁੱਖ ਤਰ੍ਹਾਂ ਦੀ ਗਤੀ ਕਰਦੀ ਹੈ। ਸਮਝਣ ਵੇਲੇ ਕਈ ਵਾਰ ਇਹ ਰਲਗੱਡ ਹੋ ਜਾਂਦੀਆਂ ਹਨ। ਆ ਜਾਣੀਏ-

ਆਪਣੀ ਧੁਰੀ 'ਤੇ ਘੁੰਮਣਾ (Rotaiton on its axis): ਇਹ ਉਹ ਗਤੀ ਹੈ ਜਿਸ ਕਾਰਨ ਸਾਨੂੰ ਦਿਨ ਅਤੇ ਰਾਤ ਦਾ ਅਨੁਭਵ ਹੁੰਦਾ ਹੈ। ਧਰਤੀ ਆਪਣੀ ਧੁਰੀ 'ਤੇ ਇੱਕ ਪੂਰਾ ਚੱਕਰ ਲਗਭਗ 24 ਘੰਟਿਆਂ (Mean solar day) ਵਿੱਚ ਪੂਰਾ ਕਰਦੀ ਹੈ। ਭੂ-ਮੱਧ ਰੇਖਾ (**5ਤੁਅਟੋਰ**) 'ਤੇ, ਇਸ ਘੁੰਮਣ ਦੀ ਗਤੀ ਲਗਭਗ 1,037 ਮੀਲ ਪ੍ਰਤੀ ਘੰਟਾ (1,670 ਕਿਲੋਮੀਟਰ ਪ੍ਰਤੀ ਘੰਟਾ) ਹੁੰਦੀ ਹੈ। ਇਹ ਗਤੀ ਧਰੁਵਾਂ (Poles) ਵੱਲ ਵਧਣ ਨਾਲ ਘਟਦੀ ਜਾਂਦੀ ਹੈ। ਸਿਖ਼ਰ ਉਤੇ ਖੜੇ ਹੋਵੇਗਾ ਤਾਂ ਇਹ ਗਤੀ ਜ਼ੀਰੋ ਹੋਵੇਗੀ ਜਿਵੇਂ-ਜਿਵੇਂ ਦੂਰ ਹੋਵੋਗੇ ਤਾਂ ਇਹ ਗਤੀ ਭੂਮੱਧ ਤੱਕ ਵਧੇਗੀ ਅਤੇ ਫਿਰ ਹੇਠਲੇ ਪਾਸੇ ਵੱਲ ਘਟਦੀ ਚਲੇ ਜਾਵੇਗੀ ਅਤੇ ਜ਼ੀਰੋ ਧੁਰੇ ਉਤੇ ਪਹੁੰਚ ਜਾਵੇਗੀ। ਧਰਤੀ ਕਿੰਨੀ ਟੇਢੀ ਹੈ, ਗਤੀ ਵੀ ਉਸੇ ਹਿਸਾਲ ਨਾਲ ਬਦਲਦੀ ਹੈ।

ਉਦਾਹਰਨ ਲਈ ਜੇ ਤੁਸੀਂ 45 ਡਿਗਰੀ ਅਕਸ਼ਾਂਸ਼ (Laittude) 'ਤੇ ਹੋ, ਤਾਂ ਗਤੀ ਲਗਭਗ 1,180 ਕਿਲੋਮੀਟਰ ਪ੍ਰਤੀ ਘੰਟਾ (733 ਮੀਲ ਪ੍ਰਤੀ ਘੰਟਾ) ਹੋਵੇਗੀ। ਇਹ ਪ੍ਰਤੀ ਦਿਨ ਹੁੰਦਾ ਹੈ ਅਤੇ ਇਕ ਵਿਅਕਤੀ 24 ਘੰਟੇ ਵਿਚ ਸਿਰਫ ਭੂਮੱਧ ਦੁਆਲੇ ਰਹਿੰਦਿਆ 40,075 ਕਿਲੋਮੀਟਰ ਤੈਅ ਕਰ ਗਿਆ ਹੁੰਦਾ ਹੈ। ਮੋਟਾ-ਮੋਟਾ ਹਿਸਾਬ ਲਾਇਆ ਜਾਏ ਤਾਂ ਇਕ ਸੈਕਿੰਡ ਦੇ ਵਿਚ ਧਰਤੀ ਮਨੁੱਖ ਨੂੰ 464 ਮੀਟਰ ਦੇ ਕਰੀਬ ਅੱਗੇ ਖਿਸਕਾ ਜਾਂਦੀ ਹੈ ਅਤੇ ਇਸ ਹਿਸਾਬ ਨਾਲ ਮਨੁੱਖ ਪ੍ਰਤੀ ਘੰਟਾ 1670 ਕਿਲੋਮੀਟਰ ਦਾ ਸਫ਼ਰ ਤੈਅ ਕਰ ਜਾਂਦਾ ਹੈ। ਦਿੱਲੀ ਤੋਂ ਔਕਲੈਂਡ ਦਾ ਸਫ਼ਰ 12,500 ਕਿਲੋਮੀਟਰ ਬਣਦਾ ਹੈ ਅਤੇ ਇਥੇ ਵਸਦਾ ਮਨੁੱਖ ਬਿਨਾਂ ਕੁਝ ਕੀਤੇ ਸਾਢੇ 7 ਘੰਟੇ ਦੇ ਵਿਚ ਇਕ ਗੇੜਾ ਭਾਰਤ ਤੱਕ ਲਾ ਆਉਂਦਾ ਹੈ। ਜੇਕਰ ਇਸੇ ਸਫ਼ਰ ਨੂੰ ਸੂਰਜ ਦੁਆਲੇ ਘੁੰਮਦੀ ਦੀ ਗਤੀ ਦੇ ਨਾਲ ਮਿਣਿਆ ਜਾਵੇ ਤਾਂ ਮਨੁੱਖ ਪ੍ਰਤੀ ਸੈਕਿੰਡ 29।72 ਕਿਲੋਮੀਟਰ ਦੀ ਗਤੀ ਦੇ ਨਾਲ ਘੁੰਮ ਰਿਹਾ ਹੈ। ਇਸ ਹਿਸਾਬ ਨਾਲ ਪ੍ਰਤੀ ਮਿੰਟ 1783।33 ਕਿਲੋਮੀਟਰ ਪ੍ਰਤੀ ਮਿੰਟ ਅਤੇ 107,000 ਕਿਲੋਮੀਟਰ ਪ੍ਰਤੀ ਘੰਟਾ ਘੁੰਮ ਰਿਹਾ ਹੈ। ਇਸ ਤਰ੍ਹਾਂ 24 ਘੰਟੇ ਵਿਚ ਇਹ ਸਫ਼ਰ 25 ਲੱਖ 68 ਹਜ਼ਾਰ ਕਿਲੋਮੀਟਰ ਬਣ ਜਾਂਦਾ ਹੈ ਅਤੇ ਸਾਲ ਦੇ ਵਿਚ ਕੁੱਲ ਸਫ਼ਰ 93 ਕਰੋੜ, 73 ਲੱਖ ਅਤੇ 20,000 ਹਜ਼ਾਰ ਕਿਲੋਮੀਟਰ ਬਣਦਾ ਹੈ।

ਸੂਰਜ ਦੁਆਲੇ ਚੱਕਰ ਲਗਾਉਣਾ (Revoluiton/Oribt around the Sun): ਇਹ ਉਹ ਗਤੀ ਹੈ ਜਿਸ ਕਾਰਨ ਸਾਨੂੰ ਸਾਲ ਅਤੇ ਮੌਸਮ (Seasons) ਮਿਲਦੇ ਹਨ। ਧਰਤੀ ਨੂੰ ਸੂਰਜ ਦੁਆਲੇ ਇੱਕ ਪੂਰਾ ਚੱਕਰ (Oribt) ਲਗਾਉਣ ਵਿੱਚ ਲਗਭਗ 365.25 ਦਿਨ (ਇੱਕ ਸਾਲ) ਲੱਗਦੇ ਹਨ।

ਹੁਣ, ਇਸ ਖਗੋਲੀ ਤੱਥ ਨੂੰ ਸਮਝੋ: ਧਰਤੀ ਸੂਰਜ ਦੁਆਲੇ ਔਸਤਨ ਲਗਭਗ 67,000 ਮੀਲ ਪ੍ਰਤੀ ਘੰਟਾ (107,000 ਕਿਲੋਮੀਟਰ ਪ੍ਰਤੀ ਘੰਟਾ) ਦੀ ਬਹੁਤ ਤੇਜ਼ ਰਫ਼ਤਾਰ ਨਾਲ ਘੁੰਮਦੀ ਹੈ। ਇਸ ਲਈ, ਜੇਕਰ ਅਸੀਂ ਗਣਨਾ ਕਰੀਏ ਕਿ ਧਰਤੀ 24 ਘੰਟਿਆਂ (ਇੱਕ ਦਿਨ) ਵਿੱਚ ਸੂਰਜ ਦੁਆਲੇ ਕਿੰਨੀ ਦੂਰੀ ਤੈਅ ਕਰਦੀ ਹੈ, ਤਾਂ ਇਹ ਲਗਭਗ 1।6 ਮਿਲੀਅਨ ਮੀਲ (2।6 ਮਿਲੀਅਨ ਕਿਲੋਮੀਟਰ) ਬਣਦੀ ਹੈ।

### ਅਸੀਂ ਇਸਨੂੰ ਮਹਿਸੂਸ ਕਿਉਂ ਨਹੀਂ ਕਰਦੇ?

ਭਾਵੇਂ ਅਸੀਂ ਇੰਨੀ ਤੇਜ਼ੀ ਨਾਲ ਚੱਲ ਰਹੇ ਹੁੰਦੇ ਹਾਂ, ਸਾਨੂੰ ਇਹ ਗਤੀ ਮਹਿਸੂਸ ਨਹੀਂ ਹੁੰਦੀ। ਇਸਦਾ ਕਾਰਨ ਇਹ ਹੈ ਕਿ:

ਨਿਰੰਤਰ ਗਤੀ: ਅਸੀਂ ਅਤੇ ਸਾਡੇ ਆਲੇ-ਦੁਆਲੇ ਦੀ ਹਰ ਚੀਜ਼ (ਵਾਯੂਮੰਡਲ ਸਮੇਤ) ਧਰਤੀ ਦੇ ਨਾਲ ਇੱਕੋ ਸਥਿਰ ਗਤੀ 'ਤੇ ਘੁੰਮ ਰਹੀ ਹੈ। ਜਿਵੇਂ ਇੱਕ ਹਵਾਈ ਜਹਾਜ਼ ਵਿੱਚ ਬੈਠੇ ਯਾਤਰੀ ਨੂੰ ਹਵਾਈ ਜਹਾਜ਼ ਦੀ ਤੇਜ਼ ਰਫ਼ਤਾਰ ਮਹਿਸੂਸ ਨਹੀਂ ਹੁੰਦੀ ਜੇਕਰ ਉਹ ਸਥਿਰ ਗਤੀ 'ਤੇ ਹੋਵੇ, ਉਸੇ ਤਰ੍ਹਾਂ ਅਸੀਂ ਧਰਤੀ ਦੀ ਗਤੀ ਨੂੰ ਮਹਿਸੂਸ ਨਹੀਂ ਕਰਦੇ। ਧਰਤੀ ਦੀ ਘੁੰਮਣ ਦੀ ਗਤੀ ਲਗਭਗ ਸਥਿਰ ਹੈ, ਇਸ ਲਈ ਸਾਨੂੰ ਕੋਈ ਅਚਾਨਕ ਝਟਕਾ ਮਹਿਸੂਸ ਨਹੀਂ ਹੁੰਦਾ।

ਇਸ ਤਰ੍ਹਾਂ, ਧਰਤੀ 'ਤੇ ਹਰ ਕੋਈ, ਭਾਵੇਂ ਉਹ ਕਿਤੇ ਵੀ ਹੋਵੇ (ਧਰੁਵਾਂ ਨੂੰ ਛੱਡ ਕੇ), ਦਿਨ ਭਰ ਇੱਕ ਲੰਬੀ ਦੂਰੀ ਤੈਅ ਕਰਦਾ ਹੈ, ਬਿਨਾਂ ਇਸਨੂੰ ਮਹਿਸੂਸ ਕੀਤੇ।

ਤੇਜ਼ੀ ਨਾਲ ਘੁੰਮੇਗੀ ਧਰਤੀ: ਵਿਗਿਆਨੀਆਂ ਨੇ ਭਵਿੱਖਬਾਣੀ ਕੀਤੀ ਹੈ ਕਿ ਧਰਤੀ ਜੁਲਾਈ ਅਤੇ ਅਗਸਤ 2025 ਵਿੱਚ ਆਪਣੀ ਆਮ ਰਫ਼ਤਾਰ ਨਾਲੋਂ ਅਸਾਧਾਰਨ ਤੌਰ 'ਤੇ ਤੇਜ਼ੀ ਨਾਲ ਘੁੰਮੇਗੀ। ਇਹ ਇੱਕ ਦਿਲਚਸਪ ਖੋਜ ਹੈ ਕਿਉਂਕਿ ਧਰਤੀ ਦਾ ਘੁੰਮਣਾ (ਰੋਟਅਟਿਨ) ਆਮ ਤੌਰ 'ਤੇ ਬਹੁਤ ਸਥਿਰ ਰਹਿੰਦਾ ਹੈ, ਹਾਲਾਂਕਿ ਇਸ ਵਿੱਚ ਬਹੁਤ ਛੋਟੀਆਂ ਤਬਦੀਲੀਆਂ ਹੁੰਦੀਆਂ ਰਹਿੰਦੀਆਂ ਹਨ।

ਇਸ ਵਰਤਾਰੇ ਦਾ ਕਾਰਨ ਅਜੇ ਪੂਰੀ ਤਰ੍ਹਾਂ ਸਮਝਿਆ ਨਹੀਂ ਗਿਆ ਹੈ, ਪਰ ਕਈ ਕਾਰਕ ਇਸ ਵਿੱਚ ਯੋਗਦਾਨ ਪਾ ਸਕਦੇ ਹਨ। ਇਹਨਾਂ ਵਿੱਚ ਧਰਤੀ ਦੇ ਅੰਦਰੂਨੀ ਹਿੱਸੇ ਵਿੱਚ ਤਬਦੀਲੀਆਂ (changes in Earth's core), ਸਮੁੰਦਰੀ ਧਾਰਾਵਾਂ (ocean currents), ਅਤੇ ਵਾਯੂਮੰਡਲ ਦੀਆਂ ਗਤੀਵਿਧੀਆਂ (atmospheirc acitivty) ਸ਼ਾਮਲ ਹਨ। ਧਰਤੀ ਦੇ ਘੁੰਮਣ ਵਿੱਚ ਇਹ ਛੋਟੀਆਂ ਤਬਦੀਲੀਆਂ ਲੱਖਾਂ ਸਾਲਾਂ ਤੋਂ ਨਿਗਰਾਨੀ ਕੀਤੀਆਂ ਜਾ ਰਹੀਆਂ ਹਨ, ਪਰ ਆਮ ਤੌਰ 'ਤੇ ਇਹ ਇੱਕ ਸਦੀ ਦੇ ਇੱਕ ਹਜ਼ਾਰਵੇਂ ਹਿੱਸੇ (a thousandth of a second) ਵਰਗੀਆਂ ਬਹੁਤ ਘੱਟ ਹੁੰਦੀਆਂ ਹਨ।

ਇਸ ਤੇਜ਼ੀ ਨਾਲ ਘੁੰਮਣ ਦੇ ਸੰਭਾਵੀ ਪ੍ਰਭਾਵ ਕੀ ਹੋ ਸਕਦੇ ਹਨ? ਜ਼ਿਆਦਾਤਰ ਲੋਕਾਂ ਨੂੰ ਰੋਜ਼ਾਨਾ ਜੀਵਨ ਵਿੱਚ ਕੋਈ ਫਰਕ ਮਹਿਸੂਸ ਨਹੀਂ ਹੋਵੇਗਾ। ਇਹ ਤਬਦੀਲੀਆਂ ਇੰਨੀਆਂ ਸੂਖਮ (subtle) ਹਨ ਕਿ ਸਾਡੀਆਂ ਇੰਦਰੀਆਂ ਉਨ੍ਹਾਂ ਨੂੰ ਮਹਿਸੂਸ ਨਹੀਂ ਕਰ ਸਕਦੀਆਂ। ਹਾਲਾਂਕਿ, ਇਹ ਤਕਨੀਕੀ ਪ੍ਰਣਾਲੀਆਂ (tech-incal systems) ਨੂੰ ਪ੍ਰਭਾਵਿਤ ਕਰ ਸਕਦਾ ਹੈ ਜੋ ਬਹੁਤ ਸਟੀਕ ਸਮੇਂ 'ਤੇ ਨਿਰਭਰ ਕਰਦੀਆਂ ਹਨ। ਉਦਾਹਰਨ ਲਈ, GPS (Global Poisitoinng System) ਅਤੇ ਸੈਟੇਲਾਈਟ ਸੰਚਾਰ (satelilte commuincaiton) ਵਰਗੀਆਂ ਪ੍ਰਣਾਲੀਆਂ ਨੂੰ ਇਹਨਾਂ ਤਬਦੀਲੀਆਂ ਨੂੰ ਅਨੁਕੂਲ ਕਰਨ ਲਈ ਵਿਵਸਥਿਤ (adjusted) ਕਰਨ ਦੀ ਲੋੜ ਪੈ ਸਕਦੀ ਹੈ।

ਇਹ ਇੱਕ ਯਾਦ ਦਿਵਾਉਂਦਾ ਹੈ ਕਿ ਸਾਡੀ ਧਰਤੀ ਇੱਕ ਜੀਵਤ ਅਤੇ ਬਦਲਦੀ ਪ੍ਰਣਾਲੀ ਹੈ, ਅਤੇ ਇਸ ਦੀਆਂ ਸਭ ਤੋਂ ਛੋਟੀਆਂ ਗਤੀਵਿਧੀਆਂ ਵੀ ਵਿਗਿਆਨਕ ਅਧਿਐਨ ਲਈ ਮਹੱਤਵਪੂਰਨ ਹੋ ਸਕਦੀਆਂ ਹਨ।

### ਗੁਰਬਾਣੀ ਵਿੱਚ ਧਰਤੀ ਦਾ ਸੰਕਲਪ:

ਗੁਰਬਾਣੀ, ਜੋ ਕਿ ਸਿੱਖ ਧਰਮ ਦਾ ਪਵਿੱਤਰ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ, ਸ੍ਰਿਸ਼ਟੀ (creaiton) ਅਤੇ ਬ੍ਰਹਿਮੰਡ (universe) ਬਾਰੇ ਡੂੰਘੀ ਸਮਝ ਪੇਸ਼ ਕਰਦੀ ਹੈ। ਧਰਤੀ ਨੂੰ ਵੀ ਇਸ ਵਿਸ਼ਾਲ ਰਚਨਾ ਦੇ ਇੱਕ ਹਿੱਸੇ ਵਜੋਂ ਦੇਖਿਆ ਜਾਂਦਾ ਹੈ।

### ਧਰਤੀ ਦੀ ਰਚਨਾ ਅਤੇ ਇਸਦਾ ਮਹੱਤਵ:

ਗੁਰਬਾਣੀ ਵਿੱਚ ਧਰਤੀ ਨੂੰ ਪ੍ਰਮਾਤਮਾ ਦੀ ਬੇਅੰਤ ਕੁਦਰਤ (ਨਅਟੂਰਏ) ਅਤੇ ਉਸਦੀ ਰਚਨਾਤਮਕ ਸ਼ਕਤੀ (ਚਰਏਅਟਿਵਏ ਪੌਏਰ) ਦੇ ਪ੍ਰਤੀਕ ਵਜੋਂ ਦਰਸਾਇਆ ਗਿਆ ਹੈ। ਇਹ ਕੋਈ ਨਿਰਜੀਵ ਪਦਾਰਥ ਨਹੀਂ, ਸਗੋਂ ਪ੍ਰਮਾਤਮਾ ਦੀ ਹੋਂਦ ਦਾ ਪ੍ਰਮਾਣ ਹੈ। ਜਿਵੇਂ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ॥" (ਭਾਵ ਕਿ ਹਵਾ ਗੁਰੂ ਹੈ, ਪਾਣੀ ਪਿਤਾ ਹੈ, ਅਤੇ ਧਰਤੀ ਸਭ ਦੀ ਮਹਾਨ ਮਾਤਾ ਹੈ। ਦਿਨ ਅਤੇ ਰਾਤ ਦੋ ਨਰਸਾਂ ਹਨ, ਜਿਨ੍ਹਾਂ ਦੀ ਗੋਦ ਵਿੱਚ ਸਾਰਾ ਸੰਸਾਰ ਖੇਡ ਰਿਹਾ ਹੈ।

ਜ਼ਿਕਰ ਆਉਂਦਾ ਹੈ ਕਿ ਕਿਵੇਂ ਪ੍ਰਮਾਤਮਾ ਨੇ ਸਾਰੀ ਸ੍ਰਿਸ਼ਟੀ, ਜਿਸ ਵਿੱਚ ਧਰਤੀ, ਆਕਾਸ਼, ਤਾਰੇ, ਅਤੇ ਸਮੁੰਦਰ ਸ਼ਾਮਲ ਹਨ, ਨੂੰ ਇੱਕ ਹੁਕਮ ਦੁਆਰਾ ਸਾਜਿਆ ਹੈ। ਫੁਰਮਾਨ ਹੈ "ਕੀਤਾ ਪਸਾਉ ਏਕੋ ਕਵਾਉ ॥ ਤਿਸ ਤੇ ਹੋਏ ਲਖ ਦਰੀਆਉ ॥ ਇਸਦਾ ਅਰਥ ਹੈ ਕਿ ਇੱਕ ਪ੍ਰਮਾਤਮਾ ਦੇ ਇੱਕ ਸ਼ਬਦ ਜਾਂ ਹੁਕਮ ਨਾਲ ਹੀ ਸਾਰਾ ਪਸਾਰਾ (ਚਰਏਅਟੋਿਨ) ਹੋ ਗਿਆ ਅਤੇ ਲੱਖਾਂ ਦਰਿਆ (ਭਾਵ ਸਾਰੀ ਸ੍ਰਿਸ਼ਟੀ) ਉਸ ਤੋਂ ਪੈਦਾ ਹੋਏ। ਧਰਤੀ ਨੂੰ ਮਨੁੱਖੀ ਜੀਵਨ ਲਈ ਇੱਕ ਪਲੇਟਫਾਰਮ ਵਜੋਂ ਵੀ ਦੇਖਿਆ ਜਾਂਦਾ ਹੈ, ਜਿੱਥੇ ਜੀਵ ਆ ਕੇ ਕਰਮ ਕਰਦੇ ਹਨ ਅਤੇ ਪ੍ਰਮਾਤਮਾ ਨਾਲ ਜੁੜਨ ਦਾ ਮੌਕਾ ਪ੍ਰਾਪਤ ਕਰਦੇ ਹਨ।

"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥
ੜਕ ੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥"

ਇਹ ਪੰਗਤੀ ਦੱਸਦੀ ਹੈ ਕਿ ਕਿਵੇਂ ਅਣਗਿਣਤ ਪਾਤਾਲ ਅਤੇ ਆਕਾਸ਼ ਹਨ, ਅਤੇ ਵੇਦ ਵੀ ਇਸਦਾ ਅੰਤ ਨਹੀਂ ਲੱਭ ਸਕੇ, ਜਿਸਦਾ ਮਤਲਬ ਹੈ ਕਿ ਪ੍ਰਮਾਤਮਾ ਦੀ ਸ੍ਰਿਸ਼ਟੀ ਬਹੁਤ ਵਿਸ਼ਾਲ ਅਤੇ ਅਨੰਤ ਹੈ। ਇਸ ਵਿੱਚ ਧਰਤੀ ਵੀ ਇੱਕ ਬਿੰਦੂ ਮਾਤਰ ਹੈ।

# ਕੀ "ਸਮਾਜਵਾਦੀ" ਅਤੇ "ਧਰਮ-ਨਿਰਪੱਖ" ਸ਼ਬਦ ਸੰਵਿਧਾਨ ਵਿੱਚੋਂ ਗ਼ਾਇਬ ਹੋ ਜਾਣਗੇ?

ਇਹਨਾਂ ਦਿਨਾਂ 'ਚ ਦੇਸ਼ ਵੱਡੀਆਂ ਚਰਚਾਵਾਂ ਕਾਰਨ ਹੈਰਾਨ-ਪਰੇਸ਼ਾਨ ਹੈ। ਵੱਡੀ ਚਰਚਾ ਤਿੰਨ ਦਹਾਕੇ ਪਹਿਲਾਂ ਇੰਦਰਾ ਗਾਂਧੀ ਵੱਲੋਂ ਐਲਾਨੀ ਗਈ ਐਮਰਜੈਂਸੀ ਦੀ ਹੋ ਰਹੀ ਹੈ। ਨਾਲ ਹੀ ਚਰਚਾ ਹੋ ਰਹੀ ਹੈ ਆਰ।ਐਸ।ਐਸ।ਦੇ ਇੱਕ ਵੱਡੇ ਅਧਿਕਾਰੀ ਦੀ ਸਮਾਜਵਾਦੀ ਅਤੇ ਧਰਮ ਨਿਰਪੱਖਤਾ ਸੰਬੰਧੀ ਟਿੱਪਣੀ ਦੀ।

ਕੋਈ ਵੀ ਅਖ਼ਬਾਰ, ਕੋਈ ਵੀ ਟੀ.ਵੀ. ਚੈਨਲ ਇਹੋ ਜਿਹਾ ਨਹੀਂ ਦਿਖਦਾ, ਜਿਹੜਾ ਐਮਰਜੈਂਸੀ ਦੌਰਾਨ ਹੋਈਆਂ ਜ਼ਿਆਦਤੀਆਂ, ਸੈਂਸਰਸ਼ਿਪ ਦੀ ਗੱਲ ਨਾ ਕਰਦਾ ਹੋਵੇ। ਗੋਦੀ ਮੀਡੀਆ ਵੱਲੋਂ 30 ਸਾਲ ਪਹਿਲਾਂ ਵਾਪਰੇ ਘਟਨਾਕ੍ਰਮ 'ਤੇ ਵੋਟ-ਬਟੋਰੂ ਰਾਜਨੀਤੀ ਕਰਦਿਆਂ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਪਾਸੇ ਕਰਨ ਲਈ ਇਹ ਮੁੱਦਾ ਵਿਸ਼ਾਲ ਪੱਧਰ 'ਤੇ ਪ੍ਰਚਾਰਿਆ ਜਾ ਰਿਹਾ ਹੈ।

ਪਰ ਹੈਰਾਨੀ ਦੀ ਗੱਲ ਹੈ ਕਿ ਇੱਕ ਸਦੀ ਤੋਂ ਵੀ ਵੱਧ ਪੁਰਾਣੀ ਕਾਂਗਰਸ ਇਸ ਪ੍ਰਚਾਰ ਪ੍ਰਤੀ ਚੁੱਪੀ ਧਾਰ ਕੇ ਬੈਠੀ ਹੈ। ਕਿਉਂ ਨਹੀਂ ਕਾਂਗਰਸ ਲੀਡਰਸ਼ਿਪ ਐਮਰਜੈਂਸੀ ਦੌਰਾਨ ਲੋਕਾਂ ਨਾਲ ਹੋਈਆਂ ਜ਼ਿਆਦਤੀਆਂ ਦੀ ਦੇਸ਼ ਦੇ ਲੋਕਾਂ ਤੋਂ ਮਾਫ਼ੀ ਮੰਗਦੀ ਅਤੇ ਭਾਜਪਾ ਦੇ ਇਸ ਤਿੱਖੇ ਹਥਿਆਰ ਨੂੰ ਖੁੰਢਾ ਕਰਨ ਦਾ ਯਤਨ ਕਰਦੀ, ਜਿਸ ਵੱਲੋਂ ਅਣਐਲਾਨੀ ਐਮਰਜੈਂਸੀ ਦੇਸ਼ ਵਿੱਚ ਲਗਾਈ ਹੋਈ ਹੈ।

ਮੁੱਖ ਮੰਤਵ 1975 ਐਮਰਜੈਂਸੀ ਮੁੱਦੇ ਨੂੰ ਭਖਾ ਕੇ,ਦੇਸ਼ ਦੇ ਸੰਵਿਧਾਨ ਵਿੱਚੋਂ ਸਮਾਜਵਾਦ ਅਤੇ ਧਰਮ ਨਿਰਪੱਖਤਾ ਦੇ ਸ਼ਬਦ ਕੱਟ ਦੇਣ ਦੀ ਮੁਹਿੰਮ ਵਿੱਢਣਾ ਹੈ ਅਤੇ ਆਰ।ਐਸ।ਐਸ।ਦੇ ਇਸ਼ਾਰੇ 'ਤੇ ਹੁਣ ਲੁਕਵੇਂ ਤੌਰ 'ਤੇ ਹੀ ਨਹੀਂ ਸਗੋਂ ਬਿਲਕੁਲ ਸਾਹਮਣੇ ਮੈਦਾਨ 'ਚ ਆ ਕੇ ਇਹ ਲੋਕਤੰਤਰ,ਸੰਵਿਧਾਨ , ਸਮਾਜਵਾਦ, ਧਰਮ ਨਿਰਪੱਖਤਾ ਦੇ ਖ਼ਾਤਮੇ ਲਈ ਹਾਕਮਾਂ ਨੇ ਦੇਸ਼ ਵਿਰੋਧੀ ਮੁਹਿੰਮ ਚਲਾਈ ਹੋਈ ਹੈ। ਬਿਨਾਂ ਸ਼ੱਕ 25 ਜੂਨ ਨੂੰ ਭਾਰਤੀ ਇਤਿਹਾਸ ਵਿੱਚ ਕਾਲੇ ਦਿਨ ਦੇ ਰੂਪ ਵਿਚ ਯਾਦ ਕੀਤਾ ਜਾਂਦਾ ਹੈ। 25 ਜੂਨ 1658 ਜ਼ਾਲਮ ਔਰੰਗਜ਼ੇਬ ਨੇ ਖ਼ੁਦ ਨੂੰ ਮੁਗਲ ਸਾਮਰਾਜ ਦਾ ਬਾਦਸ਼ਾਹ ਐਲਾਨਿਆ ਸੀ ਅਤੇ 25 ਜੂਨ 1975 ਨੂੰ ਭਾਰਤ ਦੀ ਤਤਕਾਲੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੇ ਆਪਣੇ ਪ੍ਰਧਾਨ ਮੰਤਰੀ ਦੇ ਅਹੁਦੇ ਨੂੰ ਬਰਕਰਾਰ ਰੱਖਣ ਲਈ ਸੰਵਿਧਾਨ ਦੀ ਆਤਮਾ ਦਾ ਗਲਾ ਘੁੱਟ ਦਿੱਤਾ ਸੀ।

ਉਹਨਾਂ ਸੰਵਿਧਾਨ ਦੀ ਧਾਰਾ 352 ਦੇ ਤਹਿਤ ਤਤਕਾਲੀ ਰਾਸ਼ਟਰਪਤੀ ਫ਼ਖ਼ਰੂਦੀਨ ਅਲੀ ਅਹਿਮਦ ਕੋਲੋਂ ਦੇਸ਼ ਵਿੱਚ ਅੰਦਰੂਨੀ ਗੜਬੜ ਦਾ ਹਵਾਲਾ ਦੇ ਕੇ ਐਮਰਜੈਂਸੀ ਦਾ ਐਲਾਨ ਕਰਵਾਇਆ ਸੀ। ਲੋਕਤੰਤਰ ਦੀ ਹੱਤਿਆ ਕਰ ਦਿੱਤੀ ਗਈ। ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕੀਤੀ ਗਈ। ਸੱਤਾ 'ਤੇ ਕਾਬਜ਼ ਰਹਿਣ ਲਈ ਵਿਰੋਧੀ ਧਿਰ ਦੇ ਨਿਰਦੋਸ਼ ਅਤੇ ਬੇਕਸੂਰ ਨੇਤਾਵਾਂ ਨੂੰ ਜੇਲ੍ਹਾਂ ਵਿੱਚ ਡੱਕ ਦਿੱਤਾ ਗਿਆ।

ਲੋਕਤੰਤਰ ਦਾ ਚੌਥਾ ਮਹੱਤਵਪੂਰਨ ਥੰਮ੍ਹ ਮੰਨੇ ਜਾਣ ਵਾਲੇ ਮੀਡੀਆ ਦੀ ਅਵਾਜ਼ ਨੂੰ ਬੰਦ ਕਰਕੇ ਇਸ ਨੂੰ ਗੂੰਗਾ ਬਣਾ ਦਿੱਤਾ ਗਿਆ। ਲੋਕਤੰਤਰ ਦੀ ਜਾਨ ਅਤੇ ਲੋਕਤੰਤਰ ਦਾ ਪੰਜਵਾਂ ਮਹੱਤਵਪੂਰਨ ਥੰਮ੍ਹ ਦੇਸ਼ ਦੇ ਨਾਗਰਿਕਾਂ ਨੂੰ ਐਮਰਜੈਂਸੀ ਲਗਾ ਕੇ ਉਹਨਾਂ ਦੇ ਮੁੱਢਲੇ ਹੱਕ - ਹਕੂਕਾਂ ਤੋਂ ਵਾਂਝੇ ਕਰ ਦਿੱਤਾ ਗਿਆ। ਮੀਡੀਆ ਸਮੇਤ ਆਮ- ਖ਼ਾਸ ਸਭ ਲੋਕਾਂ ਦੇ ਵਿਚਾਰ ਪ੍ਰਗਟਾਉਣ, ਸ਼ਾਂਤਮਈ ਢੰਗ ਨਾਲ ਵਿਰੋਧ ਕਰਨ, ਮੁਜ਼ਾਹਰਾ ਕਰਨ ਅਤੇ ਹੋਰ ਬੁਨਿਆਦੀ ਹੱਕ ਇੱਕ ਝਟਕੇ ਨਾਲ ਖੋਹ ਲਏ।

ਖ਼ਬਰਾਂ ਇੱਥੋਂ ਤੱਕ ਕਿ ਫ਼ਿਲਮਾਂ 'ਤੇ ਵੀ ਸਖ਼ਤੀ ਨਾ਼ਲ ਸੈਂਸਰ ਲਾ ਦਿੱਤਾ। ਬਿਨਾਂ ਸ਼ੱਕ ਦੇਸ਼ ਵਿੱਚ 25 ਮਾਰਚ 1977 ਤੱਕ 21 ਮਹੀਨੇ ਐਮਰਜੈਂਸੀ ਦਾ ਦੌਰ ਤਾਨਾਸ਼ਾਹ ਹੁਕਮਰਾਨ ਦੀਆਂ ਮਨਮਾਨੀਆਂ ਦਾ ਦੌਰ ਸੀ। ਆਮ ਲੋਕਾਂ ਅਤੇ ਵਿਰੋਧੀ ਧਿਰ ਦੇ ਨੇਤਾਵਾਂ ਵੱਲੋਂ ਇਸ ਐਮਰਜੈਂਸੀ ਦਾ ਹਰ ਢੰਗ ਨਾਲ ਵਿਰੋਧ ਕੀਤਾ ਗਿਆ।ਮਾਹੌਲ ਖਰਾਬ ਹੋਇਆ। ਹਜ਼ਾਰਾਂ ਲੋਕਾਂ ਨੇ ਗ੍ਰਿਫ਼ਤਾਰੀਆਂ ਦਿੱਤੀਆਂ। ਐਮਰਜੈਂਸੀ ਦੇ 50 ਸਾਲ ਬੀਤ ਜਾਣ 'ਤੇ ਵੀ ਆਮ ਲੋਕਾਂ ਅਤੇ ਵਿਰੋਧੀ ਪਾਰਟੀਆਂ ਦੇ ਮਨਾਂ ਵਿੱਚ ਇਸ ਦਿਨ ਪ੍ਰਤੀ ਰੋਸ ਅੱਜ ਵੀ ਉਸੇ ਤਰ੍ਹਾਂ ਬਣਿਆ ਹੋਇਆ ਹੈ।

ਐਮਰਜੈਂਸੀ ਦੇ ਇਸ ਕਾਲੇ ਦੌਰ ਦੀ ਯਾਦ ਨੂੰ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਲੋਕਤੰਤਰ ਦੀ ਆਤਮਾ 'ਤੇ ਇੱਕ ਜ਼ਾਲਮ ਹਮਲਾ ਦੱਸਦਿਆਂ ਪ੍ਰਸਤਾਵ ਰੱਖਿਆ ਸੰਵਿਧਾਨ ਦੀ ਉਲੰਘਣਾ ਅਤੇ ਤਾਨਾਸ਼ਾਹੀ ਦੇ ਵਿਰੁੱਧ ਖੜ੍ਹੇ ਲੱਖਾਂ ਭਾਰਤੀਆਂ ਦੀ ਹਿੰਮਤ ਨੂੰ ਯਾਦ ਕਰਨ ਦੇ ਦਿਨ ਵਜੋਂ 25 ਜੂਨ ਨੂੰ ਹਰ ਸਾਲ "ਸੰਵਿਧਾਨ ਕਤਲ ਦਿਵਸ" ਵਜੋਂ ਮਨਾਇਆ ਜਾਣਾ ਚਾਹੀਦਾ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਐਮਰਜੈਂਸੀ ਦੇ ਖ਼ਾਤਮੇ ਤੋਂ ਬਾਅਦ ਭਾਰਤ ਵਿੱਚ ਸਹੀ ਅਰਥਾਂ ਵਿੱਚ ਲੋਕਤੰਤਰ ਸਥਾਪਿਤ ਹੋ ਸਕਿਆ? ਕੀ ਸੰਵਿਧਾਨ ਸਹੀ ਢੰਗ ਨਾ਼ਲ ਅਤੇ ਸਹੀ ਅਰਥਾਂ ਵਿੱਚ ਲਾਗੂ ਹੋ ਸਕਿਆ? ਕੀ ਅਣਮਨੁੱਖੀ ਤਸ਼ੱਦਦ ਬੰਦ ਹੋ ਗਿਆ? ਕੀ ਲੋਕਾਂ ਨੂੰ ਪੂਰਨ ਅਜ਼ਾਦੀ ਹਾਸਲ ਹੋ ਗਈ? ਕੀ ਅੱਜ ਲੋਕ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਦੇ ਲਈ ਆਜ਼ਾਦ ਹਨ? ਕੀ ਮੌਜੂਦਾ ਸਰਕਾਰ ਲੋਕਤੰਤਰ ਦੀ ਪਰਵਾਹ ਕਰਦੀ ਹੈ? ਕੀ ਮੌਜੂਦਾ ਸਰਕਾਰ ਆਮ ਨਾਗਰਿਕਾਂ ਦੇ ਮੁੱਢਲੇ ਅਧਿਕਾਰਾਂ ਦੀ ਰਾਖੀ ਕਰਨ ਵਿੱਚ ਸਫ਼ਲ ਹੋ ਸਕੀ ਹੈ? ਕੀ ਅੱਜ ਦੇਸ਼ ਵਿੱਚ ਸਹੀ ਅਰਥਾਂ ਵਿੱਚ ਲੋਕਤੰਤਰ ਪ੍ਰਚਲਿਤ ਹੈ ਜਾਂ ਦੇਸ਼ ਅਜੇ ਵੀ ਅਣਐਲਾਨੀ ਐਮਰਜੈਂਸੀ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ? ਕੀ ਹੁਣ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਬੰਦ ਹੋ ਗਈ ਹੈ?

ਬੇਸ਼ੱਕ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਐਮਰਜੈਂਸੀ ਦਾ ਐਲਾਨ ਕਰਨਾ ਕਿਸੇ ਤਰ੍ਹਾਂ ਵੀ ਜਾਇਜ਼, ਤਰਕਸੰਗਤ ਅਤੇ ਨਿਆਂ ਸੰਗਤ ਨਹੀਂ ਠਹਿਰਾਇਆ ਜਾ ਸਕਦਾ ਪਰ ਉਹਨਾਂ ਨੇ ਮੌਜੂਦਾ ਸਰਕਾਰ ਵਾਂਗ ਕਿਸੇ ਇੱਕ ਵਰਗ ਦੇ ਲੋਕਾਂ ਨੂੰ, ਦੂਜੇ ਵਰਗ ਦੇ ਲੋਕਾਂ ਵਿਰੁੱਧ ਭੜਕਾ ਕੇ ਆਪਣੇ ਸਵਾਰਥਾਂ ਦੀ ਪੂਰਤੀ ਨਹੀਂ ਕੀਤੀ ਸੀ।

ਮੌਜੂਦਾ ਸਰਕਾਰ ਆਰ. ਐੱਸ. ਐੱਸ., ਬਜਰੰਗ ਦਲ, ਸ਼ਿਵ ਸੈਨਾ, ਗਊ ਰੱਖਿਆ ਜਿਹੇ ਅਨੇਕਾਂ ਫਿਰਕਾਪ੍ਰਸਤ ਸੰਗਠਨਾਂ ਨੂੰ ਵਰਤ ਕੇ ਦੇਸ਼ ਦੀ ਏਕਤਾ, ਅਖੰਡਤਾ, ਧਰਮ ਨਿਰਪੱਖਤਾ ਅਤੇ ਭਾਈਚਾਰੇ ਨੂੰ ਘੁਣ ਵਾਂਗ ਖਾ ਰਹੀ ਹੈ। ਮੁਸਲਮਾਨਾਂ ਦੀ ਅਬਾਦੀ ਵੱਧ ਤੇਜ਼ੀ ਨਾ਼ਲ ਵਧਣ, 'ਲਵ ਜਿਹਾਦ', 'ਘਰ-ਵਾਪਸੀ', ਰਾਮ ਮੰਦਰ, ਬਾਬਰੀ ਮਸਜਿਦ ਜਿਹੇ ਮੁੱਦਿਆਂ ਤੇ ਦੰਗੇ ਫਸਾਦ ਕਰਵਾ ਕੇ ਸੱਤਾ ਵਿੱਚ ਰਹਿਣ ਲਈ ਵੋਟਾਂ ਬਟੋਰਨਾ, ਘੱਟ ਗਿਣਤੀਆਂ ਵਿਰੁੱਧ ਹਿੰਸਕ ਘਟਨਾਵਾਂ ਜਿਹੀਆਂ ਕਾਰਵਾਈਆਂ, ਕਿਸਾਨਾਂ ਦਾ ਕਾਲੇ ਕਾਨੂੰਨਾਂ ਦੇ ਵਿਰੋਧ ਵਿੱਚ ਸਾਲਾਂ ਬੱਧੀ ਸੜਕਾਂ 'ਤੇ ਰੁਲਣਾ ਅਤੇ ਹਾਕਮ ਦਾ ਅੰਨ੍ਹੇ ,ਗੂੰਗੇ, ਬੋਲੇ ਹੋਣ ਦਾ ਦਿਖਾਵਾ ਕਰਨਾ, ਕੀ ਇਹ ਐਮਰਜੈਂਸੀ ਨਾਲੋਂ ਕਿਸੇ ਤਰ੍ਹਾਂ ਘੱਟ ਜ਼ਾਲਮਾਨਾ ਵਰਤਾਰਾ ਹੈ?

ਰਾਸ਼ਟਰਵਾਦ ਦੇ ਨਾਂ 'ਤੇ "ਹਿੰਦੂ ਰਾਸ਼ਟਰ" ਦਾ ਕੂੜ ਪ੍ਰਚਾਰਿਆ ਜਾ ਰਿਹਾ ਹੈ। ਭਾਰਤ ਦੀ "ਅਨੇਕਤਾ ਵਿੱਚ ਏਕਤਾ" ਨੂੰ ਖ਼ਤਮ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਜਾ ਰਿਹਾ ਹੈ।

ਦੇਸ਼ ਵਿੱਚ ਅਗਿਆਨਤਾ ਦਾ ਸਾਮਰਾਜ ਕਾਇਮ ਕਰਨ ਲਈ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ। ਲਾਸ਼ਾ ਵਿਛਾ ਕੇ ਸਿਆਸਤ ਦੀ ਖੇਡ ਖੇਡੀ ਜਾ ਰਹੀ ਹੈ। ਆਮ ਲੋਕਾਂ ਅਤੇ ਵਿਰੋਧੀ ਧਿਰ ਦੇ ਆਗੂਆਂ 'ਤੇ ਤਸ਼ੱਦਦ ਅੱਜ ਵੀ ਜਾਰੀ ਹੈ। ਸਰਕਾਰ ਵਿਰੋਧੀ ਨੇਤਾਵਾਂ, ਬੁੱਧੀਜੀਵੀ ਵਰਗ ਦੇ ਲੋਕਾਂ ਅਤੇ ਆਮ ਨਾਗਰਿਕਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿੱਚ ਡੱਕਣਾ ਇਸ ਸਰਕਾਰ ਦਾ ਆਮ ਵਰਤਾਰਾ ਹੈ। ਨਾਗਰਿਕਤਾ ਸੋਧ ਕਾਨੂੰਨ, ਖੇਤੀ ਕਾਨੂੰਨ ਜਿਹੇ ਅਨੇਕਾਂ ਲੋਕ ਵਿਰੋਧੀ, ਲੋਕਤੰਤਰ ਵਿਰੋਧੀ ਕਾਨੂੰਨ ਸਰਕਾਰ ਦਾ ਲੋਕਤੰਤਰ ਵਿਰੋਧੀ ਚਿਹਰਾ ਸਾਫ਼ ਸਪੱਸ਼ਟ ਦਿਖਾਉਂਦੇ ਹਨ।

ਸੱਚ ਤਾਂ ਇਹ ਹੈ ਕਿ 25 ਜੂਨ 1975 ਦੀ ਐਮਰਜੈਂਸੀ ਦੇ ਦਿਨ ਨੂੰ "ਸੰਵਿਧਾਨ ਹੱਤਿਆ ਦਿਵਸ" ਵਜੋਂ ਮਨਾਉਣ ਦੀ ਸਿਫ਼ਾਰਸ਼ ਕਰਨ ਵਾਲੀ ਮੌਜੂਦਾ ਸਰਕਾਰ ਨੇ ਸਦਾ ਹੀ ਸੰਵਿਧਾਨ ਦੀ ਆਤਮਾ ਨੂੰ ਅੱਖੋਂ-ਪਰੋਖੇ ਕੀਤਾ ਹੈ ਅਤੇ ਲੋਕਤੰਤਰ ਨੂੰ ਛਿੱਕੇ ਟੰਗਿਆ ਹੈ। ਲੋਕ ਇਸ ਅਣਐਲਾਨੀ ਐਮਰਜੈਂਸੀ ਤੋਂ ਦੁੱਖੀ ਹਨ ਅਤੇ ਹੁਕਮਰਾਨ ਦਾ ਇਹ ਵਰਤਾਰਾ ਸਮੁੱਚੇ ਦੇਸ਼ ਲਈ ਘਾਤਕ ਹੈ।

ਇਸ ਤੋਂ ਅੱਗੇ ਚਲਦਿਆਂ ਜਿਵੇਂ ਦੇਸ਼ ਵਿੱਚ "ਹਿੰਦੂਤਵ" ਦਾ ਵਿਸਥਾਰ ਕੀਤਾ ਜਾ ਰਿਹਾ ਹੈ, ਘੱਟ ਗਿਣਤੀਆਂ ਦੇ ਹੱਕਾਂ ਨੂੰ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ, ਮੁਸਲਮਾਨਾਂ ਖਿਲਾਫ਼ ਹਿੰਸਾ ਵੱਧਦੀ ਦਿਸਦੀ ਹੈ, ਸੰਘੀ ਢਾਂਚੇ ਨੂੰ ਖਿਲਾਰਿਆ ਜਾ ਰਿਹਾ ਹੈ, ਸ਼ਕਤੀਆਂ ਦਾ ਕੇਂਦਰੀਕਰਨ ਹੋ ਰਿਹਾ ਹੈ, ਨਿਆਂਪਾਲਿਕਾ ਉੱਤੇ ਕਾਬਜ਼ ਹੋਣ ਦਾ ਯਤਨ ਕੀਤਾ ਜਾ ਰਿਹਾ ਹੈ, ਇਸ ਸਭ ਨਾਲ ਦੇਸ਼ 'ਚ ਦਹਿਸ਼ਤ ਦਾ ਮਾਹੌਲ ਪੈਦਾ ਹੋ ਰਿਹਾ ਹੈ।

ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ ਉੱਤੇ ਪਿਛਲੇ 11 ਸਾਲਾਂ 'ਚ ਸੈਂਕੜੇ ਮੁਕੱਦਮੇ ਚੱਲੇ। ਅਜ਼ਾਦ ਵਿਚਾਰਾਂ ਵਾਲਿਆਂ ਨੂੰ ਜੇਲ੍ਹੀਂ ਡੱਕ ਦਿੱਤਾ ਗਿਆ। ਕਲਾ ਪਾਰਖੂਆਂ 'ਤੇ, ਕਲਾਕਾਰਾਂ 'ਤੇ, ਸ਼ਬਦੀ ਹਮਲੇ ਜਿਵੇਂ ਹੁਣ ਵਧ ਰਹੇ ਹਨ ਅਤੇ ਜਿਸ ਤਰ੍ਹਾਂ ਕੁਝ ਕੁ ਲੋਕ ਆਪਣੇ ਆਪ ਨੂੰ ਰਾਸ਼ਟਰਵਾਦੀ ਅਤੇ ਬਾਕੀਆਂ ਨੂੰ ਦੇਸ਼ ਧ੍ਰੋਹੀ ਗ਼ਰਦਾਨ ਰਹੇ ਹਨ, ਉਹ ਸੱਚਮੁੱਚ ਚਿੰਤਾ ਦਾ ਵਿਸ਼ਾ ਹੈ।ਪੰਜਾਬੀ ਕਲਾਕਾਰ ਦਲਜੀਤ ਦੋਸਾਂਝ ਦੀ ਫ਼ਿਲਮ "ਸਰਦਾਰ 3" ਸੰਬੰਧੀ ਜਿਵੇਂ ਕੂੜ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਇਸ ਵਿੱਚ ਪਾਕਿਸਤਾਨੀ ਐਕਟ੍ਰੈੱਸ ਕੰਮ ਕਰ ਰਹੀ ਹੈ, ਕੀ ਇਹ ਨਿੰਦਣਯੋਗ ਨਹੀਂ ਹੈ? ਆਪਣੀ ਕਲਾ ਦਾ ਪ੍ਰਦਰਸ਼ਨ, ਬੋਲੀ ਤੇ ਸੱਭਿਆਚਾਰ ਦਾ ਪਸਾਰ ਕੀ ਕਲਾਕਾਰਾਂ ਦਾ ਹੱਕ ਨਹੀਂ ਹੈ ? ਇੱਕ ਪਾਸੇ ਤਾਂ ਦੇਸ਼ ਦਾ ਪ੍ਰਧਾਨ ਮੰਤਰੀ ਦਲਜੀਤ ਦੋਸਾਂਝ ਨੂੰ ਦੇਸ਼ ਦਾ ਮਾਣ ਕਹਿੰਦਾ ਹੈ ਦੂਜੇ ਪਾਸੇ "ਵੱਡੇ ਰਾਸ਼ਟਰਵਾਦੀ" ਉਸਦੀ ਨਾਗਰਿਕਤਾ ਖੋਹਣ ਦੀ ਗੱਲ ਕਰਦੇ ਹਨ।



ਗੁਰਮੀਤ ਪਲਾਹੀ
91-98158-02070

ਇਹ "ਵੱਡੇ ਰਾਸ਼ਟਰਵਾਦੀ" ਅਸਲ ਵਿੱਚ ਕੌਣ ਹਨ? ਕੀ ਇਹ ਉਹ ਲੋਕ ਹਨ ਜੋ ਦੇਸ਼ ਦੇ ਸੰਵਿਧਾਨ ਨੂੰ ਬਦਲਣਾ ਚਾਹੁੰਦੇ ਹਨ ਅਤੇ "ਇੱਕ ਬੋਲੀ, ਇੱਕ ਰਾਸ਼ਟਰ" ਦੀ ਗੱਲ ਕਰਦੇ ਹਨ?

ਨਵੀਂ ਸਿੱਖਿਆ ਨੀਤੀ ਲਾਗੂ ਕਰਦਿਆਂ ਹਿੰਦੀ ਨੂੰ ਪ੍ਰਮੁੱਖਤਾ ਦੇਣ ਦੀ ਮੁਹਿੰਮ ਜ਼ੋਰਾਂ 'ਤੇ ਹੈ , ਜਿਸ ਦਾ ਵਿਰੋਧ ਕੁਝ ਹਲਕਿਆਂ ਵਿੱਚ ਲਗਾਤਾਰ ਹੋ ਰਿਹਾ ਹੈ। ਪਿਛਲੇ ਦਿਨੀ ਆਰ।ਐਸ।ਐਸ। ਦੇ ਇੱਕ ਵੱਡੇ ਅਧਿਕਾਰੀ ਦੱਤਾਤ੍ਰੇਯਾ ਹੋਸਬੋਲੇ ਵੱਲੋਂ "ਧਰਮ ਨਿਰਪੱਖ" ਅਤੇ "ਸਮਾਜਵਾਦੀ" ਸ਼ਬਦਾਂ ਉੱਤੇ ਬਹਿਸ ਅਤੇ ਪੁਨਰ ਵਿਚਾਰ ਦੇ ਸੁਝਾਅ ਨੇ ਸਿਆਸੀ ਭੁਚਾ਼ਲ ਲੈ ਆਂਦਾ ਹੈ। ਦੇਸ਼ ਦੀਆਂ ਸਿਆਸੀ ਪਾਰਟੀਆਂ ਸਮੇਤ ਕਾਂਗਰਸ ਨੇ ਇਸ ਨੂੰ ਸੰਵਿਧਾਨ ਬਦਲਣਾ ਕਰਾਰ ਦਿੱਤਾ ਹੈ।


ਅੱਜ '75 ਦੀ ਐਮਰਜੈਂਸੀ ਦੇ ਦਿਨਾਂ ਵਾਂਗਰ ਹੀ ਸਥਿਤੀ ਹੈ। ਜਿਵੇਂ ਸੱਤਾ ਦਾ ਕੇਂਦਰੀਕਰਨ ਐਮਰਜੈਂਸੀ ਦੌਰਾਨ ਸੀ,ਅੱਜ ਵੀ ਉਵੇਂ ਹੀ ਹੈ। ਵਿਅਕਤੀਪੂਜਾ ਜਿਵੇਂ ਇੰਦਰਾ ਗਾਂਧੀ ਕਰਵਾਉਂਦੀ ਸੀ, ਅੱਜ ਮੌਜੂਦਾ ਪ੍ਰਧਾਨ ਮੰਤਰੀ ਕਰਵਾਉਂਦੇ ਹਨ। ਪ੍ਰਸਿੱਧ ਕਵੀ ਭਵਾਨੀ ਪ੍ਰਸ਼ਾਦ ਮਿਸ਼ਰ ਦੀਆਂ ਪੰਕਤੀਆਂ ਅੱਜ ਦੇ ਮਾਹੌਲ 'ਤੇ ਉਵੇਂ ਹੀ ਢੁੱਕਦੀਆਂ ਹਨ, ਜਿਵੇਂ ਇੰਦਰਾ ਕਾਲ 'ਤੇ ਢੁੱਕਦੀਆਂ ਸਨ।

"ਬਹੁਤ ਨਹੀਂ ਸਿਰਫ਼ ਚਾਰ ਕਊਏ ਥੇ ਕਾਲੇ,
ਉਨਹੋਂ ਨੇ ਤੈਅ ਕੀਆ ਕਿ ਸਾਰੇ ਉੜਨੇ ਵਾਲੇ,
ਉਨਕੇ ਢੰਗ ਸੇ ਉੜੇਂ, ਰੁਕੇਂ, ਖਾਏਂ ਔਰ ਗਾਏਂ,
ਵੇ ਜਿਸ ਕੋ ਤਿਉਹਾਰ ਕਹੇਂ ਸਭ ਉਸੇ ਮਨਾਏ।"

ਸੰਵਿਧਾਨ ਨੂੰ ਬਦਲਣ ਵਾਲੇ ਅਤੇ ਇਸ ਵਿੱਚੋਂ ਧਰਮ ਨਿਰਪੱਖਤਾ ਅਤੇ ਸਮਾਜਵਾਦ ਸ਼ਬਦ ਕੱਢਣ ਦੀ ਮੁਹਿੰਮ ਚਲਾਉਣ ਵਾਲੇ ਪਤਾ ਨਹੀਂ ਕਿਉਂ ਡਾਕਟਰ ਭੀਮ ਰਾ ਅੰਬੇਡਕਰ ਦੇ ਇਹ ਸ਼ਬਦ ਭੁੱਲ ਬੈਠੇ ਹਨ, "ਭਾਰਤ ਦੇ ਲੋਕਾਂ ਦੇ ਸੋਚਣ,ਸਮਝਣ ਅਤੇ ਭਾਰਤ ਨੂੰ ਪਰਿਭਾਸ਼ਿਤ ਕਰਨ ਦਾ ਅਧਿਕਾਰ ਕਿਸੇ ਕਾਲ-ਖੰਡ ਦੀ ਪੀੜ੍ਹੀ ਦੀ ਸੋਚ-ਸਮਝ ਅਤੇ ਪਰਿਭਾਸ਼ਾ ਨਾਲ ਬੰਨ੍ਹਿਆ ਨਹੀਂ ਜਾ ਸਕਦਾ।"

## ਅੰਦਾਜ਼ ਨਿਰਾਲਾ ਆਵਾਜ਼ ਪਿਆਰੀ ਸਟੇਜ ਤੇ ਕੱਤਦੀ ਏ ਸੁਰਾਂ ਦਾ ਚਰਖਾ- ਕੌਰ ਸਿੰਮੀ

ਅੰਦਾਜ਼ ਕੌਰ ਸਿੰਮੀ ਦਾ ਨਿਰਾਲਾ, ਪਹਿਰਾਵਾ ਉਂਜ ਦਾ ਜਿਵੇਂ ਦਾ ਪ੍ਰੋਗਰਾਮ, ਸੂਫ਼ੀ ਮਹਿਫਲ ਤਾਂ ਇੱਕ ਦਮ ਬੁੱਲੇ ਸ਼ਾਹ ਦੀ ਅਨਾਇਤ ਲੱਗਦੀ ਹੈ ਸਿੰਮੀ ਤੇ ਲੇਡੀਜ਼ ਸੰਗੀਤ ਤਾਂ ਨਵ ਵਿਆਹੀ ਦੀ ਝਲਕ ਸਿੰਮੀ ਤੇ ਪੀਰਾਂ ਦੇ ਮੇਲੇ ਸਿੰਮੀ ਦਾ ਨਿਰਾਲਾ ਪਹਿਰਾਵਾ ਤੇ ਨਿਰਾਲਾ ਅੰਦਾਜ਼। ਕੌਰ ਸਿੰਮੀ ਨੇ ਸਿਮਰਨ ਸਿੰਮੀ ਬਣ ਦੋਗਾਣੇ ਬਹੁਤ ਸਾਰੇ ਇਲਾਕੇ ਵਿੱਚ ਬਹੁਤ ਕਲਾਕਾਰਾਂ ਨਾਲ ਗਾਏ ਤੇ ਸ਼੍ਰੋਮਣੀ ਗਾਇਕ ਪਾਲੀ ਦੇਤਵਾਲੀਆ ਨਾਲ ਸਟੇਜ ਵੀ ਕੀਤੀ ਤੇ ਰਿਕਾਰਡ ਗਾਣੇ ਕਰਵਾ ਕਿ ਜਿੱਥੇ ਗਈ ਸਾਬਾਸ਼ ਹੀ ਲਈ।




ਕੌਰ ਸਿੰਮੀ ਗੱਲਾਂ ਕਰ ਕਿ ਲੋਕਾਂ ਨੂੰ ਕੀਲ ਕਿ ਆਪਣੇ ਸਾਜੀਆਂ ਨੂੰ ਚੁਸਤ ਕਰ ਜਦ ਹੇਕ ਲਾ ਕਿ ਆ ਜਾ ਬੋਲ ਗਾਂਵਦੀ ਹੈ ਤਦ ਮਾਹੌਲ ਵਧੀਆ ਹੋ ਜਾਂਦਾ ਹੈ। ਸਿੰਮੀ ਕੌਰ ਕਿ ਕੌਰ ਸਿੰਮੀ ਫਿਰ "ਮਿੱਟੀ ਦਾ ਬਾਵਾ" ਬੋਲਦੀ ਨਚਾ ਦਿੰਦੀ ਸੀ ਕੁਲ ਆਲਮ ਤੇ ਫਿਰ, "ਚਰਖਾ" ਬੋਲਦੀ ਦੁਨੀਆਂ ਨੂੰ ਗਾਉਣ ਲਾ ਦਿੰਦੀ ਹੈ। ਕੌਰ ਸਿੰਮੀ ਦੀ ਗਾਈ ਜੁਗਨੀ ਸੁਣ ਵੀ ਮਜ਼ਾ ਆਉਂਦਾ ਹੈ ਤੇ ਧਾਰਮਿਕ ਗਾਇਕੀ ਵਿੱਚ ਇੰਜ ਲੱਗੇਗਾ ਜਿਸ ਤਰਾਂ ਪਰਵਿਦਗਾਰ ਨੇ ਨੇ ਕੌਰ ਸਿੰਮੀ ਨੂੰ ਧਾਰਮਿਕ ਗੁੜ੍ਹਤੀ ਦਿੱਤੀ ਹੋਏ ਤੇ ਲੋਕ ਬੋਲੀਆਂ ਬੋਲ ਸਿੰਮੀ ਗ਼ਜ਼ਬ ਕਰ ਦਿੰਦੀ ਹੈ ਤੇ ਮਿਰਜ਼ਾ ਕੌਰ ਸਿੰਮੀ ਦਾ।ਦੋਗਾਣੇ ਤੋ ਬਾਅਦ ਸੋਲੋ ਗਾਇਕੀ ਵਿੱਚ ਆ ਕਿ ਬਿਨ ਟਰੈਕਾਂ ਦੇ ਮੇਲਿਆਂ ਤੇ ਵਿਆਹਾਂ ਦੇ ਪ੍ਰੋਗਰਾਮ ਲਾ ਕੌਰ ਸਿੰਮੀ ਨੇ ਦਰਸਾ ਦਿੱਤਾ ਹੈ ਕਿ ਇੰਝ ਹੀ ਬਾਬੇ ਦੀ ਫੁੱਲ ਕਿਰਪਾ ਹੈ ਤੇ ਜਿਸ ਦਿਨ ਟਰੈਕ ਆ ਗਏ ਉਸ ਦਿਨ ਕੌਰ ਸਿੰਮੀ ਫ਼ਿਲਮਾਂ ਤੱਕ ਪਹੁੰਚੇਗੀ ਤੇ ਪਲੇ ਬੈਕ ਦੇ ਨਾਲ ਨਾਲ ਐਕਟਿੰਗ ਵੀ ਕਰੇਗੀ। ਰਹੀ ਗੱਲ ਦਿੱਖ ਦੀ ਤਾਂ ਹੱਸ ਕਿ ਆਪਾਂ ਕਿਹਾ ਅੱਖ ਦੇ ਇਸ਼ਾਰੇ ਨਾਲ ਦਿਲ ਕਤਲ ਕਰਨ ਵਾਲੀ ਕੌਰ ਸਿੰਮੀ ਆਵਾਜ਼ ਨਾਲ ਦਿਲ ਟੁੰਬਦੀ ਹੈ ਤੇ ਅੰਦਾਜ਼ ਨਾਲ ਦਿਲ ਆਪਣੀ ਤਰਫ ਖਿੱਚਦੀ ਹੈ ਮਿਸ ਕੌਰ ਸਿੰਮੀ। **ਪੇਸ਼ਕਸ਼- ਅੰਮ੍ਰਿਤ ਪਵਾਰ**

## ਪੁਸਤਕ ਸਮੀਖਿਆ

**ਸ਼ੀਸ਼ਿਆਂ ਦਾ ਸ਼ਹਿਰ**
**ਰੀਵਿਊਕਾਰ: ਬਲਜਿੰਦਰ ਮਾਨ 98150- 18947**
**ਸ਼ਾਇਰ: ਅਜਾਇਬ ਕਮਲ**
**ਪ੍ਰਕਾਸ਼ਕ: ਸੁੰਦਰ ਬੁੱਕ ਡਿਪੋ ਜਲੰਧਰ,**
**ਪੰਨੇ: 103, ਮੁੱਲ: 200 ਰੁਪਏ**

ਪ੍ਰਯੋਗਵਾਦੀ ਕਵਿਤਾ ਦੇ ਬਾਨੀ ਮੰਨੇ ਜਾਂਦੇ ਉੱਘੇ ਸ਼ਾਇਰ ਅਜਾਇਬ ਕਬਲ ਨੇ ਆਪਣੇ ਜੀਵਨ ਕਾਲ ਵਿੱਚ 60 ਤੋਂ ਵੱਧ ਪੁਸਤਕਾਂ ਦੀ ਸਿਰਜਣਾ ਕੀਤੀ। ਇਹਨਾਂ ਵਿੱਚ 26 ਕਾਵਿ ਸੰਗ੍ਰਹਿ, ਦੋ ਗ਼ਜ਼ਲ ਸੰਗ੍ਰਹਿ, 12 ਕਾਵਿ ਨਾਟਕ, ਤਿੰਨ ਮਹਾਂ ਨਾਟਕ, ਪੰਜ ਨਾਵਲ, ਦੋ ਮਹਾਂ ਕਾਵਿ , ਇੱਕ ਆਲੋਚਨਾ ਅਤੇ ਤਿੰਨ ਕਵਿਤਾਵਾਂ ਦੀਆਂ ਪੁਸਤਕਾਂ, ਸਾਹਿਤਕ ਪੱਤਰ ਅਤੇ ਅੰਗਰੇਜ਼ੀ ਵਿੱਚ ਵੀ 3 ਪ੍ਰਕਾਸ਼ਿਤ ਹੋਈਆਂ। ਇਸ ਤਰ੍ਹਾਂ ਉਹਨਾਂ ਦੀ ਸਾਹਿਤਕ ਦੇਣ ਨਿਰਾਲੀ ਅਤੇ ਨਵੀਂ ਪੀੜ੍ਹੀ ਨੂੰ ਸੇਧ ਦੇਣ ਵਾਲੀ ਹੈ। ਮਹਾਂ ਕਾਵਿ ਧਰਤੀਨਾਮਾ ਅਤੇ ਸੂਰਜਨਾਵਾਂ ਦੇ ਸਿਰਜਕ ਅਜਾਇਬ ਕਮਲ ਨੇ ਆਪਣੇ ਜੀਵਨ ਕਾਲ ਵਿੱਚ ਅਨੇਕਾਂ ਪੁਰਸਕਾਰ ਪ੍ਰਾਪਤ ਕੀਤੇ। ਉਨ੍ਹਾਂ ਦੀ ਸਾਹਿਤਕ ਦੇਣ ਤੇ ਕੁਝ ਵਿਦਿਆਰਥੀ ਪੀਐਚਡੀ ਵੀ ਕਰ ਚੁੱਕੇ ਹਨ। ਇੱਥੋਂ ਇਹ ਸਿੱਧ ਹੁੰਦਾ ਹੈ ਕਿ ਕਮਲ ਦੀ ਸ਼ਾਇਰੀ ਇੱਕ ਨਵੇਂ ਯੁੱਗ ਦਾ ਆਰੰਭ ਕਰਦੀ ਹੈ ਜਿਸ ਤੇ ਖੋਜਾਰਥੀਆਂ ਨੂੰ ਨਵੇਂ ਨਵੇਂ ਵਿਸ਼ੇ ਲੱਭਦੇ ਹਨ ਅਤੇ ਇਹਨਾਂ ਤੇ ਵਿਚਾਰਾਂ ਕਰਨ ਲਈ ਮੌਕੇ ਮਿਲਦੇ ਹਨ। ਗ਼ਜ਼ਲ ਸੰਗ੍ਰਹਿ 'ਸ਼ੀਸ਼ਿਆਂ ਦਾ ਸ਼ਹਿਰ' ਪਹਿਲੀ ਵਾਰ 1982 ਵਿੱਚ ਪ੍ਰਕਾਸ਼ਿਤ ਕੀਤਾ ਗਿਆ ਸੀ। ਹੁਣ ਇਹ ਉਹਨਾਂ ਦੇ ਪਰਿਵਾਰ ਵੱਲੋਂ ਦੁਬਾਰਾ ਪ੍ਰਕਾਸ਼ਿਤ ਕੀਤਾ ਗਿਆ ਹੈ। 71 ਗ਼ਜ਼ਲਾਂ ਦੇ ਇਸ ਰੌਚਕ ਸੰਗ੍ਰਹਿ ਵਿੱਚ ਪ੍ਰਿੰ। ਸੁਦਰਸ਼ਨ ਸਿੰਘ ਆਰਟਿਸਟ, ਕਰਤਾਰ ਸਿੰਘ ਦੁੱਗਲ, ਅਤੇ ਹਰਗੁਰਜੋਧ ਸਿੰਘ ਵੱਲੋਂ ਅਜਾਇਬ ਕਮਲ ਦੀ ਦੇਣ ਤੇ ਬਹੁਤ ਕੀਮਤੀ ਲੇਖ ਦਰਜ ਕੀਤੇ ਗਏ ਹਨ।ਅਜਾਇਬ ਕਮਲ ਆਪਣੇ ਬਾਰੇ ਲਿਖਦੇ ਹਨ:-'1980 ਤੋਂ ਬਾਅਦ ਮੇਰਾ ਬਹੁਤਾ ਝੁਕਾ ਭਾਵੇਂ ਮਿੰਨੀ ਕਵਿਤਾਵਾਂ, ਲੰਮੀਆਂ ਕਵਿਤਾਵਾਂ, ਕਾਵਿ ਨਾਟਕ, ਨਾਵਲ ਮਹਾਂ ਕਾਵਿ ਤੇ ਵਿਸ਼ਵ ਦੇ ਮਹਾਨ ਵਿਅਕਤੀਆਂ ਦੇ ਰੇਖਾ ਚਿੱਤਰ ਲਿਖਣ ਵੱਲ ਉਲਟ ਗਿਆ ਪਰ ਵਿੱਚ ਵਿਚਾਲੇ ਮਨ ਦੇ ਰੌਅ ਅਨੁਸਾਰ ਮੈਂ ਕਦੇ ਕਦੇ ਗ਼ਜ਼ਲ ਵੀ ਲਿਖਦਾ ਰਿਹਾ ਤੇ ਛਾਪਦਾ ਵੀ ਰਿਹਾ'।

ਮੁੰਬਾਸਾ ਕੀਨੀਆ ਵਿੱਚ ਵੱਸਦੇ ਪ੍ਰਿੰ. ਸੁਦਰਸ਼ਨ ਸਿੰਘ ਆਰਟਿਸਟ ਅਨੁਸਾਰ:- 'ਅਜਾਇਬ ਕਮਲ ਨੇ ਨਾ ਸਿਰਫ ਅਫਰੀਕਾ ਅਤੇ ਦੂਸਰੇ ਮਹਾਂਦੀਪਾਂ ਦੀ ਕਵਿਤਾ ਅਤੇ ਆਲੋਚਨਾ ਨੂੰ ਨੇੜਿ ੰ ਸਮਝਣ ਦਾ ਯਤਨ ਕੀਤਾ ਹੈ ਸਗੋਂ ਆਪਣੀਆਂ ਲੰਬੀਆਂ ਰਚਨਾਵਾਂ ਨੂੰ ਅੰਗਰੇਜ਼ੀ ਵਿੱਚ ਅਨੁਵਾਦ ਕਰਕੇ ਦੂਸਰੀਆਂ ਭਾਸ਼ਾਵਾਂ ਦੇ ਲੇਖਕਾਂ ਪਾਠਕਾਂ ਤੱਕ ਵੀ ਪੁੱਜਣ ਦਾ ਯਤਨ ਕੀਤਾ ਹੈ। ਇਹ ਕੁਝ ਕਰਕੇ ਇਸ ਨੇ ਦੂਸਰੇ ਦੇਸ਼ਾਂ ਮਹਾਂਦੀਪਾਂ 'ਚ ਪੰਜਾਬੀ ਸਾਹਿਤ ਤੇ ਭਾਸ਼ਾ ਦਾ ਮਾਣ ਸਨਮਾਨ ਹੀ ਨਹੀਂ ਵਧਾਇਆ ਸਗੋਂ ਨਵੀਨ ਪੰਜਾਬੀ ਸਾਹਿਤ ਨੂੰ ਨਵੀਨ ਵਿਸ਼ਵ ਸਾਹਿਤ ਦੀਆਂ ਉਚਾਈਆਂ ਤੱਕ ਵੀ ਖੜਨ ਦਾ ਪ੍ਰਯਤਨ ਕੀਤਾ ਹੈ'।




ਪੁਸਤਕ ਵਿੱਚ ਦਰਜ ਗ਼ਜ਼ਲਾਂ ਦਾ ਪਾਠ ਕਰਦਿਆਂ ਪੂਰੇ ਵਿਸ਼ਵ ਦੇ ਦਰਸ਼ਨ ਹੁੰਦੇ ਹਨ। ਸ਼ੀਸ਼ੇ ਅਤੇ ਸ਼ੀਸ਼ੇ ਨਾਲ ਸੰਬੰਧਿਤ ਕਹਾਵਤਾਂ, ਮੁਹਾਵਰਿਆਂ ਨੂੰ ਥਾਂ ਥਾਂ ਵਰਤ ਕੇ ਇਹਨਾਂ ਗ਼ਜ਼ਲਾਂ ਨੂੰ ਸ਼ਿੰਗਾਰਿਆ ਤੇ ਸੰਵਾਰਿਆ ਗਿਆ ਹੈ। ਜੀਵਨ ਵਿੱਚ ਸ਼ੀਸ਼ਾ ਕਿੰਨੇ ਰੰਗ ਦਿਖਾਉਂਦਾ ਹੈ? ਸ਼ੀਸ਼ਾ ਕਦੀ ਪੱਥਰ ਬਣਦਾ ਹੈ, ਕਦੀ ਮੂਰਤ ਬਣਦਾ ਹੈ, ਕਦੀ ਸਾਨੂੰ ਸ਼ੀਸ਼ਿਆਂ ਦੇ ਘਰਾਂ ਵਿੱਚ ਰਹਿੰਦੇ ਹੋਏ ਕਿਸੇ ਤੇ ਪੱਥਰ ਮਾਰਨ ਤੋਂ ਵਰਜਦਾ ਹੈ। ਇਸ ਪ੍ਰਕਾਰ ਇਹ ਗ਼ਜ਼ਲ ਸੰਗ੍ਰਹਿ ਜੀਵਨ ਦੇ ਵੰਨ-ਸੁਵੰਨੇ ਪਹਿਲੂਆਂ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੋਇਆ ਆਧੁਨਿਕਤਾ ਦੇ ਦੌਰ ਤੱਕ ਆ ਪੁੱਜਦਾ ਹੈ। ਮਨੁੱਖ ਵਿੱਚੋਂ ਖਤਮ ਹੋ ਰਹੀ ਮਨੁੱਖਤਾ ਅਤੇ ਦੇਸ਼ ਦੁਨੀਆ ਵਿੱਚ ਵਧ ਰਹੇ ਕੂੜ ਦੇ ਪਸਾਰੇ ਨੂੰ ਬਾਖ਼ੂਬੀ ਚਿਤਰਿਆ ਗਿਆ ਹੈ। ਆਰਥਿਕ, ਸਮਾਜਿਕ, ਰਾਜਸੀ ਲੁੱਟ ਖਸੁੱਟ ਦੇ ਨਾਲ ਨਾਲ ਜਾਤਾਂ ਪਾਤਾਂ ਧਰਮਾਂ ਦੇ ਅਧਾਰ ਤੇ ਹੁੰਦੀਆਂ ਲੜਾਈਆਂ ਪਿੱਛੇ ਛੁਪੇ ਹੋਏ ਕਾਰਨਾਂ ਦਾ ਵਿਸ਼ਲੇਸ਼ਣ ਵੀ ਕੀਤਾ ਗਿਆ ਹੈ।

ਮਨੁੱਖ ਦੀਆਂ ਮਜਬੂਰੀਆਂ ਨੂੰ ਪੇਸ਼ ਕਰਦੀਆਂ ਇਹ ਸਤਰਾਂ ਕਾਬਲੇ ਗੌਰ ਹਨ:-

ਅੱਗ ਦਾ ਦਰਿਆ ਤਰਨਾ ਸਾਨੂੰ ਪੈਂਦਾ ਹੈ ਸ਼ੀਸ਼ੇ ਵਿੱਚ ਡੁੱਬ ਮਰਨਾ ਸਾਨੂੰ ਪੈਂਦਾ ਹੈ।
ਹਰ ਪਲ ਸੂਲੀ ਚੜ੍ਹਨਾ ਸਾਨੂੰ ਪੈਂਦਾ ਹੈ
ਰੱਬਾ ਰੱਬਾ ਕਰਨਾ ਸਾਨੂੰ ਪੈਂਦਾ ਹੈ।

ਇਸੇ ਤਰ੍ਹਾਂ ਲੋਕਾਂ ਦੀ ਦੁਰਦਸ਼ਾ ਨੂੰ ਬਿਆਨ ਕਰਦੀਆਂ ਹਨ ਗ਼ਜ਼ਲ ਦੀਆਂ ਇਹ ਸਤਰਾਂ:-

ਹੁਝਕੇ ਖਾ ਖਾ ਤੁਰਦੇ ਲੋਕ
ਕੰਧਾਂ ਵਾਂਗਰ ਭੁਰਦੇ ਲੋਕ।
ਅੰਦਰੇ ਅੰਦਰ ਝੁਰਦੇ ਲੋਕ
ਦੇਖੇ ਟੁੱਟਦੇ ਜੁੜਦੇ ਲੋਕ।

ਸ਼ਾਇਰ ਦੀ ਛੋਟੀ ਬਹਿਰ ਦੀ ਗ਼ਜ਼ਲ ਦਾ ਇਹ ਰੰਗ ਵੀ ਬੜਾ ਪਿਆਰਾ ਹੈ -

ਪਤਾ ਨਹੀਂ ਕਿੰਜ ਜੀਵਤ ਨੇ
ਰੋਜ਼ ਬਾਜ਼ੀਆਂ ਹਰਦੇ ਲੋਕ।
ਆਪਣਿਆਂ ਦਾ ਗਲ ਕੱਟਦੇ
ਦੇਖੋ ਆਪਣੇ ਘਰ ਦੇ ਲੋਕ।
ਗਾਵਾਂ ਮੱਝਾਂ ਵਾਂਗ ਹੀ
ਬੰਦਿਆਂ ਦਾ ਭਾਅ ਕਰਦੇ ਲੋਕ।
ਬੇਕਦਰੀ ਦੀ ਗੱਲ ਦੇਖੋ
ਕੁੱਤਿਆਂ ਵਾਂਗ ਮਰਦੇ ਲੋਕ।

ਸ਼ਾਇਰ ਨੇ ਇਹਨਾਂ ਗ਼ਜ਼ਲਾਂ ਰਾਹੀਂ ਜਿੱਥੇ ਸਾਡੇ ਮਨ ਮੰਦਰ ਨੂੰ ਰੁਸ਼ਨਾਉਣ ਦਾ ਉਪਰਾਲਾ ਕੀਤਾ ਹੈ ਉੱਥੇ ਦੇਸ਼ ਦੁਨੀਆਂ ਵਿੱਚ ਵਾਪਰ ਰਹੇ ਵਰਤਾਰਿਆਂ ਨੂੰ ਵੀ ਆਪਣੇ ਕਲਾਵੇ ਵਿੱਚ ਲਿਆ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਕਵੀ ਕੋਲ ਤਜਰਬਿਆਂ ਦਾ ਭੰਡਾਰ ਹੈ ਅਤੇ ਇਹਨਾਂ ਤਜਰਬਿਆਂ ਨੂੰ ਗ਼ਜ਼ਲ ਅਤੇ ਕਵਿਤਾ ਵਿੱਚ ਜੜਨ ਦੀ ਅਨੂਠੀ ਕਲਾ ਵੀ ਮੌਜੂਦ ਹੈ। ਇਸੇ ਕਲਾ ਸਦਕਾ ਉਸ ਦੀ ਹਰ ਕਲਾ ਕਿਰਤ ਨੂੰ ਪਾਠਕਾਂ ਨੇ ਸਵੀਕਾਰਿਆ ਹੈ।

ਇਸ਼ਕ ਮਜਾਜੀ ਤੋਂ ਇਸ਼ਕ ਹਕੀਕੀ ਦਾ ਰਾਹ ਵੀ ਦਿਖਾਇਆ ਗਿਆ ਹੈ। ਗ਼ਜ਼ਲ ਦੇ ਸੱਤੇ ਰੰਗ ਪਾਠਕਾਂ ਦੀਆਂ ਦਿਲ ਦੀਆਂ ਤਹਿਆਂ ਨੂੰ ਫਰੋਲਦੇ ਹੋਏ ਆਪਣਾ ਘਰ ਬਣਾਉਂਦੇ ਹਨ। ਇਹ ਗ਼ਜ਼ਲ ਸੰਗ੍ਰਹਿ ਜਿੱਥੇ ਰੰਗ ਬਰੰਗੀਆਂ ਗ਼ਜ਼ਲਾਂ ਦਾ ਭੰਡਾਰ ਹੈ ਉੱਥੇ ਪਾਠਕਾਂ ਲਈ ਨਵੀਆਂ ਤੇ ਨਰੋਇਆ ਤਿਰੰਗਾਂ ਦਾ ਵੀ ਸਬੱਬ ਬਣਦਾ ਹੈ।

# ਅਣਖ ਦੇ ਰਾਖੇ ਪੈਦਾ ਕਰੋ- ਕਾਂਸ਼ੀ ਰਾਮ



ਬਹੁਜਨ ਸਮਾਜ ਪਾਰਟੀ ਦੇ ਸਮਾਜਕ ਪਰਿਵਰਤਨ ਤੇ ਆਰਥਿਕ ਮੁਕਤੀ ਅੰਦੋਲਨ ਦੀ ਬਦੌਲਤ ਵੱਖ-ਵੱਖ ਜਾਤੀ ਟੁਕੜਿਆਂ 'ਚ ਵੰਡਿਆ ਤੇ ਤੋੜਿਆ ਗਿਆ ਸਮਾਜ ਜੁੜਨ ਲੱਗ ਗਿਆ ਸੀ। ਪੱਛੜੀਆਂ ਸ਼੍ਰੇਣੀਆਂ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਣ ਲੱਗ ਪਈਆਂ ਸਨ। ਧਾਰਮਿਕ ਘੱਟ ਗਿਣਤੀਆਂ ਵਿਰੁੱਧ ਦੰਗਿਆਂ ਨੂੰ ਨਾ ਸਿਰਫ ਠੱਲ੍ਹ ਪੈਣ ਲੱਗ ਗਈ ਸਗੋਂ ਉਹ ਹਿੰਦੂਤਵੀ ਧੌਂਸ ਤੋਂ ਮੁਕਤ ਹੋਣ ਲਈ ਅੰਗੜਾਈਆਂ ਲੈਣ ਲੱਗ ਪਈਆਂ ਸਨ। ਸਾਹਿਬ ਕਾਂਸ਼ੀ ਰਾਮ ਦੀ ਲਹਿਰ ਬ੍ਰਾਹਮਣਵਾਦ ਲਈ ਦਿਨੋਂ ਦਿਨ ਖਤਰਾ ਬਣਦੀ ਜਾ ਰਹੀ ਸੀ। ਉਸ ਸਮੇਂ ਆਪਣੀ ਹੋਂਦ ਖ਼ਤਰੇ ਵਿਚ ਭਾਂਪ ਕੇ ਆਰ ਐੱਸ ਐਸ ਵਲੋਂ ਆਪਣੇ ਕਾਰਜਕਰਤਾਵਾਂ ਨੂੰ ਗੁਪਤ ਪੱਤਰਾਂ ਰਾਹੀਂ ਆਗਾਹ ਕਰਨ ਦੇ ਯਤਨ ਅਰੰਭ ਦਿੱਤੇ ਗਏ। ਆਪਣੀ ਹੋਂਦ ਲਈ ਖ਼ਤਰੇ ਦਾ ਖਦਸ਼ਾ ਜ਼ਾਹਰ ਕਰਦਿਆਂ ਆਪਣੇ ਕੇਡਰ ਨੂੰ ਆਪਣੇ ਬਚਾਅ ਖਾਤਰ ਆਖ਼ਰੀ ਲੜਾਈ ਲੜਨ ਲਈ ਸਭ ਕੁੱਝ ਦਾਅ ਤੇ ਲਗਾਉਣ ਲਈ ਵੰਗਾਰਿਆ ਗਿਆ ਤੇ ਹਿੰਦੂ ਔਰਤਾਂ ਨੂੰ ਵੀ ਹਰ ਕੁਰਬਾਨੀ ਕਰਨ ਲਈ ਅੱਗੇ ਆਉਣ ਦਾ ਸੱਦਾ ਦਿੱਤਾ ਗਿਆ ਕਿਉਂ ਕਿ ਬਸਪਾ ਸੁਪ੍ਰੀਮੋ ਐਲਾਨੀਆਂ ਕਿਹਾ ਕਰਦੇ ਸਨ "ਉਹਨਾਂ ਦੇ ਜੀਵਨ ਦਾ ਇਕੋ-ਇਕ ਨਿਸ਼ਾਨਾ ਬ੍ਰਾਹਮਣਵਾਦ ਨੂੰ ਕਿਨਾਰੇ ਲਗਾ ਕੇ ਮਾਨਵਤਾ ਦਾ ਬੋਲਬਾਲਾ ਕਰਨਾ ਹੈ।" ਜਿਸ ਨੂੰ ਪੰਥਕ ਮੁਹਾਵਰੇ ਮੁਤਾਬਕ ਖਾਲਸੇ ਦੇ ਬੋਲਬਾਲੇ ਕਿਹਾ ਜਾਂਦਾ ਹੈ। ਇਸ ਲਈ ਹਿੰਦੂਤਵੀ ਤਾਕਤਾਂ ਸਾਹਿਬ ਕਾਂਸ਼ੀ ਰਾਮ ਦੇ ਸ਼ਾਂਤਮਈ ਦੇਸ਼ ਵਿਆਪੀ ਅੰਦੋਲਨ ਤੋਂ ਪੂਰੀ ਤਰ੍ਹਾਂ ਭੈਅ ਭੀਤ ਸਨ। ਉਹਨਾਂ ਦੇ ਕਾਂਸ਼ੀ ਰਾਮ ਨੂੰ ਡਰਾਉਣ, ਝੁਕਾਉਣ ਜਾਂ ਖਰੀਦਣ ਦੇ ਸੱਭ ਮਨਸੂਬੇ ਨਾਕਾਮ ਹੋ ਚੁੱਕੇ ਸਨ। ਕੇਂਦਰ ਵਿਚ ਰਾਜਸੀ ਸਮੀਕਰਨ ਵਿਗੜ ਚੁੱਕੇ ਸਨ। ਪਾਰਟੀਆਂ ਅੰਦਰ ਨਵੇਂ ਸਿਰੇ ਤੋਂ ਧਰੁਵੀਕਰਨ ਹੋ ਰਿਹਾ ਸੀ। ਸਾਹਿਬ ਕਾਂਸ਼ੀ ਰਾਮ ਦੀ ਦੂਰ ਦਰਸ਼ੀ ਰਾਜਸੀ ਸੂਝ-ਬੂਝ ਸਦਕਾ ਸਿਆਸੀ ਪੰਡਤਾਂ ਦੀਆਂ ਗਿਣਤੀਆਂ ਮਿਣਤੀਆਂ ਵਿਗੜ ਗਈਆਂ ਸਨ। ਇਕੋ ਪਾਰਟੀ ਦੀ ਮਜ਼ਬੂਤ ਸਰਕਾਰ ਬਣਨ ਦੇ ਦਿਨ ਲੱਦ ਚੁੱਕੇ ਹਨ। ਵਣ ਵਣ ਦੀ ਲੱਕੜੀ ਜੋੜ ਕੇ ਬਣੀਆਂ ਮਜ਼ਬੂਰ ਸਰਕਾਰਾਂ ਦਾ ਦੌਰ ਸ਼ੁਰੂ ਹੋ ਗਿਆ ਸੀ। ਬੇਵਿਸ਼ਵਾਸੀ ਦੇ ਐਸੇ ਮਹੌਲ ਵਿਚ ਸ਼੍ਰੋਮਣੀ ਅਕਾਲੀ ਦਲ ਬਾਦਲ ਕੇਂਦਰ ਤੋਂ ਪੰਜਾਬ ਅਤੇ ਪੰਥਕ ਹਿਤਾਂ ਲਈ ਬਹੁਤ ਕੁੱਝ ਪ੍ਰਾਪਤ ਕਰਨ ਦੀ ਸਥਿਤੀ ਵਿਚ ਆ ਗਿਆ ਸੀ ਜੇਕਰ ਅਕਾਲੀ ਦਲ ਦੀ ਲੀਡਰਸ਼ਿਪ ਦੂਰ-ਅੰਦੇਸ਼ੀ ਸੋਚ ਅਪਨਾ ਕੇ ਪੰਜਾਬ ਦੇ ਜੰਮਪਲ ਤੇ ਸਿੱਖ ਹਿਤੈਸ਼ੀ ਮਜ਼ਬੂਤ ਇਰਾਦੇ ਵਾਲੇ ਬਸਪਾ ਮੁਖੀ ਨਾਲ ਡਟ ਕੇ ਖੜ੍ਹੀ ਰਹਿੰਦੀ ਤਾਂ ਦੇਸ਼ ਦਾ ਸਿਆਸੀ ਵਾਤਾਵਰਨ ਬਿਲਕੁੱਲ ਹੋਰ ਹੋਣਾ ਸੀ। ਐਸੇ ਮਹੌਲ ਵਿਚ ਜਿਥੇ ਸਿੱਖ, ਸਿੱਖੀ ਅਤੇ ਪੰਥਕ ਸੋਚ ਦੇ ਉਭਾਰ ਦੀਆਂ ਪ੍ਰਬਲ ਸੰਭਾਵਨਾਵਾਂ ਕਿਆਸੀਆਂ ਜਾ ਰਹੀਆਂ ਸਨ ਉਥੇ ਆਰ ਐੱਸ ਐੱਸ ਤੇ ਹਿੰਦੂਤਵੀ ਸ਼ਕਤੀਆਂ ਦੇ ਬੇਖੌਫ਼ ਆਪਣਾ ਫੰਨ ਚੁੱਕਣ ਤੇ ਆਪਣਾ ਲੁਕਵਾਂ ਏਜੰਡਾ ਐਲਾਨੀਆਂ ਲਾਗੂ ਕਰਨ ਦਾ ਹੌਸਲਾ ਨਹੀਂ ਕਰ ਸਕਦੀਆਂ ਸਨ। ਪਰ ਪੰਜਾਬ ਦੇ ਲੰਮੇ ਸਮੇਂ ਤੋਂ ਲਟਕਦੇ ਆ ਰਹੇ ਮਸਲਿਆਂ ਮੁੱਦਿਆਂ ਨੂੰ ਭੁੱਲ ਭੁਲਾ ਕੇ, ਪੰਥਕ ਹਿਤਾਂ ਤੇ ਸਿੱਖ ਸਿਧਾਂਤਾਂ ਦੀ ਅਣਦੇਖੀ ਕਰਕੇ ਬਾਦਲਕਿਆਂ ਨੇ ਆਪਣੇ ਸੌੜੇ ਵਕਤੀ ਹਿਤਾਂ ਤੇ ਸਿਆਸੀ ਲਾਭਾਂ ਲਈ ਬਿਨਾਂ ਸ਼ਰਤ ਭਾਰਤੀ ਜਨਤਾ ਪਾਰਟੀ ਅੱਗੇ ਆਪਣੇ ਗੋਡੇ ਟੇਕ ਦਿੱਤੇ। ਬਾਦਲਕਿਆਂ ਦੇ ਇਸ ਫੈਸਲੇ ਨਾਲ ਪੰਥਕ ਹਲਕੇ ਭੌਂਚੱਕੇ ਰਹਿ ਗਏ। ਖੇਤਰੀ ਪਾਰਟੀਆਂ ਦਾ ਮੁਹਰੈਲ, ਸੂਬਿਆਂ ਦੇ ਵੱਧ ਅਧਿਕਾਰਾ ਲਈ ਲੜਨ ਵਾਲਾ ਅਤੇ ਫੈਡਰਲ ਢਾਂਚੇ ਦਾ ਮੁਦੱਈ ਬਾਦਲ ਆਰ ਐਸ ਐੱਸ ਦਾ ਹੱਥ ਠੋਕਾ ਬਣ ਗਿਆ।

ਬਸਪਾ ਮੁਖੀ ਸਾਹਿਬ ਕਾਂਸ਼ੀ ਰਾਮ ਨੇ ਸਿੱਖਾਂ ਵਿਚੋਂ ਹੋਰ ਪੰਥਕ ਹਿਤੈਸ਼ੀ ਧਿਰਾਂ ਦੀ ਭਾਲ ਜਾਰੀ ਰੱਖੀ। ਸੰਤ ਸਮਾਜ ਦੇ ਮੁਖੀ ਬਾਬਾ ਸਰਬਜੋਤ ਸਿੰਘ ਬੇਦੀ, ਪ੍ਰੋਫੈਸਰ ਦਰਸ਼ਨ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸੰਤ ਬਾਬਾ ਅਜੀਤ ਸਿੰਘ ਪਰਿਵਾਰ ਵਿਛੋੜਾ ਵਾਲੇ, ਭਾਈ ਜਸਵੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਪੰਥਕ ਕਹਾਉਂਦੇ ਖਿੰਡੇ ਪੁੰਡੇ ਗੁੱਟਾਂ ਨੂੰ ਇਕੱਠਾ ਕਰਕੇ ਪੰਥਕ ਮੋਰਚਾ ਉਸਾਰਨ ਲਈ ਯਤਨ ਆਰੰਭਿਆ ਗਿਆ। ਇਕ ਸਾਂਝਾ ਮੁਹਾਜ਼ ਬਣਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਨ ਲਈ ਰੱਸੇ ਪੈੜੇ ਵਟਣੇ ਸ਼ੁਰੂ ਕਰ ਦਿੱਤੇ ਗਏ। ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲਾ ਅਕਾਲੀ ਦਲ (ਅੰਮ੍ਰਿਤਸਰ) ਵੀ ਇਸ ਮੋਰਚੇ ਵਿਚ ਸ਼ਾਮਿਲ ਹੋਣ ਲਈ ਰਜ਼ਾਮੰਦ ਹੋ ਗਿਆ।

ਸੰਘ ਪਰਿਵਾਰ ਨਾਲ ਬਾਦਲਕਿਆਂ ਦੀ ਸਾਂਝ ਭਿਆਲੀ ਤੋਂ ਔਖੇ ਪੰਥਕ ਹਿਤੈਸ਼ੀਆਂ ਵਲੋਂ ਨਵੇਂ ਉਸਰ ਰਹੇ ਗਠਜੋੜ ਨੂੰ ਭਰਵਾਂ ਹੁੰਗਾਰਾ ਮਿਲਣ ਲੱਗਾ। ਸਾਂਝੇ ਮੁਹਾਜ਼ ਵਲੋਂ ਸ਼੍ਰੋਮਣੀ ਕਮੇਟੀ ਹਲਕਿਆਂ ਅਤੇ ਸੀਟਾਂ ਦੀ ਵੰਡ ਵੰਡਾਈ ਦਾ ਕੰਮ ਸੁਹਿਰਦਤਾ ਨਾਲ ਨੇਪਰੇ ਚਾੜ੍ਹ ਲਿਆ ਗਿਆ। ਐਨ ਮੌਕੇ ਤੇ ਸਿਮਰਨਜੀਤ ਸਿੰਘ ਮਾਨ ਵਲੋਂ ਬਸਪਾ ਤੇ ਪੰਥਕ ਮੋਰਚੇ ਦੀਆਂ ਦੂਜੀਆਂ ਧਿਰਾਂ ਦੇ ਹਿੱਸੇ ਆਈਆਂ ਸੀਟਾਂ ਤੇ ਵੀ ਮਾਨ ਦਲ ਦੇ ਉਮੀਦਵਾਰਾਂ ਦੇ ਕਾਗਜ਼ ਦਾਖਲ ਕਰਵਾ ਦਿੱਤੇ ਗਏ। ਭਾਈ ਜਸਵੀਰ ਸਿੰਘ ਰੋਡੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ, ਸੰਤ ਬਾਬਾ ਅਜੀਤ ਸਿੰਘ ਪ੍ਰਧਾਨ ਪੰਥਕ ਮੋਰਚਾ ਤੇ ਮੈਂ ਕਈ ਦਿਨ ਸਿਮਰਨਜੀਤ ਸਿੰਘ ਮਾਨ ਨੂੰ ਪੰਥਕ ਮੁਹਾਜ਼ ਨੂੰ ਤਾਰਪੀਡੋ ਕਰਨ ਵਾਲੇ ਉਹਦੇ ਉਮੀਦਵਾਰ ਵਾਪਸ ਲੈਣ ਲਈ ਜ਼ੋਰ ਪਾਉਂਦੇ ਰਹੇ ਪਰ ਉਹ ਟੱਸ ਤੋਂ ਮੱਸ ਨਾ ਹੋਇਆ। ਮਾਨ ਦੀ ਇਸ ਸਿਆਸੀ ਬੇਈਮਾਨੀ ਕਾਰਨ ਪੰਥਕ ਮੋਰਚਾ ਮਿੱਥੇ ਗਏ ਸਾਰਥਕ ਨਤੀਜੇ ਕੱਢਣ ਤੋਂ ਖੁੰਝ ਗਿਆ। ਜਿਸ ਦਾ ਸਿੱਧਾ ਲਾਭ ਸੰਘ ਪਰਿਵਾਰ ਪੱਖੀ ਬਾਦਲਕਿਆਂ ਨੂੰ ਹੋਇਆ। ਯਾਨੀ ਮਾਨ ਅਸਿੱਧੇ ਢੰਗ ਨਾਲ ਬਾਦਲਕਿਆਂ ਦਾ ਰਾਹ ਮੋਕਲਾ ਕਰਨ ਦਾ ਸਬੱਬ ਬਣ ਗਿਆ।

ਆਪਣੇ ਮਾਲਕਾਂ ਦੀ ਖੁਸ਼ਨੂਦੀ ਹਾਸਲ ਕਰਨ ਲਈ 1996 ਵਿਚ ਮੋਗਾ ਵਿਖੇ ਵਿਸ਼ਾਲ ਰੈਲੀ 'ਚ ਬਾਦਲਕਿਆਂ ਵਲੋਂ ਸ਼੍ਰੋਮਣੀ ਅਕਾਲੀ ਦਲ ਦਾ ਪੰਥਕ ਸਰੂਪ ਬਦਲ ਕੇ ਪੰਜਾਬੀ ਪਾਰਟੀ ਹੋਣ ਦਾ ਐਲਾਨ ਕਰ ਦਿੱਤਾ ਗਿਆ। ਜਿਸ ਨਾਲ ਅਕਾਲੀ ਦਲ ਦੀ ਪੰਥਕ ਰੂਹ ਖੁਰਨੀ ਸ਼ੁਰੂ ਹੋ ਗਈ।

ਫਰਵਰੀ 1992 ਦੀਆਂ ਪੰਜਾਬ ਦੀਆਂ ਚੋਣਾਂ ਸਮੇਂ ਬਸਪਾ ਦੇ ਵੀ ਨੌਂ ਵਿਧਾਇਕ ਤੇ ਇਕ ਸਾਂਸਦ ਜਿੱਤ ਗਏ ਸਨ। ਜਿਹੜੇ ਸਰਕਾਰੀ ਸਹੂਲਤਾਂ ਤੇ ਗੱਡੀਆਂ ਦੇ ਹੱਕਦਾਰ ਬਣ ਗਏ ਸਨ। ਸਾਹਿਬ ਕਾਂਸ਼ੀ ਰਾਮ ਉਹਨਾਂ ਤੋਂ ਉਮੀਦ ਕਰਦੇ ਸਨ ਕਿ ਉਹ ਇਨ੍ਹਾਂ ਸਹੂਲਤਾਂ ਦਾ ਇਸਤੇਮਾਲ ਕਰਕੇ ਬਹੁਜਨ ਸਮਾਜ ਬਨਾਉਣ ਲਈ ਯੋਗਦਾਨ ਪਾਉਂਦੇ ਤਾਂ ਕਿ ਸਦੀਆਂ ਤੋਂ ਗੁਲਾਮੀ ਦੀ ਚੱਕੀ 'ਚ ਪਿਸ ਰਿਹਾ ਦਲਿਤ ਸ਼ੋਸ਼ਿਤ ਸਮਾਜ ਸਵੈਮਾਣ ਤੇ ਅਣਖ ਨਾਲ ਜੀਵਨ ਜਿਉਣ ਦੇ ਸਮਰੱਥ ਹੋ ਸਕੇ। ਪਰ ਭੁੱਖੇ ਜੱਟ ਕਟੋਰਾ ਲੱਭਾ ਪਾਣੀ ਪੀ ਪੀ ਆਫਰਿਆ ਦੀ ਕਹਾਵਤ ਅਨੁਸਾਰ ਨਵੇਂ ਬਣੇ ਬਸਪਾ ਵਿਧਾਇਕਾਂ ਵਿਚੋਂ ਕਈ ਕੁਰਸੀ ਗਰਮ ਕਰਨ ਦੇ ਨਾਲ-ਨਾਲ ਐਸ਼ੋ ਇਸ਼ਰਤ ਵਿਚ ਗ੍ਰਸਤ ਹੋ ਗਏ। ਜੋ ਸਮਾਜ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਵਿਸਾਰ ਕੇ ਰੰਗੀਨ ਮਿਜ਼ਾਜ ਜ਼ਿੰਦਗੀ ਜਿਉਣ ਲੱਗ ਪਏ। ਬਸਪਾ ਸੁਪ੍ਰੀਮੋ ਸਾਹਿਬ ਕਾਂਸ਼ੀ ਰਾਮ ਉਹਨਾਂ ਦੀ ਢਿੱਲੀ ਮੱਠੀ ਕਾਰਗੁਜ਼ਾਰੀ ਤੋਂ ਬੇਹੱਦ ਨਿਰਾਸ਼ ਸਨ। ਉਹ ਉਹਨਾਂ 'ਚੋਂ ਕਈਆਂ ਨੂੰ ਮੁਸ਼ਟੰਡੇ ਵਰਗੇ ਲਕਬ ਨਾਲ ਨਿਵਾਜ਼ਦੇ ਰਹੇ।



ਲਾਲ ਸਿੰਘ ਸੁਲਹਾਣੀ
91-98721-55120

19 ਫਰਵਰੀ 1997 ਤੋਂ ਪਹਿਲਾਂ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਸਿਰ ਤੇ ਸਨ ਪਰ ਬਸਪਾ ਦੂਜੀਆਂ ਪਾਰਟੀਆਂ ਦੇ ਮੁਕਾਬਲੇ ਪਛੜ ਗਈ ਜਾਪਦੀ ਸੀ। ਸ਼ਾਹਿਬ ਕਾਂਸ਼ੀ ਰਾਮ ਗਾਹੇ -ਬ- ਗਾਹੇ ਪੰਜਾਬ ਇਕਾਈ ਨੂੰ ਦਰੁਸਤ ਕਰਨ ਲਈ ਆਪਣੇ ਕੀਮਤੀ ਵਕਤ ਚੋਂ ਵਕਤ ਕੱਢ ਕੇ ਪਹਿਲਾਂ ਵੀ ਯਤਨ ਕਰਦੇ ਰਹਿੰਦੇ ਸਨ। ਚੋਣਾਂ ਤੋਂ ਪਹਿਲਾਂ ਉਹਨਾਂ ਨੇ ਪੰਜਾਬ ਦੀ ਕਮਾਂਡ ਖੁਦ ਸੰਭਾਲ ਲਈ ਅਤੇ 21 ਨਵੰਬਰ ਤੋਂ ਹੈਲੀਕਾਪਟਰ ਰਾਹੀਂ ਪੰਜਾਬ ਦੇ ਸਾਰੇ 117 ਹਲਕਿਆਂ 'ਚ ਪਹੁੰਚਣ ਲਈ ਟੀਚਾ ਮਿੱਥ ਕੇ 13 ਦਿਨਾਂ ਦਾ ਪ੍ਰੋਗਰਾਮ ਉਲੀਕ ਲਿਆ। ਉਹ ਹਰ ਰੋਜ਼ ਨੌਂ ਵਿਧਾਨ ਸਭਾ ਹਲਕਿਆਂ 'ਚ ਪਹੁੰਚ ਕੇ ਦਲਿਤ ਸ਼ੋਸ਼ਿਤ ਸਮਾਜ ਦੀ ਅਣਖ ਨੂੰ ਟੁੰਬਦੇ। ਉਹਨਾਂ ਨੂੰ ਸਵੈਮਾਣ ਨਾਲ ਜਿਉਣ ਵਾਸਤੇ ਪ੍ਰੇਰਨਾ ਦਿੰਦੇ ਅਤੇ ਹੁਕਮਰਾਨ ਬਣਨ ਲਈ ਰਜ਼ਾਮੰਦ ਕਰਨ ਦਾ ਯਤਨ ਕਰਦੇ। ਫਰੀਦਕੋਟ ਤੇ ਫਿਰੋਜ਼ਪੁਰ ਲੋਕ ਸਭਾ ਹਲਕਿਆਂ ਵਿਚ ਆਉਂਦੀਆਂ ਕੁਝ ਅਸੈਂਬਲੀ ਸੀਟਾਂ ਤੇ ਸਾਹਿਬ ਦੀਆਂ ਰੈਲੀਆਂ ਵਿਚ ਪਹੁੰਚਣ ਲਈ ਮੈਂ ਆਪਣੇ ਇਕ ਮਿਸ਼ਨਰੀ ਮਿੱਤਰ ਬਲਵਿੰਦਰ ਸਿੰਘ ਘਾਲੀ ਰਾਹੀਂ ਵਧੀਆ ਗੱਡੀ ਦਾ ਬੰਦੋਬਸਤ ਕਰ ਲਿਆ ਸੀ।

ਸਾਹਿਬ ਕਾਂਸ਼ੀ ਰਾਮ ਦਾ ਭਾਸ਼ਣ ਖ਼ਤਮ ਹੁੰਦਿਆਂ ਹੀ ਮੈਂ ਤੇਜ਼ੀ ਨਾਲ ਅਗਲੇ ਪ੍ਰੋਗਰਾਮ ਲਈ ਰਵਾਨਾ ਹੋ ਜਾਂਦਾ, ਉਹਨਾਂ ਤੋਂ ਪਹਿਲਾਂ ਰੈਲੀ ਵਾਲੀ ਥਾਂ 'ਤੇ ਪੁੱਜ ਜਾਂਦਾ ਸੀ। ਉਹਨਾਂ ਦੇ ਆਦੇਸ਼ ਅਨੁਸਾਰ ਹੈਲੀਕਾਪਟਰ ਲਈ ਹੈਲੀਪੈਡ ਜਿਥੋਂ ਤੀਕ ਸੰਭਵ ਹੋ ਸਕਦਾ ਪੰਡਾਲ ਦੇ ਨੇੜੇ ਤੋਂ ਨੇੜੇ ਬਣਾਇਆ ਜਾਂਦਾ ਸੀ। ਇਸ ਨਾਲ ਜਿੱਥੇ ਸਮੇਂ ਦੀ ਬਚਤ ਹੋ ਜਾਂਦੀ ਸੀ ਉਥੇ ਸਦੀਆਂ ਤੋਂ ਦਬਾਏ ਗਏ ਸਮਾਜ ਦੇ ਥੁੜ੍ਹਾਂ ਮਾਰੇ ਲੋਕ ਉਡਣ ਖਟੋਲੇ ਰਾਹੀਂ ਆਪਣੇ ਮਸੀਹਾ ਨੂੰ ਅਕਾਸ਼ੋਂ ਉਤਰਦਾ ਦੇਖ ਕੇ ਖੁਸ਼ੀ 'ਚ ਖੀਵੇ ਹੋ ਉਠਦੇ। ਉਸ ਮੌਕੇ ਦਲਿਤਾਂ ਸ਼ੋਸ਼ਿਤਾਂ ਦੇ ਚਿਹਰਿਆਂ ਦਾ ਜਲੌਅ ਵੇਖਣ ਵਾਲਾ ਹੁੰਦਾ ਸੀ। ਜੋਸ਼ ਵਿਚ ਆਕੇ ਉਹ ਨਾਅਰਿਆਂ ਨਾਲ ਆਕਾਸ਼ ਗੂੰਜਣ ਲਾ ਦਿੰਦੇ।

ਲੜੀਵਾਰ ਪ੍ਰੋਗਰਾਮਾਂ ਦੇ ਨੌਵੇਂ ਦਿਨ 29 ਨਵੰਬਰ ਨੂੰ ਧਰਮਕੋਟ ਹਲਕੇ ਦੀ ਆਖਰੀ ਰੈਲੀ ਨੂੰ ਸੰਬੋਧਨ ਕਰਦਿਆਂ ਬੜੀ ਸੋਜ਼ ਭਰੀ ਆਵਾਜ਼ ਵਿਚ ਸਾਹਿਬ ਨੇ ਆਖਿਆ ਸਾਥੀ ! 19 ਫਰਵਰੀ ਤੋਂ ਪਹਿਲਾਂ ਪਹਿਲਾਂ ਪੰਜਾਬ 'ਚ ਨਵੀਂ ਸਰਕਾਰ ਚੁਣਨ ਵਾਸਤੇ ਚੋਣ ਹੋਵੇਗੀ। ਇਸ ਚੋਣ ਨੂੰ ਮੁੱਖ ਰੱਖਕੇ ਦਬੇ ਕੁਚਲੇ ਲੋਕਾਂ ਵਾਸਤੇ ਸੋਚਣ ਤੋਂ ਬਾਅਦ ਮੈਂ ਇਸ ਨਤੀਜੇ ਤੇ ਪਹੁੰਚਿਆ ਹਾਂ ਕਿ ਪੰਜਾਬ ਦੇ ਜਿਹਨਾਂ ਲੋਕਾਂ 'ਚ ਮੈਂ ਪੈਦਾ ਹੋਇਆ ਹਾਂ ਉਹ ਬੈਗੈਰਤ ਲੋਕ ਹਨ ਅੱਜ ਵੀ ਆਪਣੇ ਵਿਚ ਗ਼ੈਰਤ ਪੈਦਾ ਨਹੀਂ ਕਰ ਸਕੇ। ਨਿਮਾਣੇ ਲੋਕ ਆਪਣੇ ਵਿਚ ਮਾਨ ਸਨਮਾਨ ਨਾਲ ਜਿਉਣ ਲਈ ਮਹੌਲ ਪੈਦਾ ਨਹੀਂ ਕਰ ਸਕੇ। ਇਸ ਦੇਸ਼ ਦੀ ਸਮਾਜ ਵਿਵਸਥਾ ਉਹਨਾਂ ਨੂੰ ਮਾਨ ਸਨਮਾਨ ਨਾਲ ਨਾ ਜਿਉਣ ਦਾ ਬੰਦੋਬਸਤ ਕਰ ਚੁਕੀ ਹੈ ਉਸ ਵਿਵਸਥਾ ਦਾ ਮੁਕਾਬਲਾ ਕਰਕੇ ਉਹ ਮਾਨ ਸਨਮਾਨ ਨਾਲ ਜਿਉਣ ਲਈ ਆਪਣੇ ਆਪ ਨੂੰ ਤਿਆਰ ਕਰ ਸਕਣ ਇਸ ਤਰ੍ਹਾਂ ਦਾ ਕੰਮ ਅਜ ਤਕ ਨਹੀਂ ਹੋਇਆ ਇਹ ਕੰਮ ਓਹੀ ਲੋਕ ਕਰ ਸਕਦੇ ਹਨ ਜਿਨ੍ਹਾਂ ਵਿਚ ਕੋਈ ਅਣਖ ਹੋਵੇ। ਜਦੋਂ ਉਹਨਾਂ ਦੀ ਅਣਖ ਨੂੰ ਲਲਕਾਰਿਆ ਜਾਵੇ ਤਾਂ ਉਹ ਉਠ ਕੇ ਖੜ੍ਹੇ ਹੋਣ ਤੇ ਦੂਜੇ ਲੋਕਾਂ ਨੂੰ ਤਿਆਰ ਕਰਕੇ ਅਜਿਹਾ ਪ੍ਰਬੰਧ ਕਰਨ ਕੇ ਸਾਰਾ ਸਮਾਜ ਅਣਖ ਦੀ ਜ਼ਿੰਦਗੀ ਜਿਉਂ ਸਕੇ। ਪਰ ਅੱਜ ਤੱਕ ਅਜਿਹੀ ਤਿਆਰੀ ਨਹੀਂ ਹੋ ਸਕੀ। 15 ਕੁ ਸਾਲਾਂ ਤੋਂ ਮੈਂ ਕੋਸ਼ਿਸ਼ ਕਰਦਾ ਆ ਰਿਹਾ ਹਾਂ ਕੁਝ ਸਾਥੀਆਂ ਨੂੰ ਤਿਆਰ ਕਰਕੇ ਕੁਰਸੀਆਂ ਤੇ ਬਿਠਾਇਆ। ਪੰਜ ਸਾਲ ਪਹਿਲਾਂ ਹੋਈ ਚੋਣ ਚ ਸਾਡਾ ਪੰਜਾਬ ਦਾ ਪ੍ਰਧਾਨ ਮੈਂਬਰ ਪਾਰਲੀਮੈਂਟ ਬਣਿਆਂ ਤੇ ਜਨਰਲ ਸਕੱਤਰ ਐਮ ਐਲ ਏ ਬਣਿਆਂ। ਤੁਹਾਡੇ ਹਲਕੇ ਧਰਮਕੋਟ ਸਮੇਤ ਹੋਰ ਵੀ ਐਮ ਐਲ ਏ ਬਣੇ। ਮੈਨੂੰ ਖੁਸ਼ੀ ਹੋਈ ਕਿ ਜਿਹੜਾ ਕੰਮ ਪਹਿਲਾਂ ਦਸ ਸਾਲ ਨਹੀਂ ਕੀਤਾ ਉਹ ਇਹ ਸਾਰੇ ਰਲ ਮਿਲ ਕੇ ਕਰ ਲੈਣਗੇ। ਪਰ ਉਹਨਾਂ ਨੇ ਪੰਜ ਸਾਲਾਂ 'ਚ ਡੱਕਾ ਭੰਨ ਕੇ ਦੂਹਰਾ ਨਹੀਂ ਕੀਤਾ ਸਗੋਂ ਰੰਗ ਰਲੀਆਂ ਮਨਾਉਣ 'ਚ ਮਸਤ ਰਹੇ। ਪੰਜਾਬ ਛੋਟਾ ਜਿਹਾ ਸੂਬਾ ਹੈ ਤੇ ਛੋਟੇ ਛੋਟੇ 117 ਹਲਕੇ ਹਨ। ਜੇ ਨੌਂ ਐਮ ਐਲ ਏ 13-13 ਹਲਕੇ ਤਿਆਰ ਕਰਨ ਦੀ ਜ਼ਿੰਮੇਵਾਰੀ ਲੈ ਲੈਂਦੇ ਤਾਂ ਪੰਜਾਬ ਦੇ ਸਾਰੇ ਹਲਕੇ ਤਿਆਰ ਹੋ ਸਕਦੇ ਸਨ ਅਤੇ ਅੱਜ ਅਸੀਂ ਖੁਸ਼ੀ ਖੁਸ਼ੀ ਚੋਣਾਂ ਵਿਚ ਕੁੱਦ ਸਕਦੇ ਸੀ ਪਰ ਮੈਨੂੰ ਨਜ਼ਰ ਆਉਂਦਾ ਹੈ ਕਿ ਉਹਨਾਂ ਨੇ ਤਾਂ ਆਪਣੇ ਆਪਣੇ ਹਲਕੇ ਵੀ ਤਿਆਰ ਨਹੀਂ ਕੀਤੇ। ਇਸ ਲਈ ਉਹ ਸਾਰੇ ਐਮ ਪੀ ਸਮੇਤ ਡਰੇ ਡਰੇ ਹਨ। ਉਹਨਾਂ ਵਿਚੋਂ ਕਿੰਨੇ ਝੜ ਜਾਣਗੇ ਕੁਝ ਨਹੀਂ ਕਿਹਾ ਜਾ ਸਕਦਾ। ਪੰਜਾਬ ਦੇ ਐਸੇ ਮਾਹੌਲ ਵਿਚ ਅਣਖ ਨਾਲ ਜਿਉਣ ਲਈ ਅਣਖ ਵਾਲੇ ਕੁੱਝ ਲੋਕ ਛਾਂਟ ਕੇ,ਅਣਖ ਦੇ ਰਾਖੇ ਕੁਝ ਲੋਕ ਤਿਆਰ ਕਰਨ ਦੀ ਅਪੀਲ ਕਰਦਿਆਂ ਉਹਨਾ ਨੇ ਫਤਹਿ ਬੁਲਾਈ।

ਰੈਲੀ ਦੀ ਸਮਾਪਤੀ ਤੋਂ ਬਾਅਦ ਦਿਲਾਂ 'ਚ ਨਵੀਆਂ ਉਮੀਦਾਂ ਸੰਜੋਈ ਬੈਠੇ ਕਾਰਜ ਕਰਤਾ ਆਪਣੇ ਮਹਿਬੂਬ ਆਗੂ ਨਾਲ ਗੱਲ ਬਾਤ ਕਰ ਰਹੇ ਸਨ। ਸੂਰਜ ਡੁੱਬਣ ਤੋਂ ਪਹਿਲਾਂ ਪਹਿਲਾਂ ਹੈਲੀਕਾਪਟਰ ਅਗਲੀ ਮੰਜ਼ਿਲ ਤੇ ਪੁੱਜ ਜਾਣਾ ਚਾਹੀਦਾ ਹੈ ਇਸ ਗੱਲ ਨੂੰ ਭਾਂਪ ਕੇ ਉਹਨਾਂ ਨੇ ਮੈਨੂੰ ਹੈਲੀਕਾਪਟਰ ਦੇਕੇ ਫਿਰੋਜ਼ਪੁਰ ਭੇਜ ਦਿੱਤਾ ਤੇ ਆਪ ਦੇਰ ਰਾਤ ਸੜਕੀ ਰਸਤੇ ਕਾਰ ਰਾਹੀਂ ਸਿੱਧੇ ਫਿਰੋਜ਼ਪੁਰ ਵਿਖੇ ਲੋਕ ਨਿਰਮਾਣ ਵਿਭਾਗ ਦੇ ਆਰਮ ਘਰ 'ਚ ਪੁੱਜੇ ਜਿੱਥੇ ਸੈਂਕੜੇ ਕਾਰਜ ਕਰਤਾ ਅੱਖਾਂ ਵਿਛਾਈ ਉਹਨਾਂ ਦੇ ਸੁਆਗਤ ਲਈ ਇੰਤਜ਼ਾਰ ਕਰ ਰਹੇ ਸਨ।

ਲੜੀਵਾਰ ਪ੍ਰੋਗਰਾਮਾਂ ਦੇ ਸਿਲਸਿਲੇ ਵਿਚ 30 ਨਵੰਬਰ ਨੂੰ ਦਸਵੇਂ ਦਿਨ ਉਹਨਾਂ ਨੇ ਆਪਣੇ ਪਹਿਲੇ ਪ੍ਰੋਗਰਾਮ ਦੀ ਸ਼ੁਰੂਆਤ ਫਿਰੋਜ਼ਪੁਰ ਛਾਉਣੀ ਹਲਕੇ ਤੋਂ ਸਵੇਰੇ ਦਸ ਵਜੇ ਕੀਤੀ। ਮੌਜੂਦਾ ਬੱਸ ਅੱਡੇ ਵਾਲੇ ਮੈਦਾਨ 'ਚ ਹਜ਼ਾਰਾਂ ਲੋਕਾਂ ਨੂੰ ਖੁਸ਼ੀ ਭਰੇ ਮਾਹੌਲ ਵਿਚ ਸੰਬੋਧਨ ਕਰਕੇ ਸਾਹਿਬ ਕਾਂਸ਼ੀ ਰਾਮ ਫਿਰੋਜ਼ਪੁਰ ਜ਼ਿਲ੍ਹੇ ਦੇ ਅਗਲੇ ਪ੍ਰੋਗਰਾਮਾਂ ਲਈ ਉਡਾਣ ਭਰ ਗਏ।

ਪੰਜਾਬ ਭਰ 'ਚ ਲਗਾਤਾਰ 117 ਹਲਕਿਆਂ ਵਿੱਚ ਸਾਹਿਬ ਕਾਂਸ਼ੀ ਰਾਮ ਵਲੋਂ ਕੀਤੀਆਂ ਗਈਆਂ ਰੈਲੀਆਂ ਨੇ ਸਿਆਸੀ ਮਾਹੌਲ ਗਰਮਾ ਦਿੱਤਾ। ਪਰ ਸਤਾਧਾਰੀ ਕਾਂਗਰਸ ਪਾਰਟੀ ਨੂੰ ਕੰਬਣੀ ਛੇੜ ਦਿੱਤੀ। ਉਹਨਾਂ ਦੇ ਦੌਰਿਆਂ ਨਾਲ ਪੰਜਾਬ ਦੀ ਰਾਜਨੀਤਕ ਫਿਜ਼ਾ ਵਿਚ ਨਵੀਂ ਹਲਚਲ ਪੈਦਾ ਹੋ ਗਈ। ਬਹੁਜਨ ਸਮਾਜ ਵਿਚ ਨਵਾਂ ਉਭਾਰ ਅਤੇ ਬਸਪਾ ਕਾਰਜਕਰਤਾਵਾਂ ਵਿਚ ਵਧੇਰੇ ਜੋਸ਼ ਉਮੜ ਪਿਆ। 29 ਦਸੰਬਰ 1996 ਨੂੰ ਬਸਪਾ ਵਲੋਂ ਲੁਧਿਆਣਾ ਵਿਖੇ ਵਰਧਮਾਨ ਮਿੱਲ ਦੇ ਪਿਛਵਾੜੇ ਵਿਸ਼ਾਲ ਮੈਦਾਨ ਅੰਦਰ ਕੀਤੀ ਗਈ ਵਿਰਾਟ ਰਾਜਨੀਤਕ ਰੈਲੀ ਨੇ ਰਾਜਸੀ ਪੰਡਤਾਂ ਵਿਚ ਨਵੀਂ ਚਰਚਾ ਛੇੜ ਦਿੱਤੀ। ਇਸ ਰੈਲੀ ਤੋਂ ਬਾਅਦ ਬਾਦਲਕਿਆਂ ਵਲੋਂ ਅਤੇ ਸਤਾਧਾਰੀ ਕਾਂਗਰਸ ਪਾਰਟੀ ਵਲੋਂ ਚੁਣਾਵੀ ਗਠਜੋੜ ਲਈ ਬਸਪਾ ਮੁਖੀ ਨੂੰ ਤਜਵੀਜਾਂ ਭੇਜੀਆਂ ਜਾਣ ਲੱਗੀਆਂ। ਪਰ ਉਹਨਾਂ ਵਿਚੋਂ ਕਿਸੇ ਨਾਲ ਵੀ ਗੱਲ ਕਿਸੇ ਤਣ ਪੱਤਣ ਨਾ ਲੱਗ ਸਕੀ। ਅੰਤ ਪੰਜਾਬ ਬਸਪਾ ਦੇ ਕੁਝ ਆਗੂਆਂ ਵਲੋਂ ਬਸਪਾ ਦਾ ਚੁਣਾਵੀ ਤਾਲਮੇਲ ਸਿਮਰਨਜੀਤ ਸਿੰਘ ਮਾਨ ਵਾਲੇ ਅਕਾਲੀ ਦਲ ਨਾਲ ਕਰਵਾ ਦਿੱਤਾ ਗਿਆ। 1989 ਦੀ ਲੋਕ ਸਭਾ ਚੋਣਾਂ 'ਚ ਭਾਰੀ ਬਹੁਮਤ ਲੈਕੇ ਪੰਜਾਬੀਆਂ ਨੂੰ ਕੋਈ ਠੋਸ ਸੇਧ ਤੇ ਪੰਥ ਨੂੰ ਕੋਈ ਦੂਰ ਅੰਦੇਸ਼ੀ ਵਾਲਾ ਪ੍ਰੋਗਰਾਮ ਨਾ ਦੇ ਸਕਣ ਕਰਕੇ ਮਾਨ ਪੰਥਕ ਹਲਕਿਆਂ ਵਲੋਂ ਰਾਜਸੀ ਸਫ਼ਾਂ 'ਚੋਂ ਨਕਾਰਿਆ ਜਾ ਚੁੱਕਾ ਸੀ ਅਤੇ ਇਸ ਵੇਲੇ ਤੱਕ ਉਹਦੀ ਰਾਜਨੀਤਕ ਸ਼ਾਖ਼ ਨੂੰ ਵੱਡਾ ਖੋਰਾ ਲੱਗ ਚੁੱਕਿਆ ਸੀ। ਦਲਿਤਾਂ ਸ਼ੋਸ਼ਿਤਾਂ ਵਲੋਂ ਵੀ ਉਹਦੀ ਰਜਵਾੜਾਸ਼ਾਹੀ, ਜਗੀਰੂ ਸੋਚ ਅਤੇ ਉਹਦੀਆਂ ਅਲਹਿਦਗੀ ਪਸੰਦ ਨੀਤੀਆਂ ਕਰਕੇ ਹੁੰਗਾਰਾ ਨਾ ਭਰਿਆ ਗਿਆ। ਇਹਨਾਂ ਕਾਰਨਾਂ ਕਰਕੇ ਨਤੀਜਾ ਉਹੀ 'ਢਾਕ ਕੇ ਤੀਨ ਪਾਤ' ਨਿਕਲ਼ਿਆ। ਮਾਨ ਦਲ ਨਾਲ ਗਠਜੋੜ ਦੇ ਬਾਵਜੂਦ ਇਸ ਚੋਣ 'ਚ ਬਸਪਾ ਦਾ ਇਕਲੌਤਾ ਵਿਧਾਇਕ ਸ਼ਿੰਗਾਰਾ ਰਾਮ ਸਹੁੰਗੜਾ ਹੀ ਗੜ੍ਹਸ਼ੰਕਰ ਹਲਕੇ ਤੋਂ ਵਿਧਾਨ ਸਭਾ ਦੀਆਂ ਪੌੜੀਆਂ ਮੁੜ ਚੜ੍ਹਨ 'ਚ ਕਾਮਯਾਬ ਹੋ ਸਕਿਆ ਤੇ ਅਜੀਤ ਇੰਦਰ ਸਿੰਘ ਮੋਫ਼ਰ ਸਰਦੂਲਗੜ੍ਹ ਹਲਕੇ ਤੋਂ ਮਾਨ ਦਲ ਦੇ ਵਿਧਾਇਕ ਵਜੋਂ ਜਿੱਤ ਹਾਸਲ ਕਰ ਸਕਿਆ ਸੀ। ਅਕਾਲੀ ਦਲ ਬਾਦਲ 75 ਸੀਟਾਂ ਜਿੱਤ ਗਿਆ, ਉਧਰ ਪੰਜਾਬ ਅੰਦਰ ਇੱਕਾ ਦੁੱਕਾ ਵਿਧਾਨ ਸਭਾ ਸੀਟਾਂ ਤੇ ਸੰਤੁਸ਼ਟੀ ਜ਼ਾਹਰ ਕਰਨ ਵਾਲੀ ਭਾਰਤੀ ਜਨਤਾ ਪਾਰਟੀ ਪਹਿਲੀ ਵਾਰ ਬਾਦਲਕਿਆਂ ਨੂੰ ਪੜੁੱਲ ਬਣਾ ਕੇ ਅਠਾਰਾਂ ਵਿਧਾਇਕ ਜਿਤਾਉਣ ਅਤੇ ਪੰਜਾਬ ਸਰਕਾਰ ਵਿਚ ਠੋਸ ਹਿੱਸੇਦਾਰੀ ਪਾਉਣ ਵਿਚ ਕਾਮਯਾਬ ਹੋ ਗਈ। ਜਿਸ ਨਾਲ ਆਰ ਐੱਸ ਐੱਸ ਦਾ ਹਿੰਦੂਤਵੀ ਏਜੰਡਾ ਪੰਜਾਬ ਅੰਦਰ ਵੀ ਬੇਰੋਕ ਲਾਗੂ ਕਰਨ ਲਈ ਰਾਹ ਮੋਕ਼ਲਾ ਹੋ ਗਿਆ।

# ਕਿਤਾਬ "ਬੁੰਗਾ ਨਾਨਕਸਰ ਰਵਿਦਾਸੀਆ ਸਿੰਘਾਂ ਦਾ ਜੁਝਾਰੂ ਇਤਿਹਾਸ" ਦਾ ਲੋਕ ਅਰਪਣ

**ਰਿਪੋਰਟ-ਚਰਨਜੀਤ ਸਿੰਘ ਬਿਨਪਾਲਕੇ (ਜਲੰਧਰ)**

ਮਿੱਤੀ 28 ਜੂਨ ਦਿਨ ਸ਼ਨੀਵਾਰ ਨੂੰ ਪ੍ਰੈੱਸ ਕਲੱਬ ਜਲੰਧਰ ਵਿੱਖੇ ਲੇਖ਼ਕ ਰੂਪ ਲਾਲ ਰੂਪ (ਸਟੇਟ ਅਵਾਰਡੀ) ਜੀ ਦੁਵਾਰਾ ਲਿਖੀ ਇਤਿਹਾਸਿਕ ਕਿਤਾਬ "ਬੁੰਗਾ ਨਾਨਕਸਰ ਰਵਿਦਾਸੀਆ ਸਿੰਘਾਂ ਦਾ ਜੁਝਾਰੂ ਇਤਿਹਾਸ" ਲੋਕ ਅਰਪਣ ਕੀਤੀ ਗਈ। ਇਸ ਸਮਾਗਮ ਦੇ ਮੁੱਖ ਮਹਿਮਾਨ ਸ੍ਰੀ ਰਮੇਸ਼ ਚੰਦਰ ਜੀ IFS ਰਿਟਾਇਰ ਰਾਜਦੂਤ ਬੇਲਾਰੂਸ ਸਨ। ਇਸ ਕਿਤਾਬ ਨੂੰ ਬ੍ਰਿਟਿਸ਼ ਰਵਿਦਾਸੀਆ ਹੈਰੀਟੇਜ ਫਾਉਂਡਰੇਸ਼ਨ UK ਦੇ ਸਹਿਯੋਗ ਨਾਲ ਅਤੇ ਮਿਸਟਰ ਸਿੰਘ ਪਬਲੀਕੇਸ਼ਨ ਵਲੋਂ ਪ੍ਰਕਾਸ਼ਿਤ ਕਰਵਾਈ ਗਈ। ਬ੍ਰਿਟਿਸ਼ ਰਵਿਦਾਸੀਆ ਹੈਰੀਟੇਜ ਫਾਉਂਡੇਸ਼ਨ ਯੂਕੇ ਦੇ ਚੇਅਰਮੈਨ ਸ੍ਰੀ ਮ ਪ੍ਰਕਾਸ਼ ਬਾਘਾ ਜੀ ਅਤੇ ਉਹਨਾਂ ਦੀ ਸਮੁੱਚੀ ਟੀਮ ਪਹੁੰਚੀ। ਬੁੰਗਾ ਨਾਨਕਸਰ ਰਵਿਦਾਸੀਆ ਸਿੰਘਾਂ ਵੱਲੋਂ ਬੁੰਗਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਧਰਮ ਸਿੰਘ ਜੀ ਪ੍ਰਧਾਨ ਕਰਮ ਸਿੰਘ ਜੀ, ASI ਸ਼੍ਰੀ ਜਗਦੇਵ ਸਿੰਘ, ਸ੍ਰੀ ਗੁਰੂ ਰਵਿਦਾਸ ਵੈਲਫੇਅਰ ਕਲੱਬ ਦੇ ਪ੍ਰਧਾਨ ਸ਼੍ਰੀ ਮਲਕੀਤ ਸਿੰਘ ਅਤੇ ਮਾਸਟਰ ਸ਼੍ਰੀ ਗੁਰਪ੍ਰੀਤ ਸਿੰਘ ਗੋਰਾ ਜੀ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਲੇਖਕ ਸ੍ਰੀ ਰੂਪ ਲਾਲ ਰੂਪ ਜੀ ਨੇ ਮੀਡੀਆ ਤੋਂ ਆਏ ਹੋਏ




ਪੱਤਰਕਾਰ ਸਾਥੀਆਂ ਨੂੰ ਦੱਸਿਆ ਕਿ ਇਹ ਕਿਤਾਬ ਬੁੰਗਾ ਨਾਨਕਸਰ ਰਵਿਦਾਸੀਆ ਸਿੰਘਾਂ ਦੇ ਪੂਰੇ ਇਤਿਹਾਸ ਬਾਰੇ ਸੰਗਤਾਂ ਨੂੰ ਜਾਣੂ ਕਰਵਾਏਗੀ। ਇਸ ਕਿਤਾਬ ਵਿੱਚ ਅਣਗੌਲੇ ਬਹੁਜਨ ਸਮਾਜ ਦੇ ਸ਼ਹੀਦ ਸਿੰਘਾਂ, ਸਿੰਘਣੀਆਂ ਬਾਰੇ ਵਿਸ਼ੇਸ਼ ਚਰਚਾ ਕੀਤੀ ਗਈ ਹੈ। ਮੁੱਖ ਬੁਲਾਰਿਆਂ ਵਿੱਚੋਂ ਸ੍ਰੀ ਰਮੇਸ਼ ਚੰਦਰ ਜੀ, ਸ਼੍ਰੀ ਮ ਪ੍ਰਕਾਸ਼ ਬਾਘਾ ਜੀ, ਬਾਬਾ ਧਰਮ ਸਿੰਘ ਜੀ, ਜਗਦੇਵ ਸਿੰਘ ਮਹਿਮੀ, ਮਾਸਟਰ ਗੁਰਪ੍ਰੀਤ ਸਿੰਘ ਜੀ, ਪ੍ਰਧਾਨ ਕਰਮ ਸਿੰਘ ਮਹਿਮੀ ਨੇ ਕਿਤਾਬ ਬਾਰੇ ਵਿਸ਼ੇਸ਼ ਚਾਣਨਾ ਪਾਇਆ। ਸਟੇਜ ਸੈਕਟਰੀ ਦੀ ਜਿੰਮੇਵਾਰੀ ਸ਼੍ਰੀ ਦੇਜ ਰਾਜ ਬੰਗਾ ਜੀ ਨੇ ਬਾਖ਼ੂਬੀ ਨਿਭਾਈ। ਇਹ ਸਮਾਗਮ ਸ੍ਰੀ ਓਮ ਪ੍ਰਕਾਸ਼ ਬਾਘਾ ਚੇਅਰਮੈਨ, ਸ੍ਰੀ ਸਤਪਾਲ MBE, ਸ੍ਰੀ ਤਰਸੇਮ ਕਲਿਆਣ ਜੀ, ਸ੍ਰੀ ਅਮਰੀਕ ਪਲਾਹੀ ਅਤੇ ਸ੍ਰੀਮਤੀ ਦੀਪਕਾ ਚਾਵੜਾ ਜੀ ਦੀ ਰਹਿਨੁਮਾਈ ਹੇਠ ਸੰਪਨ ਹੋਇਆ। ਇਸ ਮੌਕੇ ਪ੍ਰੋ ਮਲਕੀਤ ਜੌੜਾ, ਪ੍ਰੋ. ਲਾਲ ਬਹਾਦਰ, ਸ਼੍ਰੀ ਦਲਜੀਤ ਮਹਿਮੀ, ਸ਼੍ਰੀ ਸੋਢੀ ਸੱਤੋਵਾਲੀ, ਸ਼੍ਰੀ ਬਨਾਰਸੀ ਦਾਸ ਭਾਟੀਆ, ਸ਼੍ਰੀ ਸੁਖਦੇਵ ਸਿੰਘ ਗੰਢਵਾਂ, ਸ਼੍ਰੀ ਰਾਮ ਕ੍ਰਿਸਨ ਬਾਘਾ, ਸ੍ਰੀ ਦੇਸ ਰਾਜ ਬੰਗਾ, ਸ਼੍ਰੀ ਜਸਵਿੰਦਰ ਕਾਲੜਾ, ਮਾਸਟਲ ਜਗਦੀਪ ਸਿੰਘ ਜੀ ਆਦਿ ਸਾਥੀ ਹਾਜ਼ਰ ਹੋਏ।

# ਦੇਸ਼ ਵਿੱਚ ਸੰਵਿਧਾਨ ਸਬੰਧੀ ਫੈਲ ਰਹੀਆਂ ਅਫਵਾਹਾਂ ਕਾਰਨ ਬਹੁਤੇ ਲੋਕ ਪ੍ਰੇਸ਼ਾਨ



ਐਡਵੋਕੇਟ ਕੁਲਦੀਪ ਚੰਦ
91-9417563054

ਪਿਛਲੇ ਕੁੱਝ ਸਮੇਂ ਤੋਂ ਸੰਵਿਧਾਨ ਦੀ ਦੁਰਵਰਤੋਂ ਅਤੇ ਇਸਨੂੰ ਬਦਲਣ ਵਰਗੇ ਕਈ ਗੰਭੀਰ ਸਵਾਲ ਚਰਚਾ ਦਾ ਵਿਸ਼ਾ ਬਣ ਰਹੇ ਹਨ। ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਦੇ ਸੰਵਿਧਾਨ ਸਬੰਧੀ ਕਈ ਖਬਰਾਂ ਵੇਖਣ ਅਤੇ ਪੜ੍ਹਣ ਨੂੰ ਮਿਲਦੀਆਂ ਹਨ। ਕੁੱਝ ਰਾਜਨੀਤਿਕ ਪਾਰਟੀਆਂ ਅਤੇ ਉਨ੍ਹਾਂ ਦੇ ਸਮੱਰਥਕ ਸੰਗਠਨਾਂ ਦੇ ਕੁੱਝ ਜਿੰਮੇਵਾਰ ਆਗੂਆਂ ਵਲੋਂ ਸੰਵਿਧਾਨ ਸਬੰਧੀ ਦਿਤੇ ਗਏ ਬਿਆਨ ਅਕਸਰ ਹੀ ਚਰਚਾ ਦਾ ਵਿਸ਼ਾ ਬਣਦੇ ਹਨ। ਪਿਛਲੇ ਦਿਨੀਂ ਰਾਸ਼ਟਰੀ ਸਵੈਮਸੇਵਕ ਸੰਘ (ਆਰਐਸਐਸ) ਦੇ ਕੁੱਝ ਆਗੂਆਂ ਨੇ ਦੇਸ਼ ਵਿੱਚ ਸਵਰਗੀ ਪ੍ਰਧਾਨ ਮੰਤਰੀ ਸ਼੍ਰੀ ਮਤੀ ਇੰਦਰਾ ਗਾਂਧੀ ਦੇ ਅਗਵਾਈ ਵਾਲੀ ਕਾਂਗਰਸ ਪਾਰਟੀ ਦੀ ਸਰਕਾਰ ਵਲੋਂ 1975 ਵਿੱਚ ਦੇਸ਼ ਵਿੱਚ ਲਗਾਈ ਗਈ ਐਮਰਜੈਂਸੀ ਸਬੰਧੀ ਬੋਲਦਿਆਂ ਕਿਹਾ ਕਿ ਕਾਂਗਰਸ ਪਾਰਟੀ ਨੂੰ 50 ਸਾਲ ਪਹਿਲਾਂ ਇੰਦਰਾ ਗਾਂਧੀ ਸਰਕਾਰ ਦੁਆਰਾ ਐਮਰਜੈਂਸੀ ਲਗਾਉਣ ਲਈ ਮੁਆਫੀ ਮੰਗਣੀ ਚਾਹੀਦੀ ਹੈ। ਉਨ੍ਹਾਂ ਨੇ ਸੰਵਿਧਾਨ ਦੀ ਪ੍ਰਸਤਾਵਨਾ ਵਿੱਚੋਂ 'ਸਮਾਜਵਾਦੀ' ਅਤੇ 'ਧਰਮ ਨਿਰਪੱਖ' ਸ਼ਬਦਾਂ ਨੂੰ ਹਟਾਉਣ ਦੀ ਵੀ ਜ਼ੋਰਦਾਰ ਮੰਗ ਕੀਤੀ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਇਹ ਐਮਰਜੈਂਸੀ 25 ਜੂਨ 1975 ਤੋਂ 21 ਮਾਰਚ 1977 ਤੱਕ ਲਾਗੂ ਰਹੀ ਅਤੇ ਇਸ ਦੌਰਾਨ ਹੀ 42ਵੇਂ ਸੰਵਿਧਾਨਿਕ ਸੋਧ ਰਾਹੀਂ ਇਹ ਸ਼ਬਦ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਜੋੜ੍ਹੇ ਗਏ ਸਨ ਅਤੇ ਪ੍ਰਸਤਾਵਨਾ ਵਿੱਚ ਭਾਰਤ ਨੂੰ "ਪ੍ਰਭੂਸੱਤਾ ਸੰਪੰਨ, ਲੋਕਤੰਤਰੀ ਗਣਰਾਜ'' ਤੋਂ ਬਦਲਕੇ "ਪ੍ਰਭੂਸੱਤਾ ਸੰਪੰਨ, ਸਮਾਜਵਾਦੀ, ਧਰਮ ਨਿਰਪੱਖ, ਲੋਕਤੰਤਰੀ ਗਣਰਾਜ'' ਕਰ ਦਿੱਤਾ। ਸਾਲ 1976 ਵਿੱਚ ਕੀਤੀ ਗਈ 42ਵੀਂ ਸੋਧ ਜਿਸ ਵਿੱਚ 59 ਧਾਰਾਵਾਂ ਸ਼ਾਮਲ ਸਨ ਅਤੇ ਕਈ ਬਦਲਾਅ ਪੇਸ਼ ਕੀਤੇ ਗਏ ਜਿਸ ਨਾਲ ਇਸਨੂੰ 'ਛੋਟਾ ਸੰਵਿਧਾਨ' ਦਾ ਸਿਰਲੇਖ ਮਿਲਿਆ ਸੀ। 26 ਨਵੰਬਰ 1949 ਨੂੰ ਅਸੀਂ ਭਾਰਤ ਦੇ ਲੋਕਾਂ ਨੇ ਆਪਣੇ ਆਪ ਨੂੰ ਇੱਕ ਦੂਰਦਰਸ਼ੀ ਅਤੇ ਮਾਰਗ-ਦਰਸ਼ਨ ਵਾਲਾ ਸੰਵਿਧਾਨ ਦਿੱਤਾ ਸੀ। ਡਾਕਟਰ ਭੀਮ ਰਾਓ ਅੰਬੇਡਕਰ ਨੇ ਸੰਵਿਧਾਨ ਸਭਾ ਵਿੱਚ 25 ਨਵੰਬਰ 1949 ਨੂੰ ਇੱਕ ਭਾਸ਼ਣ ਦਿੱਤਾ ਸੀ ਜਿਸ ਵਿੱਚ ਭਾਰਤ ਦੇ ਲੋਕਾਂ ਲਈ ਨਵਾਂ ਸੰਵਿਧਾਨ ਕਿਹੋ ਜਿਹਾ ਹੋਣਾ ਚਾਹੀਦਾ ਹੈ ਇਸ ਦਾ ਵਿਜ਼ਨ ਅਤੇ ਭਾਵਨਾ ਤੈਅ ਕੀਤੀ। ਬਾਬਾ ਸਾਹਿਬ ਦੇ ਭਾਸ਼ਣ ਅਨੁਸਾਰ "ਜੇ ਅਸੀਂ ਉਸ ਸੰਵਿਧਾਨ ਨੂੰ ਸੁਰੱਖਿਅਤ ਰੱਖਣਾ ਚਾਹੁੰਦੇ ਹਾਂ ਜਿਸ ਵਿੱਚ ਅਸੀਂ ਲੋਕਾਂ ਦੀ, ਲੋਕਾਂ ਲਈ ਅਤੇ ਲੋਕਾਂ ਦੁਆਰਾ ਸਰਕਾਰ ਦੇ ਸਿਧਾਂਤ ਨੂੰ ਨਿਯੰਤਰਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਆਓ ਅਸੀਂ ਉਨ੍ਹਾਂ ਬੁਰਾਈਆਂ ਦੀ ਪਛਾਣ ਕਰਨ ਵਿੱਚ ਢਿੱਲ ਨਾ ਕਰਨ ਦਾ ਸੰਕਲਪ ਕਰੀਏ ਜੋ ਸਾਡੇ ਰਸਤੇ ਵਿੱਚ ਹਨ ਅਤੇ ਜੋ ਲੋਕਾਂ ਨੂੰ ਲੋਕਾਂ ਦੁਆਰਾ ਸਰਕਾਰ ਦੀ ਬਜਾਏ ਲੋਕਾਂ ਲਈ ਸਰਕਾਰ ਨੂੰ ਤਰਜੀਹ ਦੇਣ ਲਈ ਪ੍ਰੇਰਿਤ ਕਰਦੇ ਹਨ ਨਾ ਹੀ ਉਨ੍ਹਾਂ ਨੂੰ ਹਟਾਉਣ ਲਈ ਸਾਡੀ ਪਹਿਲਕਦਮੀ ਵਿੱਚ ਕਮਜ਼ੋਰ ਹੁੰਦੇ ਹਨ। ਦੇਸ਼ ਦੀ ਸੇਵਾ ਕਰਨ ਦਾ ਇਹੀ ਤਰੀਕਾ ਹੈ। ਮੈਂ ਇਸ ਤੋਂ ਬਿਹਤਰ ਨਹੀਂ ਜਾਣਦਾ।'' ਭਾਰਤ ਦਾ ਸੰਵਿਧਾਨ ਦੁਨੀਆ ਦਾ ਸਭ ਤੋਂ ਵੱਡਾ ਲਿਖਤੀ ਸੰਵਿਧਾਨ ਹੈ। ਭਾਰਤੀ ਸੰਵਿਧਾਨ ਵਿੱਚ ਦੂਜੇ ਦੇਸ਼ਾਂ ਦੇ ਸੰਵਿਧਾਨਾਂ ਤੋਂ ਕਾਫੀ ਕੁੱਝ ਲਿਆ ਗਿਆ ਹੈ। ਇਸ ਤਰਾਂ ਭਾਰਤੀ ਸੰਵਿਧਾਨ ਤੇ ਦੂਜੇ ਦੇਸ਼ਾਂ ਦੇ ਸੰਵਿਧਾਨਾਂ ਦਾ ਕਾਫੀ ਪ੍ਰਭਾਵ ਪਿਆ ਹੈ। ਭਾਰਤੀ ਸੰਵਿਧਾਨ 26 ਨਵੰਬਰ 1949 ਨੂੰ ਪਾਸ ਹੋਇਆ ਅਤੇ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ। ਭਾਰਤ ਦਾ ਸੰਵਿਧਾਨ ਤਿਆਰ ਕਰਨ ਤੇ ਉਸ ਸਮੇਂ ਲੱਗਭੱਗ 6 ਕਰੋੜ ਰੁਪਏ ਖਰਚ ਹੋਏ। ਇਸ ਵਿੱਚ ਲੱਗਭੱਗ 80 ਹਜ਼ਾਰ ਸ਼ਬਦ ਹਨ। ਭਾਰਤੀ ਸੰਵਿਧਾਨ ਵਿੱਚ 465 ਅਨੁਛੇਦ, 12 ਅਨੁਸੂਚੀਆਂ ਹਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਹੈ। ਸ਼ੁਰੂ ਵਿੱਚ ਇਸ ਵਿੱਚ 395 ਅਨੂਛੇਦ ਸਨ ਅਤੇ ਇਸ ਵਿੱਚ ਸਿਰਫ 08 ਅਨੁਸੂਚੀਆਂ ਹੀ ਸਨ ਅਤੇ ਇਹ 22 ਭਾਗਾਂ ਵਿੱਚ ਵੰਡਿਆ ਹੋਇਆ ਸੀ। ਭਾਰਤੀ ਸੰਵਿਧਾਨ ਦੇ ਆਰਟੀਕਲ 5, 6,7,8,9,60, 324, 366, 367, 379, 380, 388, 391, 392, 393 ਅਤੇ 394 ਆਦਿ 26 ਨਵੰਬਰ, 1949 ਨੂੰ ਹੀ ਲਾਗੂ ਕੀਤੇ ਗਏ ਅਤੇ ਬਾਕੀ ਭਾਗ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ ਸੀ। ਇਸਤੇ ਕੁੱਲ 284 ਮੈਂਬਰਾਂ ਨੇ ਦਸਤਖੱਤ ਕੀਤੇ ਅਤੇ ਸੰਵਿਧਾਨ ਬਣਾਉਣ ਦੀ ਕਾਰਵਾਈ ਮੁਕੰਮਲ ਹੋ ਗਈ। 24 ਜਨਵਰੀ 1950 ਨੂੰ ਸਭਾ ਦੇ 308 ਮੈਂਬਰਾਂ ਨੇ ਸੰਵਿਧਾਨ ਦੀਆਂ ਦੋ ਕਾਪੀਆਂ ਇੱਕ ਅੰਗਰੇਜੀ ਵਿੱਚ ਅਤੇ ਇੱਕ ਹਿੰਦੀ ਵਿੱਚ ਤੇ ਅਪਣੇ ਦਸਤਖਤ ਕੀਤੇ ਸਨ। 26 ਜਨਵਰੀ 1950 ਨੂੰ ਭਾਰਤੀ ਸੰਵਿਧਾਨ ਮੁਕੰਮਲ ਰੂਪ ਵਿੱਚ ਲਾਗੂ ਕੀਤਾ ਗਿਆ। ਸੰਵਿਧਾਨ ਦੁਆਰਾ ਲੋਕਾਂ ਦੀ ਭਲਾਈ ਲਈ ਅਧਿਕਾਰ ਮਿਲੇ ਹਨ। ਸੰਵਿਧਾਨ ਲੋਕਾਂ ਨੂੰ ਰਹਿਣ-ਸਹਿਣ, ਭਾਸ਼ਣ, ਸਿੱਖਿਆ, ਯਾਤਰਾ, ਧਰਮ ਆਦਿ ਦੀ ਆਜ਼ਾਦੀ ਦਿੰਦਾ ਹੈ। ਸੰਵਿਧਾਨ ਦੀ ਰਚਨਾ ਕਰਨ ਵਾਲਿਆਂ ਨੇ ਮਹਿਸੂਸ ਕੀਤਾ ਕਿ ਇਹ ਲੋਕਾਂ ਦੀਆਂ ਇੱਛਾਵਾਂ ਅਤੇ ਸਮਾਜ ਵਿੱਚ ਤਬਦੀਲੀਆਂ ਦੇ ਅਨੁਸਾਰ ਹੋਣਾ ਚਾਹੀਦਾ ਹੈ। ਉਹ ਇਸਨੂੰ ਇੱਕ ਪਵਿੱਤਰ, ਸਥਿਰ ਅਤੇ ਅਟੱਲ ਕਾਨੂੰਨ ਵਜੋਂ ਨਹੀਂ ਦੇਖਦੇ ਸਨ ਇਸ ਲਈ ਉਨ੍ਹਾਂ ਨੇ ਸਮੇਂ-ਸਮੇਂ ਤੇ ਤਬਦੀਲੀਆਂ ਨੂੰ ਸ਼ਾਮਲ ਕਰਨ ਲਈ ਪ੍ਰਬੰਧ ਕੀਤੇ। ਇਨ੍ਹਾਂ ਤਬਦੀਲੀਆਂ ਨੂੰ ਸੰਵਿਧਾਨਿਕ ਸੋਧਾਂ ਕਿਹਾ ਜਾਂਦਾ ਹੈ। ਸੰਵਿਧਾਨ ਵਿੱਚ ਮੌਜੂਦਾ ਕਾਨੂੰਨਾਂ ਨੂੰ ਜੋੜਨ, ਹਟਾਉਣ ਜਾਂ ਬਦਲਣ ਦੀ ਪ੍ਰਕਿਰਿਆ ਨੂੰ ਸੰਵਿਧਾਨਿਕ ਸੋਧ ਕਿਹਾ ਜਾਂਦਾ ਹੈ ਅਤੇ ਆਰਟੀਕਲ 368 ਸੰਵਿਧਾਨਿਕ ਸੋਧਾਂ ਦੀ ਪ੍ਰਕਿਰਿਆ ਨੂੰ ਨਿਰਧਾਰਤ ਕਰਦਾ ਹੈ। ਸੰਵਿਧਾਨ ਦੀ ਸੋਧ ਇਸ ਉਦੇਸ਼ ਲਈ ਨਿਰਧਾਰਤ ਪ੍ਰਕਿਰਿਆ ਦੇ ਅਨੁਸਾਰ ਸੰਵਿਧਾਨ ਦੇ ਕਿਸੇ ਵੀ ਉਪਬੰਧ ਨੂੰ ਜੋੜ੍ਹਨ ਅਤੇਬਦਲਣ ਜਾਂ ਰੱਦ ਕਰਨ ਵਰਗੀਆਂ ਤਬਦੀਲੀਆਂ ਕਰਨ ਦੀ ਪ੍ਰਕਿਰਿਆ ਨੂੰ ਦਰਸਾਉਂਦੀ ਹੈ। ਸੰਵਿਧਾਨਿਕ ਸੋਧਾਂ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਸੰਵਿਧਾਨ ਆਪਣੇ ਬੁਨਿਆਦੀ ਸਿਧਾਂਤਾਂ ਅਤੇ ਕਦਰਾਂ-ਕੀਮਤਾਂ ਨੂੰ ਬਰਕਰਾਰ ਰੱਖਦੇ ਹੋਏ ਬਦਲਦੇ ਹਾਲਾਤਾਂ ਦੇ ਅਨੁਕੂਲ ਹੋਣ ਦੇ ਸਮਰੱਥ ਇੱਕ ਦਸਤਾਵੇਜ਼ ਬਣਿਆ ਰਹੇ। ਸੰਵਿਧਾਨ ਦੀ ਸੋਧ ਬਾਰੇ ਵਿਸਤ੍ਰਿਤ ਉਪਬੰਧ ਸੰਵਿਧਾਨ ਦੇ ਅਨੁਛੇਦ 368 ਵਿੱਚ ਸ਼ਾਮਲ ਹਨ। ਭਾਰਤ ਦੇ ਸੰਵਿਧਾਨ ਵਿੱਚ ਤਿੰਨ ਤਰ੍ਹਾਂ ਦੇ ਸੋਧ ਕੀਤੇ ਜਾ ਸਕਦੇ ਹਨ ਜਿਨ੍ਹਾਂ ਵਿੱਚੋਂ ਦੂਜੀ ਅਤੇ ਤੀਜੀ ਕਿਸਮ ਦੀਆਂ ਸੋਧਾਂ ਧਾਰਾ 368 ਦੁਆਰਾ ਨਿਯੰਤਰਿਤ ਕੀਤੀਆਂ ਜਾਂਦੀਆਂ ਹਨ। ਭਾਰਤੀ ਸੰਵਿਧਾਨ ਨੂੰ ਤਿੰਨ ਤਰੀਕਿਆਂ ਸੰਸਦ ਦੇ ਸਧਾਰਨ ਬਹੁਮਤ ਦੁਆਰਾ, ਸੰਸਦ ਦੇ ਵਿਸ਼ੇਸ਼ ਬਹੁਮਤ ਦੁਆਰਾ ਅਤੇ ਅੱਧੀ ਰਾਜ ਵਿਧਾਨ ਸਭਾਵਾਂ ਦੀ ਪ੍ਰਵਾਨਗੀ ਨਾਲ ਸੋਧਿਆ ਜਾ ਸਕਦਾ ਹੈ। ਭਾਰਤੀ ਸੰਵਿਧਾਨ ਦੀਆਂ ਕਈ ਵਿਵਸਥਾਵਾਂ ਨੂੰ ਇੱਕ ਸਧਾਰਨ ਬਹੁਮਤ ਭਾਵ 50 ਪ੍ਰਤੀਸ਼ਤ ਮੈਂਬਰ ਹਾਜ਼ਰ ਅਤੇ ਵੋਟਿੰਗ ਦੁਆਰਾ ਸੋਧਿਆ ਜਾ ਸਕਦਾ ਹੈ। ਇਹ ਸੋਧਾਂ ਧਾਰਾ 368 ਦੇ ਦਾਇਰੇ ਤੋਂ ਬਾਹਰ ਹਨ। ਸਧਾਰਨ ਬਹੁਮਤ ਦੁਆਰਾ ਨਵੇਂ ਰਾਜਾਂ ਦੀ ਸਥਾਪਨਾ, ਨਵੇਂ ਰਾਜਾਂ ਦਾ ਗਠਨ ਅਤੇ ਖੇਤਰ, ਸੀਮਾਵਾਂ ਜਾਂ ਮੌਜੂਦਾ ਰਾਜਾਂ ਦੇ ਨਾਵਾਂ ਦੀ ਤਬਦੀਲੀ, ਰਾਜਾਂ ਵਿੱਚ ਵਿਧਾਨ ਪ੍ਰੀਸ਼ਦਾਂ ਨੂੰ ਖਤਮ ਕਰਨਾ ਜਾਂ ਸਿਰਜਣਾ ਆਦਿ ਸਬੰਧੀ ਸੋਧ ਕੀਤੀ ਜਾ ਸਕਦੀ ਹੈ। ਸੰਵਿਧਾਨ ਦੇ ਜ਼ਿਆਦਾਤਰ ਉਪਬੰਧਾਂ ਨੂੰ ਸਿਰਫ਼ ਵਿਸ਼ੇਸ਼ ਬਹੁਮਤ ਕੁੱਲ ਮੈਂਬਰਾਂ ਦੇ 50 ਪ੍ਰਤੀਸ਼ਤ ਤੋਂ ਵੱਧ ਅਤੇ ਉਸ ਸਦਨ ਦੇ ਦੋ-ਤਿਹਾਈ ਮੈਂਬਰਾਂ ਦਾ ਬਹੁਮਤ ਹਾਜ਼ਰ ਅਤੇ ਵੋਟਿੰਗ ਦੁਆਰਾ ਸੋਧਿਆ ਜਾ ਸਕਦਾ ਹੈ। ਮੌਲਿਕ ਅਧਿਕਾਰ, ਰਾਜ ਨੀਤੀ ਦੇ ਨਿਰਦੇਸ਼ਕ ਸਿਧਾਂਤ ਅਤੇ ਹੋਰ ਜੋ ਪਹਿਲੀ ਅਤੇ ਤੀਜੀ ਸ਼੍ਰੇਣੀਆਂ ਦੁਆਰਾ ਕਵਰ ਨਹੀਂ ਕੀਤੇ ਜਾਂਦੇ ਹਨ ਸਬੰਧੀ ਵਿਸ਼ੇਸ਼ ਬਹੁਮਤ ਦੁਆਰਾ ਹੀ ਸੋਧ ਕੀਤੀ ਜਾ ਸਕਦੀ ਹੈ।




ਸੰਵਿਧਾਨ ਦੇ ਉਪਬੰਧ ਜੋ ਭਾਰਤੀ ਰਾਜਨੀਤੀ ਦੇ ਸੰਘੀ ਢਾਂਚੇ ਨਾਲ ਸਬੰਧਤ ਹਨ, ਉਹਨਾਂ ਸਬੰਧੀ ਸੋਧ ਲਈ ਸੰਸਦ ਦੇ ਵਿਸ਼ੇਸ਼ ਬਹੁਮਤ ਦੇ ਨਾਲ-ਨਾਲ ਅੱਧੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੀ ਇੱਕ ਸਧਾਰਨ ਬਹੁਮਤ ਦੁਆਰਾ ਸਹਿਮਤੀ ਦੀ ਲੋੜ ਹੁੰਦੀ ਹੈ।ਪਹਿਲੀ ਕਿਸਮ ਦੀ ਸੋਧ ਨੂੰ ਭਾਰਤੀ ਸੰਸਦ ਦੇ ਹਰੇਕ ਸਦਨ ਵਿੱਚ 'ਸਾਧਾਰਨ ਬਹੁਮਤ' ਦੁਆਰਾਪਾਸ ਕੀਤਾ ਜਾਣਾ ਚਾਹੀਦਾ ਹੈ। ਦੂਜੀ ਕਿਸਮ ਦੀ ਸੋਧ ਨੂੰ ਸੰਸਦ ਦੇ ਹਰੇਕ ਸਦਨ ਦੇ ਇੱਕ ਨਿਰਧਾਰਤ 'ਵਿਸ਼ੇਸ਼ ਬਹੁਮਤ' ਦੁਆਰਾ-ਪਾਸ ਕੀਤਾ ਜਾਣਾ ਚਾਹੀਦਾ ਹੈ ਅਤੇ ਤੀਜੀ ਕਿਸਮ ਦੀ ਸੋਧ ਨੂੰ ਸੰਸਦ ਦੇ ਹਰੇਕ ਸਦਨ ਵਿੱਚ 'ਵਿਸ਼ੇਸ਼ ਬਹੁਮਤ' ਦੁਆਰਾ ਪਾਸ ਕੀਤਾ ਜਾਣਾ ਚਾਹੀਦਾ ਹੈ ਅਤੇ ਘੱਟੋ-ਘੱਟ ਅੱਧੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੁਆਰਾ ਪ੍ਰਮਾਣਿਤ ਕੀਤਾ ਜਾਣਾ ਚਾਹੀਦਾ ਹੈ। ਸੰਵਿਧਾਨ ਦੀ ਸੋਧ ਲਈ ਬਿਲ ਸੰਸਦ ਦੇ ਕਿਸੇ ਵੀ ਸਦਨ ਵਿੱਚ ਹੀ ਪੇਸ਼ ਕੀਤਾ ਜਾ ਸਕਦਾ ਹੈ ਰਾਜ ਵਿਧਾਨ ਸਭਾਵਾਂ ਵਿੱਚ ਨਹੀਂ। ਇਹ ਬਿੱਲ ਜਾਂ ਤਾਂ ਮੰਤਰੀ ਜਾਂ ਕਿਸੇ ਨਿੱਜੀ ਮੈਂਬਰ ਦੁਆਰਾ ਪੇਸ਼ ਕੀਤਾ ਜਾ ਸਕਦਾ ਹੈ ਅਤੇ ਇਸ ਲਈ ਰਾਸ਼ਟਰਪਤੀ ਦੀ ਅਗਾਊਂ ਇਜਾਜ਼ਤ ਦੀ ਲੋੜ ਨਹੀਂ ਹੁੰਦੀ। ਇਸ ਬਿਲ ਨੂੰ ਹਰੇਕ ਸਦਨ ਵਿੱਚ ਇੱਕ ਵਿਸ਼ੇਸ਼ ਬਹੁਮਤ ਦੁਆਰਾ ਪਾਸ ਕੀਤਾ ਜਾਣਾ ਚਾਹੀਦਾ ਹੈ ਭਾਵ ਸਦਨ ਦੀ ਕੁੱਲ ਮੈਂਬਰਸ਼ਿਪ ਦਾ ਬਹੁਮਤ ਅਤੇ ਸਦਨ ਦੇ ਹਾਜ਼ਰ ਅਤੇ ਵੋਟਿੰਗ ਦੇ ਦੋ ਤਿਹਾਈ ਮੈਂਬਰਾਂ ਦਾ ਬਹੁਮਤ ਹੋਣਾ ਜਰੂਰੀ ਹੈ। ਹਰੇਕ ਸਦਨ ਨੂੰ ਵੱਖਰੇ ਤੌਰ ਤੇ ਬਿਲ ਨੂੰ ਪਾਸ ਕਰਨਾ ਪੈਂਦਾ ਹੈ। ਦੋਵਾਂ ਸਦਨਾਂ ਵਿੱਚ ਅਸਹਿਮਤੀ ਦੀ ਸਥਿਤੀ ਵਿੱਚ ਬਿਲ ਨੂੰ ਵਿਚਾਰਨ ਅਤੇ ਪਾਸ ਕਰਨ ਲਈ ਦੋਵਾਂ ਸਦਨਾਂ ਦੀ ਸਾਂਝੀ ਬੈਠਕ ਆਯੋਜਿਤ ਕਰਨ ਦਾ ਕੋਈ ਉਪਬੰਧ ਨਹੀਂ ਹੈ। ਜੇਕਰ ਬਿਲ ਸੰਵਿਧਾਨ ਦੇ ਸੰਘੀ ਉਪਬੰਧਾਂ ਵਿੱਚ ਸੋਧ ਕਰਨ ਸਬੰਧੀ ਹੋਵੇ ਤਾਂ ਇਸਨੂੰ ਅੱਧੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੁਆਰਾ ਇੱਕ ਸਧਾਰਨ ਬਹੁਮਤ ਭਾਵ ਸਦਨ ਦੇ ਮੈਂਬਰਾਂ ਦੀ ਬਹੁਗਿਣਤੀ ਦੁਆਰਾ ਹਾਜ਼ਰ ਅਤੇ ਵੋਟਿੰਗ ਦੁਆਰਾ ਵੀ ਪ੍ਰਵਾਨਗੀ ਦੇਣੀ ਪਵੇਗੀ। ਸੰਸਦ ਦੇ ਦੋਵਾਂ ਸਦਨਾਂ ਦੁਆਰਾ ਪਾਸ ਕੀਤੇ ਜਾਣ ਤੋਂ ਬਾਅਦ ਅਤੇ ਰਾਜ ਵਿਧਾਨ ਸਭਾਵਾਂ ਦੁਆਰਾ ਪ੍ਰਮਾਣਿਤ ਕੀਤੇ ਜਾਣ ਤੋਂ ਬਾਅਦ ਜਿੱਥੇ ਜ਼ਰੂਰੀ ਹੋਵੇ ਇਸ ਬਿਲ ਨੂੰ ਰਾਸ਼ਟਰਪਤੀ ਦੀ ਸਹਿਮਤੀ ਲਈ ਪੇਸ਼ ਕੀਤਾ ਜਾਂਦਾ ਹੈ। ਰਾਸ਼ਟਰਪਤੀ ਨੂੰ ਬਿਲ ਨੂੰ ਆਪਣੀ ਮੰਨਜ਼ੂਰੀ ਦੇਣੀ ਪੈਂਦੀ ਹੈ। ਉਹ ਨਾ ਤਾਂ ਬਿਲ ਨੂੰ ਆਪਣੀ ਸਹਿਮਤੀ ਰੋਕ ਸਕਦਾ ਹੈ ਅਤੇ ਨਾ ਹੀ ਸੰਸਦ ਦੁਆਰਾ ਮੁੜ੍ਹ ਵਿਚਾਰ ਲਈ ਬਿਲ ਨੂੰ ਵਾਪਸ ਕਰ ਸਕਦਾ ਹੈ। ਰਾਸ਼ਟਰਪਤੀ ਦੀ ਮੰਨਜ਼ੂਰੀ ਤੋਂ ਬਾਅਦ ਬਿਲ ਐਕਟ ਬਣ ਜਾਂਦਾ ਹੈ (ਅਰਥਾਤ ਇੱਕ ਸੰਵਿਧਾਨਿਕ ਸੋਧ ਐਕਟ) ਅਤੇ ਸੰਵਿਧਾਨ ਐਕਟ ਦੁਆਰਾ ਕੀਤੀਆਂ ਤਬਦੀਲੀਆਂ ਦੇ ਅਨੁਸਾਰ ਸੋਧਿਆ ਜਾਂਦਾ ਹੈ। ਭਾਰਤੀ ਸੰਵਿਧਾਨ ਦਾ ਮੁਢਲਾ ਢਾਂਚਾ ਜ਼ਰੂਰੀ ਸਮਝੇ ਜਾਂਦੇ ਮੂਲ ਸਿਧਾਂਤਾਂ ਦੇ ਸਮੂਹ ਨੂੰ ਦਰਸਾਉਂਦਾ ਹੈ ਜਿਨ੍ਹਾਂ ਨੂੰ ਸੰਸਦ ਦੁਆਰਾ ਸੋਧਾਂ ਰਾਹੀਂ ਰੱਦ ਜਾਂ ਬਦਲਿਆ ਨਹੀਂ ਜਾ ਸਕਦਾ। ਬੁਨਿਆਦੀ ਢਾਂਚੇ ਦਾ ਸਿਧਾਂਤ ਸੰਸਦ ਦੀ ਸੋਧ ਸ਼ਕਤੀ ਦੀ ਜਾਂਚ ਹੈ ਅਤੇ ਇਹ ਯਕੀਨੀ ਬਣਾਉਂਦਾ ਹੈ ਕਿ ਸੰਵਿਧਾਨ ਦੇ ਬੁਨਿਆਦੀ ਸਿਧਾਂਤ, ਸਿਧਾਂਤ ਅਤੇ ਅੰਤਰੀਵ ਢਾਂਚਾ ਬਰਕਰਾਰ ਰਹੇ, ਇਸਦੀ ਭਾਵਨਾ ਨੂੰ ਸੁਰੱਖਿਅਤ ਰੱਖਿਆ ਜਾਵੇ। ਸੰਵਿਧਾਨ ਵਿੱਚ ਸੋਧ ਦੀ ਪ੍ਰਕਿਰਿਆ ਸਮਾਜਿਕ ਲੋੜਾਂ ਅਤੇ ਹਾਲਾਤਾਂ ਨੂੰ ਬਦਲਣ ਲਈ ਭਾਰਤ ਦੇ ਕਾਨੂੰਨੀ ਢਾਂਚੇ ਦੀ ਸਾਰਥਕਤਾ ਅਤੇ ਅਨੁਕੂਲਤਾ ਨੂੰ ਬਣਾਈ ਰੱਖਣ ਦਾ ਇੱਕ ਮਹੱਤਵਪੂਰਨ ਪਹਿਲੂ ਹੈ। ਇਨ੍ਹਾਂ ਸੰਵਿਧਾਨਿਕ ਸੋਧਾਂ ਨੇ ਦੇਸ਼ ਦੇ ਸ਼ਾਸਨ ਅਤੇ ਕਾਨੂੰਨੀ ਢਾਂਚੇ ਨੂੰ ਰੂਪ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਹ ਸੁਨਿਸ਼ਚਿਤ ਕਰਦਾ ਹੈ ਕਿ ਸੰਵਿਧਾਨ ਇੱਕ ਜਿਉਂਦਾ ਜਾਗਦਾ ਦਸਤਾਵੇਜ਼ ਬਣਿਆ ਹੋਇਆ ਹੈ ਜੋ ਇਸਦੇ ਲੋਕਾਂ ਦੀਆਂ ਇੱਛਾਵਾਂ, ਚੁਣੌਤੀਆਂ ਅਤੇ ਵਿਕਾਸਸ਼ੀਲ ਸਮਾਜਿਕ ਕਦਰਾਂ-ਕੀਮਤਾਂ ਨੂੰ ਦਰਸਾਉਂਦਾ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇਸਦੀ ਪ੍ਰਸੰਗਿਕਤਾ ਅਤੇ ਪ੍ਰਭਾਵਸ਼ੀਲਤਾ ਨੂੰ ਯਕੀਨੀ ਬਣਾਉਂਦਾ ਹੈ। ਭਾਰਤ ਵਰਗੇ ਵਿਭਿੰਨ ਅਤੇ ਨਿਰੰਤਰ ਵਿਕਾਸਸ਼ੀਲ ਦੇਸ਼ ਨੂੰ ਨਿਸ਼ਚਿਤ ਨਿਯਮਾਂ ਦੇ ਸਮੂਹ ਦੁਆਰਾ ਨਿਯੰਤਰਿਤ ਨਹੀਂ ਕੀਤਾ ਜਾ ਸਕਦਾ। ਸੰਵਿਧਾਨ ਦੀ ਸੋਧ ਜਰੂਰਤਾਂ ਅਤੇ ਸਥਿਤੀਆਂ ਦੇ ਅਨੁਸਾਰ ਸ਼ਾਸਨ ਵਿੱਚ ਬਦਲਾਅ ਲਿਆਉਣ ਦੇ ਯੋਗ ਬਣਾਉਂਦੀ ਹੈ। ਭਾਰਤੀ ਸੰਵਿਧਾਨ ਦੁਨੀਆ ਦਾ ਸਭ ਤੋਂ ਵੱਧ ਸੋਧਿਆ ਗਿਆ ਸੰਵਿਧਾਨ ਹੈ। ਇਹ ਸਰਕਾਰੀ ਸ਼ਕਤੀਆਂ ਨੂੰ ਇੰਨੀ ਵਿਸਥਾਰ ਨਾਲ ਦਰਸਾਉਂਦਾ ਹੈ ਕਿ ਹੋਰ ਲੋਕਤੰਤਰਾਂ ਵਿੱਚ ਕਾਨੂੰਨ ਦੁਆਰਾ ਸੰਬੋਧਿਤ ਬਹੁਤ ਸਾਰੇ ਮਾਮਲਿਆਂ ਨੂੰ ਭਾਰਤ ਵਿੱਚ ਸੰਵਿਧਾਨਿਕ ਸੋਧ ਦੁਆਰਾ ਸੰਬੋਧਿਤ ਕਰਨਾ ਪੈਂਦਾ ਹੈ। ਸਾਲ 2000 ਵਿੱਚ ਸੰਵਿਧਾਨ ਦੀ ਜਾਂਚ ਪੜਤਾਲ ਕਰਨ ਲਈ ਇੱਕ ਕਮਿਸ਼ਨ ਦਾ ਗਠਨ ਕੀਤਾ ਗਿਆ ਸੀ ਜਿਸਨੇ 31 ਮਾਰਚ 2002 ਨੂੰ ਆਪਣੀ ਰਿਪੋਰਟ ਪੇਸ਼ ਕੀਤੀ ਹੈ। ਮਾਣਯੋਗ ਸੁਪਰੀਮ ਕੋਰਟ ਦੇ ਸਾਬਕਾ ਜੱਜ ਹੰਸ ਰਾਜ ਖੰਨਾ ਨੇ ਆਪਣੀ ਕਿਤਾਬ "ਮੇਕਿੰਗ ਆਫ਼ ਇੰਡੀਆਜ਼ ਕੰਸਟੀਟਿਊਸ਼ਨ'' ਦੇ ਅੰਤ ਵਿੱਚ ਲਿਖਿਆ ਹੈਕਿ ਜੇਕਰ ਭਾਰਤੀ ਸੰਵਿਧਾਨ ਸਾਡੀ ਵਿਰਾਸਤ ਹੈ ਜੋ ਸਾਨੂੰ ਸੌਂਪਿਆ ਗਿਆ ਹੈ ਤਾਂ ਅਸੀਂ ਭਾਰਤ ਦੇ ਲੋਕ ਉਨ੍ਹਾਂ ਕਦਰਾਂ-ਕੀਮਤਾਂ ਦੇ ਟਰੱਸਟੀ ਅਤੇ ਰੱਖਿਅਕਾਂ ਤੋਂ ਘੱਟ ਨਹੀਂ ਹਾਂ ਜੋ ਇਸ ਦੀਆਂ ਵਿਵਸਥਾਵਾਂ ਦੇ ਅੰਦਰ ਧੜਕਦੀਆਂ ਹਨ। ਸੁਪਰੀਮ ਕੋਰਟ ਨੇ 1976 ਵਿੱਚ ਸੰਵਿਧਾਨ ਵਿੱਚ ਹੋਈ ਸੋਧ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ ਜਿਸ ਵਿੱਚ ਪ੍ਰਸਤਾਵਨਾ ਵਿੱਚ 'ਸਮਾਜਵਾਦੀ', 'ਧਰਮ ਨਿਰਪੱਖ', 'ਅਖੰਡਤਾ' ਸ਼ਾਮਲ ਕਰਨ ਵਾਲੇ ਸ਼ਬਦ ਸ਼ਾਮਲ ਕੀਤੇ ਗਏ ਸਨ। ਇਸਤੋਂ ਪਹਿਲਾਂ ਨਵੰਬਰ 2024 ਵਿੱਚ ਸੁਪਰੀਮ ਕੋਰਟ ਨੇ 1976 ਦੇ ਸੰਵਿਧਾਨਿਕ ਸੋਧ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਦੀ ਇੱਕ ਲੜੀ ਨੂੰ ਖਾਰਜ ਕਰ ਦਿੱਤਾ ਸੀ। ਸਾਬਕਾ ਚੀਫ਼ ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਸੰਜੇ ਕੁਮਾਰ ਦੀ ਬੈਂਚ ਨੇ 22 ਨਵੰਬਰ ਨੂੰ ਸਾਬਕਾ ਰਾਜ ਸਭਾ ਮੈਂਬਰ ਸੁਬਰਾਮਨੀਅਮ ਸਵਾਮੀ ਅਤੇ ਵਕੀਲ ਅਸ਼ਵਨੀ ਉਪਾਧਿਆਏ ਦੁਆਰਾ ਦਾਇਰ ਪਟੀਸ਼ਨਾਂ ਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ। ਇਸ ਮਾਮਲੇ ਵਿੱਚ ਸਭ ਤੋਂ ਪਹਿਲਾਂ ਦਾਇਰ ਪਟੀਸ਼ਨਾਂ ਵਿੱਚੋਂ ਇੱਕ ਸਾਲ 2020 ਵਿੱਚ ਬਲਰਾਮ ਸਿੰਘ ਦੁਆਰਾ ਵਕੀਲ ਵਿਸ਼ਨੂੰ ਸ਼ੰਕਰ ਜੈਨ ਰਾਹੀਂ ਦਾਇਰ ਕੀਤੀ ਗਈ ਸੀ। ਫੈਸਲਾ ਸੁਣਾਉਂਦੇ ਹੋਏ ਜਸਟਿਸ ਖੰਨਾ ਨੇ ਕਿਹਾ ਇਨ੍ਹਾਂ ਰਿੱਟ ਪਟੀਸ਼ਨਾਂ ਤੇ ਹੋਰ ਵਿਚਾਰ-ਵਟਾਂਦਰੇ ਅਤੇ ਫੈਸਲੇ ਕਰਨ ਦੀ ਜਰੂਰਤ ਨਹੀਂ ਹੈ। ਸੰਵਿਧਾਨ ਤੇ ਸੰਸਦ ਦੀ ਸੋਧ ਸ਼ਕਤੀ ਪ੍ਰਸਤਾਵਨਾ ਤੱਕ ਫੈਲੀ ਹੋਈ ਹੈ। ਕੋਰਟ ਦੇ ਬੈਂਚ ਨੇ ਕਿਹਾ ਕਿ ਧਾਰਾ 368 ਦੇ ਤਹਿਤ ਸਰਕਾਰ ਦੇ ਅਧਿਕਾਰ ਨੂੰ ਸੀਮਿਤ ਨਹੀਂ ਕਰਦੀ ਹੈ। ਉਨ੍ਹਾਂ ਕਿਹਾ ਕਿ ਇੰਨੇ ਸਾਲਾਂ ਬਾਅਦ ਪ੍ਰਕਿਰਿਆ ਨੂੰ ਇਸ ਤਰ੍ਹਾਂ ਰੱਦ ਨਹੀਂ ਕੀਤਾ ਜਾ ਸਕਦਾ ਅਤੇ ਕਿਹਾ ਸੰਵਿਧਾਨ ਦੀ ਪ੍ਰਸਤਾਵਨਾ ਭਾਰਤ ਨੂੰ ਇੱਕ ਪ੍ਰਭੂਸੱਤਾ ਸੰਪੰਨ, ਸਮਾਜਵਾਦੀ, ਧਰਮ ਨਿਰਪੱਖ ਅਤੇ ਲੋਕਤੰਤਰੀ ਗਣਰਾਜ ਘੋਸ਼ਿਤ ਕਰਦੀ ਹੈ ਅਤੇ ਇਸਦੇ ਨਾਗਰਿਕਾਂ ਨੂੰ ਨਿਆਂ, ਸਮਾਨਤਾ ਅਤੇ ਆਜ਼ਾਦੀ ਦਾ ਭਰੋਸਾ ਦਿੰਦੀ ਹੈ ਅਤੇ ਭਾਈਚਾਰੇ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕਰਦੀ ਹੈ। ਸਮੇਂ ਦੇ ਨਾਲ ਵੱਧ ਰਹੀ ਜਾਗਰੂਕਤਾ ਦੇ ਨਾਲ ਸਮਾਜ ਦੇ ਵੱਖ-ਵੱਖ ਵਰਗ ਆਪਣੇ ਅਧਿਕਾਰਾਂ ਲਈ ਮੁਹਿੰਮ ਚਲਾ ਰਹੇ ਹਨਅਤੇ ਸੰਵਿਧਾਨ ਵਿੱਚ ਸੋਧ ਅਜਿਹੇ ਵਰਗਾਂ ਨੂੰ ਅਧਿਕਾਰ ਪ੍ਰਦਾਨ ਕਰਨ ਦੇ ਯੋਗ ਬਣਾਉਂਦੀ ਹੈ।ਸੰਵਿਧਾਨ ਦੀਆਂ ਨਵੀਆਂ ਵਿਆਖਿਆਵਾਂ ਨੇ ਨਵੇਂ ਅਧਿਕਾਰਾਂ ਦੇ ਵਿਕਾਸ ਵੱਲ ਅਗਵਾਈ ਕੀਤੀ। ਉਦਾਹਰਣ ਲਈ ਜੀਵਨ ਦੇ ਅਧਿਕਾਰ ਅਤੇ ਨਿੱਜੀ ਸੁਤੰਤਰਤਾ ਦੀ ਇੱਕ ਨਵੀਂ ਵਿਆਖਿਆ ਨੇ ਨਿੱਜਤਾ ਦੇ ਅਧਿਕਾਰ ਨੂੰ ਜਨਮ ਦਿੱਤਾ। ਅਜਿਹੇ ਅਧਿਕਾਰਾਂ ਲਈ ਸੰਵਿਧਾਨ ਵਿੱਚ ਸੋਧ ਜਰੂਰੀ ਹੋ ਜਾਂਦੀ ਹੈ। ਸੰਵਿਧਾਨ ਵਿੱਚ ਸੋਧ ਵੱਖ ਵੱਖ ਤਰਾਂ ਦੀਆਂ ਪਾਬੰਦੀਆਂ, ਚੌਕਸੀ ਆਦਿ ਵਰਗੇ ਨਵੇਂ ਉਭਰ ਰਹੇ ਰੁਝਾਨਾਂ ਨੂੰ ਹੱਲ ਕਰਨ ਦੇ ਯੋਗ ਬਣਾਉਂਦੀ ਹੈ।ਆਧੁਨਿਕਤਾ ਦੀ ਸ਼ੁਰੂਆਤ ਕਰਨ ਲਈ ਪੁਰਾਣੀਆਂ ਸਮਾਜਿਕ-ਸੱਭਿਆਚਾਰਕ ਪ੍ਰਥਾਵਾਂ ਨੂੰ ਖ਼ਤਮ ਕਰਨ ਦੇ ਯੋਗ ਬਣਾਉਂਦੀ ਹੈ।ਭਾਰਤੀ ਸੰਵਿਧਾਨ ਵਿੱਚ ਸੋਧ ਦੀ ਪ੍ਰਕਿਰਿਆ ਦੀ ਕਈ ਵਾਰ ਆਲੋਚਨਾ ਕੀਤੀ ਜਾਂਦੀ ਹੈ ਅਤੇ ਕਿਹਾ ਜਾਂਦਾ ਹੈ ਕਿ ਸੰਵਿਧਾਨ ਵਿੱਚ ਸੋਧ ਕਰਨ ਲਈ ਕਿਸੇ ਵਿਸ਼ੇਸ਼ ਸੰਸਥਾ ਦਾ ਕੋਈ ਪ੍ਰਬੰਧ ਨਹੀਂ ਹੈ ਜਿਵੇਂ ਕਿ ਸੰਵਿਧਾਨਿਕ ਸੰਮੇਲਨ ਜਾਂ ਸੰਵਿਧਾਨਿਕ ਅਸੈਂਬਲੀ। ਸੰਵਿਧਾਨਿਕ ਸ਼ਕਤੀ ਵਿਧਾਨ ਸਭਾ ਵਿੱਚ ਨਿਸ਼ਚਿਤ ਹੁੰਦੀ ਹੈ ਭਾਵ ਕੁੱਝ ਮਾਮਲਿਆਂ ਵਿੱਚ ਸੰਸਦ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਹੀ ਹੁੰਦੀ ਹੈ।ਸੰਵਿਧਾਨ ਵਿੱਚ ਸੋਧ ਲਈ ਵਿਸ਼ੇਸ਼ ਪ੍ਰਕਿਰਿਆ ਦੀ ਕੋਈ ਵਿਵਸਥਾ ਨਹੀਂ ਹੈ। ਵਿਸ਼ੇਸ਼ ਬਹੁਮਤ ਦੀ ਲੋੜ ਨੂੰ ਛੱਡਕੇ ਸੋਧ ਦੀ ਪ੍ਰਕਿਰਿਆ ਵਿਧਾਨਕ ਪ੍ਰਕਿਰਿਆ ਵਾਂਗ ਹੀ ਹੈ।ਸੋਧ ਸ਼ੁਰੂ ਕਰਨ ਦੀ ਸ਼ਕਤੀ ਸਿਰਫ਼ ਸੰਸਦ ਕੋਲ ਹੈ ਅਤੇ ਰਾਜਾਂ ਕੋਲ ਰਾਜ ਵਿਧਾਨ ਸਭਾਵਾਂ ਬਣਾਉਣ ਜਾਂ ਖ਼ਤਮ ਕਰਨ ਲਈ ਮਤਾ ਪਾਸ ਕਰਨ ਤੋਂ ਇਲਾਵਾ ਅਜਿਹੀ ਕੋਈ ਸ਼ਕਤੀ ਨਹੀਂ ਹੈ। ਸੰਵਿਧਾਨ ਦੇ ਵੱਡੇ ਹਿੱਸੇ ਨੂੰ ਇਕੱਲੇ ਸੰਸਦ ਦੁਆਰਾ ਸੋਧਿਆ ਜਾ ਸਕਦਾ ਹੈ ਸਿਰਫ ਕੁੱਝ ਮਾਮਲਿਆਂ ਵਿੱਚ ਅੱਧੇ ਰਾਜਾਂ ਦੀਆਂ ਵਿਧਾਨ ਸਭਾਵਾਂ ਦੀ ਸਹਿਮਤੀ ਦੀ ਲੋੜ ਹੁੰਦੀ ਹੈ।ਸੰਵਿਧਾਨਿਕ ਸੋਧ ਬਿਲ ਲਈ ਸੰਸਦ ਦੇ ਦੋਵਾਂ ਸਦਨਾਂ ਦੀ ਸਾਂਝੀ ਬੈਠਕ ਕਰਵਾਉਣ ਦੀ ਵਿਵਸਥਾ ਦੀ ਘਾਟ ਕਈ ਵਾਰ ਡੈੱਡਲਾਕ ਦੀ ਸਥਿਤੀ ਵੱਲ ਲੈ ਜਾਂਦੀ ਹੈ। ਸੰਵਿਧਾਨ ਵਿੱਚ ਸੋਧ ਦੀ ਪ੍ਰਕਿਰਿਆ ਨਾਲ ਸਬੰਧਤ ਵਿਵਸਥਾਵਾਂ ਬਹੁਤ ਜ਼ਿਆਦਾ ਖ਼ਤਰਨਾਕ ਹੋਣ ਕਰਕੇ ਵਿਵਾਦ ਪੈਦਾ ਕਰਨ ਅਤੇ ਮਾਮਲਿਆਂ ਨੂੰ ਅਦਾਲਤਾਂ ਤੱਕ ਲਿਜਾਣ ਦੀ ਵਿਆਪਕ ਗੁੰਜਾਇਸ਼ ਰਹਿੰਦੀ ਹੈ। ਸੰਵਿਧਾਨ ਲਾਗੂ ਹੋਣ ਬਾਦ ਇਸ ਵਿੱਚ ਹੁਣ ਤੱਕ 106 ਵਾਰ ਸੋਧਾਂ ਕੀਤੀਆਂ ਗਈਆਂ। ਪਹਿਲੀ ਸੋਧ 18 ਜੂਨ 1951 ਨੂੰ ਕੀਤੀ ਗਈ ਸੀ ਅਤੇ ਹੁਣ ਤੱਕ ਆਖਰੀ ਸੋਧ 28 ਸਤੰਬਰ 2023 ਨੂੰ ਕੀਤੀ ਗਈ। ਜੇਕਰ ਸੰਵਿਧਾਨਿਕ ਸੋਧਾਂ ਬਾਰੇ ਵਿਸਥਾਰ ਵਿੱਚ ਵੇਖੀਏ ਤਾਂ 18 ਜੂਨ 1951 ਤੋਂ ਲੈਕੇ 20 ਜੂਨ 1964 ਤੱਕ ਪਹਿਲੇ ਪ੍ਰਧਾਨ ਮੰਤਰੀ ਸਵਰਗੀ ਜਵਾਹਰ ਲਾਲ ਨਹਿਰੂ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਦੀ ਸਰਕਾਰ ਵਿੱਚ ਪਹਿਲੀ ਤੋਂ 17ਵੀਂ ਤੱਕ ਸੋਧ ਕੀਤੀਆਂ ਗਈਆਂ। ਸਵਰਗੀ ਪ੍ਰਧਾਨ ਮੰਤਰੀ ਲਾਲ ਬਹਾਦੁਰ ਸ਼ਾਸ਼ਤਰੀ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਦੀ ਸਰਕਾਰ ਵਿੱਚ 27 ਅਗਸਤ 1966, 11 ਦਸੰਬਰ 1966 ਅਤੇ 22 ਦਸੰਬਰ 1966 ਨੂੰ 03 ਵਾਰ 18ਵੀਂ, 19ਵੀਂ ਅਤੇ 20ਵੀਂ ਸੋਧ ਕੀਤੀ ਗਈ। ਸਵਰਗੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਦੀ ਸਰਕਾਰ ਵਿੱਚ 10 ਅਪ੍ਰੈਲ 1967 ਤੋਂ ਲੈਕੇ 01 ਅਪ੍ਰੈਲ 1977 ਤੱਕ 21ਵੀਂ ਸੋਧ ਤੋਂ ਲੈਕੇ 42ਵੀਂ ਸੋਧ ਤੱਕ ਕੀਤੀਆਂ ਗਈਆਂ ਜੋ ਕਿ ਹੁਣ ਤੱਕ ਦੀਆਂ ਸਭ ਤੋਂ ਵੱਧ ਸੋਧਾਂ ਹਨ।ਸਭ ਤੋਂ ਵੱਧ ਸੋਧਾਂ ਐਮਰਜੈਂਸੀ ਦੌਰਾਨ ਕੀਤੀਆਂ ਗਈਆਂ ਹਨ ਅਤੇ ਇਸ ਸਮੇਂ ਦੌਰਾਨ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਵੀ ਸੋਧ ਕੀਤੀ ਗਈ ਸੀ। ਸਵਰਗੀ ਪ੍ਰਧਾਨ ਮੰਤਰੀ ਮੋਰਾਰਜੀ ਦੇਸਾਈ ਦੀ ਅਗਵਾਈ ਵਾਲੀ ਜਨਤਾ ਪਾਰਟੀ ਦੀ ਸਰਕਾਰ ਵਿੱਚ 13 ਅਪ੍ਰੈਲ 1978 ਅਤੇ 06 ਸਤੰਬਰ 1979 ਨੂੰ 02 ਵਾਰ 43ਵੀਂਅਤੇ 44ਵੀਂ ਸੋਧ ਕੀਤੀ ਗਈ। ਇਸਤੋਂ ਬਾਦ ਮੁੜ ਹੋਂਦ ਵਿੱਚ ਆਈ ਸਵਰਗੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਦੀ ਸਰਕਾਰ ਵਿੱਚ 45ਵੀਂ ਸੋਧ ਤੋਂ ਲੈਕੇ 51ਵੀਂ ਤੱਕ ਸੋਧ ਕੀਤੀਆਂ ਗਈਆਂ ਸਨ। ਸਵਰਗੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਦੀ ਸਰਕਾਰ ਵਿੱਚ 01 ਮਾਰਚ 1985 ਤੋਂ ਲੈਕੇ 28 ਮਾਰਚ 1989 ਤੱਕ 52ਵੀਂ ਸੋਧ ਤੋਂ ਲੈਕੇ 61ਵੀਂ ਤੱਕ ਸੋਧ ਕੀਤੀਆਂ ਗਈਆਂ ਸਨ। ਸਵਰਗੀ ਪ੍ਰਧਾਨ ਮੰਤਰੀ ਵੀ ਪੀ ਸਿੰਘ ਦੀ ਜਨਤਾ ਦਲ ਦੀ ਅਗਵਾਈ ਵਾਲੀ ਸਰਕਾਰ ਵਿੱਚ 25 ਜਨਵਰੀ 1990 ਤੋਂ ਲੈਕੇ 12 ਮਾਰਚ 1991 ਤੱਕ 62ਵੀਂ ਸੋਧ ਤੋਂ ਲੈਕੇ 68ਵੀਂ ਸੋਧ ਤੱਕ ਕੀਤੀਆਂ ਗਈਆਂ ਸਨ। ਸਵਰਗੀ ਪ੍ਰਧਾਨ ਮੰਤਰੀ ਪੀ ਵੀ ਨਰਸਿਮਾ ਰਾਓ ਦੀ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਵਿੱਚ 01 ਫਰਵੀ 1992 ਤੋਂ ਲੈਕੇ 30 ਅਗਸਤ 1995 ਤੱਕ 69ਵੀਂ ਸੋਧ ਤੋਂ ਲੈਕੇ 88ਵੀਂ ਤੱਕ ਸੋਧ ਕੀਤੀਆਂ ਗਈਆਂ ਸਨ। ਸਵਰਗੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਵਿੱਚ 25 ਜਨਵਰੀ 2000 ਤੋਂ ਲੈਕੇ 07ਜਨਵਰੀ 2003 ਤੱਕ 89ਵੀਂ ਸੋਧ ਤੋਂ ਲੈ ਕੇ 92ਵੀਂ ਸੋਧ ਤੱਕ ਕੀਤੀਆਂ ਗਈਆਂ ਸਨ। ਸਵਰਗੀ ਪ੍ਰਧਾਨ ਮੰਤਰੀ ਸਰਦਾਰ ਮਨਮੋਹਨ ਸਿੰਘ ਦੀ ਅਗਵਾਈ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਵਲੋਂ 20 ਜਨਵਰੀ 2006 ਤੋਂ ਲੈ ਕੇ 01 ਜਨਵਰੀ 2013 ਤੱਕ 93ਵੀਂ ਸੋਧ ਤੋਂ ਲੈਕੇ 98ਵੀਂ ਸੋਧ ਤੱਕ ਕੀਤੀਆਂ ਗਈਆਂ ਸਨ। ਮੌਜੂਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵਲੋਂ 13 ਅਪ੍ਰੈਲ 2015 ਤੋਂ ਲੈਕੇ 28 ਸਤੰਬਰ 2023 ਤੱਕ 99ਵੀਂ ਸੋਧ ਤੋਂ ਲੈਕੇ 106ਵੀਂ ਸੋਧ ਤੱਕ ਕੀਤੀਆਂ ਗਈਆਂ ਹਨ। ਹੁਣ ਤੱਕ ਭਾਰਤੀ ਸੰਵਿਧਾਨ ਲਾਗੂ ਹੋਣ ਬਾਦ ਕਈ ਮਹੱਤਵਪੂਰਨ ਸੋਧਾਂ ਕੀਤੀਆਂ ਗਈਆਂ ਹਨ ਜਿਵੇਂ ਕਿ ਸਾਲ 1951 ਵਿੱਚ ਪਹਿਲੀ ਸੋਧ ਦੁਆਰਾ 9ਵੀਂ ਅਨੁਸੂਚੀ ਨੂੰ ਜੋੜਿਆ ਗਿਆ ਸੀ ਜਿਸ ਵਿੱਚ ਕੇਂਦਰੀ ਅਤੇ ਰਾਜ ਦੇ ਕਾਨੂੰਨਾਂ ਦੀ ਸੂਚੀ ਸ਼ਾਮਲ ਹੈ ਜਿਨ੍ਹਾਂ ਨੂੰ ਅਦਾਲਤਾਂ ਵਿੱਚ ਚੁਣੌਤੀ ਨਹੀਂ ਦਿੱਤੀ ਜਾ ਸਕਦੀ ਹੈ। ਸਾਲ 1976 ਵਿੱਚ 42ਵੀਂ ਸੋਧ ਦੁਆਰਾ ਸੰਵਿਧਾਨ ਦੀ

(ਬਾਕੀ ਅਗਲੇ ਸਫੇ 'ਤੇ)

# ਭਾਰਤ ਵਿੱਚ 2027 ਵਿੱਚ ਜਨਗਣਨਾ ਕਰਵਾਉਣ ਲਈ ਸਰਕਾਰ ਨੇ ਤਿਆਰੀ ਸ਼ੁਰੂ ਕੀਤੀ



ਐਡਵੋਕੇਟ ਕੁਲਦੀਪ ਚੰਦ
91-9417563054

ਜਨਗਣਨਾ ਦੇਸ਼ ਦੇ ਸਾਰੇ ਵਿਅਕਤੀਆਂ ਦੇ ਇੱਕ ਖਾਸ ਸਮੇਂ ਤੇ ਸਬੰਧਤ ਜਨਸੰਖਿਆ, ਆਰਥਿਕ ਅਤੇ ਸਮਾਜਿਕ ਡਾਟਾ ਨੂੰ ਇਕੱਠਾ ਕਰਨ, ਸੰਕਲਿਤ ਕਰਨ, ਵਿਸ਼ਲੇਸ਼ਣ ਕਰਨ ਅਤੇ ਪ੍ਰਸਾਰਿਤ ਕਰਨ ਦੀ ਪ੍ਰਕਿਰਿਆ ਹੈ। ਇਹ ਜਨਸੰਖਿਆ ਵਿਸ਼ੇਸ਼ਤਾਵਾਂ ਵਿੱਚ ਰੁਝਾਨਾਂ ਨੂੰ ਵੀ ਪ੍ਰਦਾਨ ਕਰਦਾ ਹੈ। ਭਾਰਤੀ ਜਨਗਣਨਾ ਦੁਨੀਆ ਵਿੱਚ ਕੀਤੇ ਗਏ ਸਭ ਤੋਂ ਵੱਡੇ ਪ੍ਰਸ਼ਾਸਕੀ ਅਭਿਆਸਾਂ ਵਿੱਚੋਂ ਇੱਕ ਹੈ। ਦਸ ਸਾਲਾ ਜਨਗਣਨਾ ਰਜਿਸਟਰਾਰ ਜਨਰਲ ਅਤੇ ਜਨਸੰਖਿਆ ਕਮਿਸ਼ਨਰ, ਗ੍ਰਹਿ ਮੰਤਰਾਲੇ ਦੇ ਦਫ਼ਤਰ ਦੁਆਰਾ ਕੀਤੀ ਜਾਂਦੀ ਹੈ। ਸਾਲ 1951 ਤੱਕ ਜਨਗਣਨਾ ਸੰਗਠਨ ਹਰੇਕ ਜਨਗਣਨਾ ਲਈ ਐਡਹਾਕ ਆਧਾਰ ਤੇ ਸਥਾਪਤ ਕੀਤਾ ਗਿਆ ਸੀ।ਭਾਰਤ ਵਿੱਚ ਜਨਗਣਨਾ ਐਕਟ 1948 ਅਤੇ ਜਨਗਣਨਾ ਨਿਯਮਾਂ 1990 ਦੇ ਉਪਬੰਧਾਂ ਅਧੀਨ ਹੀ ਜਨਗਣਨਾ ਕੀਤੀ ਜਾਂਦੀ ਹੈ। ਇਸ ਐਕਟ ਲਈ ਬਿਲ ਭਾਰਤ ਦੇ ਸਵਰਗੀ ਗ੍ਰਹਿ ਮੰਤਰੀ ਸਰਦਾਰ ਵੱਲਭ ਭਾਈ ਪਟੇਲ ਦੁਆਰਾ ਪੇਸ਼ ਕੀਤਾ ਗਿਆ ਸੀ। ਜਨਸੰਖਿਆ ਜਨਗਣਨਾ ਭਾਰਤੀ ਸੰਵਿਧਾਨ ਦੇ ਅਨੁਛੇਦ 246 ਦੇ ਤਹਿਤ ਇੱਕ ਕੇਂਦਰੀ ਵਿਸ਼ਾ ਹੈ। ਇਹ ਸੰਵਿਧਾਨ ਦੇ ਸੱਤਵੇਂ ਸ਼ਡਿਊਲ ਦੇ ਲੜੀ ਨੰਬਰ 69 ਤੇ ਸੂਚੀਬੱਧ ਹੈ। ਜਨਸੰਖਿਆ ਜਨਗਣਨਾ ਦੌਰਾਨ ਇਕੱਠੀ ਕੀਤੀ ਗਈ ਜਾਣਕਾਰੀ ਇੰਨੀ ਗੁਪਤ ਹੁੰਦੀ ਹੈ ਕਿ ਇਹ ਕਾਨੂੰਨ ਦੀਆਂ ਅਦਾਲਤਾਂ ਤੱਕ ਵੀ ਪਹੁੰਚਯੋਗ ਨਹੀਂ ਹੈ ਕਿਉਂਕਿ ਇਸਨੂੰ ਜਨਗਣਨਾ ਐਕਟ 1948 ਦੁਆਰਾ ਗੁਪਤ ਰੱਖਣ ਦੀ ਗਰੰਟੀ ਦਿੱਤੀ ਗਈ ਹੈ। ਇਹ ਕਾਨੂੰਨ ਐਕਟ ਦੇ ਕਿਸੇ ਵੀ ਉਪਬੰਧ ਦੀ ਪਾਲਣਾ ਨਾ ਕਰਨ ਜਾਂ ਉਲੰਘਣਾ ਕਰਨ ਲਈ ਜਨਤਾ ਅਤੇ ਜਨਗਣਨਾ ਅਧਿਕਾਰੀਆਂ ਦੋਵਾਂ ਲਈ ਜੁਰਮਾਨੇ ਨਿਰਧਾਰਤ ਕਰਦਾ ਹੈ। ਭਾਰਤੀ ਜਨਗਣਨਾ ਭਾਰਤ ਦੇ ਲੋਕਾਂ ਦੀਆਂ ਵੱਖ-ਵੱਖ ਵਿਸ਼ੇਸ਼ਤਾਵਾਂ ਬਾਰੇ ਵੱਖ-ਵੱਖ ਅੰਕੜਾ ਜਾਣਕਾਰੀ ਦਾ ਸਭ ਤੋਂ ਵੱਡਾ ਇਕੱਲਾ ਸਰੋਤ ਹੈ। ਖੋਜਕਰਤਾ ਅਤੇ ਜਨਸੰਖਿਆ ਵਿਗਿਆਨੀ ਆਬਾਦੀ ਦੇ ਵਾਧੇ ਅਤੇ ਰੁਝਾਨਾਂ ਦਾ ਵਿਸ਼ਲੇਸ਼ਣ ਕਰਨ ਅਤੇ ਅਨੁਮਾਨ ਲਗਾਉਣ ਲਈ ਜਨਗਣਨਾ ਡਾਟਾਦੀ ਵਰਤੋਂ ਕਰਦੇ ਹਨ। ਜਨਗਣਨਾ ਦੁਆਰਾ ਇਕੱਤਰ ਕੀਤੇ ਗਏ ਡਾਟਾ ਦੀ ਵਰਤੋਂ ਪ੍ਰਸ਼ਾਸਨ, ਯੋਜਨਾਬੰਦੀ ਅਤੇ ਨੀਤੀ ਨਿਰਮਾਣ ਦੇ ਨਾਲ-ਨਾਲ ਸਰਕਾਰ ਦੁਆਰਾ ਵੱਖ-ਵੱਖ ਪ੍ਰੋਗਰਾਮਾਂ ਦੇ ਪ੍ਰਬੰਧਨ ਅਤੇ ਮੁਲੰਕਣ ਲਈ ਕੀਤੀ ਜਾਂਦੀ ਹੈ। ਇਸਦੀ ਵਰਤੋਂ ਹਲਕਿਆਂ ਦੀ ਸੀਮਾ ਨਿਰਧਾਰਤ ਕਰਨ ਅਤੇ ਸੰਸਦ, ਰਾਜ ਵਿਧਾਨ ਸਭਾਵਾਂ ਅਤੇ ਸਥਾਨਕ ਸੰਸਥਾਵਾਂ ਨੂੰ ਪ੍ਰਤੀਨਿਧਤਾ ਦੇਣ ਲਈ ਵੀ ਕੀਤੀ ਜਾਂਦੀ ਹੈ। ਹਰ 10 ਸਾਲਾਂ ਬਾਅਦ ਕੀਤੀ ਜਾਣ ਵਾਲੀ ਇਹ ਜਨਗਣਨਾ ਵੱਖ-ਵੱਖ ਯੋਜਨਾਬੰਦੀ ਅਤੇ ਵਿਕਾਸ ਉਦੇਸ਼ਾਂ ਲਈ ਮਹੱਤਵਪੂਰਨ ਜਨਸੰਖਿਆ ਅਤੇ ਸਮਾਜਿਕ-ਆਰਥਿਕ ਡਾਟਾ ਇਕੱਠੀ ਕਰਦੀ ਹੈ। ਇਹ ਜਾਣਕਾਰੀ ਆਬਾਦੀ ਦੇ ਰੁਝਾਨਾਂ, ਸਰੋਤ ਵੰਡ ਅਤੇ ਸਮਾਜ ਦੀ ਬਿਹਤਰੀ ਲਈ ਨੀਤੀ ਨਿਰਮਾਣ ਨੂੰ ਸਮਝਣ ਵਿੱਚ ਮੱਦਦ ਕਰਦੀ ਹੈ। ਜਨਗਣਨਾ ਆਬਾਦੀ ਦੀਆਂ ਵਿਸ਼ੇਸ਼ਤਾਵਾਂ ਦੀ ਇੱਕ ਵਿਆਪਕ ਤਸਵੀਰ ਪ੍ਰਦਾਨ ਕਰਦੀ ਹੈ ਜਿਸ ਵਿੱਚ ਉਮਰ, ਲਿੰਗ, ਕਿੱਤਾ, ਸਿੱਖਿਆ ਅਤੇ ਹੋਰ ਸੰਬੰਧਿਤ ਵੇਰਵੇ ਸ਼ਾਮਲ ਹਨ। ਇਕੱਠਾ ਕੀਤਾ ਗਿਆ ਡਾਟਾ ਬੁਨਿਆਦੀ ਢਾਂਚਾ ਵਿਕਾਸ, ਸਿਹਤ ਸੰਭਾਲ, ਸਿੱਖਿਆ ਅਤੇ ਸਮਾਜ ਭਲਾਈ ਪ੍ਰੋਗਰਾਮਾਂ ਵਰਗੇ ਖੇਤਰਾਂ ਵਿੱਚ ਸੂਚਿਤ ਫੈਸਲੇ ਲੈਣ ਲਈ ਜ਼ਰੂਰੀ ਹੈ।ਜਨਗਣਨਾ ਡਾਟਾ ਵਪਾਰਕ ਘਰਾਣਿਆਂ ਅਤੇ ਉਦਯੋਗਾਂ ਲਈ ਉਨ੍ਹਾਂ ਖੇਤਰਾਂ ਵਿੱਚ ਪ੍ਰਵੇਸ਼ ਲਈ ਆਪਣੇ ਕਾਰੋਬਾਰ ਨੂੰ ਮਜ਼ਬੂਤ ਕਰਨ ਅਤੇ ਯੋਜਨਾ ਬਣਾਉਣ ਲਈ ਵੀ ਮਹੱਤਵਪੂਰਨ ਹੈ ਜੋ ਹੁਣ ਤੱਕ ਬਾਂਝੇ ਰਹੇ ਸਨ। ਵਿੱਤ ਕਮਿਸ਼ਨ ਜਨਗਣਨਾ ਡਾਟਾ ਤੋਂ ਉਪਲੱਬਧ ਆਬਾਦੀ ਦੇ ਅੰਕੜਿਆਂ ਦੇ ਆਧਾਰ ਤੇ ਰਾਜਾਂ ਨੂੰ ਗ੍ਰਾਂਟਾਂ ਪ੍ਰਦਾਨ ਕਰਦਾ ਹੈ। ਇਹ ਦਾਅਵਾ ਕੀਤਾ ਜਾਂਦਾ ਹੈ ਕਿ ਸਰਕਾਰ ਜਨਗਣਨਾ ਨਾਲ ਸਬੰਧਤ ਜੋ ਵੀ ਜਾਣਕਾਰੀ ਇਕੱਠੀ ਕਰਦੀ ਹੈ ਉਹ ਕਿਸੇ ਵੀ ਨਿੱਜੀ ਏਜੰਸੀ ਨਾਲ ਸਾਂਝੀ ਨਹੀਂ ਕੀਤੀ ਜਾਂਦੀ। ਇਸ ਡਾਟਾ ਨੂੰ ਫਿਲਟਰ ਕੀਤਾ ਜਾਂਦਾ ਹੈ ਅਤੇ ਵੱਖ-ਵੱਖ ਸ਼੍ਰੇਣੀਆਂ ਵਿੱਚ ਵੰਡਣ ਤੋਂ ਬਾਅਦ ਇਸਨੂੰ ਰਾਸ਼ਟਰੀ ਜਨਸੰਖਿਆ ਰਜਿਸਟਰ ਵਿੱਚ ਅੰਤਿਮ ਰੂਪ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਜਨਗਣਨਾ ਡਾਟਾਬੇਸ ਤਿਆਰ ਕੀਤਾ ਜਾਂਦਾ ਹੈ ਜਿਸਦੀ ਵਰਤੋਂ ਸਰਕਾਰ ਦੁਆਰਾ ਕੀਤੀ ਜਾਂਦੀ ਹੈ। ਜਨਗਣਨਾ ਇੱਕ ਮਹੱਤਵਪੂਰਨ ਪ੍ਰਕਿਰਿਆ ਹੈ ਜੋ ਭਾਰਤ ਦੇ ਵਿਕਾਸ ਅਤੇ ਪ੍ਰਸ਼ਾਸਨ ਲਈ ਬਹੁਤ ਜ਼ਰੂਰੀ ਹੈ। ਜਨਗਣਨਾ ਤੋਂ ਮਿਲਣ ਵਾਲੇ ਅੰਕੜੇ ਸਰਕਾਰਾਂ ਨੂੰ ਨੀਤੀਆਂ ਬਣਾਉਣ, ਯੋਜਨਾਵਾਂ ਬਣਾਉਣ ਅਤੇ ਵੱਖ-ਵੱਖ ਭਾਈਚਾਰਿਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਮੱਦਦ ਕਰਦੇ ਹਨ। ਜਨਗਣਨਾ ਤੋਂ ਪਤਾ ਲੱਗਦਾ ਹੈ ਕਿ ਕਿੰਨੇ ਲੋਕ ਕਿੱਥੇ ਰਹਿੰਦੇ ਹਨ ਜਿਸ ਨਾਲ ਸਰਕਾਰਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਸਹੂਲਤਾਂ ਪ੍ਰਦਾਨ ਕਰਨ ਵਿੱਚ ਮੱਦਦ ਮਿਲਦੀ ਹੈ। ਜਨਗਣਨਾ ਵਿੱਚ ਲੋਕਾਂ ਦੀ ਆਮਦਨ, ਸਿੱਖਿਆ, ਰੁਜ਼ਗਾਰ ਅਤੇ ਰਹਿਣ-ਸਹਿਣ ਦੇ ਹਾਲਾਤਾਂ ਬਾਰੇ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ ਜਿਸ ਨਾਲ ਸਮਾਜਿਕ ਅਤੇ ਆਰਥਿਕ ਵਿਕਾਸ ਲਈ ਯੋਜਨਾਵਾਂ ਬਣਾਈਆਂ ਜਾ ਸਕਦੀਆਂ ਹਨ। ਜਨਗਣਨਾ ਵਿੱਚ ਮਾਂ-ਬੋਲੀ ਅਤੇ ਹੋਰ ਭਾਸ਼ਾਵਾਂ ਬਾਰੇ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ ਜਿਸ ਨਾਲ ਭਾਸ਼ਾਈ ਅਤੇ ਸੱਭਿਆਚਾਰਕ ਵਿਭਿੰਨਤਾਵਾਂ ਨੂੰ ਸਮਝਿਆ ਜਾ ਸਕਦਾ ਹੈ। ਜਨਗਣਨਾ ਤੋਂ ਮਿਲਣ ਵਾਲੇ ਅੰਕੜੇ ਵੱਖ-ਵੱਖ ਭਾਈਚਾਰਿਆਂ ਦੀਆਂ ਲੋੜਾਂ ਅਤੇ ਸਮੱਸਿਆਵਾਂ ਨੂੰ ਸਮਝਣ ਵਿੱਚ ਮੱਦਦ ਕਰਦੇ ਹਨ ਜਿਸ ਨਾਲ ਸਰਕਾਰਾਂ ਉਨ੍ਹਾਂ ਲਈ ਵਿਸ਼ੇਸ਼ ਯੋਜਨਾਵਾਂ ਬਣਾ ਸਕਦੀਆਂ ਹਨ। ਜਨਗਣਨਾ ਦੇ ਅੰਕੜਿਆਂ ਦੀ ਵਰਤੋਂ ਵੋਟਿੰਗ ਹਲਕਿਆਂ ਨੂੰ ਨਿਰਧਾਰਤ ਕਰਨ ਲਈ ਵੀ ਕੀਤੀ ਜਾਂਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਹਰ ਵਿਅਕਤੀ ਨੂੰ ਵੋਟ ਪਾਉਣ ਦਾ ਮੌਕਾ ਮਿਲੇ। ਜਨਗਣਨਾ ਦੇ ਅੰਕੜਿਆਂ ਦੀ ਵਰਤੋਂ ਕਰਕੇ ਸਰਕਾਰਾਂ ਵੱਖ-ਵੱਖ ਖੇਤਰਾਂ ਜਿਵੇਂ ਕਿ ਸਿੱਖਿਆ, ਸਿਹਤ, ਆਵਾਸ ਅਤੇ ਰੁਜ਼ਗਾਰ ਆਦਿ ਲਈ ਯੋਜਨਾਵਾਂ ਅਤੇ ਨੀਤੀਆਂ ਬਣਾਉਂਦੀਆਂ ਹਨ। ਜਨਗਣਨਾ ਦੇ ਅੰਕੜੇ ਖੋਜਕਰਤਾਵਾਂ ਅਤੇ ਵਿਦਵਾਨਾਂ ਲਈ ਬਹੁਤ ਮਹੱਤਵਪੂਰਨ ਹੁੰਦੇ ਹਨ ਜੋ ਸਮਾਜਿਕ, ਆਰਥਿਕ ਅਤੇ ਭੂਗੋਲਿਕ ਵਿਸ਼ਿਆਂ ਤੇ ਅਧਿਐਨ ਕਰਦੇ ਹਨ। ਦੇਸ਼ ਵਿੱਚ ਪਹਿਲੀ ਜਨਗਣਨਾ ਸਾਲ 1872 ਵਿੱਚ ਉਸ ਸਮੇਂ ਦੇ ਗਵਰਨਰ-ਜਨਰਲ ਲਾਰਡ ਮੇਓ ਦੇ ਰਾਜ ਦੌਰਾਨ ਕੀਤੀ ਗਈ ਸੀ ਪਰ ਪੂਰੀ ਜਨਗਣਨਾ ਸਾਲ 1881 ਵਿੱਚ ਹੀ ਕੀਤੀ ਗਈ ਸੀ। ਇਸ ਤੋਂ ਬਾਅਦ ਆਮ ਤੋਰ ਤੇ ਹਰ 10 ਸਾਲਾਂ ਬਾਅਦ ਜਨਗਣਨਾ ਕੀਤੀ ਜਾਣ ਲੱਗੀ। ਭਾਰਤ ਦੀ ਆਜ਼ਾਦੀ ਤੋਂ ਪਹਿਲਾਂ 1881, 1891, 1901, 1911, 1921, 1931 ਅਤੇ 1941 ਵਿੱਚ ਜਨਗਣਨਾ ਕੀਤੀ ਗਈ ਸੀ। ਆਜ਼ਾਦੀ ਤੋਂ ਬਾਅਦ ਪਹਿਲੀ ਜਨਗਣਨਾ ਸਾਲ 1951 ਵਿੱਚ ਕੀਤੀ ਗਈ ਸੀ ਅਤੇ ਫਿਰ 1961, 1971, 1991, 2001 ਅਤੇ 2011 ਵਿੱਚ ਜਨਗਣਨਾ ਕੀਤੀ ਗਈ ਸੀ। ਭਾਰਤ ਦੀ ਆਖਰੀ ਜਨਗਣਨਾ ਸਾਲ 2011 ਵਿੱਚ ਦੋ ਪੜਾਵਾਂ ਵਿੱਚ ਕੀਤੀ ਗਈ ਸੀ। ਪੜਾਅ 01 ਵਿੱਚ ਮਕਾਨ ਸੂਚੀਕਰਨ 01 ਅਪ੍ਰੈਲ ਤੋਂ 30 ਸਤੰਬਰ 2010 ਅਤੇ ਪੜਾਅ 02 ਵਿੱਚ ਜਨਗਣਨਾ 09 ਫਰਵਰੀ ਤੋਂ 28 ਫਰਵਰੀ 2011 ਸੰਦਰਭ ਮਿਤੀ ਮਾਰਚ 2011 ਨੂੰ ਪਹਿਲੇ ਦਿਨ 00:00 ਵਜੇ ਅਤੇ ਜੰਮੂ ਅਤੇ ਕਸ਼ਮੀਰ, ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਦੇ ਬਰਫ਼ ਨਾਲ ਢਕੇ ਖੇਤਰਾਂ ਲਈ ਇਹ 11 ਤੋਂ 30 ਸਤੰਬਰ 2010 ਦੌਰਾਨ ਆਯੋਜਿਤ ਕੀਤੀ ਗਈ ਸੀ ਅਤੇ ਸੰਦਰਭ ਅਕਤੂਬਰ 2010 ਦੇ ਪਹਿਲੇ ਦਿਨ 00.00 ਵਜੇ ਸੀ। ਜਨਗਣਨਾ 2021 ਨੂੰ ਵੀ ਇਸੇ ਤਰ੍ਹਾਂ ਦੋ ਪੜਾਵਾਂ ਵਿੱਚ ਆਯੋਜਿਤ ਕਰਨ ਦਾ ਪ੍ਰਸਤਾਵ ਸੀ ਪਹਿਲਾ ਪੜਾਅ ਅਪ੍ਰੈਲ-ਸਤੰਬਰ 2020 ਦੌਰਾਨ ਅਤੇ ਦੂਜਾ ਪੜਾਅ ਫਰਵਰੀ 2021 ਵਿੱਚ ਆਯੋਜਿਤ ਕੀਤਾ ਜਾਣਾ ਸੀ। 2021 ਵਿੱਚ ਆਯੋਜਿਤ ਕੀਤੀ ਜਾਣ ਵਾਲੀ ਜਨਗਣਨਾ ਦੇ ਪਹਿਲੇ ਪੜਾਅ ਦੀਆਂ ਸਾਰੀਆਂ ਤਿਆਰੀਆਂ ਪੂਰੀਆਂ ਹੋ ਗਈਆਂ ਸਨ ਅਤੇ 1 ਅਪ੍ਰੈਲ 2020 ਤੋਂ ਕੁਝ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਫੀਲਡ ਵਰਕ ਸ਼ੁਰੂ ਹੋਣ ਵਾਲਾ ਸੀ ਪਰੰਤੂ ਕੋਵਿਡ-19 ਮਹਾਮਾਰੀ ਫੈਲਣ ਕਾਰਨ ਜਨਗਣਨਾ ਦਾ ਕੰਮ ਰੱਦ ਕੀਤਾ ਗਿਆ ਸੀ। ਹੁਣ ਭਾਰਤ ਸਰਕਾਰ ਨੇ ਐਲਾਨ ਕੀਤਾ ਹੈ ਕਿ ਦੇਸ਼ ਦੀ ਅਗਲੀ ਜਨਗਣਨਾ ਸਾਲ 2027 ਵਿੱਚ ਕੀਤੀ ਜਾਵੇਗੀ। ਗ੍ਰਹਿ ਮੰਤਰਾਲੇ ਨੇ ਇਸ ਸਬੰਧੀ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਗ੍ਰਹਿ ਮੰਤਰਾਲੇ ਨੇ 16 ਜੂਨ ਨੂੰ ਜਨਗਣਨਾ ਐਕਟ 1948 ਦੇ ਤਹਿਤ ਜਨਗਣਨਾ ਅਤੇ ਜਾਤੀ ਜਨਗਣਨਾ ਨਾਲ ਸਬੰਧਤ ਅਧਿਕਾਰਤ ਗਜ਼ਟ ਨੋਟੀਫਿਕੇਸ਼ਨ ਜਾਰੀ ਕੀਤੀ ਹੈ। ਇਸ ਤੋਂ ਬਾਅਦ ਜਨਗਣਨਾ ਨਾਲ ਸਬੰਧਤ ਵੱਖ-ਵੱਖ ਏਜੰਸੀਆਂ ਤਿਆਰੀਆਂ ਸ਼ੁਰੂ ਕਰ ਦੇਣਗੀਆਂ। ਇਸ ਲਈ ਪਹਿਲਾਂ ਸਟਾਫ ਨਿਯੁਕਤ ਕੀਤਾ ਜਾਵੇਗਾ, ਸਿਖਲਾਈ ਦਿੱਤੀ ਜਾਵੇਗੀ, ਫਾਰਮੈਟ ਤਿਆਰ ਕੀਤਾ ਜਾਵੇਗਾ ਅਤੇ ਫੀਲਡ ਵਰਕ ਦੀ ਯੋਜਨਾ ਬਣਾਈ ਜਾਵੇਗੀ। ਦੇਸ਼ ਵਿੱਚ ਪਹਿਲੀ ਵਾਰ ਜਨਗਣਨਾ ਅਤੇ ਜਾਤੀ ਜਨਗਣਨਾ ਇੱਕੋ ਸਮੇਂ ਕੀਤੀ ਜਾ ਰਹੀ ਹੈ। ਜਾਤੀਆਂ ਦੀ ਜਨਗਣਨਾ ਦੇ ਨਾਲ-ਨਾਲ ਜਨਗਣਨਾ 2027 ਨੂੰ ਦੋ ਪੜਾਵਾਂ ਵਿੱਚ ਕਰਵਾਉਣ ਦਾ ਫੈਸਲਾ ਲਿਆ ਗਿਆ ਹੈ। ਜਨਗਣਨਾ 2027 ਲਈ ਸੰਦਰਭ ਮਿਤੀ ਮਾਰਚ 2027 ਦੇ ਪਹਿਲੇ ਦਿਨ 00.00 ਵਜੇ ਹੋਵੇਗੀ। ਕੇਂਦਰ ਸ਼ਾਸਿਤ ਪ੍ਰਦੇਸ਼ ਲੱਦਾਖ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਰਾਜਾਂ ਦੇ ਬਰਫੀਲੇ ਖੇਤਰਾਂ ਦੇ ਲਈ ਸੰਦਰਭ ਮਿਤੀ ਅਕਤੂਬਰ 2026 ਦੇ ਪਹਿਲੇ ਦਿਨ 00.00 ਵਜੇ ਹੋਵੇਗੀ। ਜਨਗਣਨਾ ਐਕਟ 1948 ਦੀ ਧਾਰਾ 3 ਦੇ ਪ੍ਰਾਵਧਾਨ ਅਨੁਸਾਰ ਉਪਰੋਕਤ ਸੰਦਰਭ ਮਿਤੀਆਂ ਦੇ ਨਾਲ ਜਨਗਣਨਾ ਕਰਵਾਉਣ ਦੇ ਇਰਾਦੇ ਦੀ ਸੂਚਨਾ 16 ਜੂਨ 2025 ਨੂੰ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਿਤ ਕੀਤੀ ਗਈ ਹੈ। ਗ੍ਰਹਿ ਮੰਤਰਾਲੇ ਭਾਰਤ ਸਰਕਾਰ ਅਧੀਨ ਰਜਿਸਟਰਾਰ ਜਨਰਲ ਦਫ਼ਤਰ, ਨਵੀਂ ਦਿੱਲੀ ਭਾਰਤ ਵਲੋਂ ਮਿਤੀ 16 ਜੂਨ 2025 ਨੂੰ ਫਾਇਲ ਨੰਬਰ 9/8/2025-ਸੀ ਡੀ (ਸੀਈਐਨ) ਦੁਆਰਾ ਜਾਰੀ ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ ਕਿ ਗ੍ਰਹਿ ਮੰਤਰਾਲੇ (ਰਜਿਸਟਰਾਰ ਜਨਰਲ ਦਫ਼ਤਰ, ਭਾਰਤ) ਨੰਬਰ ਐਸ.ਓ. ਵਿੱਚ ਭਾਰਤ ਸਰਕਾਰ ਦੀ ਨੋਟੀਫਿਕੇਸ਼ਨ ਦੀ ਥਾਂ ਲੈਂਦੇ ਹੋਏ ਐਸ.ਓ. 2681 (ਈ) ਜਨਗਣਨਾ ਐਕਟ, 1948 (1948 ਦਾ 37) ਦੀ ਧਾਰਾ 3 ਦੁਆਰਾ ਪ੍ਰਦਾਨ ਕੀਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ 1455 (5) ਮਿਤੀ 26 ਮਾਰਚ 2019 ਨੂੰ ਭਾਰਤ ਦੇ ਗਜ਼ਟ ਅਸਾਧਾਰਨ ਭਾਗ 99 ਭਾਗ 3 ਉਪ-ਧਾਰਾ (!!) ਮਿਤੀ 28 ਮਾਰਚ 2019 ਨੂੰ ਪ੍ਰਕਾਸ਼ਿਤ ਅਜਿਹੇ ਸੁਪਰਸੈਸ਼ਨ ਤੋਂ ਪਹਿਲਾਂ ਕੀਤੇ ਗਏ ਜਾਂ ਕੀਤੇ ਜਾਣ ਤੋਂ ਹਟਾਏ ਗਏ ਕੰਮਾਂ ਨੂੰ ਛੱਡ ਕੇ ਕੇਂਦਰ ਸਰਕਾਰ ਐਲਾਨ ਕਰਦੀ ਹੈ ਕਿ ਭਾਰਤ ਦੀ ਆਬਾਦੀ ਦੀ ਜਨਗਣਨਾ ਸਾਲ 2027 ਦੌਰਾਨ ਕੀਤੀ ਜਾਵੇਗੀ। ਉਨ੍ਹਾਂ ਅਨੁਸਾਰ ਉਕਤ ਜਨਗਣਨਾ ਲਈ ਕੇਂਦਰ ਸ਼ਾਸਤ ਪ੍ਰਦੇਸ਼ ਲੱਦਾਖ ਅਤੇ ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਰਾਜਾਂ ਦੇ ਬਰਫ਼ ਨਾਲ ਢਕੇ ਖੇਤਰਾਂ ਨੂੰ ਛੱਡਕੇ ਹਵਾਲਾ ਮਿਤੀ 1 ਮਾਰਚ 2027 ਦੇ 00.00 ਘੰਟੇ ਹੋਵੇਗੀ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਲੱਦਾਖ ਅਤੇ ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਰਾਜਾਂ ਦੇ ਬਰਫ਼ ਨਾਲ ਢਕੇ ਖੇਤਰਾਂ ਦੇ ਸੰਬੰਧ ਵਿੱਚ ਹਵਾਲਾ ਮਿਤੀ 1 ਅਕਤੂਬਰ 2026 ਦੇ 00:00 ਵਜੇ ਹੋਵੇਗੀ। ਇਹ ਨੋਟੀਫਿਕੇਸ਼ਨ ਮ੍ਰਿਤੰਜਯ ਕੁਮਾਰ ਨਾਰਾਇਣ ਰਜਿਸਟਰਾਰ ਜਨਰਲ ਅਤੇ ਜਨਗਣਨਾ ਕਮਿਸ਼ਨਰ ਦੁਆਰਾ ਜਾਰੀ ਕੀਤਾ ਗਿਆ ਅਤੇ ਭਾਰਤ ਸਰਕਾਰ ਦੀ ਪ੍ਰਿੰਟਿੰਗ ਪ੍ਰੈਸ ਰਿੰਗ ਰੋਡ ਮਾਇਆਪੁਰੀ ਨਵੀਂ ਦਿੱਲੀ ਵਿਖੇ ਛਾਪਿਆ ਗਿਆ ਹੈ ਅਤੇ ਕੰਟਰੋਲਰ ਆਫ ਪਬਲਿਕੇਸ਼ਨ ਦੁਆਰਾ ਪ੍ਰਕਾਸ਼ਿਤ ਗਿਆ ਹੈ। ਜਨਗਣਨਾ ਦਾ ਆਖਰੀ ਪੜਾਅ 1 ਮਾਰਚ 2027 ਤੱਕ ਪੂਰਾ ਹੋ ਜਾਵੇਗਾ। ਇਹ ਪੂਰੀ ਪ੍ਰਕਿਰਿਆ ਡਿਜੀਟਲ ਰੂਪ ਵਿੱਚ ਪੂਰੀ ਕੀਤੀ ਜਾਵੇਗੀ। ਜਨਗਣਨਾ ਲਈ ਸਰਕਾਰੀ ਕਰਮਚਾਰੀ ਨਿਯੁਕਤ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਗਣਨਾਕਾਰ ਕਿਹਾ ਜਾਂਦਾ ਹੈ। ਉਹ ਜਨਗਣਨਾ ਲਈ ਨਿਰਧਾਰਿਤ ਖੇਤਰ ਵਿੱਚ ਪਹੁੰਚਦੇ ਹਨ ਅਤੇ ਕਈ ਤਰ੍ਹਾਂ ਦੀ ਜਾਣਕਾਰੀ ਇਕੱਠੀ ਕਰਦੇ ਹਨ। ਸਰਕਾਰ ਉਨ੍ਹਾਂ ਨੂੰ ਇੱਕ ਖਾਸ ਕਿਸਮ ਦਾ ਪਹਿਚਾਣ ਪੱਤਰ ਦਿੰਦੀ ਹੈ। ਜੇਕਰ ਕਿਸੇ ਵਿਅਕਤੀ ਨੂੰ ਕੋਈ ਸ਼ੱਕ ਹੋਵੇ ਤਾਂ ਉਨ੍ਹਾਂ ਨੂੰ ਆਪਣਾ ਅਧਿਕਾਰਤ ਪਹਿਚਾਣ ਪੱਤਰ ਦਿਖਾਉਣ ਲਈ ਕਹਿ ਸਕਦਾ ਹੈ। ਦੇਸ਼ ਵਿੱਚ ਜਨਗਣਨਾ 02 ਭਾਗਾ ਵਿੱਚ ਕੀਤੀ ਜਾਂਦੀ ਹੈ। ਪਹਿਲੀ ਹਾਊਸਿੰਗ ਅਤੇ ਦੂਜੀ ਹਾਊਸਿੰਗ ਸੈਂਸਸ. ਹਾਊਸਿੰਗ ਵਿੱਚ ਘਰ ਨਾਲ ਸਬੰਧਤ ਸਵਾਲ ਪੁੱਛੇ ਜਾਂਦੇ ਹਨ ਜਿਸ ਵਿੱਚ ਬਿਜਲੀ, ਪੀਣ ਵਾਲਾ ਪਾਣੀ, ਟਾਇਲਟ, ਜਾਇਦਾਦ ਅਤੇ ਜਾਇਦਾਦ ਦੇ ਕਬਜ਼ੇ ਨਾਲ ਸਬੰਧਤ ਸਵਾਲ ਪੁੱਛੇ ਜਾਂਦੇ ਹਨ। ਜਨਗਣਨਾ ਦੇ ਰਿਕਾਰਡ ਦਰਸਾਉਂਦੇ ਹਨ ਕਿ ਹਰ ਵਾਰ ਸਵਾਲਾਂ ਦੀ ਗਿਣਤੀ ਵਧਦੀ ਜਾਂਦੀ ਹੈ। ਸਾਲ 2001 ਵਿੱਚ ਹੋਈ ਜਨਗਣਨਾ ਦੇ ਮੁਕਾਬਲੇ 2011 ਦੀ ਜਨਗਣਨਾ ਵਿੱਚ ਬਹੁਤ ਸਾਰੇ ਵਾਧੂ ਸਵਾਲ ਪੁੱਛੇ ਗਏ ਸਨ। ਸਾਲ 2001 ਦੀ ਜਨਗਣਨਾ ਨਾਮ, ਜ਼ਿਲ੍ਹਾ ਅਤੇ ਰਾਜ ਵਰਗੇ ਮੁੱਢਲੇ ਸਵਾਲਾਂ ਤੱਕ ਸੀਮਿਤ ਸੀ ਪਰੰਤੂ 2011 ਦੀ ਜਨਗਣਨਾ ਵਿੱਚ ਪਿੰਡ ਦਾ ਨਾਮ ਵੀ ਸ਼ਾਮਲ ਸੀ। ਜਨਗਣਨਾ ਦਾ ਦੂਜਾ ਰੂਪ ਰਾਸ਼ਟਰੀ ਜਨਸੰਖਿਆ ਰਜਿਸਟਰਦਾ ਹੁੰਦਾ ਹੈ ਜਿਸ ਵਿੱਚ ਪਰਿਵਾਰਕ ਮੈਂਬਰਾਂ ਨਾਲ ਸਬੰਧਤ ਸਵਾਲ ਦਰਜ ਹੁੰਦੇ ਹਨ ਜਿਸਨੂੰ ਗਣਨਾਕਾਰ ਪੁੱਛਦੇ ਹਨ ਅਤੇ ਉਸਨੂੰ ਭਰਦੇ ਜਾਂਦੇ ਹਨ। ਇਸ ਵਿੱਚ ਬਹੁਤ ਸਾਰੇ ਸਵਾਲ ਹਨ ਜਿਵੇਂ ਕਿ ਨਾਮ, ਲਿੰਗ, ਮਾਤਾ ਦਾ ਨਾਮ, ਪਿਤਾ ਦਾ ਨਾਮ, ਜਨਮ ਮਿਤੀ, ਵਿਆਹੁਤਾ ਸਥਿਤੀ, ਅਸਥਾਈ ਪਤਾ, ਮੌਜੂਦਾ ਪਤਾ, ਪਰਿਵਾਰ ਦਾ ਮੁਖੀ ਕੌਣ ਹੈ ਅਤੇ ਮੁਖੀ ਨਾਲ ਕੀ ਸਬੰਧ ਹੈ ਆਦਿ ਸਵਾਲ ਸ਼ਾਮਲ ਹਨ। ਯੋਜਨਾਬੱਧ 2021 ਦੀ ਜਨਗਣਨਾ ਲਈ ਅੰਤਿਮ ਰੂਪ ਦਿੱਤੇ ਗਏ ਲੱਗਭੱਗ24 ਲੱਖ ਬਲਾਕਾਂ ਨੂੰ 2027 ਦੇ ਅਭਿਆਸ ਲਈ ਵਰਤੇ ਜਾਣ ਦੀ ਸੰਭਾਵਨਾ ਹੈ। ਲੱਗਭੱਗ 30 ਲੱਖ ਗਣਨਾਕਾਰ ਜਿਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਸਰਕਾਰੀ ਸਕੂਲ ਅਧਿਆਪਕ ਸ਼ਾਮਲ ਹਨ ਨੂੰ ਮੋਬਾਈਲ ਐਪਲੀਕੇਸ਼ਨ ਤੇ ਨਵੇਂ ਸਿਰੇ ਤੋਂ ਸਿਖਲਾਈ ਦਿੱਤੀ ਜਾਵੇਗੀ ਜੋ ਅਭਿਆਸ ਲਈ ਤਿਆਰ ਕੀਤੀ ਗਈ ਹੈ। ਇਸ ਸਿਖਲਾਈ ਮੈਨੂਅਲ ਵਿੱਚ ਇੱਕ ਮਹੱਤਵਪੂਰਨ ਵਾਧਾ ਜਾਤ ਦੀ ਗਣਨਾ ਹੋਵੇਗਾ। ਜਾਤਾਂ ਨੂੰ ਰਿਕਾਰਡ ਕਰਨ ਲਈ ਇੱਕ ਹੋਰ ਡਰੌਪ ਬਾਕਸ ਅਨੁਸੂਚਿਤ ਜਾਤੀ (ਐਸਸੀ) ਅਤੇ ਅਨੁਸੂਚਿਤ ਜਨਜਾਤੀ (ਐਸਟੀ) ਟੇਬਲਾਂ ਦੇ ਅੱਗੇ ਜੋੜਨ ਦੀ ਸੰਭਾਵਨਾ ਹੈ ਜੋਕਿ ਹੁਣ ਤੱਕ ਸਿਰਫ ਦੋ ਸ਼੍ਰੇਣੀਆਂ ਹਨ।

ਰਾਸ਼ਟਰੀ ਜਨਸੰਖਿਆ ਰਜਿਸਟਰ ਨੂੰ ਅਪਡੇਟ ਕਰਨ ਬਾਰੇ ਕੋਈ ਐਲਾਨ ਨਹੀਂ ਕੀਤਾ ਗਿਆ ਸੀ ਜਿਸ ਵਿੱਚ ਪਹਿਲਾਂ ਹੀ ਲੱਗਭੱਗ 119 ਕਰੋੜ ਦੇਸ਼ ਵਾਸੀਆਂ ਦਾ ਡਾਟਾਬੇਸ ਹੈ। ਯੋਜਨਾਬੱਧ 2021 ਦੀ ਜਨਗਣਨਾ ਦੇ ਪਹਿਲੇ ਪੜਾਅ ਦੌਰਾਨ ਜਨਸੰਖਿਆ ਰਜਿਸਟਰ ਨੂੰ ਅਪਡੇਟ ਕੀਤਾ ਜਾਣਾ ਸੀ। ਨਾਗਰਿਕਾਂ ਨੂੰ 'ਸਵੈ-ਗਣਨਾ' ਕਰਨ ਦਾ ਮੌਕਾ ਵੀ ਮਿਲ ਸਕਦਾ ਹੈ ਕਿਉਂਕਿ ਭਾਰਤ ਦੇ ਰਜਿਸਟਰਾਰ ਜਨਰਲ ਦਫ਼ਤਰ ਜੋ ਜਨਗਣਨਾ ਕਰਦਾ ਹੈ ਨੇ ਯੋਜਨਾਬੱਧ 2021 ਦੀ ਜਨਗਣਨਾ ਲਈ ਅੰਗਰੇਜ਼ੀ ਵਿੱਚ ਇੱਕ ਸਵੈ-ਗਣਨਾ ਪੋਰਟਲ ਵਿਕਸਿਤ ਕੀਤਾ ਹੈ ਹਾਲਾਂਕਿ ਇਹ ਵਿਕਲਪ ਸਿਰਫ਼ ਉਨ੍ਹਾਂ ਪਰਿਵਾਰਾਂ ਲਈ ਉਪਲੱਬਧ ਹੋਵੇਗਾ ਜਿਨ੍ਹਾਂ ਨੇ ਰਾਸ਼ਟਰੀ ਜਨਸੰਖਿਆ ਰਜਿਸਟਰ ਨੂੰ ਔਨਲਾਈਨ ਅੱਪਡੇਟ ਕੀਤਾ ਹੈ। ਨਾਗਰਿਕਤਾ ਨਿਯਮ 2003 ਅਨੁਸਾਰ ਰਾਸ਼ਟਰੀ ਜਨਸੰਖਿਆ ਰਜਿਸਟਰ ਭਾਰਤੀ ਨਾਗਰਿਕਾਂ ਦੇ ਰਾਸ਼ਟਰੀ ਰਜਿਸਟਰ (ਐਨ ਆਰ ਆਈ ਸੀ/ਐਨ ਆਰ ਸੀ) ਦੇ ਸੰਗ੍ਰਹਿ ਵੱਲ ਪਹਿਲਾ ਕਦਮ ਹੈ। ਇਹਨਾਂ ਵੇਰਵਿਆਂ ਦੇ ਸੰਗ੍ਰਹਿ ਦਾ ਪਿਛਲੇ ਸਮੇਂ ਵਿੱਚ ਕਈ ਵਿਰੋਧੀ-ਸ਼ਾਸਿਤ ਰਾਜਾਂ ਦੁਆਰਾ ਵਿਰੋਧ ਕੀਤਾ ਗਿਆ ਹੈ। ਜਨਗਣਨਾ ਲੋਕ ਸਭਾ ਅਤੇ ਰਾਜ ਵਿਧਾਨ ਸਭਾ ਸੀਟਾਂ ਦੀ ਅਗਲੀ ਹੱਦਬੰਦੀ ਅਤੇ ਸੰਸਦ ਅਤੇ ਵਿਧਾਨ ਸਭਾਵਾਂ ਵਿੱਚ ਔਰਤਾਂ ਲਈ ਪ੍ਰਸਤਾਵਿਤ 33% ਰਾਖਵੇਂਕਰਨ ਨੂੰ ਪ੍ਰਭਾਵਤ ਕਰੇਗੀ। ਇੱਕ ਹੱਦਬੰਦੀ ਕਮਿਸ਼ਨ ਸਥਾਪਿਤ ਕਰਨਾ ਪਏਗਾ ਅਤੇ ਕਈ ਦੱਖਣੀ ਰਾਜਾਂ ਦੁਆਰਾ ਸਿਰਫ਼ ਆਬਾਦੀ ਗਿਣਤੀ ਦੇ ਅਧਾਰ ਤੇ ਹੱਦਬੰਦੀ ਅਭਿਆਸ ਦੇ ਵਿਰੋਧ ਨੂੰ ਦੇਖਦੇ ਹੋਏ ਵਿਸਥਾਰਿਤ ਵਿਚਾਰ-ਵਟਾਂਦਰੇ ਦੀ ਲੋੜ ਹੋਵੇਗੀ। ਸਾਲ 2001 ਦੇ 84ਵੇਂ ਸੰਵਿਧਾਨਕ ਸੋਧ ਐਕਟ ਅਨੁਸਾਰ 2026 ਤੋਂ ਬਾਅਦ ਪਹਿਲੀ ਜਨਗਣਨਾ ਦੇ ਆਬਾਦੀ ਡਾਟਾ ਦੇ ਅਧਾਰ ਤੇ ਹਲਕੇ ਦੀਆਂ ਸੀਮਾਵਾਂ ਦਾ ਪੁਨਰਗਠਨ ਕੀਤਾ ਜਾਣਾ ਹੈ। ਮੌਜੂਦਾ ਸੀਟਾਂ 1971 ਦੀ ਜਨਗਣਨਾ ਡਾਟਾਦੇ ਅਧਾਰ ਤੇ ਤਿਆਰ ਕੀਤੀਆਂ ਗਈਆਂ ਹਨ। ਮਹਿਲਾ ਰਾਖਵਾਂਕਰਨ ਕਾਨੂੰਨ ਅਨੁਸਾਰ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਔਰਤਾਂ ਲਈ ਸੀਟਾਂ ਦਾ ਇੱਕ ਤਿਹਾਈ ਰਾਖਵਾਂਕਰਨ ਉਦੋਂ ਲਾਗੂ ਹੋਵੇਗਾ ਜਦੋਂ ਐਕਟ ਸ਼ੁਰੂ ਹੋਣ ਤੋਂ ਬਾਅਦ ਦਰਜ ਕੀਤੀ ਗਈ ਪਹਿਲੀ ਜਨਗਣਨਾ ਨਾਲ ਸੰਬੰਧਿਤ ਅੰਕੜਿਆਂ ਦੇ ਅਧਾਰ ਤੇ ਹੱਦਬੰਦੀ ਦੀ ਪ੍ਰਕਿਰਿਆ ਕੀਤੀ ਜਾਵੇਗੀ।

ਪਹਿਲੀ ਵਾਰ ਜਨਗਣਨਾ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਅਤੇ ਡਾਟਾਦੀ ਸ਼ੁੱਧਤਾ ਨੂੰ ਵਧਾਉਣ ਲਈ ਮੋਬਾਈਲ ਐਪਲੀਕੇਸ਼ਨਾਂ ਅਤੇ ਔਨਲਾਈਨ ਸਵੈ-ਗਣਨਾ ਵਰਗੇ ਡਿਜੀਟਲ ਸਾਧਨਾਂ ਦੀ ਵਰਤੋਂ ਹੋਵੇਗੀ। ਜਦੋਂ ਜਨਗਣਨਾ ਗਣਨਾਕਾਰਾਂ ਦੁਆਰਾ ਸੰਪਰਕ ਕੀਤਾ ਜਾਵੇਗਾ ਤਾਂ ਵਿਅਕਤੀਆਂ ਨੂੰ ਆਪਣੇ ਅਤੇ ਆਪਣੇ ਘਰ ਦੇ ਮੈਂਬਰਾਂ ਬਾਰੇ ਸੱਚੀ ਅਤੇ ਪੂਰੀ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ। ਜੇਕਰ ਉਪਲੱਬਧ ਹੋਵੇ ਤਾਂ ਨਾਗਰਿਕ ਸਵੈ-ਗਣਨਾ ਕਰਨ ਲਈ ਔਨਲਾਈਨ ਪੋਰਟਲਾਂ ਦੀ ਵਰਤੋਂ ਵੀ ਕਰ ਸਕਦੇ ਹਨ ਜਿਸ ਨਾਲ ਪ੍ਰਕਿਰਿਆ ਵਧੇਰੇ ਸੁਵਿਧਾਜਨਕ ਬਣ ਜਾਂਦੀ ਹੈ। ਜਨਗਣਨਾ ਦੀ ਸਫਲਤਾ ਲਈ ਜਨਤਾ ਦੀ ਸਰਗਰਮ ਅਤੇ ਸਹੀ ਭਾਗੀਦਾਰੀ ਬਹੁਤ ਜ਼ਰੂਰੀ ਹੈ।

ਜਨਗਣਨਾ ਵਿੱਚ ਸਰਗਰਮੀ ਨਾਲ ਹਿੱਸਾ ਲੈਕੇ ਜਨਤਾ ਇੱਕ ਵਧੇਰੇ ਸੂਚਿਤ ਅਤੇ ਵਿਕਸਤ ਰਾਸ਼ਟਰ ਦੇ ਨਿਰਮਾਣ ਵਿੱਚ ਯੋਗਦਾਨ ਪਾ ਸਕਦੀ ਹੈ। ਇਸ ਜਨਗਣਨਾ ਨੂੰ ਸਫਲ ਬਣਾਉਣ ਲਈ ਸਰਕਾਰ ਵਲੋਂ ਦੇਸ਼ ਵਾਸੀਆਂ ਨੂੰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਜਨਗਣਨਾ ਵਿੱਚ ਸਰਗਰਮੀ ਨਾਲ ਹਿੱਸਾ ਲੈਣ, ਗਿਣਤੀਕਾਰਾਂ ਨਾਲ ਸਹਿਯੋਗ ਕਰਨ ਅਤੇ ਉਨ੍ਹਾਂ ਨੂੰ ਲੋੜੀਂਦੀ ਸਹੀ ਅਤੇ ਮੁਕੰਮਲ ਜਾਣਕਾਰੀ ਪ੍ਰਦਾਨ ਕਰਨ।

# ਦੇਸ਼ ਵਿੱਚ ਸੰਵਿਧਾਨ ਸਬੰਧੀ ਫੈਲ ਰਹੀਆਂ ਅਫਵਾਹਾਂ ਕਾਰਨ ਬਹੁਤੇ ਲੋਕ ਪ੍ਰੇਸ਼ਾਨ

(ਸਫਾ 20 ਦੀ ਬਾਕੀ)

ਪ੍ਰਸਤਾਵਨਾ ਵਿੱਚ ਤਿੰਨ ਸ਼ਬਦ (ਸਮਾਜਵਾਦੀ, ਧਰਮ ਨਿਰਪੱਖ ਅਤੇ ਅਖੰਡਤਾ) ਸ਼ਾਮਲ ਕੀਤੇ ਗਏ ਸਨ ਅਤੇ ਇਸ ਦੁਆਰਾ ਸੰਵਿਧਾਨ ਵਿੱਚ ਬੁਨਿਆਦੀ ਕਰਤੱਵਾਂ ਸਬੰਧੀ ਨਵਾਂ ਭਾਗ ਵੀ ਸ਼ਾਮਲ ਕੀਤਾ ਗਿਆ। ਸਾਲ 1978 ਵਿੱਚ 44ਵੀਂ ਸੋਧ ਦੁਆਰਾ "ਅੰਦਰੂਨੀ ਗੜਬੜ'' ਸ਼ਬਦ ਨੂੰ "ਹਥਿਆਰਬੰਦ ਬਗਾਵਤ'' ਨਾਲ ਬਦਲ ਦਿੱਤਾ ਜੋ ਰਾਸ਼ਟਰੀ ਐਮਰਜੈਂਸੀ ਆਰਟੀਕਲ 352 ਨਾਲ ਸਬੰਧਤ ਸੀ। ਸੋਧ ਦੁਆਰਾ ਮੌਲਿਕ ਅਧਿਕਾਰਾਂ ਵਿੱਚੋਂ ਜਾਇਦਾਦ ਦੇ ਅਧਿਕਾਰ ਨੂੰ ਹਟਾ ਦਿੱਤਾ ਅਤੇ ਇਸਨੂੰ ਕਾਨੂੰਨੀ ਅਧਿਕਾਰ ਬਣਾ ਦਿੱਤਾ ਗਿਆ। ਸਾਲ 1988 ਵਿੱਚ 61ਵੀਂ ਸੋਧ ਦੁਆਰਾ ਵੋਟਿੰਗ ਦੀ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕੀਤੀ ਗਈ ਸੀ। ਸਾਲ 1992 ਵਿੱਚ 73ਵੀਂ ਸੋਧ ਦੁਆਰਾ ਪੰਚਾਇਤੀ ਰਾਜ ਸੰਸਥਾਵਾਂ ਨਾਲ ਸਬੰਧਤ ਵਿਵਸਥਾਵਾਂ ਪੇਸ਼ ਕੀਤੀਆਂ ਜਿਸਦਾ ਉਦੇਸ਼ ਜ਼ਮੀਨੀ ਪੱਧਰ ਤੱਕ ਸ਼ਕਤੀ ਦਾ ਵਿਕੇਂਦਰੀਕਰਨ ਕਰਨਾ ਹੈ। ਸਾਲ 1992 ਵਿੱਚ ਹੀ 74ਵੀਂ ਸੋਧ ਦੁਆਰਾ ਸ਼ਹਿਰੀ ਸਥਾਨਕ ਸੰਸਥਾਵਾਂ, ਨਗਰ ਪਾਲਿਕਾਵਾਂ ਅਤੇ ਮਿਉਂਸਪਲ ਕਾਰਪੋਰੇਸ਼ਨਾਂ ਨੂੰ ਸ਼ਕਤੀਕਰਨ ਨਾਲ ਸਬੰਧਤ ਵਿਵਸਥਾਵਾਂ ਪੇਸ਼ ਕੀਤੀਆਂ। ਸਾਲ 2002 ਵਿੱਚ 86ਵੀਂ ਸੋਧ ਦੁਆਰਾ ਇਹ ਸ਼ਾਮਲ ਕੀਤਾ ਗਿਆ ਕਿ ਰਾਜ 06 ਤੋਂ 14 ਸਾਲ ਦੀ ਉਮਰ ਦੇ ਸਾਰੇ ਬੱਚਿਆਂ ਨੂੰ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਪ੍ਰਦਾਨ ਕਰੇਗਾ। ਸਾਲ 2011 ਵਿੱਚ 97ਵੀਂ ਸੋਧ ਦੁਆਰਾ ਸਹਿਕਾਰੀ ਸਭਾਵਾਂ ਨੂੰ ਸੰਵਿਧਾਨਿਕ ਦਰਜਾ ਅਤੇ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ। ਸਾਲ 2016 ਵਿੱਚ 101ਵੀਂਸੋਧ ਗੁਡਜ਼ ਐਂਡ ਸਰਵਿਸਿਜ਼ ਟੈਕਸ (ਜੀ ਐਸ ਟੀ) ਨੂੰ ਪੇਸ਼ ਕੀਤਾ ਅਤੇ ਇੱਕ ਵਿਆਪਕ ਅਸਿੱਧੇ ਟੈਕਸ ਸੁਧਾਰ ਦਾ ਉਦੇਸ਼ ਟੈਕਸ ਢਾਂਚੇ ਨੂੰ ਸਰਲ ਬਣਾਉਣਾ ਅਤੇ ਆਰਥਿਕ ਏਕੀਕਰਣ ਨੂੰ ਉਤਸ਼ਾਹਿਤ ਕਰਨਾ ਹੈ। ਸਾਲ 2018 ਵਿੱਚ 102ਵੀਂ ਸੋਧ ਦੁਆਰਾ ਪੱਛੜੀਆਂ ਸ਼੍ਰੇਣੀਆਂ ਲਈ ਰਾਸ਼ਟਰੀ ਕਮਿਸ਼ਨ ਨੂੰ ਸੰਵਿਧਾਨਿਕ ਦਰਜਾ ਦਿੱਤਾ ਗਿਆ ਹੈ। ਸਾਲ 2019 ਵਿੱਚ103ਵੀਂ ਸੋਧ ਦੁਆਰਾ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਲਈ 10ਗ ਰਾਖਵਾਂਕਰਨ ਪ੍ਰਦਾਨ ਕੀਤਾ ਗਿਆ ਹੈ। ਸਾਲ 2020 ਵਿੱਚ 104ਵੀਂ ਸੋਧ ਦੁਆਰਾ 25 ਜਨਵਰੀ 2030 ਤੱਕ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਮੈਂਬਰਾਂ ਲਈ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਵਿੱਚ ਸੀਟਾਂ ਦੇ ਰਾਖਵੇਂਕਰਨ ਦੀ ਵਿਵਸਥਾ ਕੀਤੀ ਗਈ ਹੈ। ਸਾਲ 2021 ਵਿੱਚ 105ਵੀਂ ਸੋਧ ਦੁਆਰਾ ਰਾਜ ਸਰਕਾਰਾਂ ਦੀ ਸਮਾਜਿਕ ਅਤੇ ਵਿੱਦਿਅਕ ਤੌਰ ਤੇ ਪਛੜੀਆਂ ਸ਼੍ਰੇਣੀਆਂ ਦੀ ਪਛਾਣ ਕਰਨ ਦੀ ਸ਼ਕਤੀ ਨੂੰ ਮੁੜ ਬਹਾਲ ਕੀਤਾ ਗਿਆ ਹੈ। ਸਾਲ 2023 ਵਿੱਚ 106ਵੀਂ ਸੋਧ ਦੁਆਰਾ ਲੋਕ ਸਭਾ, ਰਾਜ ਵਿਧਾਨ ਸਭਾਵਾਂ ਅਤੇ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਦੀ ਵਿਧਾਨ ਸਭਾ ਦੀਆਂ ਸਾਰੀਆਂ ਸੀਟਾਂ ਦਾ ਇੱਕ ਤਿਹਾਈ ਹਿੱਸਾ ਰਾਖਵਾਂ ਰੱਖਣ ਦਾ ਪ੍ਰਬੰਧ ਕੀਤਾ ਗਿਆ ਹੈ। ਪਿਛਲੇ ਸਮੇਂ "ਇੱਕ ਰਾਸ਼ਟਰ ਇੱਕ ਚੌਣ'' ਸਬੰਧੀ ਇੱਕ ਉੱਚ-ਪੱਧਰੀ ਕਮੇਟੀ ਨੇ ਪ੍ਰਸਤਾਵ ਦਿੱਤਾ ਹੈ ਕਿ ਪ੍ਰਸਤਾਵ ਨੂੰ ਲਾਗੂ ਕਰਨ ਲਈ ਸੰਵਿਧਾਨ ਅਤੇ ਹੋਰ ਕਾਨੂੰਨਾਂ ਵਿੱਚ 18 ਵੱਖਰੀਆਂ ਸੋਧਾਂ ਦੀ ਲੋੜ ਹੋਵੇਗੀ। ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਦੀ ਅਗਵਾਈ ਵਿੱਚ ਮੌਜੂਦਾ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੂੰ ਸੌਂਪੀ ਆਪਣੀ ਰਿਪੋਰਟ ਅਨੁਸਾਰ ਪਹਿਲੇ ਕਦਮ ਵਜੋਂ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਇੱਕੋ ਸਮੇਂ ਚੋਣਾਂ ਦੀ ਸਿਫ਼ਾਰਸ਼ ਕੀਤੀ ਗਈ ਹੈ ਅਤੇ ਇਸ ਲਈ ਦੱਸੀਆਂ ਗਈਆਂ ਤਬਦੀਲੀਆਂ ਵਿੱਚ ਸਥਾਨਕ ਸੰਸਥਾਵਾਂ ਦੀਆਂ ਚੋਣਾਂ ਸਬੰਧੀ ਧਾਰਾ 325 ਵਿੱਚ ਸੋਧ ਲਈ ਰਾਜ ਚੋਣ ਕਮਿਸ਼ਨ ਨਾਲ ਸਲਾਹ ਕਰਕੇ ਭਾਰਤੀ ਚੋਣ ਕਮਿਸ਼ਨ ਦੁਆਰਾ ਵੋਟਰ ਸੂਚੀ ਦੀ ਤਿਆਰੀ ਨਾਲ ਸਬੰਧਤ ਸੰਵਿਧਾਨ ਦੇ ਉਪਬੰਧਾਂ ਵਿੱਚ ਸੋਧ ਸ਼ਾਮਲ ਹੈ। ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਆਮ ਚੋਣਾਂ ਦੇ ਨਾਲ-ਨਾਲ ਨਗਰ ਪਾਲਿਕਾਵਾਂ, ਪੰਚਾਇਤਾਂ ਦੀਆਂ ਚੋਣਾਂ ਇੱਕੋ ਸਮੇਂ ਕਰਵਾਉਣ ਲਈ ਸੰਵਿਧਾਨਿਕ ਵਿਵਸਥਾ ਸਬੰਧੀ ਧਾਰਾ 324ਏ ਵਿੱਚ ਸੋਧ ਦੀ ਵੀ ਲੋੜ ਹੋਵੇਗੀ। ਇਸ ਦੁਆਰਾ ਪ੍ਰਸਤਾਵਿਤ ਦੂਜੇ ਸੰਵਿਧਾਨਿਕ ਸੋਧ ਬਿਲ ਤੇ ਪੈਨਲ ਨੇ ਕਿਹਾ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 368(2) ਦੇ ਤਹਿਤ ਦੂਜੇ ਸੰਵਿਧਾਨਿਕ ਸੋਧ ਬਿਲ ਵਿੱਚ ਸੋਧਾਂ ਕਰਨ ਲਈ ਅੱਧੇ ਤੋਂ ਘੱਟ ਰਾਜਾਂ ਦੁਆਰਾ ਪ੍ਰਵਾਨਗੀ ਦੀ ਲੋੜ ਹੋਵੇਗੀ। ਸਾਲ 2015 ਵਿੱਚ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਡਾਕਟਰ ਭੀਮ ਰਾਓ ਅੰਬੇਡਕਰ ਦੀ 125ਵੀਂ ਜਯੰਤੀ ਮਨਾਉਣ ਦੀ ਘੋਸਣਾ ਕੀਤੀ ਗਈ ਤਾਂ ਨਾਲ ਹੀ 26 ਨਵੰਬਰ ਦਾ ਦਿਨ ਵੀ 'ਸੰਵਿਧਾਨ ਦਿਵਸ' ਦੇ ਤੋਰ ਤੇ ਮਨਾਉਣ ਦੀ ਘੋਸ਼ਣਾ ਕੀਤੀ ਗਈ। ਮੌਜੂਦਾ ਸਮੇਂ ਬਹੁਤ ਸਾਰੀਆਂ ਸੰਵਿਧਾਨਿਕ ਚੁਣੌਤੀਆਂਹਨ ਅਤੇ ਇਸ ਲਈ ਸਾਡੇ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਦੇ ਨਾਲ ਆਮ ਲੋਕਾਂ ਨੂੰ ਵੀ ਮਿਲਕੇ ਕੰਮ ਕਰਨਾ ਪਵੇਗਾ ਅਤੇ ਸੰਵਿਧਾਨ ਸਬੰਧੀ ਫੈਲ ਰਹੀਆਂ ਗੱਲਤਫਹਿਮੀਆਂ ਦੂਰ ਕਰਨ ਲਈ ਸਹੀ ਜਾਣਕਾਰੀ ਦੇਸ਼ ਦੇ ਲੋਕਾਂ ਤੱਕ ਪਹੁੰਚਾਣੀ ਪਵੇਗੀ।

# ਦੁਨੀਆਂ ਦਾ ਸਭ ਤੋਂ ਵੱਡਾ ਡਾਇਨਾਸੋਰ ਹੈ: ਸ਼ਹਿਰ ਡਰੱਮ ਹੈਲਰ (ਕਨੇਡਾ) ਵਿਖੇ



ਬਲਵਿੰਦਰ 'ਬਾਲਮ' ਗੁਰਦਾਸਪੁਰ
91-98156-25409

ਕਨੇਡਾ ਦਾ ਖ਼ੂਬਸੂਰਤ ਸਹੂਲਤ ਵਾਲਾ ਅਤੇ ਲਘੂ ਪਹਾੜੀਆਂ ਵਾਲਾ, ਕੁਦਰਤ ਦੀ ਕਿਰਪਾ ਦ੍ਰਿਸ਼ਟੀ ਨਾਲ ਮਾਲਾ-ਮਾਲ ਹੋਇਆ ਸ਼ਹਿਰ ਹੈ ਡਰੱਮ ਹੈਲਰ (ਕਨੇਡਾ)। ਇਸ ਸ਼ਹਿਰ ਵਿਖੇ ਦੁਨੀਆਂ ਦਾ ਸਭ ਤੋਂ ਵੱਡਾ ਡਾਇਨਾਸੋਰ ਹੈ। ਇਹ ਸਥਾਨ ਖਾਸ ਕਰਕੇ ਬੱਚਿਆਂ ਦੇ ਖਿੱਚ ਦਾ ਕੇਂਦਰ ਹੈ। ਬੱਚੇ ਇਥੇ ਆਣ ਕੇ ਸਮੋਹਿਤ ਹੋ ਜਾਂਦੇ ਹਨ।

ਡਰੱਮ ਹੈਲਰ ਸ਼ਹਿਰ ਜਾਣ ਲਈ ਕਨੇਡਾ ਦੇ ਸ਼ਹਿਰ ਐਡਮਿੰਟਨ, ਹੈਡ ਡੀਅਰ, ਕੈਲਗਰੀ ਤੋਂ ਆਸਾਨੀ ਨਾਲ ਬਾਈ ਕਾਰ, ਟੈਕਸੀ, ਟ੍ਰੇਨ ਜਾਂ ਬਾਈ ਏਅਰ ਜਾਇਆ ਜਾ ਸਕਦਾ ਹੈ।

ਇਸ ਸ਼ਹਿਰ ਦਾ ਨਿਰਮਾਣ ਆਧੁਨਿਕ, ਵਿਗਿਆਨਕ ਸ਼ੈਲੀ, ਸ਼ਿਲਪ ਅਤੇ ਪ੍ਰਾਚੀਨ ਪਿੱਠ ਭੂਮੀ ਦੇ ਮੁਤਾਬਿਕ ਤਿਆਰ ਕੀਤਾ ਗਿਆ ਹੈ। ਇਹ ਸ਼ਹਿਰ ਜਿੱਥੇ ਅਨੇਕ ਸਿਰਜਨਸ਼ੀਲ ਕਿਰਿਆਵਾਂ ਕਰਕੇ ਪ੍ਰਸਿੱਧ ਹੈ ਉਥੇ ਇਹ ਡਾਇਨਾਸੋਰ ਕਰਕੇ ਵਿਸ਼ਵ-ਪ੍ਰਸਿੱਧ ਹੈ। ਇਸ ਸ਼ਹਿਰ ਦੇ ਹੋਰ ਚੌਂਕ ਵਿਚ ਤੁਹਾਨੂੰ ਡਾਇਨਾਸੋਰ ਦਾ ਸਟੈਚੀ ਮਿਲੇਗਾ। ਇੱਥੇ ਕਈ ਸੌ ਡਾਇਨਾਸੋਰ ਦੇ ਸਟੈਚੂ ਮੌਜੂਦ ਹਨ।

ਦੁਨੀਆਂ 'ਚੋਂ ਸਭ ਤੋਂ ਵੱਡਾ ਡਾਇਨਾਸੋਰ ਦਾ ਸਟੈਚੂ ਇਕ ਉਚੀ ਗੁਫ਼ਾ ਵਾਂਗ ਬਣਾਇਆ ਗਿਆ। ਬਾਹਰੋਂ ਇਕ ਵੱਡਾ ਡਾਇਨਾਸੋਰ ਨਜ਼ਰ ਆਉਂਦਾ ਹੈ ਪਰ ਇਸ ਦੇ ਅੰਦਰ ਰੰਗਦਾਰ ਗੁਫ਼ਨੁਮਾ ਪੌੜੀਆਂ ਹਨ ਜੋ ਉਸ ਦੇ ਮੂੰਹ ਤੱਕ ਜਾਂਦੀਆਂ ਹਨ। ਇਸ ਡਾਇਨਾਸੋਰ ਵਿਚ ਲਪਭਗ 106 ਪੌੜੀਆਂ ਹਨ ਜੋ ਪੈਰ੍ਹਾਂ ਤੋਂ ਲੈ ਕੇ ਮੂੰਹ ਦੇ ਫੈਲਾਵ ਤੱਕ ਅੰਦਰੋਂ-ਅੰਦਰੀਂ ਜਾਂਦੀਆਂ ਹਨ। ਡਾਇਨਾਸੋਰ ਦਾ ਇਹ ਸਟੈਚੂ ਪੈਰ੍ਹਾਂ ਉਪਰ ਖੜ੍ਹਾ ਅਸਮਾਂ ਦੀ ਦਿਸ਼ਾ ਵੱਲ ਸਥਿਰ ਹੈ। ਇਸ ਅੰਦਰਲਾ ਭਾਗ ਇਸ ਦੇ ਜਿਸਮ ਦੇ ਰੰਗਾਂ ਨਾਲ ਮੇਲ ਖਾਂਦਾ ਬਣਾਇਆ ਗਿਆ ਹੈ। ਮਾ ਦੇ ਰੰਗ ਵਰਗਾ ਅੰਦਰਲਾ ਭਾਗ ਹੈ। ਪੌੜੀਆਂ ਵੀ ਮਾਸ ਦੇ ਰੰਗ ਵਰਗੀਆਂ ਹਨ। ਤੁਸੀਂ ਮਹਿਸੂਸ ਕਰੋਗੇ ਕਿ ਜਿਉਂਦੇ ਡਾਇਨਾਸੋਰ ਦੇ ਵਿੱਚੋਂ ਲੰਘ ਰਹੇ ਹਾਂ। ਡਾਇਨਾਸੋਰ ਦੇ ਅੰਦਰਲੇ ਭਾਗ ਵਿਚ ਉਸ ਦੀਆਂ ਮਾਸਪੇਸ਼ੀਆਂ, ਧਮਣੀਆਂ, ਸਿਰਾਵਾਂ, ਚਰਬੀ ਆਦਿ ਦੇ ਰੰਗ ਰੂਪ, ਸ਼ੈਲੀ, ਸ਼ਿਲਪ ਵਾਂਗ ਬਣਾਈਆਂ ਗਈਆਂ ਹਨ।

ਡਾਇਨਾਸੋਰ ਦੇ ਮੂੰਹ ਤੱਕ ਜਾਣ ਲਈ 106 ਪੌੜੀਆਂ ਦੇ ਰਸਤੇ ਵਿਚ ਕੁਝ-ਕੁਝ ਦੂਰ ਉਪਰ ਠਹਿਰਨ ਸਥਾਨ ਬਣਾਏ ਹੋਏ ਹਨ ਜਿਥੇ ਤੁਸੀਂ ਰੁਕ ਸਕਦੇ ਹੋ ਜਾਂ ਬੈਂਚ ਉਪਰ ਬੈਠ ਸਕਦੇ ਹੋ ਜਿਵੇਂ ਡਾਇਨਾਸੋਰ ਦੇ ਪੇਟ ਵਿਚ ਕੋਈ ਰਸਤਾ (ਸੜਕ) ਜਾ ਰਹੀ ਹੋਵੇ। ਇਸਦਾ ਅੰਦਰਲਾ ਭਾਗ ਉਤਾਰ-ਚੜ੍ਹਾਵ ਵਾਲਾ ਅਤੇ ਵਿਗਿਆਨਕ ਕਲਾਕਾਰੀ ਦਾ ਨਾਯਾਬ ਨਮੂਨਾ ਹੈ। ਦੁਰਲਭ ਅਤੇ ਸ਼੍ਰੇਸਟਾ ਦਾ ਅਨੂਠਾ ਤਿਲਿਸਮ।

ਇਸ ਦੀਆਂ ਪੌੜੀਆਂ ਚੜ੍ਹ ਕੇ ਇਸ ਦੇ ਖੁੱਲ੍ਹੇ ਮੂੰਹ ਤੱਕ ਜਾਉਗੇ ਤਾਂ ਉਸਦੇ ਮੂੰਹ ਦਾ ਆਕਾਰ ਇਕ ਵੱਡੇ ਕਮਰੇ ਜਿੰਨਾ ਖੁੱਲ੍ਹਾ ਹੈ ਜਿਸ 'ਚ ਖਲ੍ਹੋ ਕੇ ਤੁਸੀਂ ਕਈ ਮੀਲ ਦੂਰ ਦੇ ਸੁੰਦਰ ਦ੍ਰਿਸ਼ ਨਜ਼ਾਰੇ ਵੇਖ ਸਕਦੇ ਹੋ। ਇਸ ਦੇ ਮੂੰਹ ਵਿਚ ਕਈ ਵਿਅਕਤੀ ਖਲ੍ਹੋ ਸਕਦੇ ਹਨ। ਇਸ ਦੇ ਮੂੰਹ ਵਿਚ ਜਾਲੀਨੁਮਾ ਇਕ ਜੰਗਲ ਬਣਾਇਆ ਹੋਇਆ ਹੈ ਜਿਸ ਵਿਚ ਤੁਸੀਂ ਸਰੁੱਖਿਅਤ ਖਲ੍ਹੋ ਕੇ ਦੂਰ-ਦੂਰ ਦੇ ਅਨੇਕਾਂ ਹੀ ਸੁੰਦਰ ਦ੍ਰਿਸ਼ ਆਪਣੇ ਕੈਮਰੇ ਵਿਚ ਅਤੇ ਅੱਖਾਂ ਵਿਚ ਸਦਾ ਲਈ ਕੈਦ ਕਰ ਸਕਦੇ ਹੋ। ਡਾਇਨਾਸੋਰ ਦੇ ਸਭ ਤੋਂ ਪਹਿਲਾਂ ਇਸ ਇਲਾਕੇ ਵਿਚ ਹੀ ਸਰੀਰਕ ਚਿੰਨ੍ਹ ਮਿਲੇ ਸਨ। ਜਬਾੜੇ ਅਤੇ ਹੱਡੀਆਂ ਦੇ ਚਿੰਨ੍ਹਾਂ ਨੂੰ ਇਕ ਵੱਡੇ ਆਜਾਇਬ ਘਰ ਵਿਚ ਸੰਭਾਲ ਕੇ ਰੱਖਿਆ ਹੋਇਆ, ਜਿੱਥੇ ਲੋਕ ਇਨ੍ਹਾਂ ਨੂੰ ਉਤਸ਼ਾਹ ਨਾਲ ਵੇਖ ਆਉਂਦੇ ਹਨ। ਡਰੱਮ ਹੈਲਰ ਨੂੰ ਡਾਇਨਾਸੋਰ ਕੈਪੀਟਲ ਵੀ ਕਹਿੰਦੇ ਹਨ।

ਲੱਖਾਂ ਸਾਲ ਪਹਿਲਾਂ ਇਹ ਇਲਾਕਾ ਜਾਣਿਆ ਪਹਿਚਾਣਿਆ ਇਲਾਕਾ ਸੀ ਕਿਉਂਕਿ ਇੱਥੇ ਤਰ੍ਹਾਂ-ਤਰ੍ਹਾਂ ਦੇ ਵੱਖ-ਵੱਖ ਸ਼੍ਰੇਣੀਆਂ ਜਾਤੀਆਂ ਦੇ ਪੌਦੇ ਪਾਏ ਜਾਂਦੇ ਹਨ, ਜਿੱਥੇ ਡਾਇਨਾਸੋਰ ਰਹਿਣ ਪਸੰਦ ਕਰਦੇ ਸਨ ਅਤੇ ਉਹ ਇਸ ਇਲਾਕੇ ਦੇ ਜਲਵਾਯੂ, ਵਾਤਾਵਰਣ ਵਿਚ ਖੁਸ਼ ਰਹਿੰਦੇ ਸਨ। ਹਾਲਾਤ ਤੇ ਸਮੇਂ ਦੀ ਕਰਵਟ ਨਾਲ ਇਨ੍ਹਾਂ ਜਾਨਵਰਾਂ (ਡਾਇਨਾਸੋਰ) ਦੀ ਨਸਲ ਖ਼ਤਮ ਹੁੰਦੀ ਚਲੀ ਗਈ ਤੇ ਇਸ ਇਲਾਕੇ ਵਲ ਕੇਵਲ ਉਨ੍ਹਾਂ ਦੇ ਸਰੀਰ ਦੇ ਪਿੰਜਰ ਹੀ ਰਹਿ ਗਏ।

ਵਿਗਿਆਨਕ ਖੋਜ ਨਾਲ ਪਤਾ ਲੱਗ ਕਿ ਇਸ ਇਲਾਕੇ ਵਲ ਡਾਇਨਾਸੋਰ ਜਾਤੀ ਦੇ ਜਾਨਵਰ ਰਹਿੰਦੇ ਸਨ। ਲਗਭਗ 1880 ਦੇ ਲਾਗੇ-ਚਾਗੇ ਇਨ੍ਹਾਂ ਦੀ ਹੋਂਦ ਦਾ ਪਤਾ ਲੱਗਾ, ਤੇ ਸਿਰਫ਼ ਪਿੰਜਰ ਚਿੰਨ੍ਹ ਹੀ ਮਿਲੇ।



ਸਭ ਤੋਂ ਪਹਿਲਾਂ ਟਾਇਰਲ ਨਾਂਅ ਦਾ ਵਿਅਕਤੀ ਇਸ ਇਲਾਕੇ ਵੱਲ ਆਇਆ। ਉਸ ਨੂੰ ਗਿਆਨ ਹੋਇਆ ਕਿ ਇਸ ਇਲਾਕੇ ਵਿਚ ਡਾਇਨਾਸੋਰ ਰਹਿੰਦੇ ਹਨ।

ਅੰਦਾਜ਼ਾਗਤ ਹੈ ਕਿ ਲਗਭਗ 11 ਹਜ਼ਾਰ ਸਾਲ ਪਹਿਲਾਂ ਇਸ ਇਲਾਕੇ ਵੱਲ ਡਾਇਨਾਸੋਰ ਮੌਜੂਦ ਸਨ। ਇਸ ਇਲਾਕੇ ਵੱਲ ਤੇਲ ਅਤੇ ਕੋਇਲੇ ਦੀਆਂ ਖਾਨਾਂ ਦੇ ਭੰਡਾਰ ਵੀ ਮੌਜੂਦ ਹਨ। ਇਸ ਇਲਾਕੇ ਨੂੰ ਅਲਬਰਟਾ ਸੋਰੂ ਨਾਂਅ ਨਾਲ ਵੀ ਪ੍ਰਸਿੱਧੀ ਮਿਲੀ।

ਏਧਰ 'ਰੈਡ ਡੀਅਰ ਰਿਵਰ ਵੈਲੀ' ਦੇ ਨਜ਼ਦੀਕ ਬਰਫ਼ ਦੇ ਵੱਡੇ-ਵੱਡੇ ਗਲੇਸ਼ੀਅਰ ਦੀ ਤਾਦਾਦ ਬਹੁਤ ਜ਼ਿਆਦਾ ਸੀ ਜਿਨ੍ਹਾਂ ਦੇ ਪਿਘਲਨ ਨਾਲ ਦੂਰ-ਦੂਰ ਤੱਕ ਅਨੇਕਾਂ ਹੀ 'ਵੈਲੀਆਂ (ਵਾਦੀਆਂ) ਘਾਟੀਆਂ ਦੀ ਹੋਂਦ ਪੈਦਾ ਹੋਈ। ਇਸ ਇਲਾਕੇ ਵੱਲ ਘੁੰਮਣ ਫਿਰਨ ਆਏ ਲੋਕਾਂ ਨੇ ਡਾਇਨਾਸੋਰ ਦੇ ਚਿੰਨ੍ਹ ਵੇਖੇ ਸਨ ਜਿਸ ਤੋਂ ਖੋਜ ਸੰਭਵ ਹੋਈ।

ਕੈਲਗਰੀ ਸ਼ਹਿਰ ਤੋਂ ਡਰੱਮ ਹੈਲਰ ਨੂੰ 1913 ਦੇ ਕਰੀਬ ਰੇਲਵੇ ਸਫ਼ਰ ਸ਼ੁਰੂ ਹੋਇਆ ਅਤੇ ਹੌਲੀ-ਹੌਲੀ ਧੰਦਾਯੁਕਤ ਲੋਕ ਇਸ ਇਲਾਕੇ ਵੱਲ ਵੱਸਦੇ ਗਏ ਜਿਨ੍ਹਾਂ ਲੋਕਾਂ ਨੂੰ ਵੀ ਇਹ ਇਲਾਕਾ ਚੰਗਾ ਲੱਗਾ ਇਥੇ ਵੱਸਦੇ ਗਏ।

ਲਗਭਗ 1911 ਦੇ ਕਰੀਬ ਕੋਇਲੇ ਦੇ ਸ਼ਿੱਪ ਲੋਡ ਹੁੰਦੇ ਰਹੇ ਅਤੇ ਕਨੇਡਾ ਵਿਚ ਜਾਂਦੇ ਰਹੇ।

ਇਹ ਵੀ ਇਕ ਅਦਭੁਤ ਘਟਨਾ ਹੈ ਜਾਂ ਵਾਕਿਆ ਹੈ ਕਿ ਡਰੱਮ ਹੈਲਰ ਸ਼ਹਿਰ ਦਾ ਨਾਂਅ ਕਿੱਥੋਂ, ਕਦੋਂ ਤੇ ਕਿਵੇਂ ਬਣਿਆ? ਇਸ ਇਲਾਕੇ ਵੱਲ 'ਸੈਮੁਅਲ ਡਰੱਗ ਹੈਲਰ' ਨਾਮ ਦੇ ਇਕ ਵਿਅਕਤੀ ਨੇ ਜ਼ਮੀਨ ਖ਼ਰੀਦੀ। ਉਸ ਨੇ ਇਹ ਜ਼ਮੀਨ ਨੈਸ਼ਨਲ ਰੇਲਵੇ ਨੂੰ ਵੇਚ ਦਿੱਤੀ ਨਵਾਂ ਸ਼ਹਿਰ ਬਣਾਉਣ ਲਈ।

ਸੈਮੂਅਲ ਡਰੱਗ ਹੈਲਰ ਅਤੇ ਇਕ ਹੋਰ ਵਿਅਕਤੀ ਨੇ ਆਪਣੇ ਨਾਵਾਂ ਦਾ ਸਿੱਕੇ ਨਾਲ ਟਾਸ ਪਾਇਆ ਕਿ ਜਿਸ ਦਾ ਨਾਂਅ ਟਾਸ ਵਿਚ ਸਹੀ ਆਵੇਗਾ ਉਸ ਦੇ ਨਾਂਅ ਉਪਰ ਇਸ ਇਲਾਕੇ ਦਾ ਨਾਮ ਹੋਵੇਗਾ। ਸਿੱਕੇ ਦੇ ਟਾਸ ਦਾ ਨਤੀਜਾ ਇਹ ਨਿਕਲਿਆ ਕਿ ਸੈਮੁਅਲ ਡਰੱਗ ਹੈਲਰ ਟਾਸ ਜਿੱਤ ਗਿਆ ਅਤੇ ਉਸ ਦੇ ਨਾਂਅ ਉਪਰ ਇਸ ਇਲਾਕੇ ਦਾ ਨਾਮ ਡਰੱਮ ਹੈਲਰ ਰੱਖ ਦਿੱਤਾ ਗਿਆ।

ਇਸ ਇਲਾਕੇ ਵੱਲ 1911-1979 ਦੇ ਸਮੇਂ ਦੌਰਾਨ ਲਗਭਗ 139 ਕੋਇਲੇ ਦੀਆਂ ਖਾਨਾ ਰਜਿਸਟਰ ਹੋਈਆਂ ਅਤੇ ਲਗਭਗ 56 ਲੱਖ ਟਨ ਕੋਇਲਾ ਸ਼ਿੱਪ ਦੇ ਜ਼ਰੀਏ ਕਨੇਡਾ ਦੇ ਸ਼ਹਿਰ ਨੂੰ ਭੇਜਿਆ।

ਕੋਇਲੇ ਦੀਆਂ ਖਾਨਾਂ ਵਿਚ ਨੌਕਰੀ ਕਰਨਾ ਇਕ ਖਤਰਨਾਕ ਧੰਦਾ ਸੀ। ਇਨ੍ਹਾ ਕੋਇਲੇ ਦੀਆਂ ਖਾਨਾਂ ਵਿਚ ਅਨੇਕਾਂ ਹੀ ਕਾਮਿਆਂ ਦੀਆਂ ਜਾਨਾਂ ਗਈਆਂ। ਜਿਨ੍ਹਾਂ ਕਾਮਿਆਂ ਦੀਆਂ ਮੋਤਾਂ ਕਾਇਲੇ ਦੀਆਂ ਖਾਨਾਂ ਕਰਕੇ ਹੋਈਆਂ ਉਨ੍ਹਾਂ ਦੀ ਯਾਦ ਵਿਚ 224, ਸੈਂਟਰਲ ਸਟਰੀਟ ਵਿਖੇ ਇਕ ਯਾਦਗਾਰ ਸਥਾਪਤ ਕਰ ਦਿੱਤੀ ਗਈ ਜੋ 'ਐਟਲਸ ਕੋਲ ਮਾਈਨ ਨੈਸ਼ਨਲ ਹਿਸਟੋਰੀਕਲ ਸਾਈਟ' ਨਾਲ ਪ੍ਰਸਿੱਧ ਹੈ। 1979 ਵਿਚ ਇਹ ਆਖ਼ਰੀ ਕੋਇਲੇ ਦੀ ਖਾਨ ਸੀ। ਇਸ ਸਥਾਨ ਨੂੰ ਵੇਖਣ ਲਈ ਹਜ਼ਾਰਾਂ ਹੀ ਲੋਕ ਆਉਂਦੇ ਹਨ।

ਅਜ ਕਲ ਇਹ ਇਲਾਕਾ ਡਾਇਨਾਸੋਰ ਦੀ ਵਿਸ਼ਵ ਪ੍ਰਸਿੱਧੀ ਲਈ ਅਤੇ ਖੇਤੀਬਾੜੀ (ਖੇਤੀ ਧੰਦੇ) ਦੇ ਉਦਯੋਗ ਦਾ ਸਭ ਤੋਂ ਵੱਡਾ ਕੇਂਦਰ ਹੈ। ਤੇਲ ਤੇ ਗੈਸ ਦੇ ਭੰਡਾਰ ਤੋਂ ਇਲਾਵਾ ਖੇਤੀ ਉਦਯੋਗ ਦਾ ਵੱਡਾ ਕੇਂਦਰ ਹੈ। ਅਨੇਕਾਂ ਹੀ ਲੋਕ ਇਸ ਇਲਾਕੇ ਵਿਚ ਇਨ੍ਹਾਂ ਭੰਡਾਰਾ ਕਰਕੇ ਨੌਕਰੀਆਂ ਕਰਦੇ ਹਨ।

ਅਜ ਕਲ ਇਹ ਟੂਰਿਜ਼ਮ ਵਾਲਾ ਅਤੇ ਹਜ਼ਾਰਾਂ ਲੋਕਾਂ ਦੇ ਮਨੋਰੰਜਨ ਦਾ ਸਥਾਨ ਬਣ ਗਿਆ ਹੈ। ਇਸ ਸ਼ਹਿਰ ਵਿਚ ਬਹੁਤ ਵੱਡਾ ਵਿਸ਼ਵ ਪ੍ਰਸਿੱਧ ਡਾਇਨਾਸੋਰ ਟਾਇਰਲ ਮਿਊਜ਼ਿਅਮ ਹੈ। ਅਮੀਰ ਵਿਰਸੇ ਦੀ ਖ਼ੂਬਸੂਰਤ ਦਿਖ ਵਾਲਾ ਇਹ ਇਲਾਕਾ ਖ਼ੂਬਸੂਰਤ ਮੌਸਮ ਅਤੇ ਮਨੋਰੰਜਨ ਕਿਰਿਆਵਾਂ ਦਾ ਮਨਮੋਹਕ ਸਥਾਨ ਹੈ। ਡਰੱਮ ਹੈਲਰ ਦੀ ਪ੍ਰਾਚੀਨਤਾ ਅਤੇ ਆਧੁਨਿਕਤਾ ਦਾ ਗਹਿਰਾ ਪ੍ਰਭਾਵ ਪੈਦਾ ਹੈ।

ਇਸ ਇਲਾਕੇ ਦੀ ਆਧੁਨਿਕ ਸੰਵੇਦਨਸ਼ੀਲਤਾ ਦਾ ਵਿਕਾਸ ਕਰਕੇ ਜੰਨਤ ਦਾ ਨਾਮ ਦਿੱਤਾ ਗਿਆ। ਕਿਉਂਕਿ ਸੁੰਦਰ ਨਰ-ਨਾਰੀ, ਵਿਗਿਆਨ, ਕੁਦਰਤ ਅਤੇ ਸਵਾਦ ਦੇ ਮਿਸ਼ਰਣ ਨੂੰ ਹੀ ਜੰਨਤ ਕਿਹਾ ਗਿਆ ਹੈ।

ਖਾਸ ਕਰਕੇ ਇਸ ਇਲਾਕੇ ਦੇ ਡਾਇਨਾਸੋਰ ਦੇ ਭੂਮੀ ਚਿੰਨ੍ਹ, ਵਿਭੇਦਕ ਚਿੰਨ੍ਹ, ਸਿਥਲਾ ਕ੍ਰਿਤੀ ਆਦਿ ਚਿੰਨ੍ਹਾਂ ਕਰਕੇ ਵੀ ਵਿਸ਼ਵ ਪ੍ਰਸਿੱਧੀ ਹਾਸਿਲ ਕੀਤੀ ਹੈ।

ਰੈਡ ਡੀਅਰ ਨਦੀ ਦੀ ਮਹਾਨਤਾ ਵੀ ਇਸ ਇਲਾਕੇ ਨੂੰ ਚਾਰ ਚੰਨ ਲਾਉਂਦੀ ਹੈ। ਸਵੇਰੇ ਸ਼ਾਮ ਪਹਾੜੀ ਇਲਾਕੇ ਦੀਆਂ ਭੂਮੀ ਨੁਕਰਾਂ 'ਚੋਂ ਆਕਰਸ਼ਕ ਸੁੰਦਰ ਦ੍ਰਿਸ਼, ਅਤੇ ਨਦੀ ਵਿਚ ਕਈ ਤਰ੍ਹਾਂ ਦੀਆਂ ਕਿਸ਼ਤੀ ਖੇਡਾਂ ਦੇ ਨਜ਼ਾਰੇ ਮਾਨਣ ਵਾਲੇ ਹੁੰਦੇ ਹਨ। ਇਸ ਇਲਾਕੇ ਦਾ ਪ੍ਰਸਿੱਧ ਲੱਕੀ ਫਿੱਗਰ ਡਰੈਸ (ਲੰਬਾ ਪਹਿਰਾਵਾ) ਵੀ ਮਸ਼ਹੂਰ ਹੈ। ਇਕ ਲੰਬਾ ਲਿਬਾਸ ਜੋ ਗੋਡਿਆਂ ਤੱਕ ਹੁੰਦਾ ਹੈ।

ਇਸ ਇਲਾਕੇ ਦੀ ਬੈਡ ਲੈਂਡ (ਨਿਸ਼ਫ਼ਲ ਮਿੱਟੀ) ਜ਼ਮੀਨ ਨੂੰ ਵੀ ਮਨੋਰੰਜਨ ਕਿਰਿਆਵਾਂ ਲਈ ਵਰਤਿਆ ਜਾਂਦਾ ਹੈ ਭਾਵੇਂ ਇਹ ਜ਼ਮੀਨ ਉਪਜਾਊ ਨਹੀਂ ਹੈ ਪਰ ਇਸ ਨੂੰ ਮਨੋਰੰਜਨ ਕਿਰਆਵਾਂ ਨਾਲ ਜੋੜ ਕੇ ਆਮਦਨ ਦਾ ਸਾਧਨ ਬਣਾ ਲਿਆ ਗਿਆ ਹੈ। ਇਸ ਬੰਜਰ ਪਥਰੀਲੀ ਰਸਤਿਆਂ ਉਪਰ ਸਾਈਕਲ ਚਲਾਉਣਾ, ਘੋੜ ਖੇਡਾਂ ਆਦਿ ਦਾ ਮਜ਼ਾ ਲਿਆ ਜਾ ਸਕਦਾ ਹੈ। ਮੋਟਰਸਾਈਕਲ ਦੇ ਵੀ ਇਸ ਉਪਰ ਮਜ਼ੇ ਲਏ ਜਾ ਸਕਦੇ ਹਨ।

ਇਸ ਇਲਾਕੇ ਵੱਲ ਸੁੰਦਰ ਹਰੀਆਂ ਭਰੀਆਂ ਵਾਦੀਆਂ, ਝੀਲਾਂ, ਝਰਨੇ, ਨਦੀਆਂ, ਸੁੰਦਰਤਾ ਅਤੇ ਅਦਭੁਦਤਾ ਨਾਲ ਲਬਰੇਜ ਹਨ।

ਇਸ ਇਲਾਕੇ ਦਾ ਨੀਮ ਪਹਾੜੀ ਇਲਾਕਾ ਵੀ ਕਮਾਲ ਦੇ ਮਨਮੋਹਿਕ ਦ੍ਰਿਸ਼ ਬਣਾਉਂਦਾ ਹੋਇਆ ਇਸ ਦੀ ਅਹਿਮੀਅਤ ਨੂੰ ਮਹਾਨਤਾ ਦਿੰਦਾ ਹੈ।

ਇਸ ਇਲਾਕੇ ਦੀਆਂ ਲਘੂ ਪਹਾੜੀਆਂ ਦੁਨੀਆਂ ਦੀਆਂ ਪਹਾੜੀਆਂ ਨਾਲੋਂ ਬਿਲਕੁਲ ਵੱਖਰੀਆਂ ਹਨ। ਖੁੰਭਾਂ ਵਰਗੀਆਂ ਛੋਟੀਆਂ-ਛੋਟੀਆਂ ਚੂੜੀਦਾਰ ਪਹਾੜੀਆਂ ਦੇ ਵਜੂਦ ਆਪਣੀ ਪਰਿਭਾਸ਼ਾ ਦਾ ਸੰਤੁਸ਼ਟ ਨਿਵਾਰਣ ਕਰਦੇ ਹਨ। ਚਾਕਲੇਟ ਅਤੇ ਗੁੜ ਦੀਆਂ ਪੇਸ਼ੀਆਂ ਵਰਗੀਆਂ ਕਿੰਗਰੇਦਾਰ, ਬਹੁਰੰਗੀ ਧਾਰੀਆਂਦਾਰ, ਕਿਸੇ ਦੁਪੱਟੇ ਦੇ ਅਨੇਕਾਂ ਰੰਗਾਂ ਵਰਗੀਆਂ ਨਿਹਾਇਤ ਖ਼ੂਬਸੂਰਤ, ਅਨੂਠੇਪਣ ਵਾਲੀਆਂ ਪਹਾੜੀਆਂ ਵੇਖ-ਵੇਖ ਕੇ ਜੀ ਨਹੀਂ ਰੱਜਦਾ।

ਦੂਰ-ਦੂਰ ਤੱਕ ਦੇ ਖੇਤ, ਜਿਵੇਂ ਕੋਈ ਫੁਲਕਾਰੀ ਆਪਣੇ ਜਲਵੇ ਵਿਚ ਕਿਸੇ ਨਾਰੀਤਵ ਦੀ ਹੋਂਦ ਦਾ ਅਹਿਸਾਸ ਕਰਵਾ ਰਹੀ ਹੋਵੇ, ਇਕ ਜੰਨਤ।

ਇਥੇ ਹੋਰ ਵੇਖਣਯੋਗ ਸਥਾਨ ਹਨ : ਮੋਰੀਨ ਹਿਸਟੋਰੀਕਲ ਪਾਰਕ, ਮੋਰੀਨ ਕਾਰਨਰ, ਬੁਫ਼ਾਲੋ ਟੂਰਜ, ਮਕਲਰੇਨਡਮ, ਮਸੀਸ ਡਮ, ਸਟਾਰ ਲੈਂਡ, ਰੀਕਰੀਏਸ਼ਨ ਏਰੀਆ, ਮਟਰ ਮਾਊਨਟੇਨ ਦੀ ਹਾਊਸ, ਰੈਸਟੋਰੈਂਟ ਅਤੇ ਕਮਿਊਨਿਟੀ ਕਰਾਫਟ ਸੈਂਟਰ, ਡੇਲੀਆ ਮਿਊਜ਼ਿਮ ਤੇ ਗਰਿਸਟ ਮਿਲ, ਬੈਡ ਲੈਂਡ ਗੈਲਰੀ, ਆਰਟਿਸਟ ਤੇ ਗੈਲਰੀ, ਕਾਗਕੋਲ ਕਲੇ ਸਟੂਡੀਓ, ਵੈਲੀ ਡੋਲ ਮਿਊਜ਼ਿਅਮ, ਜੰਗ ਲਿੰਗ ਵਰਕਸ ਹੋਮ ਐਂਡ ਗਿਫਟ, ਕਨੇਡੀਅਨ ਬੈਡ ਲੈਂਡਸ, ਨਿਊ ਕਾਸਟਲ ਕੰਟਰੀ, ਰਿਵਰ ਗਰੋਵ ਕੰਪਾਊਂਡ ਐਂਡ ਕੈਬਿਨਸ ਦੇ ਫੋਕਸ ਡੈਨ, ਹਾਰਟ ਵੁਡਇਨ ਐਂਡ ਸਪਾ ਬੈਡ ਲੈਂਡ ਗੈਲਰੀ, ਬੈਡ ਲੈਂਡ ਹਿਸਟੋਰੀਕਲ ਸੈਂਟਰ, ਪ੍ਰਸਿੱਧ ਮੈਕਲਾਰੇਨ ਡੈਮ, ਸਟਾਰ ਲੈਂਡ ਰੀਕਰੇਸ਼ਨ ਏਰੀਆ, ਹਾਰਸ਼ ਸ਼ੋਅ, ਕੇਵਰਸ ਲੋਕ ਕੈਂਪ ਗਰਾਊਂਡ, ਓਰਕੇ ਨਿਊ ਪੁਆਇੰਟ, ਕਿਸ਼ਤੀ ਯਾਤਰਾ, ਰਾਇਲ ਟਾਇਰੈਲ ਮਿਊਜ਼ਿਅਮ, ਵੰਡਰ ਗੇਲਰੀ ਰੋ, ਰੈਡ ਡੀਅਰ ਰੀਵਰ ਵੈਲੀ, ਡਾਇਨਾਸੋਰ ਖੋਜ ਕੇਂਦਰ, ਪਿਕਨਿਕ ਏਰੀਆ ਆਦਿ ਹਨ। ਵੇਖਿਆ ਜਾਏ ਜਾਏ ਤਾਂ ਡਰੱਮ ਹੈਲਰ ਸ਼ਹਿਰ ਆਧੁਨਿਕ ਸਭਿਆਚਾਰ ਦਾ ਤੀਰਥ ਸਥਾਨ ਹੈ।

ਪ੍ਰਾਚੀਨਤਾ ਨੂੰ ਆਧੁਨਿਕਤਾ ਦੇ ਹਕੀਕੀ ਸੁਪਨਿਆਂ ਵਿਚ ਅਨੁਵਾਦ ਕਰ ਦਿੱਤਾ ਹੈ। ਜੰਨਤ ਰੂ ਬ ਰੂ ਪੇਸ਼ ਕਰ ਦਿੱਤਾ ਹੈ। ਧਰਤੀ ਦੇ ਪ੍ਰਮਾਣਿਕ ਜੰਨਤ।

## ਪਿਤਾ ਜੀ

ਜਦ ਮੈਂ ਹੋਸ਼ ਸੰਭਾਲੇ
ਬਚਪਨ ਦੀ ਨਦੀ ਤਰ ਗਿਆ ਸਾਂ
ਸਮਝ ਨੂੰ ਛੋਟੇ-ਛੋਟੇ ਖੰਭ ਲੱਗ ਗਏ
ਪਿਤਾ ਜੀ ਦੀਆਂ ਆਦਤਾਂ ਮਹਿਸੂਸ ਹੋਣ ਲੱਗੀਆਂ ।
ਮੇਰੀਆਂ ਆਦਤਾਂ ਬਿਲਕੁਲ ਵਿਪਰੀਤ
ਜਵਾਨੀ ਖੰਭ ਲਗਾ ਕੇ ਉਡ ਗਈ
ਪਰ
ਉਮਰ ਦੇ ਕਿਸੇ ਵੀ ਪੜਾਅ ਤੇ
ਨ੍ਹਾਂ ਦੀ ਮੈਨੂੰ ਬੇਟਾ-ਪੁੱਤਰ
ਕਹਿ ਕੇ ਸੰਬੋਧਨ ਨਾ ਕੀਤਾ
ਹਮੇਸ਼ਾਂ ਇਕ ਗਾਲ਼ ਦੀ ਚਿੰਗਾਰੀ ਦਿੱਤੀ
ਪਿਆਰ ਨਾਲ, ਮੋਹ ਨਾਲ, ਨਿੱਘ ਨਾਲ, ਪਵਿੱਤਰ ਰਿਸ਼ਤੇ ਨਾਲ
ਖ਼ੁਸ਼ੀ ਨਾਲ, ਗਲਕਵਕੜ੍ਹੀ ਨਾਲ-
ਪਿਤਾ ਜੀ ਵੱਲੋਂ ਕਦੀ ਪਿਆਰ ਨਾ ਮਿਲਿਆ
ਉਨ੍ਹਾਂ ਦੀਆਂ ਆਦਤਾਂ ਵਿਪਰੀਤ ਦਿਸ਼ਾ ਵਿਚ ਚਲਦੀਆਂ ਰਹੀਆਂ
ਘਰ ਵਿਚ ਕਲੇਸ਼, ਤਕਰਾਰ, ਚੁਗਲੀ-ਨਿੰਦਾ ਦੀ ਭਰਮਾਰ
ਪਿਤਾ ਜੀ ਦੀ ਆਦਤ ਅਗਨੀ ਵਰਗੀ
ਘਰ ਦਾ ਹਰ ਜੀਅ ਜਿਸ ਨਾਲ ਝੁਲਸਦਾ
ਬੀਜੀ ਦੀਆਂ ਆਦਤਾਂ ਵੀ ਵਿਪਰੀਤ
ਪਿਤਾ ਜੀ ਦੀਆਂ ਆਦਤਾਂ ਨਾਲੋਂ
ਜ਼ਿੰਦਗੀ ਰੋ-ਧੋ ਕੇ ਚਲਦੀ ਗਈ

ਸ਼ਾਇਦ ਪਸ਼ਚਾਤਾਪ ਦੇ
ਉਹ ਮੇਰੇ ਵਲ ਵਹਿੰਦੇ ਪਲਕਾਂ ਚੁਕ ਕੇ
ਤੇ ਨੀਵੀਂਆਂ ਕਰ ਲੈਂਦੇ
ਜਿਵੇਂ ਜ਼ਿੰਦਗੀ ਦੇ ਅਰਥ ਜਾਣ ਗਏ ਹੋਣ
ਪਰ
ਮੇਰੇ ਹੰਝੂ ਅੱਖਾਂ ਚੋਂ ਨਹੀਂ ਸਨ ਨਿਕਲਦੇ
ਪਿਤਾ ਜੀ ਦੇ ਮੈਂ ਗਲੇਡੂ ਪੂੰਝਦਾ
ਮੂੰਹ ਦੀਆਂ ਲਾਰਾਂ ਸਾਫ਼ ਕਰਦਾ
ਸਮੇਂ ਸਿਰ ਦਵਾਈ ਦਿੰਦਾ
ਆਖਿਰ, ਉਹ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ

ਮੇਰੇ ਹੰਝੂ ਹਿਰਦੇ 'ਚੋਂ ਨਹੀਂ ਖਿਸਕੇ
ਸਭ ਰੋਏ
ਮੈਂ ਨਈਂ ਰੋਇਆ
ਹੰਝੂ ਜਿਵੇਂ ਪੱਥਰ ਹੋ ਗਏ ਹੋਣ
ਦਿਲ ਦਾ ਖ਼ੂਨ ਜਿਵੇਂ ਜੰਮ ਗਿਆ ਹੋਵੇ
ਪਿਤਾ ਜੀ ਦਾ ਸਸਕਾਰ ਕਰ ਦਿੱਤਾ ਗਿਆ
ਮੇਰੇ ਹੰਝੂ ਨਾ ਨਿਕਲੇ
ਅੰਤਿਮ ਅਰਦਾਸ, ਭੋਗ ਰਸਮ
ਮੇਰੇ ਹੰਝੂ ਨਾ ਨਿਕਲੇ, ਸਭ ਰੋਏ,
ਸਭ ਰਿਸ਼ਤੇਦਾਰ ਭੈਣ, ਭਰਾ ਚਲੇ ਗਏ

ਪਹਿਲੇ ਦਿਨ ਘਰੋਂ ਬਾਹਰ ਗਿਆ ਸਾਂ
ਸ਼ਾਮ ਨੂੰ ਵਾਪਿਸ ਪਰਤਿਆ
ਘਰ ਦਾ ਬੂਹਾ ਖੋਲ੍ਹਿਆ
ਮੋਟਰ ਸਾਈਕਲ ਵਿਹੜੇ ਵਿਚ ਖੜ੍ਹਾ ਕੀਤਾ
ਪਿਤਾ ਜੀ ਘਰ ਵਿਚ ਨਈਂ ਸਨ ਦਿਸੇ
ਮੇਰੀਆਂ ਭੁੱਬਾਂ ਨਿਕਲ ਗਈਆਂ
ਮੇਰੇ ਹੰਝੂ ਤੇਜ਼ ਬਾਰਿਸ਼ ਵਾਂਗ ਵਹਿੰਦੇ ਗਏ
ਉੱਚੀ-ਉੱਚੀ ਆਵਾਜ਼ਾਂ ਮਾਰਨ ਲੱਗਾ-
ਪਿਤਾ ਜੀ, ਪਿਤਾ ਜੀ,-ਤੁਸੀਂ ਕਿਥੇ ਚਲੇ ਗਏ ਹੋ
ਪਿਤਾ-ਬੇਟੇ ਦੇ ਰਿਸ਼ਤੇ ਦਾ ਮੋਹ-
ਉਮੜ-ਉਮੜ ਕੇ ਹੰਝੂਆਂ 'ਚ ਉਤਰ ਆਇਆ
ਹੁਣ ਜਦ ਵੀ ਬਾਹਰੋਂ ਘਰ ਆਉਂਦਾ ਹਾਂ
ਪਿਤਾ ਜੀ ਨੂੰ ਯਾਦ ਕਰਕੇ
ਹੰਝੂ ਆਪ ਮੁਹਾਰੇ ਨਿਕਲ ਆਉਂਦੇ ਹਨ
ਸੋਚਦਾ ਹਾਂ-
ਜ਼ਿੰਦਗੀ ਕਿੰਨੀ ਛੋਟੀ ਏ
ਚੁੱਟਕੀ ਵਾਂਗ ਬੀਤ ਜਾਂਦੀਏ

ਬਲਵਿੰਦਰ ਬਾਲਮ ਗੁਰਦਾਸਪੁਰ
98156-25409

## ਗ਼ਜ਼ਲ

ਸ਼ਹਿਰ ਨੂੰ ਕਿਸ ਦੀ ਨਜ਼ਰ ਨੇ ਖਾ ਲਿਆ।
ਪਹਿਲੇ ਪੰਨੇ ਦੀ ਖ਼ਬਰ ਨੇ ਖਾ ਲਿਆ।
ਛਾਂ ਕਿਹੜੇ ਖੂਹ ਵਿੱਚ ਜਾ ਕੇ ਡਿਗ ਪਈ,
ਧੁੱਪ ਦੇ ਤਿੱਖੇ ਅਸਰ ਨੇ ਖਾ ਲਿਆ।
ਪਾਪ ਜਦ ਹਦ ਤੋਂ ਜ਼ਿਆਦਾ ਵਧ ਗਿਆ,
ਸੱਪ ਨੂੰ ਖੁਦ ਦੇ ਜ਼ਹਿਰ ਨੇ ਖਾ ਲਿਆ।
ਦੁਸ਼ਮਣਾਂ ਨਾਲ ਕੌਣ ਫਿਰ ਸ਼ਿਕਵਾ ਕਰੇ,
ਦੋਸਤੀ ਨੂੰ ਹੀ ਕਦਰ ਨੇ ਖਾ ਲਿਆ।
ਦੀਪ ਕਤਬੇ ਤੇ ਜਗਾਏ ਸੀ ਮਗਰ,
ਰੌਸ਼ਨੀ ਨੂੰ ਹੀ ਕਬਰ ਨੇ ਖਾ ਲਿਆ।
ਰਾਤ ਰੋਂਦੀ ਹੀ ਰਹੀ ਇੰਤਜ਼ਾਰ ਵਿਚ,
ਚੰਨ ਸਾਰਾ ਦੋਪਹਿਰ ਨੇ ਖਾ ਲਿਆ।
ਗ਼ਜ਼ਲ ਵਿਚ ਲੈਅ ਦੀ ਹੁਣ ਜ਼ੁਰਰਤ ਨਹੀਂ,
ਵਜ਼ਨ ਸ਼ਬਦਾਂ ਦਾ ਬਹਿਰ ਨੇ ਖਾ ਲਿਆ।
ਖੇਤਾਂ ਵਿਚ ਉਚੇ ਘਰਾਂ ਦੀ ਦਾਸਤਾਂ,
ਪਿੰਡ ਸਾਰਾ ਹੀ ਸ਼ਹਿਰ ਨੇ ਖਾ ਲਿਆ।
ਖ਼ੂਨ ਦੇ ਛਿੱਟੇ ਪਏ ਹਨ ਗਗਨ 'ਤੇ,
ਚਮਕਦਾ ਸੂਰਜ ਕਹਿਰ ਨੇ ਖਾ ਲਿਆ।
ਕੌਣ ਸਜਣਾਂ ਦਾ ਕਰੇ ਇਤਬਾਰ ਫ਼ਿਰ,
ਜਦ ਕਿਨਾਰਾਂ ਹੀ ਨਹਿਰ ਨੇ ਖਾ ਲਿਆ।
ਬਾਲਮਾ ਇਸ ਹਸਰਤਾਂ ਦਾ ਕਾਫ਼ਿਲਾ,
ਜ਼ੁਲਫ਼ ਦੀ ਵਹਿੰਦੀ ਲਹਿਰ ਨੇ ਖਾ ਲਿਆ।

ਬਲਵਿੰਦਰ ਬਾਲਮ ਗੁਰਦਾਸਪੁਰ

# ਮਨੁੱਖੀ ਦਿਮਾਗ ਤੁਹਾਡੀਆਂ ਯਾਦਾਂ ਨੂੰ ਕ੍ਰਮਵਾਰ ਕ੍ਰਮ ਵਿੱਚ ਰੱਖਣ ਲਈ ਇੱਕ ਸਟੋਰੇਜ ਟ੍ਰਿਕ ਦੀ ਵਰਤੋਂ ਕਰਦਾ ਹੈ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਵਿਗਿਆਨੀ ਦਹਾਕਿਆਂ ਤੋਂ ਦਿਮਾਗ ਦੀ ਯਾਦਦਾਸ਼ਤ ਸਟੋਰੇਜ ਪ੍ਰਣਾਲੀ ਬਾਰੇ ਉਲਝਣ ਵਿੱਚ ਹਨ। ਬਹੁਤ ਸਾਰੇ ਲੋਕ ਸੋਚਦੇ ਹਨ ਕਿ ਸਾਡੇ ਦਿਮਾਗ ਨਵੀਂ ਜਾਣਕਾਰੀ ਨੂੰ ਕਿਵੇਂ ਰਿਕਾਰਡ ਕਰ ਸਕਦੇ ਹਨ ਬਿਨਾਂ ਉਸ ਨੂੰ ਮਿਟਾਏ ਜੋ ਅਸੀਂ ਪਹਿਲਾਂ ਹੀ ਜਾਣਦੇ ਹਾਂ।

ਸਖ਼ਤ ਜਾਂਚ ਤੋਂ ਬਾਅਦ, ਖੋਜਕਰਤਾਵਾਂ ਨੇ ਪਾਇਆ ਹੈ ਕਿ ਸੈੱਲ ਇਸ ਪ੍ਰਕਿਰਿਆ ਲਈ ਜ਼ਰੂਰੀ ਸੁਰਾਗ ਰੱਖਦੇ ਹਨ।

ਮੈਮੋਰੀ ਸਟੋਰੇਜ ਸਕੈਫੋਲਡਿੰਗ ਦੀ ਵਰਤੋਂ ਕਰਦੀ ਹੈ ਸਥਾਨ ਸੈੱਲਾਂ ਦੀ ਪਹਿਲੀ ਵਾਰ ਲਗਭਗ ਅੱਧੀ ਸਦੀ ਪਹਿਲਾਂ ਰਿਪੋਰਟ ਕੀਤੀ ਗਈ ਸੀ। ਸ਼ੁਰੂਆਤੀ ਸਬੂਤਾਂ ਤੋਂ ਪਤਾ ਚੱਲਦਾ ਹੈ ਕਿ ਉਹ ਉਦੋਂ ਸਰਗਰਮ ਹੋ ਜਾਂਦੇ ਹਨ ਜਦੋਂ ਇੱਕ ਚੂਹਾ ਇੱਕ ਭੁਲੇਖੇ ਵਿੱਚ ਇੱਕ ਖਾਸ ਜਗ੍ਹਾ 'ਤੇ ਕਬਜ਼ਾ ਕਰਦਾ ਹੈ।

ਹੋਰ ਕੰਮ ਤੋਂ ਪਤਾ ਲੱਗਾ ਕਿ ਇਹ ਸੈੱਲ ਹਿੱਪੋਕੈਂਪਸ ਵਿੱਚ ਰਹਿੰਦੇ ਹਨ, ਜੋ ਕਿ ਯਾਦਦਾਸ਼ਤ ਲਈ ਇੱਕ ਮੁੱਖ ਖੇਤਰ ਹੈ। ਇਹ ਐਂਟੋਰਿਨਲ ਕਾਰਟੈਕਸ ਵਿੱਚ ਗਰਿੱਡ ਸੈੱਲਾਂ ਨਾਲ ਇਕਸਾਰ ਹੁੰਦੇ ਹਨ।

ਇਕੱਠੇ ਮਿਲ ਕੇ, ਇਹ ਆਬਾਦੀ ਇੱਕ ਨੀਂਹ ਬਣਾਉਂਦੇ ਹਨ। ਸਥਾਨਿਕ ਵੇਰਵੇ ਅਤੇ ਨਿੱਜੀ ਅਨੁਭਵ ਦੋਵੇਂ ਇਸ ਸਕੈਫੋਲਡ 'ਤੇ ਟਿਕੇ ਹੋਏ ਹਨ, ਇਹ ਯਕੀਨੀ ਬਣਾਉਂਦੇ ਹਨ ਕਿ ਵੇਰਵੇ ਵੱਖਰੇ ਤੰਤੂ ਪੈਟਰਨਾਂ ਨਾਲ ਜੁੜੇ ਰਹਿਣ।

ਇਸ ਵਿੱਚ ਪੁਆਇੰਟਰ ਹੁੰਦੇ ਹਨ, ਜੋ ਦਿਮਾਗ ਨੂੰ ਸੰਵੇਦੀ ਕਾਰਟੈਕਸ ਦੇ ਵਿਸ਼ਾਲ ਖੇਤਰਾਂ ਵਿੱਚ ਸਟੋਰ ਕੀਤੀ ਬਾਰੀਕ ਸਮੱਗਰੀ ਵੱਲ ਨਿਰਦੇਸ਼ਤ ਕਰਦੇ ਹਨ। ਉਹ ਸੂਚਕਾਂਕ ਫਿਰ ਜਦੋਂ ਵੀ ਅਸੀਂ ਇਸਨੂੰ ਯਾਦ ਕਰਦੇ ਹਾਂ ਪਹਿਲਾਂ ਸਟੋਰ ਕੀਤੀ ਜਾਣਕਾਰੀ ਨੂੰ "ਭਰ" ਸਕਦਾ ਹੈ।

ਰਲ ਸ਼ਬਦਾਂ ਵਿੱਚ, ਹਿਪੋਕੈਂਪਸ ਹਰ ਵੇਰਵੇ ਨੂੰ ਸਥਾਈ ਤੌਰ 'ਤੇ ਨਹੀਂ ਰੱਖਦਾ। ਇਹ ਸਾਨੂੰ ਕਾਰਟੈਕਸ ਵਿੱਚ ਸਹੀ ਜਗ੍ਹਾ ਵੱਲ ਲੈ ਜਾਂਦਾ ਹੈ, ਜਿੱਥੇ ਹਰੇਕ ਸਟੋਰ ਕੀਤੀ ਯਾਦਦਾਸ਼ਤ ਦੇ ਨਟ ਅਤੇ ਬੋਲਟ ਹੁੰਦੇ ਹਨ।

ਹਿਪੋਕੈਂਪਸ ਨੂੰ ਸਮਝਣਾ - ਮੂਲ ਗੱਲਾਂ ਹਿਪੋਕੈਂਪਸ ਮੈਡੀਅਲ ਟੈਂਪੋਰਲ ਲੋਬ ਦੇ ਅੰਦਰ ਡੂੰਘਾਈ ਨਾਲ ਲੁਕਿਆ ਹੋਇਆ ਹੈ। ਕਿਉਂਕਿ ਇਹ ਥੋੜ੍ਹੇ ਸਮੇਂ ਦੀਆਂ ਯਾਦਾਂ ਨੂੰ ਲੰਬੇ ਸਮੇਂ ਦੀਆਂ ਯਾਦਾਂ ਵਿੱਚ ਬਦਲਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ, ਇਸ ਲਈ ਹਿਪੋਕੈਂਪਸ ਤੋਂ ਬਿਨਾਂ, ਅਨੁਭਵ ਵਾਪਰਨ ਤੋਂ ਕੁਝ ਪਲਾਂ ਬਾਅਦ ਹੀ ਅਲੋਪ ਹੋ ਜਾਂਦੇ ਹਨ।

ਇਹ ਦਿਮਾਗੀ ਖੇਤਰ ਸਾਨੂੰ ਸਪੇਸ ਵਿੱਚ ਨੈਵੀਗੇਟ ਕਰਨ, ਮਾਨਸਿਕ ਨਕਸ਼ੇ ਬਣਾਉਣ ਅਤੇ ਆਪਣੇ ਵਾਤਾਵਰਣ ਵਿੱਚ ਆਪਣੇ ਆਪ ਨੂੰ ਦਿਸ਼ਾ ਦੇਣ ਵਿੱਚ ਵੀ ਮਦਦ ਕਰਦਾ ਹੈ।



ਇਹ ਐਮੀਗਡਾਲਾ ਅਤੇ ਪ੍ਰੀਫ੍ਰੰਟਲ ਕਾਰਟੈਕਸ ਨਾਲ ਮਿਲ ਕੇ ਕੰਮ ਕਰਦਾ ਹੈ, ਇੱਕ ਨੈੱਟਵਰਕ ਬਣਾਉਂਦਾ ਹੈ ਜੋ ਇਹ ਨਿਯੰਤਰਿਤ ਕਰਦਾ ਹੈ ਕਿ ਅਸੀਂ ਅਨੁਭਵ ਤੋਂ ਕਿਵੇਂ ਸਿੱਖਦੇ ਹਾਂ ਅਤੇ ਘਟਨਾਵਾਂ ਪ੍ਰਤੀ ਭਾਵਨਾਤਮਕ ਤੌਰ 'ਤੇ ਕਿਵੇਂ ਪ੍ਰਤੀਕਿਰਿਆ ਕਰਦੇ ਹਾਂ।

ਹਿਪੋਕੈਂਪਸ ਨੂੰ ਨੁਕਸਾਨ ਹੋਣ ਨਾਲ ਯਾਦਦਾਸ਼ਤ ਦੀਆਂ ਗੰਭੀਰ ਸਮੱਸਿਆਵਾਂ ਹੋ ਸਕਦੀਆਂ ਹਨ, ਜਿਵੇਂ ਕਿ ਐਂਟਰੋ-ਗ੍ਰੇਡ ਐਮਨੇਸ਼ੀਆ - ਨਵੀਆਂ ਯਾਦਾਂ ਬਣਾਉਣ ਵਿੱਚ ਅਸਮਰੱਥਾ। ਇਸ ਤਰ੍ਹਾਂ ਦੀ ਕਮਜ਼ੋਰੀ ਅਲਜ਼ਾਈਮਰ ਰੋਗ ਵਾਲੇ ਮਰੀਜ਼ਾਂ ਅਤੇ ਦਿਮਾਗੀ ਸੱਟ ਜਾਂ ਸਟ੍ਰੋਕ ਦੇ ਮਾਮਲਿਆਂ ਵਿੱਚ ਦੇਖੀ ਗਈ ਹੈ।

ਖੋਜ ਇਹ ਵੀ ਦਰਸਾਉਂਦੀ ਹੈ ਕਿ ਹਿਪੋਕੈਂਪਸ ਬਹੁਤ ਜ਼ਿਆਦਾ ਪਲਾਸਟਿਕ ਵਾਲਾ ਹੁੰਦਾ ਹੈ - ਇਹ ਬਾਲਗ ਅਵਸਥਾ ਵਿੱਚ ਵੀ ਨਵੇਂ ਨਿਊਰੋਨ ਪੈਦਾ ਕਰ ਸਕਦਾ ਹੈ, ਇੱਕ ਪ੍ਰਕਿਰਿਆ ਜਿਸਨੂੰ ਨਿਊਰੋਜੇਨੇਸਿਸ ਕਿਹਾ ਜਾਂਦਾ ਹੈ।

ਸਕੈਫੋਲਡ ਦੇ ਅੰਦਰ ਗਰਿੱਡ ਸੈੱਲ ਦੁਹਰਾਉਣ ਵਾਲੇ ਪੈਟਰਨ ਬਣਾਉਂਦੇ ਹਨ ਜੋ ਤਿਕੋਣੀ ਜਾਲੀਆਂ ਵਾਂਗ ਦਿਖਾਈ ਦਿੰਦੇ ਹਨ। ਹਰੇਕ ਤਿਕੋਣੀ ਵਿਵਸਥਾ, ਜਿਸਨੂੰ ਖੂਹ ਕਿਹਾ ਜਾਂਦਾ ਹੈ, ਇੱਕ ਖਾਸ ਐਪੀਸੋਡ ਵੱਲ ਇਸ਼ਾਰਾ ਕਰ ਸਕਦੀ ਹੈ।

ਇਹਨਾਂ ਖੂਹਾਂ ਵਿੱਚ ਸਮੱਗਰੀ ਖੁਦ ਨਹੀਂ ਰੱਖੀ ਜਾਂਦੀ। ਇਸ ਦੀ ਬਜਾਏ, ਹਰੇਕ ਖੂਹ ਇੱਕ ਲੇਬਲ ਹੈ ਜੋ ਦਿਮਾਗ ਨੂੰ ਸੰਵੇਦੀ ਕਾਰਟੈਕਸ ਵਿੱਚ ਸਹੀ ਮੈਮੋਰੀ ਸਟੋਰੇਜ ਸਥਾਨ ਵੱਲ ਦਰਸਾਉਂਦਾ ਹੈ।

ਜਿਵੇਂ-ਜਿਵੇਂ ਹੋਰ ਘਟਨਾਵਾਂ ਆਉਂਦੀਆਂ ਹਨ, ਸਰਕਟ ਉਹਨਾਂ ਨੂੰ ਫੈਲਾਉਂਦਾ ਹੈ, ਜਿਸ ਨਾਲ ਪੁਰਾਣੀਆਂ ਯਾਦਾਂ ਹੌਲੀ-ਹੌਲੀ ਫਿੱਕੀਆਂ ਪੈ ਜਾਂਦੀਆਂ ਹਨ। ਇਹ ਮਾਡਲ ਅਖੌਤੀ ਮੈਮੋਰੀ ਕਲਿਫ਼ ਨੂੰ ਬਾਈਪਾਸ ਕਰਦਾ ਹੈ, ਇੱਕ ਰੁਕਾਵਟ ਜੋ ਅਕਸਰ ਪੁਰਾਣੇ ਕੰਪਿਊਟੇਸ਼ਨਲ ਫਰੇਮਵਰਕ ਨੂੰ ਪ੍ਰਭਾਵਿਤ ਕਰਦੀ ਹੈ। ਇਹ ਡਿਜ਼ਾਈਨ ਦਰਸਾਉਂਦਾ ਹੈ ਕਿ ਕਿਵੇਂ ਅਸਲ ਨਿਊਰਲ ਨੈੱਟਵਰਕ ਕਿਸੇ ਸਖ਼ਤ ਸੀਮਾ ਨੂੰ ਛੂਹਣ ਤੋਂ ਬਿਨਾਂ ਨਵੀਆਂ ਚੀਜ਼ਾਂ ਅਤੇ ਪੁਰਾਣੀਆਂ ਯਾਦਾਂ ਦੋਵਾਂ ਨੂੰ ਅਨੁਕੂਲ ਬਣਾਉਂਦੇ ਹਨ।

ਯਾਦਦਾਸ਼ਤ ਰਣਨੀਤੀਆਂ ਲਈ ਪ੍ਰਭਾਵ ਇਹਨਾਂ ਖੋਜਾਂ ਤੋਂ ਉਹਨਾਂ ਘਟਨਾਵਾਂ ਲਈ ਸਿਖਲਾਈ ਪ੍ਰਾਪਤ ਕਰ ਸਕਦੀ ਹੈ ਜਿਨ੍ਹਾਂ ਲਈ ਜਾਣਕਾਰੀ ਦੇ ਵੱਡੇ ਸੈੱਟਾਂ ਨੂੰ ਯਾਦ ਰੱਖਣ ਦੀ ਲੋੜ ਹੁੰਦੀ ਹੈ। ਸਮੇਂ-ਸਤਿਕਾਰਿਤ ਮੈਮੋਰੀ ਪੈਲੇਸ ਵਿਧੀ ਨਵੇਂ ਡੇਟਾ ਨਾਲ ਲਿੰਕ ਕਰਨ ਲਈ ਸਥਾਨਿਕ ਬੈਕਡ੍ਰੌਪਾਂ ਦੀ ਵਰਤੋਂ ਕਰਨ ਦੀ ਧਾਰਨਾ ਨਾਲ ਮੇਲ ਖਾਂਦੀ ਹੈ।

ਮਾਹਰ ਅਕਸਰ ਇੱਕ ਜਾਣੇ-ਪਛਾਣੇ ਸਥਾਨ ਦੀ ਕਲਪਨਾ ਕਰਦੇ ਹਨ ਅਤੇ ਉੱਥੇ ਚੀਜ਼ਾਂ ਨੂੰ ਇੱਕ ਢਾਂਚਾਗਤ ਕ੍ਰਮ ਵਿੱਚ ਰੱਖਦੇ ਹਨ। ਬਾਅਦ ਵਿੱਚ, ਉਹ ਉਨ੍ਹਾਂ ਚੀਜ਼ਾਂ ਨੂੰ ਪ੍ਰਾਪਤ ਕਰਨ ਲਈ ਮਾਨਸਿਕ ਤੌਰ 'ਤੇ ਹਰੇਕ ਜਗ੍ਹਾ 'ਤੇ ਦੁਬਾਰਾ ਜਾਂਦੇ ਹਨ। ਇਹ ਨਵਾਂ ਮਾਡਲ ਸੁਝਾਅ ਦਿੰਦਾ ਹੈ ਕਿ ਪਹਿਲਾਂ ਤੋਂ ਹੀ ਜੜ੍ਹੇ ਹੋਏ ਮੈਮੋਰੀ ਸਟੋਰੇਜ ਮੈਪ ਨੂੰ ਟੈਪ ਕਰਨ ਨਾਲ ਵੱਡੇ ਪੱਧਰ 'ਤੇ ਯਾਦ ਰੱਖਣ ਲਈ ਬੋਧਾਤਮਕ ਜਗ੍ਹਾ ਖਾਲੀ ਹੋ ਸਕਦੀ ਹੈ। ਸਿਧਾਂਤ ਸਿੱਧਾ ਹੈ। ਖਾਸ ਨਿਊਰਲ ਵੈੱਲਾਂ ਨੂੰ ਪਲੇਸਹੋਲਡਰ ਵਜੋਂ ਮਨੋਨੀਤ ਕਰਕੇ, ਅਸੀਂ ਘਟਨਾਵਾਂ ਦੀ ਇੱਕ ਲੜੀ ਨੂੰ ਬਿਨਾਂ ਕਿਸੇ ਗੜਬੜ ਦੇ ਜੋੜ ਸਕਦੇ ਹਾਂ।

ਸਾਡਾ ਅੰਦਰੂਨੀ ਸੂਚਕਾਂਕ ਪ੍ਰਣਾਲੀ ਸੈੱਲਾਂ ਦੇ ਸਹੀ ਸਮੂਹ ਨੂੰ ਬੁਲਾਉਂਦਾ ਹੈ। ਉਹ ਸਮੂਹ ਸੰਵੇਦੀ ਖੇਤਰਾਂ ਵਿੱਚ ਛੁਪੀ ਹੋਈ ਬਾਰੀਕ ਸਮੱਗਰੀ ਨੂੰ ਸੰਕੇਤ ਕਰਦਾ ਹੈ। ਕ੍ਰਮਵਾਰ ਕ੍ਰਮ ਸਮਝਾਇਆ ਗਿਆ ਕਈ ਵਾਰ, ਸਾਨੂੰ ਕਿਸੇ ਕਹਾਣੀ ਨੂੰ ਉਸੇ ਕ੍ਰਮ ਵਿੱਚ ਯਾਦ ਕਰਨ ਦੀ ਲੋੜ ਹੁੰਦੀ ਹੈ ਜਿਵੇਂ ਉਹ ਵਾਪਰੀ ਸੀ। ਇਹ ਢਾਂਚਾ ਇਸ ਗੱਲ ਨੂੰ ਉਜਾਗਰ ਕਰਦਾ ਹੈ ਕਿ ਹਰੇਕ ਕਹਾਣੀ ਅੱਗੇ ਕੀ ਹੋਣ ਵਾਲਾ ਹੈ, ਇਸ ਬਾਰੇ ਸੰਕੇਤ ਰੱਖਦੀ ਹੈ। ਇਹ ਸਾਨੂੰ ਉਹਨਾਂ ਅਨੁਭਵਾਂ ਨੂੰ ਸਹੀ ਕ੍ਰਮ ਵਿੱਚ ਦੁਬਾਰਾ ਚਲਾਉਣ ਵਿੱਚ ਮਦਦ ਕਰਦਾ ਹੈ। ਇਹ ਮਾਡਲ ਸਥਾਨ-ਅਧਾਰਿਤ ਅਤੇ ਅਨੁਭਵ-ਅਧਾਰਿਤ ਵੇਰਵਿਆਂ ਦੋਵਾਂ ਲਈ ਇੱਕੋ ਵਿਵਸਥਾ 'ਤੇ ਆਧਾਰਿਤ ਹੈ।

ਪਿਛਲੇ ਹਫ਼ਤੇ ਤੁਸੀਂ ਕਿੱਥੇ ਦੁਪਹਿਰ ਦਾ ਖਾਣਾ ਖਾਧਾ ਸੀ ਜਾਂ ਤੁਸੀਂ ਇੱਕ ਮੁਸ਼ਕਲ ਹਾਈਕਿੰਗ ਟ੍ਰੇਲ ਨੂੰ ਕਿਵੇਂ ਚਲਾਇਆ ਸੀ, ਇਸ ਬਾਰੇ ਯਾਦਾਂ ਉਸੇ ਸਕੈਫੋਲਡਿੰਗ ਤੋਂ ਉਭਰ ਸਕਦੀਆਂ ਹਨ। ਤੁਸੀਂ ਉਸ ਸੂਚਕਾਂਕ ਨੂੰ ਟੈਪ ਕਰਦੇ ਹੋ ਜੋ ਤੁਹਾਨੂੰ ਸਹੀ ਖੂਹ ਵੱਲ ਲੈ ਜਾਂਦਾ ਹੈ, ਅਤੇ ਬਾਕੀ ਕੁਦਰਤੀ ਤੌਰ 'ਤੇ ਆਪਣੀ ਜਗ੍ਹਾ 'ਤੇ ਆ ਜਾਂਦਾ ਹੈ।

ਭਵਿੱਖੀ ਮੈਮੋਰੀ ਸਟੋਰੇਜ ਅਧਿਐਨ ਦਿਲਚਸਪੀ ਦਾ ਇੱਕ ਖੇਤਰ ਇਹ ਹੈ ਕਿ ਥੋੜ੍ਹੇ ਸਮੇਂ ਦੀਆਂ ਯਾਦਾਂ ਵਧੇਰੇ ਆਮ ਤੱਥਾਂ ਵਿੱਚ ਕਿਵੇਂ ਠੋਸ ਹੁੰਦੀਆਂ ਹਨ। ਇਹਨਾਂ ਨੂੰ ਕਈ ਵਾਰ ਅਰਥਪੂਰਨ ਯਾਦਾਂ ਵੀ ਕਿਹਾ ਜਾਂਦਾ ਹੈ।

ਇਹ ਨਵਾਂ ਦ੍ਰਿਸ਼ਟੀਕੋਣ ਇਸ ਗੱਲ ਦੀ ਜਾਂਚ ਲਈ ਇੱਕ ਢਾਂਚਾ ਪ੍ਰਦਾਨ ਕਰਦਾ ਹੈ ਕਿ ਕਾਫ਼ੀ ਸਮੇਂ ਬਾਅਦ ਨਿੱਜੀ ਘਟਨਾਵਾਂ ਪ੍ਰਸੰਗਿਕ ਵੇਰਵਿਆਂ ਤੋਂ ਕਿਵੇਂ ਵੱਖ ਹੋ ਸਕਦੀਆਂ ਹਨ। ਇਹ ਅਧਿਐਨ ਇਸ ਵਿਚਾਰ ਦਾ ਸਮਰਥਨ ਕਰਦਾ ਹੈ ਕਿ ਹਿਪੋਕੈਂਪਲ ਅਤੇ ਐਂਟੋਰਿਨਲ ਸਰਕਟ ਅਚਾਨਕ ਨੁਕਸਾਨ ਤੋਂ ਬਿਨਾਂ ਵੱਡੀ ਮਾਤਰਾ ਵਿੱਚ ਜਾਣਕਾਰੀ ਸਟੋਰ ਕਰਨ ਲਈ ਇੱਕ ਏਕੀਕ੍ਰਿਤ ਸੰਦਰਭ ਪ੍ਰਣਾਲੀ ਬਣਾਉਂਦੇ ਹਨ।

ਇਹ ਸਭ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਉਹੀ ਸਰਕਟ ਜੋ ਕਦੇ ਸਾਡੇ ਪੁਰਖਿਆਂ ਨੂੰ ਜੰਗਲਾਂ ਅਤੇ ਮਾਰੂਥਲਾਂ ਵਿੱਚੋਂ ਲੰਘਾਉਂਦਾ ਸੀ, ਜਨਮਦਿਨਾਂ, ਰੋਜ਼ਾਨਾ ਦੇ ਕੰਮਾਂ ਅਤੇ ਜੀਵਨ ਦੇ ਮੁੱਖ ਮੀਲ ਪੱਥਰਾਂ ਦੀਆਂ ਯਾਦਾਂ ਦਾ ਪ੍ਰਬੰਧਨ ਵੀ ਕਰ ਸਕਦਾ ਹੈ।

# ਡਿਜੀਟਲ ਧੋਖਾਧੜੀ ਦੀ ਮਹਾਂਮਾਰੀ: ਇੱਕ ਚੁੱਪ ਡਕੈਤੀ

ਭਾਰਤ ਭਰ ਵਿੱਚ, ਹਜ਼ਾਰਾਂ ਲੋਕ ਆਪਣੀ ਮਿਹਨਤ ਦੀ ਕਮਾਈ ਅਣਦੇਖੀ ਡਿਜੀਟਲ ਘੁਟਾਲੇਬਾਜ਼ਾਂ ਦੇ ਹੱਥੋਂ ਗੁਆ ਰਹੇ ਹਨ ਜੋ ਬਹੁਤ ਘੱਟ ਫੜੇ ਜਾਂਦੇ ਹਨ।

ਹਰ ਵਾਰ ਜਦੋਂ ਤੁਸੀਂ ਫ਼ੋਨ ਕਾਲ ਕਰਦੇ ਹੋ ਅਤੇ ਅਮਿਤਾਭ ਬੱਚਨ ਦੀ ਆਵਾਜ਼ ਸੁਣਦੇ ਹੋ ਜੋ ਤੁਹਾਨੂੰ ਡਿਜੀਟਲ ਧੋਖਾਧੜੀ ਬਾਰੇ ਚੇਤਾਵਨੀ ਦਿੰਦੀ ਹੈ, ਤਾਂ ਯਾਦ ਰੱਖੋ - ਇਹ ਸਿਰਫ਼ ਇੱਕ ਜਨਤਕ ਜਾਗਰੂਕਤਾ ਸੰਦੇਸ਼ ਤੋਂ ਵੱਧ ਹੈ। ਇਹ ਇੱਕ ਵਧ ਰਹੇ ਸੰਕਟ ਦਾ ਪ੍ਰਤੀਬਿੰਬ ਹੈ ਜੋ ਜ਼ਿਆਦਾਤਰ ਲੋਕਾਂ ਦੇ ਅਹਿਸਾਸ ਤੋਂ ਕਿਤੇ ਜ਼ਿਆਦਾ ਵਿਆਪਕ ਹੈ। ਹਜ਼ਾਰਾਂ ਬੇਸ਼ੱਕ ਵਿਅਕਤੀ ਫ਼ੋਨ ਕਾਲਾਂ, ਜਾਅਲੀ ਵੈੱਬਸਾਈਟਾਂ ਅਤੇ ਸੋਸ਼ਲ ਮੀਡੀਆ ਦੇ ਜਾਲ ਰਾਹੀਂ ਕੰਮ ਕਰਨ ਵਾਲੇ ਧੋਖੇਬਾਜ਼ਾਂ ਦਾ ਸ਼ਿਕਾਰ ਹੋ ਰਹੇ ਹਨ, ਇਸ ਪ੍ਰਕਿਰਿਆ ਵਿੱਚ ਆਪਣੀ ਮਿਹਨਤ ਦੀ ਕਮਾਈ ਗੁਆ ਰਹੇ ਹਨ। ਇਸ ਨੂੰ ਹੋਰ ਵੀ ਚਿੰਤਾਜਨਕ ਬਣਾਉਣ ਵਾਲੀ ਗੱਲ ਇਹ ਹੈ ਕਿ, ਜ਼ਿਆਦਾਤਰ ਮਾਮਲਿਆਂ ਵਿੱਚ, ਘੁਟਾਲੇਬਾਜ਼ ਦੀ ਪਛਾਣ ਅਣਜਾਣ ਰਹਿੰਦੀ ਹੈ ਅਤੇ ਉਨ੍ਹਾਂ ਨੂੰ ਫੜਨ ਦੀਆਂ ਸੰਭਾਵਨਾਵਾਂ ਬਹੁਤ ਘੱਟ ਹੁੰਦੀਆਂ ਹਨ। ਨਕਦੀ ਰਹਿਤ ਅਰਥਵਿਵਸਥਾ ਵੱਲ ਵਧ ਰਹੀ ਚਮਕਦਾਰ ਕਾਹਲੀ ਵਿੱਚ, ਭਾਰਤ ਦੇ ਡਿਜੀਟਲ ਲੈਂਡਸਕੇਪ ਨੇ ਖੁਸ਼ਹਾਲੀ ਅਤੇ ਸੰਕਟ ਦੋਵਾਂ ਲਈ ਦਰਵਾਜ਼ੇ ਖੋਲ੍ਹ ਦਿੱਤੇ ਹਨ।

ਜਿਵੇਂ ਕਿ ਸਮਾਰਟਫ਼ੋਨ ਬਟੂਏ ਵਿੱਚ ਬਦਲ ਜਾਂਦੇ ਹਨ ਅਤੇ ਪੈਸਾ ਇੱਕ ਸਵਾਈਪ ਦੀ ਗਤੀ ਨਾਲ ਚਲਦਾ ਹੈ, ਘੁਟਾਲੇਬਾਜ਼ ਵੀ ਡਿਜੀਟਲ ਹੋ ਗਏ ਹਨ - ਉਸੇ ਲਹਿਰ 'ਤੇ ਸਵਾਰ ਹੋ ਕੇ ਇੱਕ ਚੁੱਪ ਡਕੈਤੀ ਨੂੰ ਅੰਜਾਮ ਦੇਣ ਲਈ ਜੋ ਲੱਖਾਂ ਭਾਰਤੀਆਂ ਨੂੰ ਉਨ੍ਹਾਂ ਦੀ ਮਿਹਨਤ ਨਾਲ ਕਮਾਈ ਕੀਤੀ ਬੱਚਤ ਤੋਂ ਵਾਂਝਾ ਕਰ ਰਿਹਾ ਹੈ। ਸੰਕਟ ਦਾ ਪੈਮਾਨਾ ਚਿੰਤਾਜਨਕ ਹੈ। ਸਿਰਫ਼ 2024-25 ਦੇ ਪਹਿਲੇ ਦਸ ਮਹੀਨਿਆਂ ਵਿੱਚ, ਡਿਜੀਟਲ ਵਿੱਤੀ ਧੋਖਾਧੜੀਆਂ ਨੇ ਬੇਖਬਰ ਨਾਗਰਿਕਾਂ ਤੋਂ 4,245 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਕੀਤਾ, ਜਿਸ ਵਿੱਚ ਦੇਸ਼ ਭਰ ਵਿੱਚ 2.4 ਮਿਲੀਅਨ ਤੋਂ ਵੱਧ ਮਾਮਲੇ ਸਾਹਮਣੇ ਆਏ। ਇਹ ਪਿਛਲੇ ਸਾਲ ਨਾਲੋਂ 67 ਪ੍ਰਤੀਸ਼ਤ ਦੀ ਤੇਜ਼ੀ ਨਾਲ ਵਾਧਾ ਦਰਸਾਉਂਦਾ ਹੈ, ਅਤੇ ਹਰ ਗਿਣਤੀ ਦੇ ਪਿੱਛੇ ਨੁਕਸਾਨ, ਉਲਝਣ ਅਤੇ ਟੁੱਟੇ ਹੋਏ ਵਿਸ਼ਵਾਸ ਦੀ ਕਹਾਣੀ ਹੈ। ਭਾਰਤ ਵਿੱਚ ਡਿਜੀਟਲ ਧੋਖਾਧੜੀ ਹੁਣ ਸ਼ੌਕੀਆ ਹੈਕਿੰਗ ਜਾਂ ਫਿਸ਼ਿੰਗ ਕੋਸ਼ਿਸ਼ਾਂ ਤੱਕ ਸੀਮਤ ਨਹੀਂ ਹੈ। ਇਸ ਵਿੱਚ ਹੁਣ ਅਪਰਾਧਿਕ ਚਾਲਾਂ ਦਾ ਇੱਕ ਵਿਸ਼ਾਲ ਜਾਲ ਸ਼ਾਮਲ ਹੈ - ਜਾਅਲੀ ਨਿਵੇਸ਼ ਯੋਜਨਾਵਾਂ ਅਤੇ ਧੋਖਾਧੜੀ ਵਾਲੇ ਲੋਨ ਐਪਸ ਤੋਂ ਲੈ ਕੇ ਮਾਲਵੇਅਰ ਨਾਲ ਭਰੀਆਂ ਵੈੱਬਸਾਈਟਾਂ, ਡੀਪ ਫੇਕ ਨਕਲ, ਅਤੇ ਪੁਲਿਸ ਜਾਂ ਬੈਂਕ ਅਧਿਕਾਰੀਆਂ ਵਜੋਂ ਪੇਸ਼ ਹੋਣ ਵਾਲੀਆਂ ਫ਼ੋਨ ਕਾਲਾਂ ਤੱਕ। ਇਹਨਾਂ ਵਿੱਚੋਂ ਬਹੁਤ ਸਾਰੇ ਘੁਟਾਲਿਆਂ ਦੇ ਕੇਂਦਰ ਵਿੱਚ "ਮਨੀ ਮਿਊਲ" ਖਾਤਿਆਂ ਦੀ ਵਰਤੋਂ ਹੈ, ਜੋ ਕਿ ਅਣਜਾਣ ਲੋਕਾਂ ਦੇ ਨਾਮ 'ਤੇ ਜਾਂ ਜਾਅਲੀ ਪਛਾਣਾਂ 'ਤੇ ਖੋਲ੍ਹੇ ਜਾਂਦੇ ਹਨ ਅਤੇ ਚੋਰੀ ਕੀਤੇ ਫੰਡਾਂ ਨੂੰ ਲਾਂਡਰ ਕਰਨ ਲਈ ਵਰਤੇ ਜਾਂਦੇ ਹਨ। ਅਜਿਹੇ ਧੋਖਾਧੜੀ ਦੇ ਤੇਜ਼ ਵਾਧੇ ਨੂੰ ਤਿੰਨ ਮਿਸ਼ਰਿਤ ਕਾਰਕਾਂ ਤੋਂ ਦੇਖਿਆ ਜਾ ਸਕਦਾ ਹੈ। ਪਹਿਲਾ ਭਾਰਤ ਵਿੱਚ ਡਿਜੀਟਲ ਵਿੱਤੀ ਸੇਵਾਵਾਂ ਦਾ ਬਿਜਲੀ-ਤੇਜ਼ ਫੈਲਾਅ ਹੈ, ਖਾਸ ਕਰਕੇ ਯੂਪੀਆਈ, ਮੋਬਾਈਲ ਵਾਲਿਟ ਅਤੇ ਇੰਟਰਨੈੱਟ ਬੈਂਕਿੰਗ ਰਾਹੀਂ, ਡਿਜੀਟਲ ਸੁਰੱਖਿਆ ਦੀ ਜਨਤਕ ਸਮਝ ਵਿੱਚ ਸਮਾਨਾਂਤਰ ਵਾਧਾ ਹੋਏ ਬਿਨਾਂ। ਦੂਜਾ ਕਾਨੂੰਨ ਲਾਗੂ ਕਰਨ ਵਾਲੇ ਸਿਸਟਮ ਦੇ ਅੰਦਰ ਲੋੜੀਂਦੇ ਸਰੋਤਾਂ ਦੀ ਘਾਟ ਹੈ, ਜੋ ਅਕਸਰ ਸਾਈਬਰ ਅਪਰਾਧ ਦੀ ਗੁੰਝਲਦਾਰ ਅਤੇ ਵਿਕਸਤ ਪ੍ਰਕਿਰਤੀ ਦਾ ਮੁਕਾਬਲਾ ਕਰਨ ਲਈ ਘੱਟ ਤਿਆਰ ਹੁੰਦਾ ਹੈ।

ਅਤੇ ਤੀਜਾ ਸਮਾਜਿਕ-ਆਰਥਿਕ ਦਬਾਅ ਹੈ, ਖਾਸ ਕਰਕੇ ਤਕਨੀਕੀ-ਸਮਝਦਾਰ ਨੌਜਵਾਨਾਂ ਵਿੱਚ ਉੱਚ ਬੇਰੁਜ਼ਗਾਰੀ, ਜੋ ਕਈ ਵਾਰ ਉਨ੍ਹਾਂ ਨੂੰ ਡਾਰਕ ਵੈੱਬ ਅਤੇ ਗੈਰ-ਕਾਨੂੰਨੀ ਔਨਲਾਈਨ ਗਤੀਵਿਧੀਆਂ ਵੱਲ ਧੱਕਦੀ ਹੈ। ਭਾਰਤ ਹੁਣ ਵਿਸ਼ਵ ਸਾਈਬਰ ਅਪਰਾਧ ਸੂਚਕਾਂਕ ਵਿੱਚ ਆਪਣੇ ਆਪ ਨੂੰ ਵਿਸ਼ਵ ਪੱਧਰ 'ਤੇ 10ਵੇਂ ਸਥਾਨ 'ਤੇ ਪਾ ਚੁੱਕਾ ਹੈ, ਜੋ ਨਾ ਸਿਰਫ਼ ਪੀੜਤਾਂ ਦੀ ਇੱਕ ਵੱਡੀ ਗਿਣਤੀ ਨੂੰ ਦਰਸਾਉਂਦਾ ਹੈ, ਸਗੋਂ ਅਪਰਾਧੀਆਂ ਦੀ ਵਧਦੀ ਗਿਣਤੀ ਨੂੰ ਵੀ ਦਰਸਾਉਂਦਾ ਹੈ। ਇਹ ਖ਼ਤਰੇ ਦੀ ਗੰਭੀਰਤਾ ਅਤੇ ਇਸ ਨਾਲ ਨਜਿੱਠਣ ਦੀ ਜ਼ਰੂਰਤ ਨੂੰ ਦਰਸਾਉਂਦਾ ਹੈ। ਚੁਣੌਤੀ ਦਾ ਸਾਹਮਣਾ ਕਰਨ ਲਈ, ਰੈਗੂਲੇਟਰਾਂ ਅਤੇ ਅਧਿਕਾਰੀਆਂ ਨੇ ਸਿਸਟਮ ਦੀ ਲਚਕਤਾ ਨੂੰ ਮਜ਼ਬੂਤ ਕਰਨਾ ਸ਼ੁਰੂ ਕਰ ਦਿੱਤਾ ਹੈ। ਜਦੋਂ ਤੱਕ ਨੀਤੀ ਨਿਰਮਾਤਾ, ਬੈਂਕ, ਰੈਗੂਲੇਟਰਾਂ ਅਤੇ ਨਾਗਰਿਕ ਜਾਗਰੂਕਤਾ ਅਤੇ ਲਾਗੂਕਰਨ ਨੂੰ ਮਜ਼ਬੂਤ ਕਰਨ ਲਈ ਇਕੱਠੇ ਕੰਮ ਨਹੀਂ ਕਰਦੇ, ਦੇਸ਼ ਆਪਣੀ ਸਭ ਤੋਂ ਵੱਡੀ ਛਾਲ ਨੂੰ ਆਪਣੀ ਸਭ ਤੋਂ ਖਤਰਨਾਕ ਕਮਜ਼ੋਰੀ ਵਿੱਚ ਬਦਲਣ ਦਾ ਜੋਖਮ ਲੈਂਦਾ ਹੈ। ਡਿਜੀਟਲ ਧੋਖਾਧੜੀ ਵਿਰੁੱਧ ਜੰਗ ਸਿਰਫ਼ ਇੱਕ ਤਕਨੀਕੀ ਜਾਂ ਵਿੱਤੀ ਲੜਾਈ ਨਹੀਂ ਹੈ - ਇਹ ਹਰ ਇਮਾਨਦਾਰ ਭਾਰਤੀ ਦੀ ਰੱਖਿਆ ਕਰਨ ਦੀ ਲੜਾਈ ਹੈ ਜੋ ਇੱਕ ਬਿਹਤਰ, ਵਧੇਰੇ ਜੁੜੇ ਭਵਿੱਖ ਵਿੱਚ ਵਿਸ਼ਵਾਸ ਕਰਨ ਦੀ ਹਿੰਮਤ ਕਰਦਾ ਹੈ। ਕਿਉਂਕਿ ਤੁਰੰਤ ਭੁਗਤਾਨਾਂ ਦੇ ਯੁੱਗ ਵਿੱਚ, ਘੁਟਾਲੇ ਸਿਰਫ਼ ਇੱਕ ਕਲਿੱਕ ਦੂਰ ਹਨ।

# ਫੇਫੜਿਆਂ ਦੀ ਸਮੱਸਿਆ: ਦਮੇ ਦਾ ਬੋਝ

ਭਾਰਤ ਵਿੱਚ ਦਮੇ ਦੇ ਮਰੀਜ਼ਾਂ ਦੀ ਗਿਣਤੀ ਹਰ ਸਾਲ ਵੱਧ ਰਹੀ ਹੈ। ਗਲੋਬਲ ਦਮੇ ਦੀ ਰਿਪੋਰਟ ਦੇ ਅਨੁਸਾਰ, ਇੱਥੇ 3.5 ਮਿਲੀਅਨ ਦਮੇ ਦੇ ਮਰੀਜ਼ ਹਨ। ਤਿੰਨ ਕਰੋੜ ਲੋਕ ਦਮੇ ਤੋਂ ਪੀੜਤ ਹਨ। ਜਦੋਂ ਕਿ ਹਰ ਸਾਲ ਹਜ਼ਾਰਾਂ ਮਰੀਜ਼ ਆਪਣੀ ਲਾਪਰਵਾਹੀ ਅਤੇ ਸਹੀ ਇਲਾਜ ਦੀ ਘਾਟ ਕਾਰਨ ਮਰ ਜਾਂਦੇ ਹਨ। ਦਰਅਸਲ, ਸਿਗਰਟ ਅਤੇ ਤੰਬਾਕੂ ਦਾ ਸੇਵਨ ਕਰਨ ਵਾਲਿਆਂ ਨੂੰ ਇਸ ਬਿਮਾਰੀ ਦਾ ਖ਼ਤਰਾ ਹੈ, ਪਰ ਦੇਸ਼ ਵਿੱਚ ਇਨ੍ਹੀਂ ਦਿਨੀਂ ਵਧਦਾ ਹਵਾ ਪ੍ਰਦੂਸ਼ਣ ਵੀ ਇੱਕ ਵੱਡਾ ਕਾਰਨ ਹੈ। ਇਸ ਕਾਰਨ ਲੋਕਾਂ ਦੇ ਫੇਫੜੇ ਕਮਜ਼ੋਰ ਹੋ ਰਹੇ ਹਨ। ਹਾਲਾਂਕਿ, ਬਹੁਤ ਜ਼ਿਆਦਾ ਤਾਪਮਾਨ ਸਾਹ ਦੀਆਂ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ। ਇਸ ਦੇ ਨਾਲ ਹੀ, ਵਾਤਾਵਰਣ ਵਿੱਚ ਬਦਲਾਅ ਦਮੇ ਦੇ ਲੱਛਣਾਂ ਨੂੰ ਵਧਾ ਸਕਦਾ ਹੈ। ਕਈ ਵਾਰ ਇਹ ਇੱਕ ਬਹੁਤ ਹੀ ਗੁੰਝਲਦਾਰ ਬਿਮਾਰੀ ਬਣ ਜਾਂਦੀ ਹੈ। ਅਜਿਹੀ ਸਥਿਤੀ ਵਿੱਚ, ਮਰੀਜ਼ ਇਲਾਜ ਦੇ ਬਾਵਜੂਦ ਵੀ ਪੂਰੀ ਤਰ੍ਹਾਂ ਠੀਕ ਨਹੀਂ ਹੋ ਪਾਉਂਦੇ। ਇਸ ਲਈ, ਡਾਕਟਰਾਂ ਦਾ ਮੰਨਣਾ ਹੈ ਕਿ ਦਮੇ ਦਾ ਸਮੇਂ ਸਿਰ ਇਲਾਜ ਕਰਨਾ ਚਾਹੀਦਾ ਹੈ। ਜੇਕਰ ਸਹੀ ਇਲਾਜ ਨਾ ਕੀਤਾ ਜਾਵੇ, ਤਾਂ ਮਰੀਜ਼ ਸਿਰਫ਼ ਸਰਦੀਆਂ ਵਿੱਚ ਹੀ ਨਹੀਂ ਸਗੋਂ ਸਾਰਾ ਸਾਲ ਦਮੇ ਤੋਂ ਪ੍ਰੇਸ਼ਾਨ ਰਹਿੰਦਾ ਹੈ। ਉਸਨੂੰ ਥੋੜ੍ਹਾ ਜਿਹਾ ਭਾਰ ਚੁੱਕਣ ਜਾਂ ਪੌੜੀਆਂ ਚੜ੍ਹਨ ਨਾਲ ਵੀ ਸਾਹ ਲੈਣ ਵਿੱਚ ਮੁਸ਼ਕਲ ਆਉਣ ਲੱਗਦੀ ਹੈ। ਵੱਡਾ ਕਾਰਨ ਕੀ ਹੈ? ਕੋਈ ਵੀ ਵਿਅਕਤੀ ਤੁਰੰਤ ਦਮੇ ਤੋਂ ਪ੍ਰਭਾਵਿਤ ਨਹੀਂ ਹੁੰਦਾ। ਪਰ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਜੇਕਰ ਕੋਈ ਸਿਗਰਟ ਪੀ ਰਿਹਾ ਹੈ ਜਾਂ ਤੰਬਾਕੂ ਦਾ ਸੇਵਨ ਕਰ ਰਿਹਾ ਹੈ, ਤਾਂ ਉਹ ਆਪਣੇ ਫੇਫੜਿਆਂ ਨੂੰ ਖਤਰੇ ਵਿੱਚ ਪਾ ਰਿਹਾ ਹੈ। ਉਸਨੂੰ ਨਹੀਂ ਪਤਾ ਕਿ ਕਿਸੇ ਦਿਨ ਉਹ ਦਮੇ ਦਾ ਮਰੀਜ਼ ਬਣ ਜਾਵੇਗਾ। ਦੂਜਾ ਕਾਰਨ ਇਹ ਹੈ ਕਿ ਇਹ ਸਮੱਸਿਆ ਘਰ ਦੇ ਅੰਦਰ ਜਾਂ ਬਾਹਰ ਕਿਸੇ ਵੀ ਤਰ੍ਹਾਂ ਦੀ ਧੂੜ, ਗੰਦਗੀ ਅਤੇ ਜਾਨਵਰਾਂ ਜਾਂ ਪੰਛੀਆਂ ਦੇ ਵਾਲਾਂ ਤੋਂ ਸ਼ੁਰੂ ਹੋ ਸਕਦੀ ਹੈ। ਪਿਛਲੇ ਦੋ-ਤਿੰਨ ਦਹਾਕਿਆਂ ਵਿੱਚ, ਸ਼ਹਿਰਾਂ ਅਤੇ ਮਹਾਂਨਗਰਾਂ ਵਿੱਚ ਵਧਦੇ ਹਵਾ ਪ੍ਰਦੂਸ਼ਣ ਨੇ ਦਮੇ ਦੇ ਮਰੀਜ਼ਾਂ ਦੀ ਗਿਣਤੀ ਵਿੱਚ ਵਾਧਾ ਕੀਤਾ ਹੈ। ਲੱਛਣਾਂ 'ਤੇ ਨਜ਼ਰ ਰੱਖੋ ਦਮੇ ਦੇ ਮਰੀਜ਼ ਆਮ ਤੌਰ 'ਤੇ ਸ਼ੁਰੂਆਤੀ ਲੱਛਣਾਂ ਵੱਲ ਧਿਆਨ ਨਹੀਂ ਦਿੰਦੇ। ਨਤੀਜੇ ਵਜੋਂ, ਇੱਕ ਦਿਨ ਸਥਿਤੀ ਗੰਭੀਰ ਹੋ ਜਾਂਦੀ ਹੈ। 'ਗਲੋਬਲ ਅਸਥਮਾ ਨੈੱਟਵਰਕ' ਦੇ ਅਨੁਸਾਰ, ਸ਼ੁਰੂਆਤੀ ਲੱਛਣਾਂ ਵਾਲੇ 82 ਪ੍ਰਤੀਸ਼ਤ ਮਰੀਜ਼ ਅਤੇ ਗੰਭੀਰ ਦਮੇ ਵਾਲੇ 70 ਪ੍ਰਤੀਸ਼ਤ ਮਰੀਜ਼ ਦਾ ਪਤਾ ਨਹੀਂ ਲੱਗਦਾ। ਇਸਦਾ ਮਤਲਬ ਹੈ ਕਿ ਉਹ ਲਾਪਰਵਾਹ ਹਨ। ਬਹੁਤ ਘੱਟ ਮਰੀਜ਼ 'ਇਨਹੇਲੇਸ਼ਨ ਥੈਰੇਪੀ' ਦੀ ਵਰਤੋਂ ਕਰਦੇ ਹਨ। ਹਾਲਾਂਕਿ, ਦਮੇ ਦੇ ਲੱਛਣ ਹਰ ਵਿਅਕਤੀ ਲਈ ਵੱਖਰੇ ਹੁੰਦੇ ਹਨ।



ਆਮ ਤੌਰ 'ਤੇ, ਦਮੇ ਦਾ ਪਤਾ ਐਲਰਜੀ ਕਾਰਨ ਹੁੰਦਾ ਹੈ। ਸਾਹ ਲੈਣ ਵਿੱਚ ਮੁਸ਼ਕਲ, ਛਾਤੀ ਵਿੱਚ ਜਕੜਨ ਅਤੇ ਸਾਹ ਛੱਡਦੇ ਸਮੇਂ ਘਰਘਰਾਹਟ ਇਹ ਸਾਰੇ ਦਮੇ ਦੇ ਲੱਛਣ ਹਨ। ਕੁਝ ਮਰੀਜ਼ਾਂ ਨੂੰ ਸਾਹ ਲੈਂਦੇ ਸਮੇਂ ਸੀਟੀ ਦੀ ਆਵਾਜ਼ ਆਉਂਦੀ ਹੈ। ਦਮੇ ਦੀਆਂ ਕਈ ਕਿਸਮਾਂ ਹਨ। ਐਲਰਜੀ ਅਤੇ ਗੈਰ-ਐਲਰਜੀ ਵਾਲਾ ਦਮਾ ਉਨ੍ਹਾਂ ਵਿੱਚੋਂ ਮੁੱਖ ਹਨ। ਇਹ ਧਿਆਨ ਦੇਣਾ ਮਹੱਤਵਪੂਰਨ ਹੈ ਕਿ ਦਮੇ ਕਿਸੇ ਵੀ ਉਮਰ ਵਿੱਚ ਕਿਸੇ ਨੂੰ ਵੀ ਹੋ ਸਕਦਾ ਹੈ। ਗੰਭੀਰ ਗੱਲ ਇਹ ਹੈ ਕਿ ਦਮੇ ਦੇ ਮਰੀਜ਼ਾਂ ਨੂੰ ਨਮੂਨੀਆ ਹੋਣ ਦਾ ਖ਼ਤਰਾ ਵਧੇਰੇ ਹੁੰਦਾ ਹੈ। ਅਜਿਹੀ ਸਥਿਤੀ ਵਿੱਚ ਕੀ ਕਰਨਾ ਹੈ ਦਮੇ ਦੇ ਮਰੀਜ਼ਾਂ ਨੂੰ ਆਪਣਾ ਇਲਾਜ ਖੁਦ ਕਰਵਾਉਣਾ ਚਾਹੀਦਾ ਹੈ, ਪਰ ਕੁਝ ਚੀਜ਼ਾਂ ਹਮੇਸ਼ਾ ਆਪਣਾ ਖਿਆਲ ਰੱਖਣਾ। ਜਿੱਥੋਂ ਤੱਕ ਜਿੰਨਾ ਹੋ ਸਕੇ ਕਮਰੇ ਵਿੱਚ ਕਾਰਪੇਟ ਰੱਖਣ ਤੋਂ ਬਚੋ। ਬਿਸਤਰਾ ਸਾਫ਼ ਰੱਖੋ। ਗੱਦੇ ਅਤੇ ਸਿਰਹਾਣੇ 'ਤੇ ਧੂੜ ਰੱਖਿਅਕ ਲਗਾਓ। ਚਾਦਰਾਂ ਅਤੇ ਕੰਬਲਾਂ ਨੂੰ ਸਮੇਂ-ਸਮੇਂ 'ਤੇ ਸਾਫ਼ ਕਰਦੇ ਰਹੋ। ਮਰੀਜ਼ ਦੀ ਮੌਜੂਦਗੀ ਵਿੱਚ ਕਮਰੇ ਵਿੱਚ ਕਿਸੇ ਵੀ ਤਰ੍ਹਾਂ ਦਾ ਸਪਰੇਅ ਜਾਂ ਕੀਟਨਾਸ਼ਕ ਨਾ ਛਿੜਕੋ। ਮਰੀਜ਼ ਦੇ ਕਮਰੇ ਵਿੱਚ ਕਿਸੇ ਵੀ ਤਰ੍ਹਾਂ ਦਾ ਸਿਗਰਟਨੋਸ਼ੀ ਜਾਂ ਧੂੰਆਂ ਨਹੀਂ ਹੋਣਾ ਚਾਹੀਦਾ। ਦਮੇ ਦੇ ਮਰੀਜ਼ ਨੂੰ ਸਾਫ਼ ਹਵਾ ਮਿਲਣੀ ਚਾਹੀਦੀ ਹੈ। ਇਸ ਦੇ ਨਾਲ ਹੀ, ਠੰਡ ਤੋਂ ਬਚਾਅ ਵੀ ਮਹੱਤਵਪੂਰਨ ਹੈ। ਦਮੇ ਦੇ ਮਰੀਜ਼ ਦੀ ਖੁਰਾਕ ਸੰਤੁਲਿਤ ਅਤੇ ਪੌਸ਼ਟਿਕ ਹੋਣੀ ਚਾਹੀਦੀ ਹੈ। ਲੋੜ ਤੋਂ ਵੱਧ ਨਾ ਖਾਓ। ਇਸ ਦੇ ਨਾਲ, ਇਲਾਜ ਲਈ ਦਿੱਤੀ ਗਈ ਦਵਾਈ ਸਮੇਂ ਸਿਰ ਅਤੇ ਨਿਯਮਿਤ ਤੌਰ 'ਤੇ ਲੈਣੀ ਚਾਹੀਦੀ ਹੈ। ਐਲਰਜੀ ਪੈਦਾ ਕਰਨ ਵਾਲੀਆਂ ਖਾਣ-ਪੀਣ ਵਾਲੀਆਂ ਚੀਜ਼ਾਂ ਤੋਂ ਦੂਰ ਰਹਿਣਾ ਬਿਹਤਰ ਹੈ।

# ਅੱਜ ਦੇ ਡਿਜੀਟਲ ਯੁੱਗ ਵਿੱਚ ਬੱਚਿਆਂ ਨੂੰ ਸਕ੍ਰੀਨ ਤੋਂ ਕਿਵੇਂ ਬਚਾਈਏ



**ਵਿਜੈ ਗਰਗ (ਪੀ.ਈ.ਐਸ.)**
**ਸਾਬਕਾ ਪ੍ਰਿੰਸੀਪਲ**

ਇੱਕ ਅਜਿਹੇ ਯੁੱਗ ਵਿੱਚ ਜਿੱਥੇ ਸਕ੍ਰੀਨਾਂ ਦਾ ਦਬਦਬਾ ਹੈ, ਬੱਚੇ ਭੌਤਿਕ ਕਿਤਾਬਾਂ ਤੋਂ ਦੂਰ ਹੋ ਰਹੇ ਹਨ। ਪੜ੍ਹਨ ਲਈ ਪਿਆਰ ਨੂੰ ਦੁਬਾਰਾ ਜਗਾਉਣਾ ਸਿਰਫ਼ ਸੰਭਵ ਹੀ ਨਹੀਂ ਹੈ - ਇਹ ਉਨ੍ਹਾਂ ਦੇ ਵਿਕਾਸ ਲਈ ਜ਼ਰੂਰੀ ਹੈ। ਸਹੀ ਵਾਤਾਵਰਣ ਅਤੇ ਪਹੁੰਚ ਨਾਲ, ਮਾਪੇ ਕਿਤਾਬਾਂ ਨੂੰ ਦੁਬਾਰਾ ਦਿਲਚਸਪ ਬਣਾਉਣ ਵਿੱਚ ਮਦਦ ਕਰ ਸਕਦੇ ਹਨ।

ਅੱਜ ਦੇ ਡਿਜੀਟਲ ਯੁੱਗ ਵਿੱਚ, ਸਕ੍ਰੀਨਾਂ ਸਾਡੇ ਬੱਚਿਆਂ ਦੇ ਧਿਆਨ 'ਤੇ ਹਾਵੀ ਹਨ - ਭਾਵੇਂ ਇਹ ਸਮਾਰਟਫੋਨ, ਟੈਬਲੇਟ, ਜਾਂ ਗੇਮਿੰਗ ਕੰਸੋਲ ਹੋਣ। ਹਾਲ ਹੀ ਵਿੱਚ, ਬੱਚਿਆਂ ਅਤੇ ਕਿਸ਼ੋਰਾਂ ਵਿੱਚ ਖੁਸ਼ੀ ਲਈ ਪੜ੍ਹਨ ਵਿੱਚ ਇੱਕ ਮਹੱਤਵਪੂਰਨ ਗਿਰਾਵਟ ਆਈ ਹੈ, ਪਿਛਲੇ ਸਾਲਾਂ ਦੇ ਮੁਕਾਬਲੇ ਅੱਧੇ ਤੋਂ ਵੀ ਘੱਟ ਲੋਕ ਰੋਜ਼ਾਨਾ ਪੜ੍ਹਨ ਵਿੱਚ ਸ਼ਾਮਲ ਹੋ ਰਹੇ ਹਨ। ਇਹ ਤਬਦੀਲੀ ਡਿਜੀਟਲ ਮਨੋਰੰਜਨ ਦੇ ਵਧ ਰਹੇ ਆਕਰਸ਼ਣ ਨੂੰ ਦਰਸਾਉਂਦੀ ਹੈ, ਪਰ ਇਹ ਮਾਪਿਆਂ ਲਈ ਇੱਕ ਮਹੱਤਵਪੂਰਨ ਸਵਾਲ ਵੀ ਉਠਾਉਂਦੀ ਹੈ: ਅਸੀਂ ਆਪਣੇ ਬੱਚਿਆਂ ਨੂੰ ਇੱਕ ਵਾਰ ਫਿਰ ਭੌਤਿਕ ਕਿਤਾਬਾਂ ਨੂੰ ਅਪਣਾਉਣ ਲਈ ਕਿਵੇਂ ਉਤਸ਼ਾਹਿਤ ਕਰ ਸਕਦੇ ਹਾਂ?

ਇੱਕ ਪਾਲਣ-ਪੋਸ਼ਣ ਮਾਹਰ ਹੋਣ ਦੇ ਨਾਤੇ, ਮੈਂ ਦੇਖਿਆ ਹੈ ਕਿ ਕਿਵੇਂ ਇੱਕਸਾਰ ਪੜ੍ਹਨ ਦੀ ਰੁਟੀਨ ਵਿਕਸਤ ਕਰਨ ਨਾਲ ਬੱਚੇ ਦੇ ਵਿਕਾਸ 'ਤੇ ਡੂੰਘਾ ਪ੍ਰਭਾਵ ਪੈ ਸਕਦਾ ਹੈ। ਨਿਯਮਿਤ ਤੌਰ 'ਤੇ ਪੜ੍ਹਨਾ ਨਾ ਸਿਰਫ਼ ਬੱਚੇ ਦੀ ਸ਼ਬਦਾਵਲੀ ਅਤੇ ਸੋਚਣ ਦੀਆਂ ਯੋਗਤਾਵਾਂ ਨੂੰ ਵਧਾਉਂਦਾ ਹੈ ਬਲਕਿ ਰਚਨਾਤਮਕਤਾ ਨੂੰ ਵੀ ਜਗਾਉਂਦਾ ਹੈ ਅਤੇ ਭਾਵਨਾਤਮਕ ਜਾਗਰੂਕਤਾ ਪੈਦਾ ਕਰਨ ਵਿੱਚ ਮਦਦ ਕਰਦਾ ਹੈ। ਕਿਤਾਬਾਂ ਪ੍ਰਤੀ ਪਿਆਰ ਪੈਦਾ ਕਰਨ ਦੀ ਨੀਂਹ ਇੱਕ ਸਵਾਗਤਯੋਗ ਅਤੇ ਸਕਾਰਾਤਮਕ ਜਗ੍ਹਾ ਪ੍ਰਦਾਨ ਕਰਨਾ ਹੈ ਜਿੱਥੇ ਪੜ੍ਹਨਾ ਮਜ਼ੇਦਾਰ ਅਤੇ ਉਤਸ਼ਾਹਿਤ ਮਹਿਸੂਸ ਹੁੰਦਾ ਹੈ।

ਜਿਵੇਂ-ਜਿਵੇਂ ਡਿਜੀਟਲ ਭਟਕਣਾ ਵਧਦੀ ਜਾਂਦੀ ਹੈ, ਬੱਚਿਆਂ ਦੀ ਭੌਤਿਕ ਕਿਤਾਬਾਂ ਪੜ੍ਹਨ ਵਿੱਚ ਦਿਲਚਸਪੀ ਘੱਟਦੀ ਜਾਂਦੀ ਹੈ। ਮਾਪਿਆਂ ਦੇ ਕੋਚ ਡਾ। ਪੱਲਵੀ ਰਾ ਚਤੁਰਵੇਦੀ ਪੜ੍ਹਨ ਪ੍ਰਤੀ ਉਨ੍ਹਾਂ ਦੇ ਪਿਆਰ ਨੂੰ ਮੁੜ ਸੁਰਜੀਤ ਕਰਨ ਲਈ ਵਿਹਾਰਕ ਸੁਝਾਅ ਸਾਂਝੇ ਕਰਦੇ ਹਨ।

### ਉੱਚੀ ਆਵਾਜ਼ ਵਿੱਚ ਪੜ੍ਹਨ ਦੀ ਸਥਾਈ ਸ਼ਕਤੀ

ਕਹਾਣੀਆਂ ਨੂੰ ਇਕੱਠੇ ਪੜ੍ਹ ਕੇ ਜੀਵਨ ਵਿੱਚ ਲਿਆਉਣਾ ਉਤਸੁਕਤਾ ਅਤੇ ਕਿਤਾਬਾਂ ਪ੍ਰਤੀ ਸਥਾਈ ਪਿਆਰ ਨੂੰ ਪ੍ਰੇਰਿਤ ਕਰਨ ਦਾ ਇੱਕ ਸਾਬਤ ਤਰੀਕਾ ਹੈ। ਬਹੁਤ ਸਾਰੇ ਬੱਚੇ ਸੱਚਮੁੱਚ ਪੜ੍ਹ ਕੇ ਸੁਣਾਉਣ ਦਾ ਆਨੰਦ ਮਾਣਦੇ ਹਨ, ਅਤੇ ਮਾਪੇ ਅਕਸਰ ਇਹਨਾਂ ਪਲਾਂ ਨੂੰ ਇੱਕ ਖਾਸ ਬੰਧਨ ਦੇ ਸਮੇਂ ਵਜੋਂ ਪਿਆਰ ਕਰਦੇ ਹਨ। ਉੱਚੀ ਆਵਾਜ਼ ਵਿੱਚ ਪੜ੍ਹਨਾ ਸਿਰਫ਼ ਸ਼ਬਦਾਵਲੀ ਅਤੇ ਸਮਝ ਨੂੰ ਬਿਹਤਰ ਬਣਾਉਣ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਕਰਦਾ ਹੈ; ਇਹ ਬੱਚਿਆਂ ਨੂੰ ਮਹੱਤਵਪੂਰਨ ਸਮਾਜਿਕ ਅਤੇ ਭਾਵਨਾਤਮਕ ਹੁਨਰ ਵਿਕਸਤ ਕਰਨ ਵਿੱਚ ਵੀ ਮਦਦ ਕਰਦਾ ਹੈ।

ਇੰਟਰਐਕਟਿਵ ਰੀਡਿੰਗ ਜਿੱਥੇ ਮਾਪੇ ਸਵਾਲ ਪੁੱਛਦੇ ਹਨ, ਭਵਿੱਖਬਾਣੀਆਂ ਨੂੰ ਉਤਸ਼ਾਹਿਤ ਕਰਦੇ ਹਨ, ਅਤੇ ਬੱਚਿਆਂ ਨੂੰ ਕਹਾਣੀ ਸੁਣਾਉਣ ਵਿੱਚ ਹਿੱਸਾ ਲੈਣ ਲਈ ਸੱਦਾ ਦਿੰਦੇ ਹਨ, ਦਿਮਾਗ ਦੇ ਵਿਕਾਸ ਨੂੰ ਸਮਰਥਨ ਦਿੰਦੇ ਹਨ ਅਤੇ ਜੀਵਨ ਭਰ ਰਹਿਣ ਵਾਲੀਆਂ ਆਦਤਾਂ ਬਣਾਉਂਦੇ ਹਨ। ਇਹ ਗਤੀਸ਼ੀਲ ਆਦਾਨ-ਪ੍ਰਦਾਨ ਧਿਆਨ ਦੇ ਦਾਇਰੇ ਨੂੰ ਮਜ਼ਬੂਤ ਕਰਦਾ ਹੈ, ਸਵੈ-ਨਿਯਮ ਪੈਦਾ ਕਰਦਾ ਹੈ, ਅਤੇ ਬੱਚਿਆਂ ਨੂੰ ਟੀਚਾ-ਨਿਰਧਾਰਨ ਯੋਗਤਾਵਾਂ ਵਿਕਸਤ ਕਰਨ ਵਿੱਚ ਮਦਦ ਕਰਦਾ ਹੈ। ਇਹ ਪੜ੍ਹਨ ਨੂੰ ਇੱਕ ਸਕਾਰਾਤਮਕ ਅਤੇ ਸਾਂਝਾ ਅਨੁਭਵ ਬਣਾਉਣ ਲਈ ਇੱਕ ਬੁਨਿਆਦੀ ਕਦਮ ਹੈ।

### ਰੁਕਾਵਟਾਂ ਨੂੰ ਸਮਝਣਾ ਅਤੇ ਨਵੇਂ ਮੌਕਿਆਂ ਨੂੰ ਅਪਣਾਉਣਾ

ਨਿਯਮਤ ਪੜ੍ਹਨ ਵਿੱਚ ਸਭ ਤੋਂ ਮਹੱਤਵਪੂਰਨ ਰੁਕਾਵਟ ਸਕ੍ਰੀਨ ਸਮੇਂ ਦੀ ਵਿਆਪਕ ਮੌਜੂਦਗੀ ਹੈ, ਜੋ ਬੱਚਿਆਂ ਦਾ ਧਿਆਨ ਕਿਤਾਬਾਂ ਤੋਂ ਆਸਾਨੀ ਨਾਲ ਭਟਕ ਸਕਦੀ ਹੈ। ਇਸ ਤੋਂ ਇਲਾਵਾ, ਸਕੂਲ ਦੇ ਭਾਰੀ ਕੰਮ ਦਾ ਬੋਝ, ਪਾਠਕ੍ਰਮ ਤੋਂ ਬਾਹਰ ਦੀਆਂ ਵਚਨਬੱਧਤਾਵਾਂ, ਅਤੇ ਸੱਚਮੁੱਚ ਦਿਲਚਸਪ ਭੌਤਿਕ ਕਿਤਾਬਾਂ ਤੱਕ ਸੀਮਤ ਪਹੁੰਚ ਮਨੋਰੰਜਨ ਲਈ ਪੜ੍ਹਨ ਦੀ ਪ੍ਰੇਰਣਾ ਨੂੰ ਘਟਾ ਸਕਦੀ ਹੈ।



ਫਿਰ ਵੀ, ਨਵੇਂ ਰੁਝਾਨ ਦਿਲਚਸਪ ਮੌਕੇ ਪ੍ਰਦਾਨ ਕਰਦੇ ਹਨ। ਉਦਾਹਰਣ ਵਜੋਂ, ਭੌਕਠੋਕ ਵਰਗੇ ਸੋਸ਼ਲ ਮੀਡੀਆ ਭਾਈਚਾਰਿਆਂ ਨੇ ਪੜ੍ਹਨ ਨੂੰ ਵਧੇਰੇ ਸਮਾਜਿਕ ਅਤੇ ਇੰਟਰਐਕਟਿਵ ਬਣਾਇਆ ਹੈ, ਬਹੁਤ ਸਾਰੇ ਨੌਜਵਾਨ ਪਾਠਕਾਂ ਨੂੰ ਨਵੇਂ ਸਿਰਲੇਖਾਂ ਦੀ ਖੋਜ ਕਰਨ ਅਤੇ ਆਪਣੇ ਉਤਸ਼ਾਹ ਨੂੰ ਸਾਥੀਆਂ ਨਾਲ ਸਾਂਝਾ ਕਰਨ ਲਈ ਪ੍ਰੇਰਿਤ ਕੀਤਾ ਹੈ। ਇਹ ਡਿਜੀਟਲ ਪ੍ਰਭਾਵ ਨੌਜਵਾਨ ਪੀੜ੍ਹੀਆਂ, ਖਾਸ ਕਰਕੇ ਕਿਸ਼ੋਰਾਂ ਵਿੱਚ ਕਿਤਾਬਾਂ ਵਿੱਚ ਦਿਲਚਸਪੀ ਨੂੰ ਮੁੜ ਸੁਰਜੀਤ ਕਰਨ ਵਿੱਚ ਸਹਾਇਕ ਸਾਬਤ ਹੋ ਰਿਹਾ ਹੈ। ਇਹ ਦਰਸਾਉਂਦਾ ਹੈ ਕਿ ਡਿਜੀਟਲ ਦੁਨੀਆ ਵਿੱਚ ਵੀ, ਸੰਪਰਕ ਅਤੇ ਖੋਜ ਦੀ ਇੱਛਾ ਪੜ੍ਹਨ ਲਈ ਇੱਕ ਸ਼ਕਤੀਸ਼ਾਲੀ ਚਾਲਕ ਹੋ ਸਕਦੀ ਹੈ।

### ਸਰੀਰਕ ਪੜ੍ਹਾਈ ਨੂੰ ਉਤਸ਼ਾਹਿਤ ਕਰਨ ਦੇ ਵਿਹਾਰਕ ਤਰੀਕੇ

ਤੁਹਾਡੇ ਬੱਚੇ ਨੂੰ ਭੌਤਿਕ ਕਿਤਾਬਾਂ ਦੇ ਜਾਦੂ ਨੂੰ ਦੁਬਾਰਾ ਖੋਜਣ ਵਿੱਚ ਮਦਦ ਕਰਨ ਲਈ ਇੱਥੇ ਕਾਰਵਾਈਯੋਗ ਰਣਨੀਤੀਆਂ ਹਨ:

### ਤਕਨਾਲੋਜੀ ਨੂੰ ਕਿਤਾਬਾਂ ਨਾਲ ਮਿਲਾਓ; ਇਸ 'ਤੇ ਪਾਬੰਦੀ ਨਾ ਲਗਾਓ

ਸਕ੍ਰੀਨਾਂ ਤੋਂ ਪੂਰੀ ਤਰ੍ਹਾਂ ਬਚਣ ਦੀ ਬਜਾਏ, ਡਿਜੀਟਲ ਰੁਚੀਆਂ ਨੂੰ ਰਣਨੀਤਕ ਤੌਰ 'ਤੇ ਏਕੀਕ੍ਰਿਤ ਕਰੋ। ਉਨ੍ਹਾਂ ਦੇ ਮਨਪਸੰਦ ਕਾਰਟੂਨਾਂ, ਫਿਲਮਾਂ, ਜਾਂ ਵੀਡੀ ਗੇਮਾਂ ਦੇ ਕਿਤਾਬੀ ਸੰਸਕਰਣ ਪੇਸ਼ ਕਰੋ। ਕਾਮਿਕ ਕਿਤਾਬਾਂ, ਗ੍ਰਾਫਿਕ ਨਾਵਲ, ਅਤੇ ਪਿਆਰੇ ਪਾਤਰਾਂ ਨੂੰ ਦਰਸਾਉਂਦੀਆਂ ਤਸਵੀਰਾਂ ਵਾਲੀਆਂ ਕਹਾਣੀਆਂ ਵਧੇਰੇ ਰਵਾਇਤੀ ਪੜ੍ਹਨ ਲਈ ਇੱਕ ਪਹੁੰਚਯੋਗ ਗੇਟਵੇ ਵਜੋਂ ਕੰਮ ਕਰ ਸਕਦੀਆਂ ਹਨ, ਉਹਨਾਂ ਦੀ ਡਿਜੀਟਲ ਦੁਨੀਆ ਨੂੰ ਪ੍ਰਿੰਟ ਦੀ ਦੁਨੀਆ ਨਾਲ ਜੋੜਦੀਆਂ ਹਨ।

### ਆਪਣੇ ਬੱਚੇ ਨੂੰ ਕਿਊਰੇਟਰ ਬਣਨ ਦਾ ਅਧਿਕਾਰ ਦਿਓ

ਬੱਚਿਆਂ ਨੂੰ ਅਜਿਹੀਆਂ ਕਿਤਾਬਾਂ ਚੁਣਨ ਦੀ ਇਜਾਜ਼ਤ ਦੇਣਾ ਜੋ ਸੱਚਮੁੱਚ ਉਨ੍ਹਾਂ ਦੀਆਂ ਰੁਚੀਆਂ ਨੂੰ ਪਸੰਦ ਆਉਂਦੀਆਂ ਹਨ, ਮਾਲਕੀ ਅਤੇ ਉਤਸ਼ਾਹ ਨੂੰ ਵਧਾਉਂਦਾ ਹੈ। ਲਾਇਬ੍ਰੇਰੀਆਂ ਜਾਂ ਕਿਤਾਬਾਂ ਦੀਆਂ ਦੁਕਾਨਾਂ 'ਤੇ ਨਿਯਮਤ ਮੁਲਾਕਾਤਾਂ ਜਿੱਥੇ ਉਹ ਬ੍ਰਾਊਜ਼ ਕਰ ਸਕਦੇ ਹਨ ਅਤੇ ਖੁੱਲ੍ਹ ਕੇ ਚੁਣ ਸਕਦੇ ਹਨ, ਵਿਭਿੰਨ ਸ਼ੈਲੀਆਂ ਵਿੱਚ ਖੋਜ ਨੂੰ ਉਤਸ਼ਾਹਿਤ ਕਰਦੇ ਹਨ, ਸ਼ਾਨਦਾਰ ਗ੍ਰਾਫਿਕ ਨਾਵਲਾਂ ਤੋਂ ਲੈ ਕੇ ਦਿਲਚਸਪ ਗੈਰ-ਗਲਪ ਤੱਕ। ਪੜ੍ਹਨ ਲਈ ਇੱਕ ਅੰਦਰੂਨੀ ਪ੍ਰੇਰਣਾ ਨੂੰ ਪਾਲਣ ਵਿੱਚ ਉਨ੍ਹਾਂ ਦੀ ਚੋਣ ਸਭ ਤੋਂ ਮਹੱਤਵਪੂਰਨ ਹੈ।

### ਪੜ੍ਹਨ ਨੂੰ ਇੱਕ ਸਾਂਝਾ ਅਤੇ ਅਨੰਦਮਈ ਪਰਿਵਾਰਕ ਰਸਮ ਬਣਾਓ

ਨਿਯਮਤ ਕਹਾਣੀ ਸਮਾਂ ਸੈਸ਼ਨਾਂ ਜਾਂ ਥੀਮਡ ਰੀਡਿੰਗ ਰਾਤਾਂ ਨਾਲ ਪੜ੍ਹਨ ਨੂੰ ਇੱਕ ਕੀਮਤੀ ਪਰਿਵਾਰਕ ਪ੍ਰੋਗਰਾਮ ਵਿੱਚ ਬਦਲੋ। ਇਕੱਠੀਆਂ ਪੜ੍ਹੀਆਂ ਗਈਆਂ ਕਿਤਾਬਾਂ 'ਤੇ ਆਧਾਰਿਤ ਨਾਟਕਾਂ ਵਿੱਚ ਸ਼ਾਮਲ ਹੋਣਾ ਜਾਂ ਫਿਲਮਾਂ ਦੇਖਣਾ ਵੀ ਕਹਾਣੀਆਂ ਨੂੰ ਜੀਵਨ ਵਿੱਚ ਲਿਆ ਸਕਦਾ ਹੈ ਅਤੇ ਤੁਹਾਡੇ ਬੱਚੇ ਦੇ ਬਿਰਤਾਂਤ ਅਤੇ ਪਾਤਰਾਂ ਨਾਲ ਸਬੰਧ ਨੂੰ ਡੂੰਘਾ ਕਰ ਸਕਦਾ ਹੈ, ਜਿਸ ਨਾਲ ਸਥਾਈ ਯਾਦਾਂ ਬਣ ਸਕਦੀਆਂ ਹਨ।

### ਕਿਤਾਬਾਂ ਨੂੰ ਅਸਲ-ਜੀਵਨ ਦੇ ਸਾਹਸ ਨਾਲ ਜੋੜੋ

ਕਹਾਣੀਆਂ ਨੂੰ ਰੋਜ਼ਾਨਾ ਦੀਆਂ ਗਤੀਵਿਧੀਆਂ ਅਤੇ ਅਨੁਭਵਾਂ ਨਾਲ ਜੋੜੋ। ਉਦਾਹਰਣ ਵਜੋਂ, ਚਿੜੀਆਘਰ ਦੀ ਯਾਤਰਾ ਤੋਂ ਪਹਿਲਾਂ ਜਾਨਵਰਾਂ ਬਾਰੇ ਪੜ੍ਹਨਾ, ਪੌਦੇ ਲਗਾਉਣ ਦੇ ਪ੍ਰੋਜੈਕਟਾਂ ਤੋਂ ਪਹਿਲਾਂ ਬਾਗਬਾਨੀ ਦੀਆਂ ਕਿਤਾਬਾਂ ਦੀ ਪੜਚੋਲ ਕਰਨਾ, ਜਾਂ ਅਜਾਇਬ ਘਰ ਦੀ ਯਾਤਰਾ ਤੋਂ ਪਹਿਲਾਂ ਇਤਿਹਾਸਕ ਸਮੇਂ ਦੀ ਖੋਜ ਕਰਨਾ ਪੜ੍ਹਨ ਨੂੰ ਢੁਕਵਾਂ, ਠੋਸ ਅਤੇ ਦਿਲਚਸਪ ਬਣਾਉਂਦਾ ਹੈ। ਇਹ ਉਹਨਾਂ ਨੂੰ ਪੜ੍ਹਨ ਦੇ ਵਿਹਾਰਕ ਮੁੱਲ ਅਤੇ ਮਜ਼ੇ ਨੂੰ ਦਰਸਾਉਂਦਾ ਹੈ।

### ਪੜ੍ਹਨ ਨੂੰ ਇੱਕ ਇੰਟਰਐਕਟਿਵ ਗੇਮ ਵਿੱਚ ਬਦਲੋ

ਕਿਤਾਬ ਖਤਮ ਕਰਨ ਤੋਂ ਬਾਅਦ, ਆਪਣੇ ਬੱਚੇ ਨੂੰ ਰਚਨਾਤਮਕ ਗਤੀਵਿਧੀਆਂ ਵਿੱਚ ਸ਼ਾਮਲ ਕਰੋ। ਉਹਨਾਂ ਨੂੰ ਵਿਕਲਪਿਕ ਅੰਤ ਦੀ ਕਲਪਨਾ ਕਰਨ, ਨਵੇਂ ਕਿਰਦਾਰਾਂ ਦੀ ਕਾਢ ਕੱਢਣ, ਜਾਂ ਇੱਥੋਂ ਤੱਕ ਕਿ ਇੱਕ ਸੀਕਵਲ ਲਿਖਣ ਲਈ ਉਤਸ਼ਾਹਿਤ ਕਰੋ। ਬੱਚਿਆਂ ਨੂੰ ਖੁੱਲ੍ਹੇ ਸਵਾਲਾਂ ਨਾਲ ਸੋਚ-ਵਿਚਾਰ ਕਰਨ ਅਤੇ ਜਵਾਬ ਦੇਣ ਲਈ ਉਤਸ਼ਾਹਿਤ ਕਰਨਾ ਪੜ੍ਹਨ ਨੂੰ ਇੱਕ ਇੰਟਰਐਕਟਿਵ ਅਤੇ ਸੋਚ-ਉਕਸਾਉਣ ਵਾਲੇ ਅਨੁਭਵ ਵਿੱਚ ਬਦਲ ਦਿੰਦਾ ਹੈ, ਕਹਾਣੀ ਨਾਲ ਉਹਨਾਂ ਦੀ ਸ਼ਮੂਲੀਅਤ ਨੂੰ ਡੂੰਘਾ ਕਰਦਾ ਹੈ।

### ਕਿਤਾਬਾਂ ਨੂੰ ਪ੍ਰਮੁੱਖਤਾ ਨਾਲ ਪਹੁੰਚਯੋਗ ਰੱਖੋ

ਭੌਤਿਕ ਕਿਤਾਬਾਂ ਨੂੰ ਆਸਾਨੀ ਨਾਲ ਉਪਲਬਧ ਅਤੇ ਆਕਰਸ਼ਕ ਬਣਾ । ਉਹਨਾਂ ਨੂੰ ਵਿਹਲੇ ਸਮੇਂ ਦੌਰਾਨ ਪੇਸ਼ ਕਰੋ - ਜਿਵੇਂ ਕਿ ਉਡੀਕ ਕਮਰੇ, ਕਾਰ ਦੀ ਸਵਾਰੀ, ਜਾਂ ਸੌਣ ਤੋਂ ਪਹਿਲਾਂ - ਇਲੈਕਟ੍ਰਾਨਿਕ ਡਿਵਾਈਸਾਂ ਨੂੰ ਤੁਰੰਤ ਸੌਂਪਣ ਦੀ ਬਜਾਏ। ਕਿਤਾਬਾਂ ਨੂੰ ਰਣਨੀਤਕ ਤੌਰ 'ਤੇ ਰੱਖਿਆ ਗਿਆ ਹੈ ਅਤੇ ਆਸਾਨੀ ਨਾਲ ਪਹੁੰਚਯੋਗ ਬਣਾਇਆ ਗਿਆ ਹੈ, ਇਹ ਸਵੈ-ਇੱਛਾ ਨਾਲ ਪੜ੍ਹਨ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਇਸਨੂੰ ਇੱਕ ਕੁਦਰਤੀ ਵਿਕਲਪ ਬਣਾਉਂਦਾ ਹੈ।

### ਇਕਸਾਰ, ਛੋਟੇ ਪੜ੍ਹਨ ਦੇ ਸੈਸ਼ਨ ਬਣਾਓ

ਹੌਲੀ-ਹੌਲੀ ਦਿਲਚਸਪੀ ਅਤੇ ਸਹਿਣਸ਼ੀਲਤਾ ਵਧਾਉਣ ਲਈ ਰੋਜ਼ਾਨਾ ਪੜ੍ਹਨ ਦੀਆਂ ਛੋਟੀਆਂ ਆਦਤਾਂ ਨਾਲ ਸ਼ੁਰੂਆਤ ਕਰੋ। ਕਾਮਿਕ ਸਟ੍ਰਿਪਸ, ਛੋਟੀਆਂ ਕਹਾਣੀਆਂ, ਜਾਂ ਦਿਨ ਵਿੱਚ ਇੱਕ ਅਧਿਆਇ ਨਾਲ ਸ਼ੁਰੂਆਤ ਕਰੋ। ਵੱਡੇ ਬੱਚਿਆਂ ਲਈ, ਇੱਕ ਕਿਤਾਬ ਨੂੰ ਇਸਦੇ ਫਿਲਮ ਜਾਂ ਟੀਵੀ ਰੂਪਾਂਤਰ ਨਾਲ ਜੋੜਨਾ ਰੁਝੇਵੇਂ ਨੂੰ ਵਧਾ ਸਕਦਾ ਹੈ ਅਤੇ ਸਰੋਤ ਸਮੱਗਰੀ ਨੂੰ ਪੜ੍ਹਨ ਲਈ ਪ੍ਰੇਰਣਾ ਪ੍ਰਦਾਨ ਕਰ ਸਕਦਾ ਹੈ।

### ਬੱਚਿਆਂ ਦੇ ਅਨੁਕੂਲ ਖ਼ਬਰਾਂ ਅਤੇ ਕਿਤਾਬ ਭਾਈਚਾਰਿਆਂ ਦੀ ਪੜਚੋਲ ਕਰੋ

ਕਿਸ਼ੋਰਾਂ ਲਈ, ਉਹਨਾਂ ਨੂੰ ਉਮਰ-ਮੁਤਾਬਕ ਖ਼ਬਰਾਂ ਦੇ ਸੰਸਕਰਣਾਂ, ਮਨਮੋਹਕ ਸਾਹਿਤਕ ਰਸਾਲਿਆਂ, ਅਤੇ ਭੌਕਠੋਕ ਵਰਗੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਪ੍ਰਸਿੱਧ ਕਿਤਾਬਾਂ ਦੀਆਂ ਸਿਫ਼ਾਰਸ਼ਾਂ ਨਾਲ ਜਾਣੂ ਕਰਵਾ । ਔਨਲਾਈਨ ਕਿਤਾਬ ਭਾਈਚਾਰਿਆਂ ਨਾਲ ਜੁੜਨਾ ਉਹਨਾਂ ਦੇ ਪੜ੍ਹਨ ਨੂੰ ਤਾਜ਼ਾ, ਦਿਲਚਸਪ ਅਤੇ ਉਹਨਾਂ ਦੇ ਸਾਥੀਆਂ ਦੀਆਂ ਰੁਚੀਆਂ ਨਾਲ ਜੋੜਿਆ ਜਾ ਸਕਦਾ ਹੈ।

ਪੜ੍ਹਨਾ ਬੱਚੇ ਦੇ ਸੰਪੂਰਨ ਵਿਕਾਸ ਅਤੇ ਵਿਕਾਸ ਲਈ ਬੁਨਿਆਦ ਹੈ। ਨਿਯਮਤ ਪਾਠਕ ਮਜ਼ਬੂਤ ਭਾਸ਼ਾਈ ਹੁਨਰ, ਵਧੀ ਹੋਈ ਇਕਾਗਰਤਾ, ਵਧੇਰੇ ਹਮਦਰਦੀ ਅਤੇ ਦੁਨੀਆ ਦੀ ਵਿਆਪਕ ਸਮਝ ਵਿਕਸਤ ਕਰਦੇ ਹਨ। ਜਿਨ੍ਹਾਂ ਬੱਚਿਆਂ ਨੂੰ ਪੜ੍ਹਨ ਦੀਆਂ ਮਜ਼ਬੂਤ ਆਦਤਾਂ ਵਿਕਸਤ ਹੁੰਦੀਆਂ ਹਨ, ਉਹ ਸਕੂਲ ਵਿੱਚ ਉੱਤਮ ਹੁੰਦੇ ਹਨ ਅਤੇ ਆਪਣੀ ਸਾਰੀ ਜ਼ਿੰਦਗੀ ਸਿੱਖਣ ਦਾ ਪਿਆਰ ਰੱਖਦੇ ਹਨ।

ਕਿਤਾਬਾਂ ਦੇ ਆਲੇ-ਦੁਆਲੇ ਇੱਕ ਨਿੱਘਾ ਅਤੇ ਉਤਸ਼ਾਹਜਨਕ ਮਾਹੌਲ ਪੈਦਾ ਕਰਕੇ, ਮਾਪੇ ਬੱਚਿਆਂ ਨੂੰ ਪੜ੍ਹਨ ਨੂੰ ਜ਼ਿੰਦਗੀ ਦੇ ਇੱਕ ਆਨੰਦਦਾਇਕ ਹਿੱਸੇ ਵਜੋਂ ਅਪਣਾਉਣ ਲਈ ਪ੍ਰੇਰਿਤ ਕਰ ਸਕਦੇ ਹਨ। ਸਾਂਝੀ ਪੜ੍ਹਾਈ, ਚੋਣ, ਅਸਲ-ਸੰਸਾਰ ਸਬੰਧਾਂ ਅਤੇ ਨਵੇਂ ਰੁਝਾਨਾਂ ਨੂੰ ਅਪਣਾਉਣ ਦੁਆਰਾ, ਅਸੀਂ ਬੱਚਿਆਂ ਨੂੰ ਭੌਤਿਕ ਕਿਤਾਬਾਂ ਦੀ ਸਥਾਈ ਖੁਸ਼ੀ ਨੂੰ ਮੁੜ ਖੋਜਣ ਅਤੇ ਕਦਰ ਕਰਨ ਵਿੱਚ ਮਦਦ ਕਰ ਸਕਦੇ ਹਾਂ।

# ਬਾ-ਮੁਲਾਹਜਾ ਹੋਸ਼ਿਆਰ !

## ਭਾਈ ਗੜਗੱਜ ਦੀ 'ਸੰਤੁਸ਼ਟੀ' ਕਿਤੇ ਬਰਾਸਤਾ 'ਗੁਰਬਚਨ ਸਿੰਘ ਮੁਆਫੀ' ਤੋਂ ਫਖਰੇ-ਕੌਮ ਦੀ ਵਾਪਸੀ ਤੱਕ ਨਾ ਪਹੁੰਚ ਜਾਵੇ !-ਦੁਪਾਲ ਪੁਰ



**ਸੈਨਹੋਜ਼ੇ-** ਲੰਘੇ 22 ਜੂਨ ਦੀਆਂ ਅਖਬਾਰਾਂ ਵਿਚ ਛਪੀ ਖਬਰ ਕਿ ਸੌਦਾ ਸਾਧ ਮੁਆਫੀ-ਨਾਮਾ ਕਾਂਡ ਵਿਚ ਗਿਆਨੀ ਗੁਰਬਚਨ ਸਿੰਘ ਦੇ ਸਾਥੀ ਰਹੇ ਗਿਆਨੀ ਗੁਰਮੁਖ ਸਿੰਘ ਨੂੰ ਮੁੜ ਸ੍ਰੀ ਅਕਾਲ ਤਖਤ ਸਾਹਿਬ ਦਾ ਹੈੱਡ ਗ੍ਰੰਥੀ ਬਹਾਲ ਕਰ ਦਿੱਤਾ ਗਿਆ ਹੈ,ਉੱਤੇ ਟਿੱਪਣੀ ਕਰਦਿਆਂ ਪ੍ਰਵਾਸੀ ਪੰਜਾਬੀ ਲੇਖਕ ਭਾਈ ਤਰਲੋਚਨ ਸਿੰਘ ਦੁਪਾਲ ਪੁਰ ਸਾਬਕਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਖਾਲਸਾ ਪੰਥ ਨੂੰ ਆਗਾਹ ਕੀਤਾ ਹੈ ਕਿ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਜਿਹੜੀ ਸੰਤੁਸ਼ਟੀ ਪ੍ਰਗਟਾਉਂਦਿਆਂ, ਤਨਖਾਹੀਏ ਕਰਾਰ ਦਿੱਤੇ ਗਏ ਗਿਆਨੀ ਗੁਰਮੁਖ ਸਿੰਘ ਨੂੰ ਬਹਾਲ ਕੀਤਾ ਹੈ, ਕਿਤੇ ਇਹ 'ਸੰਤੁਸ਼ਟੀ' ਵਧਦੀ ਵਧਦੀ ਗਿਆਨੀ ਗੁਰਬਚਨ ਸਿੰਘ ਨੂੰ ਮੁਆਫ ਕਰਦੀ ਹੋਈ ਮਰਹੂਮ ਪ੍ਰਕਾਸ਼ ਸਿੰਘ ਬਾਦਲ ਤੋਂ ਵਾਪਸ ਲਏ ਗਏ ਫਖਰੇ-ਕੌਮ ਐਵਾਰਡ ਦੀ ਮੁੜ ਵਾਪਸੀ ਤੱਕ ਨਾ ਜਾ ਪਹੁੰਚੇ!

ਆਪਣੇ ਲਿਖਤੀ ਬਿਆਨ ਵਿਚ ਭਾਈ ਦੁਪਾਲ ਪੁਰ ਨੇ ਸਿੱਖ ਸੰਗਤ ਨੂੰ ਦੋ ਦਸੰਬਰ 2024 ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਹੋਏ ਆਦੇਸ਼ਾਂ ਵੱਲ ਧਿਆਨ ਦਿਵਾਉਂਦਿਆਂ ਸਨਿਮਰ ਬੇਨਤੀ ਕੀਤੀ ਹੈ ਕਿ ਉਸ ਇਤਿਹਾਸਕ ਦਿਨ ਪੰਜ ਸਿੰਘ ਸਾਹਿਬਾਨ ਨੇ ਗਿਆਨੀ ਗੁਰਬਚਨ ਸਿੰਘ ਦੇ ਨਾਲ ਹੀ ਭਾਈ ਗੁਰਮੁਖ ਸਿੰਘ ਵਲੋਂ ਆਏ ਲਿਖਤੀ ਸਪਸ਼ਟੀਕਰਨਾਂ ਨੂੰ ਅਸਵੀਕਾਰ ਕਰਦਿਆਂ ਇਨ੍ਹਾਂ ਦੋਹਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਮੁੜ ਪੇਸ਼ ਹੋਣ ਲਈ ਕਿਹਾ ਗਿਆ ਸੀ।ਪਰ ਸਤਿਕਾਰਤ ਤਖਤਾਂ ਉੱਤੇ ਵਰਤੀ ਬਾਦਲ-ਗਰਦੀ ਤੋਂ ਬਾਅਦ ਦੋ ਦਸੰਬਰ ਵਾਲ਼ੇ ਸਿੰਘ ਸਾਹਿਬਾਨ ਨੂੰ ਬਦਲ ਕੇ ਭਾਈ ਗੜਗੱਜ ਨੂੰ ਕਾਰਜਕਾਰੀ ਜਥੇਦਾਰ ਬਣਾਇਆ ਗਿਆ,ਜਿਨ੍ਹਾਂ ਨੇ ਦੋ ਦਸੰਬਰ ਦੀ ਕਾਰਵਾਈ ਨੂੰ ਅਣਡਿੱਠ ਕਰਕੇ 'ਉਤਲਿਆਂ' ਦੀਆਂ ਇੱਛਾਵਾਂ ਪੂਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਜਾਪਦੀਆਂ ਹਨ।

ਭਾਈ ਦੁਪਾਲ ਪੁਰ ਨੇ ਬਿਆਨ ਦੇ ਅਖੀਰ ਵਿਚ ਲਿਖਿਆ ਹੈ ਕਿ ਬੇਸ਼ੱਕ ਦੇਸ਼ ਵਿਦੇਸ਼ ਵਿਚ ਵਸਦਾ ਸਿੱਖ ਜਗਤ ਪੰਥਕ ਕੇਂਦਰ ਉੱਤੇ ਵਰਤ ਰਹੇ ਬਾਦਲ-ਸ਼ਾਹੀ ਦੇ ਕਾਰਿਆਂ ਨੂੰ ਬਾਜ਼ ਨਜ਼ਰ ਦੇਖਦਾ ਆ ਰਿਹਾ ਹੈ।

ਫਿਰ ਵੀ ਕੌਮ ਦਰਦੀ ਹੋਣ ਨਾਤੇ ਪੰਥ ਨੂੰ ਆਗਾਹ ਕਰਦਿਆਂ ਸਨਿਮਰ ਅਰਜ ਕਰਦਾ ਹਾਂ ਕਿ ਜਥੇਦਾਰ ਸਾਹਿਬਾਨ ਦੀ ਕਥਿਤ ਅਦਲਾ-ਬਦਲੀ ਦੇ ਰਾਜ ਰੌਲ਼ੇ ਵਿਚ ਭਾਈ ਗੜਗੱਜ ਦੀ 'ਗਰਜ' ਕਿਤੇ ਬਾਦਲੀ-ਮਿਸ਼ਨ ਨੂੰ ਪੂਰਿਆਂ ਨਾ ਕਰ ਦੇਵੇ।ਇਹ ਵੀ ਖਦਸ਼ਾ ਹੈ ਕਿ ਇਹ 'ਸਾਜ਼ਿਸ਼ੀ ਸਿਲਸਿਲਾ' ਚਲਦਾ ਚਲਦਾ ਕਿਤੇ ਪੰਜ ਮੈਂਬਰੀ ਭਰਤੀ ਕਮੇਟੀ ਦਾ ਖਾਤਮਾ ਕਰਾਉਣ ਤੱਕ ਨਾ ਪਹੁੰਚ ਜਾਵੇ!

## ਜਨਮ ਦਿਵਸ ਤੇ ਵਿਸ਼ੇਸ਼

## ਗੁਰੂ ਹਰਗੋਬਿੰਦ ਸਾਹਿਬ ਜੀ

ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨੇ ਨਵੀਂ ਰੀਤ ਚਲਾਈ।
ਮੀਰੀ ਪੀਰੀ ਪਹਿਣ ਤਲਵਾਰਾਂ ਸਿੱਖੀ ਸ਼ਾਨ ਵਧਾਈ।

ਜਦ ਵੀ ਆਉਣਾ ਸਿੱਖੋ ਚੰਗੇ ਸ਼ਾਸਤਰ ਲੈਕੇ ਆਉਣਾ।
ਜ਼ੁਲਮ ਰੋਕਣ ਲਈ ਪੈਣਾ ਜ਼ਾਲਮ ਤਾਈਂ ਭਜਾਉਣਾ।

ਘੋੜ ਸਵਾਰੀ ਸਿੱਖੋ, ਨਾਲੇ ਸਿੱਖੋ ਹਥਿਆਰ ਚਲਾਉਣੇ।
ਲਵੋ ਟ੍ਰੈਨਿੰਗ ਸਾਰੇ ਸਿੱਖ ਸੂਰਮੇ ਜਾਂਬਾਜ਼ ਬਣਾਉਣੇ।

ਜੰਗਲਾਂ ਦੇ ਵਿੱਚ ਜਾ ਤੁਸੀਂ ਸਿੱਖੋ ਨਿਸ਼ਾਨੇ ਲਾਉਣੇ।
ਕਰਨੇ ਪੈਣੇ ਦੋ ਹੱਥ ਉਂਜ ਜ਼ਾਲਮ ਸੂਤ ਨੀ ਆਉਣੇ।

ਜੰਗਲ ਵਿੱਚ ਸ਼ਿਕਾਰ ਖੇਡਦਿਆਂ ਸ਼ੇਰ ਸਾਹਮਣੇ ਆਇਆ।
ਗੁਰੂ ਸਾਹਿਬ ਨੇ ਉਹਨੂੰ ਪਹਿਲੇ ਹੱਲੇ ਮਾਰ ਮੁਕਾਇਆ।

ਦਰਬਾਰ ਸਾਹਿਬ ਦੇ ਮੂਹਰੇ ਗੁਰੂ ਨੇ ਥੜ੍ਹਾ ਬਣਾਕੇ।
ਮਸਲੇ ਹੱਲ ਲੋਕਾਂ ਦੇ ਕਰਦੇ ਗੁਰੂ ਦਰਬਾਰ ਲਗਾਕੇ।

ਇੰਜ਼ ਗੁਰੂ ਨੇ ਚਾਰ ਜੰਗਾਂ ਜਿੱਤੀਆਂ ਕਰਕੇ ਹੱਥ ਕਰਾਰੇ।
ਬਣੇ ਵੱਡੇ ਨਾਢੂ ਖਾਂ ਦੁਸ਼ਮਣ,ਸਾਰੇ ਗੁਰੂ ਸਾਹਿਬ ਤੋਂ ਹਾਰੇ।

ਨਾ ਕਿਸੇ ਤੋਂ ਡਰਿਆ ਸਤਿਗੁਰ,ਨਾਹੀ ਕਿਸੇ ਡਰਾਇਆ।
'ਮੇਜਰ' ਮਾਰ ਖ਼ਾਕੇ ਮੁੜਿਆ, ਜੋ ਵੀ ਚੜ੍ਹਕੇ ਆਇਆ।

**ਮੇਜਰ ਸਿੰਘ 'ਬੁਢਲਾਡਾ'**
94176 42327

# 'ਬੰਦਾ ਸਿੰਘ ਬਹਾਦਰ'

ਜਦ 'ਬੰਦੇ' ਲਛਮਣ ਦਾਸ ਨੇ,
ਇਕ ਹਿਰਨੀ ਦਾ ਕੀਤਾ ਸ਼ਿਕਾਰ।
ਉਹਦੇ ਪੇਟੋਂ ਦੋ ਬੱਚੇ ਵਿਚੋਂ ਨਿਕਲੇ,
ਉਹਨੇ ਕੀਤਾ ਜਦ ਚੀਰ ਫਾੜ।
ਅੱਖਾਂ ਸਾਹਮਣੇ ਤੜਫਦੇ ਮਰ ਗਏ,
ਜੋ ਨਾ 'ਬੰਦੇ' ਤੋਂ ਹੋਏ ਸਹਾਰ।
ਇਹਨੂੰ ਐਸਾ ਪਛਤਾਵਾ ਹੋਇਆ,
'ਬੰਦਾ' ਛੱਡਕੇ ਆਪਣਾ ਘਰ-ਬਾਰ।
ਸੰਗਤ ਸਾਧੂਆਂ ਦੀ ਕਰਨ ਲੱਗਿਆ,
'ਜਾਨਕੀ' ਦਾਸ ਦਾ ਹੋਇਆ ਸੇਵਾਦਾਰ।
ਉਹਨੇ ਨਾਮ ਬਦਲ ਕੇ 'ਮਾਧੋ ਦਾਸ' ਰੱਖਤਾ,
ਲੱਗੇ ਤੁਰ ਫਿਰਕੇ ਕਰਨ ਪ੍ਰਚਾਰ।
ਮਾਧੋ ਫਿਰ 'ਰਾਮ ਥੰਮਣ' ਡੇਰੇ ਪਹੁੰਚਿਆ,
ਜਿਥੇ ਅਨੇਕਾਂ ਮੰਡਲੀਆਂ ਕੀਤਾ ਉਤਾਰ।
ਫਿਰ 'ਮਾਧੋ', ਜੋਗੀ 'ਔਘੜ' ਨਾਥ ਦੇ,
ਕਹਿੰਦੇ ਆ ਗਿਆ ਵਿੱਚ ਦਰਬਾਰ।
ਇਥੇ ਰਿੱਧੀਆਂ ਸਿੱਧੀਆਂ ਸਿੱਖੀਆਂ,
ਇਹਨਾਂ ਵਿੱਚ ਹੋ ਗਿਆ ਪੂਰਾ ਮਾਹਿਰ।
ਫਿਰ ਇਥੋਂ ਚਾਲੇ ਪਾਏ ਦਿੱਤੇ,
ਜਦ 'ਔਘੜ ਨਾਥ' ਛੱਡ ਗਿਆ ਸੰਸਾਰ।
'ਮਾਧੋ' ਨੇ ਨੰਦੇੜ ਨੇੜੇ ਕੁਟੀਆ ਪਾ ਲਈ,
ਜ਼ੋ ਗ ਈ ਮੱਠ ਦਾ ਰੂਪ ਧਾਰ।
ਇਥੇ ਲੋਕ ਆਉਣ ਲੱਗ ਪਏ,
ਕਹਿੰਦੇ ਦੂਰੋਂ ਦੂਰੋਂ ਬੇਸ਼ੁਮਾਰ।
'ਮਾਧੋ' ਐਨਾ ਮਸ਼ਹੂਰ ਹੋ ਗਿਆ,
ਇਹਨੂੰ ਹੋ ਗਿਆ ਬਹੁਤ ਹੰਕਾਰ।
ਜਦ ਪਤਾ ਲੱਗਾ 'ਗੁਰੂ ਗੋਬਿੰਦ' ਨੂੰ,
ਡੇਰੇ 'ਮਾਧੋ' ਦੇ ਗਿਆ ਪਧਾਰ।
'ਮਾਧੋ' ਦੇ ਜਾ ਪਲੰਘ ਤੇ ਬੈਠ ਗਿਆ,
ਚੇਲੇ 'ਮਾਧੋ' ਦੇ ਹੈਰਾਨ ਬੇਸ਼ੁਮਾਰ।
ਸਿੰਘਾਂ ਵੈਸ਼ਨੂੰ ਡੇਰੇ ਦੇਗਾ ਚਾੜ੍ਹਿਆ,
ਭੋਜਨ ਕਰਨ ਲ ਈ ਕਰ ਸ਼ਿਕਾਰ।
ਚੇਲੇ ਭੱਜੇ ਗ ਏ ਕੋਲ 'ਮਾਧੋ' ਦਾਸ ਦੇ,
ਸਾਰੀ ਦੱਸੀ ਗੱਲ ਉਚਾਰ।
'ਮਾਧੋ ਦਾਸ' ਜਦ ਡੇਰੇ ਪਹੁੰਚਿਆ,
ਦਰਸ਼ਨ ਹੋਣ ਤੇ ਗੁੱਸਾ ਫਰਾਰ।
'ਮਾਧੋ' ਵਿੱਚ ਪਲਾਂ ਦੇ ਬਦਲਿਆ,
ਸਾਂਝੇ 'ਗੁਰੂ' ਨਾਲ ਕਰ ਵਿਚਾਰ।
ਕਹਿੰਦਾ ਮੈਂ ਤੇਰਾ 'ਬੰਦਾ' ਬਖ਼ਸ਼ ਦਿਉ,
ਅੱਜ ਤੋਂ ਤੁਹਾਡਾ ਹਾਂ ਆਗਿਆਕਾਰ।
'ਮਾਧੋ' 'ਗੁਰੂ' ਦਾ ਸਿੰਘ ਸਜ ਗਿਆ,
ਉਹਨੇ ਸਿੱਖੀ ਲਈ ਫਿਰ ਧਾਰ।
'ਗੁਰੂ' ਨੇ ਸਾਰੀ ਗੱਲ ਸਮਝਾ ਦਿੱਤੀ,
ਕਿਵੇਂ ਹੋ ਰਿਹਾ ਅਤਿਆਚਾਰ।
ਕਿਵੇਂ ਸ਼ਹੀਦ ਕੀਤਾ 'ਗੁਰੂਆਂ' ਨੂੰ,
ਕਿਵੇਂ ਬੱਚੇ ਚਿੰਣੇ ਨੀਹਾਂ ਵਿੱਚਕਾਰ।
'ਬੰਦੇ' ਦਾ ਸੁਣਕੇ ਖੂਨ ਖੌਲਿਆ,
ਅੱਖਾਂ ਚਮਕਣ ਵਾਂਗ ਅੰਗਿਆਰ।
'ਗੁਰੂ' ਨੇ ਤੋਰਿਆ 'ਬੰਦਾ' ਪੰਜਾਬ ਨੂੰ,
ਹਰ ਪੱਖੋਂ ਕਰਕੇ ਤਿਆਰ-ਬਰ-ਤਿਆਰ।
ਬੰਦੇ ਨੇ ਇਕੱਠੇ ਕਰਲੈ ਸਿੱਖ ਸੂਰਮੇ,
ਸਾਰੇ ਗੁਰੂ ਹੁਕਮ ਅਨੁਸਾਰ।
ਦੁਸ਼ਮਣ ਦੀਆਂ ਜੜ੍ਹਾਂ ਹਿਲਾ ਤੀਆਂ,
ਐਸੀ ਕੀਤੀ ਮਾਰੋ-ਮਾਰ।
ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ,
ਸਾਰੇ ਮੱਚ ਗਈ ਹਾਹਾਕਾਰ।
ਕਈ ਸ਼ਾਹੀ ਖਜ਼ਾਨੇ ਲੁੱਟ ਲਏ ,
ਨਾਲੇ ਲੁੱਟੇ ਖ਼ੂਬ ਹਥਿਆਰ।
ਕ ਈ ਰਾਜਾਂ ਤੇ ਕਬਜ਼ਾ ਕਰ ਲਿਆ ,
ਮੁਖੀ ਬਣਾਏ ਸਿੰਘ ਸਰਦਾਰ।
ਇਕ ਦਿਨ ਦੁਸ਼ਮਣ ਦੇ ਕਾਬੂ ਆ ਗਿਆ,
ਭਾਵੇਂ ਬੰਦਾ ਸਿੰਘ ਸੀ ਤੇਜ ਤਰਾਰ।
ਦੁਸ਼ਮਣ ਨੇ ਨਾਲ ਜੰਬੂਰਾਂ ਨੋਚਿਆ,
ਜਦ ਈਨ ਮੰਨਣ ਤੋਂ ਕੀਤਾ ਇਨਕਾਰ।
'ਮੇਜਰ' ਬੇਹੱਦ ਤਸੀਹੇ ਦੇਕੇ,
'ਬੰਦਾ' ਸ਼ਹੀਦ ਕੀਤਾ ਆਖਰਕਾਰ।

**ਮੇਜਰ ਸਿੰਘ 'ਬੁਢਲਾਡਾ'**
94176 42327

# ਭੌਂ ਗਰਭ ਚੋਂ ਪਾਣੀ ਘਟਣਾ ਗੰਭੀਰ ਚਿੰਤਾ ਦਾ ਵਿਸ਼ਾ, ਪੰਜਾਬੀਓ ਸੰਭਲ ਜਾਓ ਅਤੇ ਸੁਧਾਰ ਲਈ ਸਾਂਝਾ ਹੰਭਲਾ ਮਾਰੀਏ




ਇੰਜੀਨੀਅਰ ਸਤਨਾਮ ਸਿੰਘ ਮੱਟੂ
9779708257

ਪਾਣੀ ਬਿਨਾਂ ਧਰਤੀ ਤੇ ਮਨੁੱਖੀ ਜੀਵਣ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਮਨੁੱਖੀ ਸਰੀਰ ਵੀ 80% ਪਾਣੀ ਦਾ ਬਣਿਆ ਹੋਣ ਕਰਕੇ ਇਸਨੂੰ ਵਿਦਵਾਨਾਂ ਨੇ ਪਾਣੀ ਦਾ ਬੁਲਬਲਾ ਕਿਹਾ ਹੈ। ਗੁਰਬਾਣੀ ਵਿੱਚ ਵੀ ਗੁਰੂ ਸਾਹਿਬ ਨੇ ਪਾਣੀ ਦੀ ਮਹੱਤਤਾ ਨੂੰ ਬਿਆਨ ਕਰਦਿਆਂ ਲਿਖਿਆ ਹੈ,"ਪਹਿਲਾਂ ਪਾਣੀ ਜੀ ਹੈ, ਜਿਤੁ ਹਰਿਆ ਸਭ ਕੋਇ॥"
ਗੁਰੂ ਸਾਹਿਬ ਨੇ ਪਾਣੀ ਨੂੰ ਪਿਤਾ ਦਾ ਦਰਜਾ ਦੇਕੇ
"ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ"

ਸਲੋਕ ਨਾਲ ਇਸਦੀ ਜੀਵਣ ਪ੍ਰਤੀ ਜਰੂਰਤ ਨੂੰ ਪ੍ਰਮਾਣਿਤ ਕੀਤਾ ਹੈ। ਮਨੁੱਖਤਾ ਦੇ ਦਿਨ ਦੀ ਸ਼ੁਰੂਆਤ ਪਾਣੀ ਨਾਲ ਹੀ ਹੁੰਦੀ ਹੈ।ਗੁਰੂ ਸਾਹਿਬ ਨੇ ਜਪੁਜੀ ਸਾਹਿਬ ਵਿੱਚ ਮਹੱਤਤਾ ਤੇ ਮੋਹਰ ਲਗਾਈ ਹੈ;
"ਭਰੀਐ ਹਾਥੁ ਪੈਰੁ ਤਨੁ ਦੇਹ
ਪਾਣੀ ਧੋਤੈ ਉਤਰਸੁ ਖੇਹ ॥"

ਪਰ ਮਨੁੱਖ ਨੇ ਲਾਲਚਵੱਸ ਕੁਦਰਤੀ ਦਾਤਾਂ ਨੂੰ ਬੇਰਹਿਮੀ ਨਾਲ ਖਤਮ ਕਰਨ ਅਤੇ ਪ੍ਰਦੂਸ਼ਿਤ ਕਰਨ ਚ ਕੋਈ ਕਸਰ ਬਾਕੀ ਨਹੀਂ ਛੱਡੀ।ਵਿੱਤੋਂ ਬਾਹਰ ਇੱਛਾਵਾਂ ਦੀ ਪੂਰਤੀ ਲਈ ਹਰ ਜਾਇਜ ਨਜਾਇਜ਼ ਹਰਬਾ ਵਰਤ ਕੇ ਅਤੇ ਕੁਦਰਤੀ ਅਮਾਨਤਾਂ ਪ੍ਰਤੀ ਬੇਪਰਵਾਹੀ ਵਰਤ ਕੇ ਫੈਕਟਰੀਆਂ ਦਾ ਰਸਾਇਣ ਭਰਪੂਰ ਪਾਣੀ,ਰਸਾਇਣਕ ਪਦਾਰਥਾਂ ਦੀ ਲੋੜੋਂ ਵੱਧ ਵਰਤੋਂ, ਸੀਵਰੇਜ ਦਾ ਬਿਨਾਂ ਸ਼ੁੱਧੀਕਰਣ ਤੋਂ ਪਾਣੀ, ਧੂੰਆਂ, ਖਾਦਾਂ, ਕੀੜੇ ਮਾਰ ਦਵਾਈਆਂ, ਵਾਹਨਾਂ ਦਾ ਧੂੰਆਂ, ਪਲਾਸਟਿਕ ਲਿਫਾਫੇ ਆਦਿ ਨਾਲ ਵਾਤਾਵਰਨ, ਪਾਣੀ ਅਤੇ ਧਰਤੀ ਨੂੰ ਪ੍ਰਦੂਸ਼ਿਤ ਕਰ ਦਿੱਤਾ ਹੈ। ਸਿੱਟੇ ਵਜੋਂ ਮਨੁੱਖ ਨੇ ਆਪਣੀ ਖੁਸ਼ਹਾਲ ਜਿੰਦਗੀ ਜਿਉਣ ਦੇ ਲਾਲਚ ਆਪਣੀ ਮੌਤ ਆਪ ਸਹੇੜ ਭਵਿੱਖ ਅਤੇ ਪੀੜ੍ਹੀਆਂ ਲਈ ਖਤਰਾ ਪੈਦਾ ਕਰ ਦਿੱਤਾ ਹੈ ਅਤੇ ਕੁਦਰਤ ਨਾਲ ਖਿਲਵਾੜ ਕਰਕੇ "ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ" ਵਾਲੀ ਸਥਿਤੀ ਪੈਦਾ ਕਰ ਲਈ ਹੈ।

ਜਿਵੇਂ ਉੱਪਰ ਜ਼ਿਕਰ ਕੀਤਾ ਹੈ ਪਾਣੀ ਬਿਨਾਂ ਜੀਵਨ ਦੀ ਹੋਂਦ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ,ਪਰ ਅਸੀਂ ਪਾਣੀ ਨੂੰ ਜ਼ਹਿਰੀਲਾ ਵੀ ਕਰ ਲਿਆ ਹੈ ਅਤੇ ਖਾਤਮੇ ਦੇ ਕਾਗਾਰ ਤੇ ਵੀ ਲੈ ਆਂਦਾ ਹੈ। ਪੂਰੀ ਦੁਨੀਆਂ ਵਿੱਚ ਨੂੰ ਪਾਣੀ ਸੰਭਾਲਣ ਅਤੇ ਨਜ਼ਾਇਜ਼ ਵਰਤੋਂ ਤੋਂ ਸੰਕੋਚ ਦੀਆਂ ਅਪੀਲਾਂ ਵਿਅੱਰਥ ਹੁੰਦੀਆਂ ਜਾਪ ਰਹੀਆਂ ਹਨ। ਪੰਜਾਬ ਵਿੱਚ ਤਾਂ ਪਾਣੀ ਦਾ ਸੰਕਟ ਹੋਰ ਵੀ ਗੰਭੀਰ ਹੁੰਦਾ ਜਾਪ ਰਿਹਾ ਹੈ। ਪਿਛਲੇ ਕਈ ਦਹਾਕਿਆਂ ਤੋਂ ਹਰੀ ਕ੍ਰਾਂਤੀ ਦੀ ਆੜ ਚ ਅੱਖਾਂ ਮੀਚ ਧਰਤੀ ਹੇਠਲੇ ਪਾਣੀ ਨੂੰ ਬੇਰੋਕ ਕੱਢ ਆਪਣਾ ਸੋਮਾ ਖਤਮ ਕਰ ਲਿਆ ਹੈ।ਸਾਡੇ ਬਜ਼ੁਰਗ ਦਾਦਿਆਂ ਨੇ ਖੂਹਾਂ ਚੋਂ, ਪਿਤਾ ਨੇ ਨਲਕਿਆਂ ਤੋਂ ਅਤੇ ਅਸੀਂ ਸਬਮਰਸੀਬਲ ਮੋਟਰਾਂ ਤੋਂ ਪੀਣਾ ਪੀਤਾ ਹੈ ਅਤੇ ਅਗਲੀ ਪੀੜ੍ਹੀ ਬੋਤਲਾਂ ਚੋਂ ਪਾਣੀ ਪੀਆ ਕਰੇਗੀ। ਧਰਤੀ ਉੱਤੇ 70.8% ਪਾਣੀ ਦੀ ਮਾਤਰਾ ਮੌਜੂਦ ਹੈ। ਇਸਦਾ 97.5% ਹਿੱਸਾ ਖਾਰੇ ਪਾਣੀ ਦੇ ਰੂਪ ਚ ਸਮੁੰਦਰਾਂ ਚ, 1.5% ਪਹਾੜਾਂ ਤੇ ਗਲੇਸ਼ੀਅਰ ਦੇ ਰੂਪ ਚ ਅਤੇ ਸਿਰਫ 1% ਪੀਣਯੋਗ ਪਾਣੀ ਨਦੀਆਂ, ਝਰਨਿਆਂ ਅਤੇ ਧਰਤੀ ਹੇਠ ਹੈ। ਇਸ 1% ਪੀਣਯੋਗ ਪਾਣੀ ਦਾ 60% ਉਦਯੋਗਾਂ ਅਤੇ ਖੇਤੀਬਾੜੀ ਲਈ ਵਰਤਿਆ ਜਾਂਦਾ ਹੈ, ਜਦਕਿ 40% ਘਰੇਲੂ ਅਤੇ ਹੋਰ ਲੋੜਾਂ ਲਈ ਵਰਤੋਂ ਚ ਆਉਂਦਾ ਹੈ। ਇਸ ਵੇਲੇ ਪੰਜਾਬ ਦੀ 72 ਫੀਸਦੀ ਖੇਤੀ ਟਿਊਬਵੈੱਲ ਅਧਾਰਿਤ ਸਿੰਚਾਈ ਤੇ ਅਤੇ ਸਿਰਫ 28 ਫੀਸਦੀ ਨਹਿਰੀ ਪਾਣੀ ਤੇ ਨਿਰਭਰ ਹੈ। ਧਰਤੀ ਹੇਠਲੇ ਪਾਣੀ ਵਿੱਚ ਤੇਜ਼ਾਬੀ ਤੱਤਾਂ ਫਲੋਰਾਈਡ,ਯੂਰੇਨੀਅਮ, ਪਾਰਾ, ਕੈਲਸ਼ੀਅਮ, ਮੈਗਨੀਸ਼ੀਅਮ, ਆਰਸੈਨਿਕ, ਸਾਲਟ, ਕਾਰਬੋਨੇਟਸ, ਸਲਫੇਟਸ, ਨਾਈਟਰੇਟਸ, ਪਾਰਾ ਆਦਿ ਦੀ ਬਹੁਤਾਤ ਨੇ ਪਾਣੀ ਨੂੰ ਤੇਜ਼ਾਬੀ ਹੀ ਨਹੀਂ ਬਣਾਇਆ ਬਲਕਿ ਨਾਪੀਣਯੋਗ ਕਰ ਦਿੱਤਾ ਹੈ। ਜੇਕਰ ਅੰਕੜਿਆਂ ਤੇ ਗੌਰ ਕਰੀਏ ਤਾਂ 1984 ਵਿੱਚ ਪੰਜਾਬ ਦੇ ਸਿਰਫ 53 ਬਲਾਕਾਂ ਦਾ ਪਾਣੀ ਦੂਸ਼ਿਤ ਕਰਾਰ ਦਿੱਤਾ ਗਿਆ ਸੀ। ਪਰ 1995 ਚ ਗਿਣਤੀ 84 ਦਾ ਅੰਕੜਾ ਪਾਰ ਹੋ ਗਿਆ ਸੀ ਅਤੇ 2008 ਵਿੱਚ ਇਹ ਗਿਣਤੀ ਵਧਕੇ 108 ਹੋ ਗਈ, ਹੁਣ 108 ਬਲਾਕਾਂ ਦਾ ਪਾਣੀ ਨਾਪੀਣਯੋਗ ਹੈ। ਇਹ ਸਾਰੇ ਬਲਾਕ "ਡਾਰਕ ਜ਼ੋਨ" ਕਰਾਰ ਦੇ ਦਿੱਤੇ ਗਏ ਸਨ।ਪਰ ਹੁਣ ਪੰਜਾਬ ਦੇ 147 ਬਲਾਕ ਹੀ ਡਾਰਕ ਜ਼ੋਨ ਚ ਹਨ। ਕਿਉਂਕਿ ਔਸਤਨ 200 ਫੁੱਟ ਤੱਕ ਧਰਤੀ ਹੇਠਲਾ ਪਾਣੀ ਪੀਣ ਯੋਗ ਨਹੀਂ ਰਿਹਾ ਹੈ। ਇਸ ਨਾਲ ਪੀਣਯੋਗ ਪਾਣੀ ਦੀ ਗੰਭੀਰ ਸਮੱਸਿਆ ਖੜੀ ਹੋ ਗਈ ਹੈ।




1980 ਵਿੱਚ ਪੰਜਾਬ ਦੇ ਕੇਵਲ 3712 ਪਿੰਡ ਅਸ਼ੁੱਧ ਪਾਣੀ ਦੀ ਸਮੱਸਿਆ ਨਾਲ ਪੀੜਤ ਸਨ, ਪਰ ਹੁਣ ਪੰਜਾਬ ਦੇ 12581 ਚੋਂ 11849 ਪਿੰਡ ਤੇਜ਼ਾਬੀ ਕਾਰਕਾਂ ਨਾਲ ਦੂਸ਼ਿਤ ਪਾਣੀ ਦੀ ਸਮੱਸਿਆ ਨਾਲ ਜੂਝ ਰਹੇ ਹਨ।ਵਿਗਿਆਨ ਅਤੇ ਵਾਤਾਵਰਣ ਸਟੱਡੀ ਅਤੇ ਪੀ ਜੀ ਆਈ ਚੰਡੀਗੜ੍ਹ ਦੇ ਸਰਵੇਖਣ ਅਨੁਸਾਰ ਖੇਤੀਬਾੜੀ ਦੀ ਪੈਦਾਵਾਰ ਵਧਾਉਣ ਲਈ ਵਰਤੇ ਜਾਂਦੇ ਕੀਟ ਨਾਸ਼ਕ ਅਤੇ ਰਸਾਇਣਾਂ ਦਾ ਅਸਰ ਸਾਡੇ ਖਾਧ ਪਦਾਰਥਾਂ ਅਤੇ ਪਾਣੀ ਚ ਤੇਜ਼ਾਬੀ ਤੱਤਾਂ ਦੀ ਮਾਤਰਾ ਮਿਕਦਾਰ ਤੋਂ ਬਹੁਤ ਜਿਆਦਾ ਹੈ।ਮਨੁੱਖੀ ਖ਼ੂਨ ਦੇ ਟੈਸਟਾਂ 'ਚ ਵੀ ਕੀਟਨਾਸ਼ਕ ਦਵਾਈਆਂ ਦੇ ਤੱਤ ਪਾਏ ਗਏ ਹਨ। ਸਿੱਟੇ ਵਜੋਂ ਹੈਪੈਟਾਈਟਸ, ਮੈਸਟਰੌਨਿਕਸ, ਜੋੜ ਦਰਦ, ਦਮਾ, ਕੈਂਸਰ, ਖਾਂਸੀ ਆਦਿ ਨਾਮੁਰਾਦ ਬਿਮਾਰੀਆਂ ਨੇ ਪੰਜਾਬੀਆਂ ਨੂੰ ਆਪਣੀ ਜਕੜ ਚ ਲੈ ਲਿਆ ਹੈ। ਦਿਲ ਕੰਬਾਊ ਰਿਪੋਰਟਾਂ ਦੇ ਬਾਵਜੂਦ ਵੀ ਸਭ ਤੋਂ ਵੱਡੀ ਤਰਾਸਦੀ ਇਹ ਹੈਕਿ ਲੋਕ ਨਿੱਜੀ ਸਬਮਰਸੀਬਲਾਂ ਦਾ ਅਸ਼ੁੱਧ ਪਾਣੀ ਪੀ ਰਹੇ ਹਨ।

ਪਾਣੀ ਵਿੱਚ ਤੇਜ਼ਾਬੀ ਅਸ਼ੁੱਧੀਆਂ ਦਾ ਕਾਰਨ ਫੈਕਟਰੀਆਂ ਦਾ ਤੇਜ਼ਾਬੀ ਪਾਣੀ, ਖੇਤੀਬਾੜੀ ਚ ਤੇਜ਼ਾਬੀ ਖਾਦਾਂ ਅਤੇ ਪੈਸਟੀਸਾਈਡ ਦੀ ਜਰੂਰਤ ਤੋਂ ਵੱਧ ਵਰਤੋਂ ਨੇ ਪੀਣ ਵਾਲੇ ਪੀਣ ਪਾਣੀ ਦਾ ਪ੍ਰਦੂਸ਼ਿਤ ਮਾਦਾ ਬਣਾ ਦਿੱਤਾ ਹੈ। ਇਸਦੇ ਬਾਵਜੂਦ ਵੀ ਇਹ ਵਰਤਾਰਾ ਅਤੇ ਮਨੁੱਖੀ ਜ਼ਿੰਦਗੀ ਨਾਲ ਖਿਲਵਾੜ ਲਗਾਤਾਰ ਜ਼ਾਰੀ ਹੈ।

ਦੂਸਰੇ ਪਾਸੇ ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਗਿਰ ਰਿਹਾ ਹੈ। ਅੰਕੜਿਆਂ ਤੇ ਨਜ਼ਰ ਮਾਰੀਏ ਤਾਂ 1973 ਚ ਪੰਜਾਬ ਦਾ ਸਿਰਫ 3% ਖੇਤਰ ਚ ਧਰਤੀ ਥੱਲੇ ਪਾਣੀ ਦਾ ਪੱਧਰ 10 ਮੀਟਰ ਸੀ ,1989 ਚ ਇਹ 14.9%, 1992 ਚ 20%, 2000 'ਚ 53%, 2002 'ਚ 76%, 2004 'ਚ 90% ਪਹੁੰਚ ਗਿਆ ਸੀ ਅਤੇ ਜੋ ਹੁਣ 100% ਹੋ ਗਿਆ ਹੈ। ਹੁਣ ਪੂਰੇ ਪੰਜਾਬ ਚ ਪਾਣੀ ਦਾ ਪੱਧਰ ਔਸਤਨ 21 ਮੀਟਰ ਤੋਂ ਵੀ ਜਿਆਦਾ ਹੈ।ਪੰਜਾਬ ਦੇ ਕਈ ਖੇਤਰਾਂ ਚ 400 ਮੀਟਰ ਡੂੰਘੇ ਟਿਊਬਵੈੱਲ ਲੱਗਣੇ ਸ਼ੁਰੂ ਹੋ ਗਏ ਹਨ।ਪਹਿਲਾਂ ਪਾਣੀ ਖੂਹਾਂ ਚੋਂ ਮੁੱਕਿਆ, ਫੇਰ ਨਲਕਿਆਂ ਦੀ ਪਹੁੰਚ ਤੋਂ ਦੂਰ ਹੋਇਆ। ਲੋਕਾਂ ਨੇ 50 ਫੁੱਟ ਡੂੰਘੀਆਂ ਖੂਹੀਆਂ ਚ ਟਿਊਬਵੈਲ ਚਲਾਏ, ਅੰਤ ਸਭ ਵਿਅਰਥ।ਫਿਰ ਸਬਮਰਸੀਬਲ ਮੋਟਰਾਂ ਦਾ ਦੌਰ ਸ਼ੁਰੂ ਹੋਇਆ ,ਅੰਤ ਕਦੋ ਤੱਕ ਇਹ ਵੀ ਪਾਣੀ ਕੱਢਣਗੀਆਂ। ਅਖੀਰ ਹੋਰਨਾਂ ਸਾਧਨਾਂ ਵਾਂਗ ਇੱਕ ਦਿਨ ਪਾਣੀ ਇਹਨਾਂ ਦੀ ਪਹੁੰਚ ਵਿੱਚ ਵੀ ਨਹੀਂ ਰਹੇਗਾ। ਭਾਰਤ ਵਿੱਚ 1951 ਵਿੱਚ ਪ੍ਰਤੀ ਵਿਅਕਤੀ 5.77 ਘਣ ਮੀਟਰ ਉੱਪਲੱਬਧ ਸੀ, ਪਰ 2025 ਵਿੱਚ ਇਹ ਘਟ ਕੇ 1941 ਘਣ ਮੀਟਰ ਰਹਿ ਜਾਵੇਗੀ। ਪਾਣੀ ਦੀ ਕੰਢੀ ਏਰੀਏ ਅਤੇ ਪਟਿਆਲਾ ਜਿਲ੍ਹੇ ਦੇ ਘੱਗਰ ਨਾਲ ਲੱਗਦੇ ਇਲਾਕਿਆਂ ਦੀ ਸਥਿਤੀ ਹੋਰ ਵੀ ਗੰਭੀਰ ਹੈ।ਪਟਿਆਲਾ ਜਿਲ੍ਹੇ ਦੇ ਬਨੂੜ ਖੇਤਰ, ਬਲਾਕ ਘਨੌਰ, ਭੁੱਨਰਹੇੜੀ, ਸਮਾਣਾ ਅਤੇ ਪਾਤੜਾਂ ਬਲਾਕਾਂ ਚ ਪੰਜ ਦਰਾ, ਸਤਲੁਜ ਯਮੁਨਾ ਲਿੰਕ ਨਹਿਰ ਅਤੇ ਘੱਗਰ ਨੇ ਧਰਤੀ ਹੇਠਲੇ ਪਾਣੀ ਨੂੰ ਤੇਜ਼ਾਬੀ ਅਸ਼ੁੱਧੀਆਂ ਨਾਲ ਭਰਪੂਰ ਕਰ ਦਿੱਤਾ ਹੈ, ਕਿਉਂਕਿ ਖਰੜ, ਮੋਹਾਲੀ, ਪੰਚਕੂਲਾ, ਪ੍ਰਮਾਣੂ, ਕਾਲਕਾ ,ਪਿੰਜੌਰ ਅਤੇ ਚੰਡੀਗੜ੍ਹ ਦਾ ਸੀਵਰੇਜ ਦਾ ਪਾਣੀ ਇਹਨਾਂ ਵਿੱਚ ਛੱਡਿਆ ਜਾ ਰਿਹਾ ਹੈ। ਇਸ ਖੇਤਰ ਪਾਣੀ ਦਾ ਪੱਧਰ ਔਸਤਨ 60 ਮੀਟਰ ਹੈ ਅਤੇ ਧਰਤੀ ਹੇਠ ਪਾਣੀ ਵੀ ਬਹੁਤ ਘੱਟ ਹੈ।ਕਿਸਾਨ ਆਪਣੀਆਂ ਫਸਲਾਂ ਨੂੰ ਸਿੰਜਣ ਲਈ ਇਹਨਾਂ 'ਚੋਂ ਤੇਜ਼ਾਬੀ ਪਾਣੀ ਚੁੱਕ ਕੇ ਵਰਤੋਂ ਚ ਲਿਆਉਂਦੇ ਹਨ,ਜਿਸ ਨਾਲ ਇਸਦਾ ਕੁੱਝ ਹਿੱਸਾ ਧਰਤੀ ਹੇਠ ਜਾਕੇ ਧਰਤੀ ਹੇਠਲੇ ਪਾਣੀ ਅਤੇ ਜਮੀਨ ਨੂੰ ਤੇਜ਼ਾਬੀ ਕਰ ਰਹੇ ਹਨ, ਜੋ ਇੱਕ ਬਹੁਤ ਹੀ ਗੰਭੀਰ ਅਤੇ ਚਿੰਤਾਜਨਕ ਵਿਸ਼ਾ ਹੈ। ਇਸ ਖੇਤਰ ਚ ਕੈਂਸਰ ਵਰਗੀਆਂ ਬਿਮਾਰੀਆਂ ਦੇ ਸ਼ਿਕਾਰ ਹੋਣ ਨਾਲ ਮਨੁੱਖਤਾ ਦਾ ਘਾਣ ਹੋ ਰਿਹਾ ਹੈ।

ਲੋਕਾਂ ਨੇ ਸ਼ੁੱਧ ਪਾਣੀ ਲਈ ਘਰਾਂ 'ਚ ਆਰ. . ਲਗਵਾ ਕੇ ਪੀਣ ਦੇ ਪਾਣੀ ਦੀ ਪੂਰਤੀ ਤਾਂ ਕਰ ਲਈ ਹੈ, ਪਰ ਇਸ ਵਿਚਲੇ ਲੋੜੀਂਦੇ ਤੱਤਾਂ ਤੋਂ ਵੀ ਵਿਰਵਾ ਪਾਣੀ ਪੀਣ ਲਈ ਲੋਕ ਮਜਬੂਰ ਹਨ। ਬੇਸ਼ੱਕ ਸਰਕਾਰ ਨੇ ਪਿੰਡਾਂ ਵਿੱਚ ਵੱਡੇ ਪੱਧਰ ਤੇ ਆਰ. . ਲਗਾ ਕੇ ਲੋਕਾਂ ਨੂੰ ਕੁੱਝ ਦੇਣ ਦੀ ਕੋਸ਼ਿਸ਼ ਕੀਤੀ ਹੈ, ਪਰ ਜਾਗਰੂਕਤਾ ਦੀ ਘਾਟ ਕਾਰਨ ਇਹ ਪਿੰਡਾਂ ਦੇ ਲੋਕਾਂ ਨੂੰ ਮੁਆਫਿਕ ਨਹੀਂ ਆ ਰਹੇ।

ਮਨੁੱਖ ਨੇ ਕੁਦਰਤੀ ਸੋਮਿਆਂ ਪ੍ਰਤੀ ਬੇਹੱਦ ਅਣਗਹਿਲੀ ਦਿਖਾਈ ਅਤੇ ਇਹਨਾਂ ਨੂੰ ਸਾਂਭਣ ਵੱਲ ਕੋਈ ਤਵੱਜੋ ਨਹੀਂ ਦਿੱਤੀ।ਦਰਿਆਵਾਂ ਦੇ ਪਾਣੀ ਨੂੰ ਖੇਤੀਬਾੜੀ ਸੈਕਟਰ ਚ ਵਰਤਣ ਦੀ ਲੋੜ ਮਹਿਸੂਸ ਨਹੀਂ ਕੀਤੀ। ਸੂਏ, ਕੱਸੀਆਂ ਦੀ ਜ਼ਮੀਨ ਤੇ ਕਬਜ਼ਾ ਕਰਕੇ ਉਹਨਾਂ ਦੀ ਹੋਂਦ ਖਤਮ ਕਰ ਦਿੱਤੀ ਹੈ ਅਤੇ ਨਹਿਰੀ ਪਾਣੀ ਦੀ ਵਰਤੋਂ ਦੀ ਲੋੜ ਮਹਿਸੂਸ ਨਹੀਂ ਕੀਤੀ। ਬਿਜਲੀ ਦੀ ਮੁਫਤ ਸਹੂਲਤ ਦੇਖਦਿਆਂ ਦੀ ਪਾਣੀ ਲੋੜ ਪੂਰੀ ਕਰਨ ਹਿੱਤ ਦੇਖਾ ਦੇਖੀ ਅੰਧਾਧੁੰਦ ਟਿਊਬ-ਵੈੱਲ ਲਗਾਉਣੇ ਸ਼ੁਰੂ ਕਰ ਦਿੱਤੇ।

ਇਸ ਵੇਲੇ ਪੰਜਾਬ ਚ 14.5 ਲੱਖ ਤੋਂ ਵੱਧ ਟਿਊਬਵੈੱਲ ਚੱਲ ਰਹੇ ਹਨ। ਸਵਾ ਲੱਖ ਦੇ ਲਗਭਗ ਟਿਊਬਵੈੱਲ ਲਈ 2016 ਚ ਬਿਜਲੀ ਦੇ ਨਵੇਂ ਕੁਨੈਕਸ਼ਨ ਜਾਰੀ ਕੀਤੇ ਗਏ ਸਨ। ਪੰਜਾਬ ਚ ਇਸ ਵੇਲੇ ਔਸਤਨ 10-15 ਫੁੱਟ ਦੀ ਦੂਰੀ ਤੇ ਟਿਊਬਵੈੱਲ ਚੱਲ ਰਿਹਾ ਹੈ।

ਪੰਜਾਬ ਵਿੱਚ ਚ ਨਿਰੰਤਰ ਡਿੱਗ ਰਹੇ ਪਾਣੀ ਦੇ ਪੱਧਰ ਨੂੰ ਰੋਕਣ ਲਈ ਜੇਕਰ ਸੁਚੱਜੇ ਅਤੇ ਲੋੜੀਂਦੇ ਪ੍ਰਬੰਧ ਨਾ ਕੀਤੇ ਤਾਂ ਪੰਜਾਬ ਨੂੰ ਰੇਗਿਸਤਾਨ ਬਣਨ ਤੋਂ ਕੋਈ ਨਹੀਂ ਰੋਕ ਸਕਦਾ। ਅੰਕੜਿਆਂ ਮੁਤਾਬਿਕ ਪੰਜਾਬ ਦਾ ਜਿਲ੍ਹਾ ਹੁਸ਼ਿਆਰਪੁਰ ਚ ਦਸੂਹਾ, ਮੁਕੇਰੀਆਂ, ਹਾਜੀਪੁਰ, ਟਾਂਡਾ ਇਲਾਕੇ ਨੂੰ ਛੱਡਕੇ ਪਾਣੀ ਦਾ ਪੱਧਰ 59.25 ਮੀਟਰ ਖਤਰਨਾਕ ਸਥਿਤੀ ਤੇ ਹੈ,ਜੋ ਜੂਨ 2016 ਤੋਂ ਜੂਨ 2017 ਤੱਕ 1.88 ਮੀਟਰ ਡਿੱਗਿਆ ਹੈ। ਰੋਪੜ ਦੇ ਆਨੰਦਪੁਰ ਅਤੇ ਨੂਰਪੁਰ ਬੇਦੀ ਚ ਪਾਣੀ ਦਾ ਪੱਧਰ 32.59 ਮੀਟਰ ਹੈ, ਜੋ ਇੱਕ ਸਾਲ 1.14 ਮੀਟਰ ਹੇਠਾਂ ਗਿਆ ਹੈ। ਜਿਲ੍ਹਾ ਮੁਹਾਲੀ ਦੇ ਖਰੜ ਇਲਾਕੇ ਦੇ ਪਾਣੀ ਦਾ ਪੱਧਰ ਇੱਕ ਦਹਾਕੇ ਚ 52.45 ਮੀਟਰ ਤੇ ਪੁੱਜ ਗਿਆ ਹੈ, ਜਦਕਿ ਬਾਕੀ ਬਲਾਕਾਂ ਦਾ 48.85 ਮੀਟਰ ਹੈ, ਜੋ ਸਾਲ 'ਚ 0.97 ਮੀਟਰ ਡਾਊਨ ਹੋਇਆ ਹੈ। ਨਵਾਂ ਸ਼ਹਿਰ ਅਤੇ ਬੰਗਾ ਖੇਤਰ ਚ ਪਿਛਲੇ ਦਹਾਕੇ ਦੌਰਾਨ 22 ਮੀਟਰ ਤੋਂ 44 ਮੀਟਰ ਹੋ ਗਿਆ ਹੈ ਜੋ ਪਿਛਲੇ ਸਾਲ ਚ 1.18 ਤੋਂ 1.32 ਮੀਟਰ ਡਿਗਿਆ ਹੈ। ਅੰਮ੍ਰਿਤਸਰ ਚ ਪਾਣੀ ਦਾ ਪੱਧਰ 24.35 ਮੀਟਰ, ਤਰਨਤਾਰਨ ਚ 24.80 ਮੀਟਰ ਹੈ, ਇੱਥੇ ਕ੍ਰਮਵਾਰ 1.39 ਮੀਟਰ ਅਤੇ 1.69 ਮੀਟਰ ਇੱਕ ਸਾਲ 'ਚ ਗਿਰਾਵਟ ਆਈ ਹੈ। ਇਸੇ ਤਰ੍ਹਾਂ ਜਲੰਧਰ, ਕਪੂਰਥਲਾ, ਪਠਾਨਕੋਟ ਜਿਲ੍ਹਿਆਂ 'ਚ ਇਸ ਵੇਲੇ ਪੱਧਰ ਕ੍ਰਮਵਾਰ 36.35 ਮੀਟਰ, 33.79 ਮੀਟਰ ਅਤੇ 27.85 ਮੀਟਰ ਹੈ, ਜੋ ਔਸਤਨ ਪਿਛਲੇ ਸਾਲ 1 ਮੀਟਰ ਨੀਵਾਂ ਹੋ ਗਿਆ ਹੈ।

ਬਠਿੰਡਾ ਜਿਲ੍ਹੇ ਚ 25।80 ਮੀਟਰ, ਮਾਨਸਾ ਚ 21 ਮੀਟਰ, ਪਟਿਆਲਾ ਦੇ ਘਨੌਰ ਬਲਾਕ ਨੂੰ ਛੱਡ ਕੇ ਬਾਕੀ ਬਲਾਕਾਂ ਚ 38।76 ਮੀਟਰ ,ਸੰਗਰੂਰ ਚ 40।95 ਮੀਟਰ,ਬਰਨਾਲਾ ਚ 36।20 ਮੀਟਰ , ਫਿਰੋਜਪੁਰ ਚ 27।85 ਮੀਟਰ ਪਾਣੀ ਦਾ ਪੱਧਰ ਸਾਨੂੰ ਗੰਭੀਰਤਾ ਨਾਲ ਸੋਚਣ ਲਈ ਮਜਬੂਰ ਕਰਦਾ ਹੈ। ਇਹਨਾਂ ਜਿਲਿਆਂ 'ਚ ਵੀ ਪਾਣੀ ਔਸਤਨ 1 ਮੀਟਰ ਨੀਚੇ ਗਿਆ ਹੈ। ਮੁਕਤਸਰ ਤੇ ਫਰੀਦ-ਕੋਟ ਸੇਮ ਦੀ ਮਾਰ ਹੇਠ ਹੋਣ ਕਰਕੇ 5.25 ਮੀਟਰ ਅਤੇ 14.5 ਮੀਟਰ ਪਾਣੀ ਦੇ ਲੈਵਲ ਤੇ ਹਨ।

ਪੰਜਾਬ ਦਾ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਪਿੰਡਾਂ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਦਿੰਦਾ ਹੈ।ਪਰ ਲੋਕਾਂ ਵਿੱਚ ਜਾਗਰੂਕਤਾ ਦੀ ਘਾਟ ਕਾਰਨ ਘਰਾਂ ਵਿੱਚ ਟੂਟੀਆਂ ਖੁੱਲ੍ਹੀਆਂ ਚਲਦੀਆਂ ਹਨ।ਸਰਕਾਰੀ ਟੈਂਕੀ ਤੋਂ ਪਾਣੀ ਆਉਣ ਤੇ ਟੂਟੀ ਚੱਲ ਪੈਂਦੀ ਹੈ ਅਤੇ ਉਦੋਂ ਪਾਣੀ ਨਾਲੀ ਵਿੱਚ ਵਹਿੰਦਾ ਰਹਿੰਦਾ ਹੈ, ਜਦੋਂ ਤੱਕ ਟੈਂਕੀ ਦਾ ਪਾਣੀ ਖਤਮ ਨਹੀਂ ਹੋ ਜਾਂਦਾ। ਇਸ ਤਰ੍ਹਾਂ ਰੋਜ਼ਾਨਾ ਕ੍ਰੋੜਾਂ ਲੀਟਰ ਪਾਣੀ ਵਿਅੱਰਥ ਨਾਲੀਆਂ ਵਿੱਚ ਰੁੜ ਜਾਂਦਾ ਹੈ। ਨੀਵੇਂ ਘਰਾਂ ਦੇ ਕੁਨੈਕਸਨਾਂ ਤੇ ਟੂਟੀਆਂ ਨਾ ਲੱਗੀਆਂ ਹੋਣ ਕਾਰਨ ਪਾਣੀ ਵਿਅਰਥ ਜਾਂਦਾ ਹੈ, ਜਦਕਿ ਉੱਚੇ ਥਾਂ ਘਰ ਪਾਣੀ ਨੂੰ ਤਰਸਦੇ ਹਨ। ਉਹਨਾਂ ਘਰਾਂ ਤੱਕ ਪਾਣੀ ਚੜਦਾ ਨਹੀਂ। ਬਹੁਤੇ ਲੋਕਾਂ ਨੇ ਪਸ਼ੂਆਂ ਦੇ ਵਾੜੇ, ਖਾਲੀ ਪਲਾਟਾਂ ਅਤੇ ਸਬਜ਼ੀਆਂ ਉਗਾਉਣ ਲਈ ਹੀ ਪਾਣੀ ਦੇ ਕੁਨੈਕਸ਼ਨ ਲਏ ਹੋਏ ਹਨ ਅਤੇ ਜਾਣਕਾਰੀ ਦੀ ਘਾਟ ਕਾਰਨ ਆਪ ਘਰ ਸਬਮਰਸੀਬਲ ਦਾ ਪਾਣੀ ਪੀਂਦੇ ਹਨ।

ਟੂਟੀਆਂ ਖੁੱਲੀਆਂ ਚੱਲਣ ਨਾਲ ਵਿਅੱਰਥ ਪਾਣੀ ਛੱਪੜਾਂ ਨੂੰ ਭਰ ਦਿੰਦਾ ਹੈ, ਜੋ ਬਿਮਾਰੀਆਂ ਨੂੰ ਸੱਦਾ ਦਿੰਦਾ ਹੈ। ਇਸ ਨਾਲ ਪੀਣ ਵਾਲੇ ਪਾਣੀ ਅਤੇ ਧਨ ਦੀ ਬਰਬਾਦੀ ਹੁੰਦੀ ਹੈ। ਪਾਣੀ ਨਾਲ ਭਰੇ ਛੱਪੜ ਅਤੇ ਨਾਲੀਆਂ ਚ ਖੜ੍ਹਾ ਪਾਣੀ ਪੇਂਡੂ ਲੋਕਾਂ ਲਈ ਸਮੱਸਿਆਵਾਂ ਖੜ੍ਹੀਆਂ ਕਰਦਾ ਹੈ।ਲੋਕ ਸਕੂਟਰ, ਮੋਟਰਸਾਈਕਲ ਅਤੇ ਮੋਟਰ ਗੱਡੀਆਂ ਧੋਣ, ਪਸ਼ੂਆਂ ਨੂੰ ਨਹਾਉਣ, ਘਰਾਂ ਦੇ ਫ਼ਰਸ਼ ਧੋਣ ਆਦਿ ਨਾਲ ਵੀ ਬਹੁਤ ਜਿਆਦਾ ਪੀਣਯੋਗ ਪਾਣੀ ਬਰਬਾਦ ਕਰਦੇ ਹਨ।

ਜਿਸ ਤਰ੍ਹਾਂ ਪਾਣੀ ਨੂੰ ਬਰਬਾਦੀ ਹੋ ਰਹੀ ਹੈ, ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਵਿੱਚ ਵੀ ਲਤੂਰ (ਮਹਾਂਰਾਸ਼ਟਰ) ਅਤੇ ਕੈਪ ਟਾਊਨ ਦੱਖਣੀ ਅਫਰੀਕਾ ਵਰਗੇ ਹਾਲਾਤਾਂ ਨਾਲ ਜੂਝਣ ਲਈ ਮਜਬੂਰ ਹੋਵੇਗਾ।ਉਕਤ ਪ੍ਰਸਥਿਤੀਆਂ ਨੂੰ ਭਾਂਪਦਿਆਂ "ਕੁੱਖ ਚ ਧੀ ਧਰਤੀ ਚੋਂ ਪਾਣੀ, ਜੇ ਦੋਨੋਂ ਮੁੱਕਗੇ ਤਾਂ ਖਤਮ ਕਹਾਣੀ" ਅਤੇ "ਪਾਣੀ ਥੁੜ੍ਹ ਦੀ ਵਸਤੂ ਹੈ ਇਹਨੇ ਧਰਤੀ ਚੋਂ ਮੁੱਕ ਜਾਣਾ, ਸੰਜਮ ਨਾਲ ਵਰਤ ਲਵੋ ਨਹੀਂ ਤਾਂ ਪਊ ਪਿੱਛੋਂ ਪਛਤਾਉਣਾ" ਉੱਪਰ ਸੰਜੀਦਗੀ ਨਾਲ ਪਹਿਰਾ ਦੇਣ ਦੀ ਲੋੜ ਹੈ। ਨਹੀਂ ਤਾਂ "ਹੁਣ ਪਛਤਾਇਆ ਕੀ ਬਣਦਾ ਜਦੋਂ ਚਿੜੀਆਂ ਚੁਗ ਗਈ ਖੇਤ" ਵਾਲੀ ਹਾਲਤ ਹੋਵੇਗੀ।

ਨਦੀਆਂ, ਨਹਿਰਾਂ ਦੇ ਪਾਣੀ ਨੂੰ ਪੀਣ ਅਤੇ ਖੇਤੀ ਸੈਕਟਰ ਲਈ ਵਰਤਣਾ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ। ਬਰਸਾਤ ਦੇ ਪਾਣੀ ਨੂੰ ਘਰਾਂ ਅੰਦਰ ਅਤੇ ਖੇਤਾਂ ਵਿੱਚ ਸਟੋਰ ਕਰਕੇ ਵਰਤਣ ਦੇ ਪ੍ਰਬੰਧ ਜਰੂਰੀ ਕਰ ਦੇਣੇ ਚਾਹੀਦੇ ਹਨ।

ਖੇਤੀ ਸੈਕਟਰ ਵਿੱਚ ਘੱਟ ਪਾਣੀ ਪੀਣ ਵਾਲੀਆਂ ਫਸਲਾਂ ਦਾ ਬਦਲ ਲੱਭਣ ਅਤੇ ਸਿੰਜਾਈ ਦੇ ਨਵੇਂ ਤਰੀਕਿਆਂ ਨੂੰ ਅਪਣਾਉਣ ਉੱਤੇ ਜ਼ੋਰ ਦੇਣਾ ਚਾਹੀਦਾ ਹੈ। ਚੌਲਾਂ ਦੀ ਖੇਤੀ ਸਿਰਫ ਸਮੁੰਦਰੀ ਖੇਤਰਾਂ ਚ ਬੀਜਣਾ ਜਰੂਰੀ ਕਰ ਦੇਣਾ ਚਾਹੀਦਾ ਹੈ, ਕਿਉਂਕਿ ਇੱਕ ਚੌਲ ਪੈਦਾ ਕਰਨ ਲਈ ਔਸਤਨ 3000 ਲੀਟਰ ਪਾਣੀ ਖਪਤ ਹੁੰਦਾ ਹੈ।

ਸੋ ਲੋਕਾਂ ਨੂੰ ਪਾਣੀ ਦੀ ਬਰਬਾਦੀ ਰੋਕਣ ਅਤੇ ਸੰਜਮ ਨਾਲ ਵਰਤੋਂ ਕਰਨ ਪ੍ਰਤੀ ਜਾਗਰੂਕ ਕਰਨ ਦੀ ਲੋੜ ਹੈ।ਨਿੱਜੀ ਮੁਫਾਦਾਂ ਤੋਂ ਉੱਪਰ ਉੱਠ ਕੇ ਸਮਾਜ ਸੇਵੀ ਅਤੇ ਧਾਰਮਿਕ ਸੰਸਥਾਵਾਂ, ਨੌਜਵਾਨ ਕਲੱਬਾਂ, ਜਥੇਬੰਦੀਆਂ ਆਦਿ ਨੂੰ ਨਾਲ ਲੈਕੇ ਭਵਿੱਖ ਦੇ ਖਤਰੇ ਪ੍ਰਤੀ ਲੋਕਾਂ ਚੇਤੰਨ ਕਰਦਿਆਂ ਅਤੇ ਪੁੰਨ ਦਾ ਕੰਮ ਸਮਝਦਿਆਂ ਮਨੁੱਖਤਾ ਦੇ ਭਲੇ ਲਈ ਸਵੱਛ ਭਾਰਤ ਮਿਸ਼ਨ ਵਾਂਗ ਜਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਇੱਕ ਜ਼ੋਰਦਾਰ ਮੁਹਿੰਮ ਵਿੱਢਣ ਦੀ ਲੋੜ ਹੈ।

# ਪੱਤਣਾਂ 'ਤੇ ਮਲਾਹ ਹੋਵੇ...



ਡਾ. ਪ੍ਰਿਤਪਾਲ ਸਿੰਘ ਮਹਿਰੋਕ
91-98885-10185

ਪੱਤਣ ਤੇ ਦਰਿਆ, ਦਰਿਆ ਤੇ ਪੱਤਣ ਨੂੰ ਇਕ ਦੂਜੇ ਤੋਂ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ। ਪੱਤਣ ਤੋਂ ਬਿਨਾਂ ਦਰਿਆ ਤੇ ਦਰਿਆ ਤੋਂ ਬਿਨਾਂ ਪੱਤਣ ਦੀ ਤਵੱਕੋ ਨਹੀਂ ਕੀਤੀ ਜਾ ਸਕਦੀ। ਦੋਵੇਂ ਇਕ ਦੂਜੇ ਦੇ ਪੂਰਕ ਹਨ। ਪੰਜਾਬ ਦੀ ਵਾਸਤਵਿਕ ਹੋਂਦ ਲੱਭਣ ਲਈ ਪੰਜਾਂ ਦਰਿਆਵਾਂ ਦੀ ਗਿਣਤੀ ਵਿੱਚ ਪਈ ਘਾਟ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਜਾਂਦਾ ਹੈ। ਭੂਗੋਲਿਕ ਹੱਦਬੰਦੀ ਨੇ ਪੰਜਾਬ ਦੇ ਦਰਿਆਵਾਂ ਨੂੰ ਖੋਰਾ ਲਗਾਇਆ ਹੈ। ਫਿਰ ਵੀ ਦਰਿਆਵਾਂ ਸੰਗ ਦੋਸਤੀ, ਦਰਿਆਵਾਂ ਪ੍ਰਤੀ ਆਪਣੇਪਨ ਦੀ ਭਾਵਨਾ, ਦਰਿਆਵਾਂ ਨਾਲ ਜੁੜੀ ਉਪਜੀਵਕਾ, ਦਰਿਆਵਾਂ 'ਤੇ ਨਿਰਭਰਤਾ ਅਤੇ ਦਰਿਆਵਾਂ ਵਰਗੀ ਵਿਸ਼ਾਲਤਾ ਲਈ ਮਨੁੱਖ ਦਰਿਆਵਾਂ ਦਾ ਕਰਜ਼ਦਾਰ ਹੈ। ਦਰਿਆਵਾਂ ਵਰਗੀ ਰਵਾਨੀ ਪੰਜਾਬੀਆਂ ਦੇ ਸੁਭਾਅ ਦਾ ਅੰਗ ਬਣ ਜਾਣ ਵਾਲਾ ਪਹਿਲੂ ਹੈ। ਪੰਜਾਬੀ ਲੋਕ ਜੀਵਨ ਦਰਿਆਵਾਂ ਦੇ ਅੰਗ ਸੰਗ ਤੁਰਦਾ ਰਿਹਾ ਹੈ। ਦਰਿਆਵਾਂ ਦੇ ਪੱਤਣਾਂ ਨਾਲ ਕਿਸੇ ਗੂੜ੍ਹੀ ਸਾਂਝ ਦੀ ਖਿੱਚ ਪੰਜਾਬੀਆਂ ਦੇ ਦਿਲਾਂ ਨੂੰ ਧੂਹ ਪਾਉਂਦੀ ਰਹੀ ਹੈ।

ਪੁਰਾਣੇ ਪੰਜਾਬ ਦੇ ਦਰਿਆਵਾਂ ਦੇ ਕੰਢਿਆਂ 'ਤੇ ਮਿਹਨਤ ਮਜਦੂਰੀ ਕਰਨ ਵਾਲੇ ਲੋਕ ਝੁੱਗੀਆਂ ਬਣਾ ਕੇ ਰਹਿੰਦੇ ਸਨ ਤੇ ਛੋਟੀ ਖੇਤੀ ਕਰਦੇ ਸਨ। ਆਮ ਤੌਰ 'ਤੇ ਉਹ ਪਾਲਤੂ ਪਸ਼ੂ ਰੱਖਦੇ ਸਨ ਤੇ ਲੋੜ ਅਨੁਸਾਰ ਜਿਥੇ ਪਾਣੀ ਤੇ ਘਾਹ-ਪੱਠਾ ਹੁੰਦਾ, ਉਥੇ ਜਾ ਵੱਸਦੇ ਸਨ। ਉਹ ਲੋਕ ਜਿਥੇ ਵੀ ਜਾਂਦੇ, ਦਰਿਆਵਾਂ ਦੇ ਪੱਤਣ ਆਬਾਦ ਹੋ ਜਾਂਦੇ ਸਨ। ਉਨ੍ਹਾਂ ਅਲਬੇਲੇ ਲੋਕਾਂ ਨੇ ਪੰਜਾਬ ਨੂੰ ਕਈ ਪ੍ਰੇਮ ਕਹਾਣੀਆਂ ਦਿੱਤੀਆਂ ਤੇ ਕਈ ਲੋਕ ਨਾਇਕ/ਨਾਇਕਾਵਾਂ ਨੂੰ ਅਮਰ ਕਰ ਦਿੱਤਾ :

ਪੱਤਣੋਂ ਪਾਰ ਮੇਰੇ ਮਾਹੀ ਦਾ ਡੇਰਾ
ਮੈਨੂੰ ਵੀ ਲੈ ਚੱਲ ਨਾਲ ਘੜਿਆ
ਜਿਥੇ ਵੱਸੇ ਮੇਰਾ ਦਿਲਦਾਰ ਘੜਿਆ...

ਪੱਤਣ ਉਹ ਸਥਾਨ ਹੈ, ਜਿਸ ਥਾਣੀਂ ਲੰਘ ਕੇ ਹੀ ਦਰਿਆ ਦੇ ਆਰ-ਪਾਰ ਆਉਣ ਜਾਣ ਦਾ ਹੀਲਾ-ਵਸੀਲਾ ਬਣ ਸਕਦਾ ਹੈ। ਪੱਤਣ ਨੇ ਪੰਜਾਬ ਦੇ ਲੋਕ ਸਾਹਿਤ ਦੇ ਕੁਝ ਹਿੱਸੇ ਨੂੰ ਸਦੀਵਤਾ ਪ੍ਰਦਾਨ ਕੀਤੀ ਹੈ। ਪੱਤਣ ਪ੍ਰਕਿਰਤੀ ਅਤੇ ਪ੍ਰਾਕਿਰਤਕ ਸੁੰਦਰਤਾ ਦਾ ਪ੍ਰਤੀਕ ਬਣਦਾ ਹੈ। ਕੰਢਿਆਂ ਤੋਂ ਬਾਹਰ ਛਲਕਦਾ ਹੋਇਆ ਦਰਿਆ ਦਾ ਪਾਣੀ ਦੂਰ ਤੱਕ ਵਿਛੀ ਚਾਂਦੀ ਰੰਗੀ ਚਾਦਰ ਵਾਂਗ ਪ੍ਰਤੀਤ ਹੁੰਦਾ ਹੈ। ਦਰਿਆ ਦੇ ਪਾਣੀ ਦੇ ਸ਼ੋਰ ਤੇ ਉਸਦੀ ਰਵਾਨੀ ਦੇ ਮਨ ਲੁਭਾਵਣੇ ਦ੍ਰਿਸ਼ ਸਭ ਨੂੰ ਚੰਗੇ ਲੱਗਦੇ ਹਨ। ਕਹਿੰਦੇ ਹਨ ਪ੍ਰੇਮੀ ਜੋੜਿਆਂ ਦੀਆਂ ਰੂਹਾਂ ਵੀ ਪੱਤਣਾਂ 'ਤੇ ਵਾਸਾ ਕਰਦੀਆਂ ਰਹੀਆਂ ਹਨ। ਪੰਜਾਬੀ ਲੋਕ ਗੀਤਾਂ ਵਿੱਚ ਪੱਤਣ ਦਾ ਜ਼ਿਕਰ ਵਾਰ ਵਾਰ ਆਉਂਦਾ ਹੈ। ਮਿਲਣ ਦੀ ਤਾਂਘ, ਵਿਛੋੜੇ ਦੀ ਕਸਕ ਤੇ ਉਡੀਕ ਦੀ ਬਿਹਬਲਤਾ ਨੂੰ ਬਿਆਨਣ ਵਾਲੇ ਇਕ ਲੋਕ ਗੀਤ ਦੀਆਂ ਤੁਕਾਂ ਵਿੱਚ ਪ੍ਰੇਮੀ ਨੂੰ ਪੱਤਣ ਲੰਘ ਕੇ ਆਉਣ ਦੀਆਂ ਅਰਜ਼ੋਈਆਂ ਕੀਤੀਆਂ ਗਈਆਂ ਹਨ :



ਮੇਰੇ ਕਾਗ ਬਨੇਰੇ ਉੱਤੇ ਬੋਲਿਆ
ਮੇਰਾ ਦਿਲ ਤੱਤੜੀ ਦਾ ਡੋਲਿਆ
ਮੈਂ ਮੰਦੜਾ ਬੋਲ ਨਾ ਬੋਲਿਆ
ਯਾਰ, ਲੰਘ ਆ ਜਾ, ਪੱਤਣ ਝਨਾਂ ਦਾ
ਵੇ ਮੈਂ ਕੋਠੇ 'ਤੇ ਚੜ੍ਹ ਖਲੀ ਆਂ
ਮੇਰੀਆਂ ਸੜਨ ਪੈਰਾਂ ਦੀਆਂ ਤਲੀਆਂ
ਝੁੱਲੀ ਵਾ' ਤੇ ਜ਼ੁਲਫ਼ਾਂ ਹਿੱਲੀਆਂ
ਯਾਰ, ਲੰਘ ਆ ਜਾ, ਪੱਤਣ ਝਨਾਂ ਦਾ...

ਜੇ ਪੱਤਣ ਨੂੰ ਵਿਸ਼ਾਲ ਅਰਥਾਂ ਵਿੱਚ ਤੇ ਵਿਸਤ੍ਰਿਤ ਪਰਿਪੇਖ ਵਿੱਚ ਸਮਝਣ ਦਾ ਯਤਨ ਕਰੀਏ ਤਾਂ ਪੱਤਣ ਮਨੁੱਖਤਾ ਲਈ, ਦੇਸ਼ ਦੇਸ਼ਾਂਤਰਾਂ ਲਈ, ਕੌਮਾਂ, ਧਰਮਾਂ, ਨਸਲਾਂ ਆਦਿ ਦੇ ਵਿਤਕਰਿਆਂ ਤੋਂ ਉਪਰ ਉੱਠ ਕੇ ਮਾਨਵਤਾ ਲਈ ਪਿਆਰ ਤੇ ਸਾਂਝਾਂ ਦਾ ਪੁਲ ਜਾਂਦਾ ਹੈ। ਪੱਤਣ ਮਨੁੱਖ ਨੂੰ ਉਸ ਵਾਦੀ ਵਿੱਚ ਲੈ ਕੇ ਜਾ ਸਕਦਾ ਹੈ - ਜਿਥੇ ਵੈਰ-ਵਿਰੋਧ ਨਾ ਹੋਵੇ, ਵੱਖਰੇਵਾਂ ਨਾ ਹੋਵੇ, ਵਿੱਥਾਂ ਨਾ ਹੋਵਣ ! ਜਿਹੜਾ ਮਨੁੱਖ ਪਿਆਰ ਦੇ ਪੱਤਣਾਂ ਦੇ ਆਰ-ਪਾਰ ਲੰਘ ਜਾਂਦਾ ਹੈ, ਉਹ ਨਿਮਰਤਾ ਨੂੰ ਆਪਣੀ ਜ਼ਿੰਦਗੀ ਦੀ ਰਾਸ ਬਣਾ ਸਕਦਾ ਹੈ। ਪੱਤਣ ਦਾ ਖੁਸ਼ਗਵਾਰ ਮਾਹੌਲ ਤੇ ਮਨਮੋਹਕ ਦ੍ਰਿਸ਼ ਹਰ ਕਿਸੇ ਨੂੰ ਚੰਗਾ ਲੱਗਦਾ ਹੈ। ਪੱਤਣ ਦਾ ਚੌਗਿਰਦਾ ਮਨੁੱਖ ਦੀ ਜ਼ਿੰਦਗੀ ਨੂੰ ਹੁਸੀਨ ਬਣਾ ਦਿੰਦਾ ਹੈ :

ਮੈਂ ਤਾਂ ਪਾਣੀ ਭਰੇਂਨੀਂ ਆਂ ਪੱਤਣੂੰ
ਭੈੜੇ ਨੈਣ ਨਾ ਰਹਿੰਦੇ ਤੱਕਣੂੰ
ਸੁੰਝੇ ਦੰਦ ਨਾ ਰਹਿੰਦੇ ਹੱਸਣੂੰ
ਮੇਰਾ ਢੋਲ ਜੁਆਨੀਆਂ ਮਾਣੇ
ਭਾਵੇਂ ਜਾਣੇ ਤੇ ਭਾਵੇਂ ਨਾ ਜਾਣੇ।।।

ਬਿਰਹਾ ਦੇ ਸੱਲ੍ਹ ਸਹਿ ਰਹੇ ਲੋਕ ਕਿਸੇ ਦੀ ਉਡੀਕ ਕਰਦਿਆਂ ਏਨੇ ਉਤਸੁਕ ਹੋ ਜਾਂਦੇ ਹਨ ਕਿ ਉਹ ਬੇਸਬਰੀ ਨਾਲ ਪੱਤਣਾਂ 'ਤੇ ਖੜੇ ਪੁਕਾਰਦੇ ਸੁਣੇ ਜਾ ਸਕਦੇ ਹਨ :

ο ਲੱਕ ਬੰਨ੍ਹ ਪੱਤਣਾਂ 'ਤੇ ਖੜੀਆਂ
ਜਿਨ੍ਹਾਂ ਨੂੰ ਲੋੜ ਮਿੱਤਰਾਂ ਦੀ।
ਪੱਤਣਾਂ 'ਤੇ ਰੋਣ ਖੜੀਆਂ,
ਜਿਨ੍ਹਾਂ ਦੇ ਰਾਤੀਂ ਯਾਰ ਵਿਛੜੇ...

ο ਔਹ ਗਏ ਸੱਜਣ, ਔਹ ਗਏ ਨੀ ਮਾਏ
ਲੰਘ ਗਏ ਕਾਲੀ ਧਾਰ
ਉੱਚੇ ਪੱਤਣੂੰ ਚੜ੍ਹ ਵੇਖਦੀ ਨੀ ਮਾਏ
ਬਰਕਤ ਮਰਦਾਂ ਦੇ ਨਾਲ...

ਕਈ ਵਿਯੋਗੇ ਲੋਕ ਪੱਤਣਾਂ 'ਤੇ ਜਾ ਕੇ ਹਵਾਵਾਂ ਨਾਲ ਆਪਣਾ ਦੁੱਖ ਸੁੱਖ ਸਾਂਝਾ ਕਰਦੇ ਹਨ। ਵਹਿੰਦੇ ਪਾਣੀਆਂ ਨਾਲ ਗੱਲਾਂ ਕਰਕੇ, ਉਨ੍ਹਾਂ ਨੂੰ ਆਪਣੇ ਦੁੱਖੜੇ ਦੱਸਦੇ ਹਨ। ਫਿਰ ਵੀ ਦਰਿਆ ਦੇ ਪੱਤਣ 'ਤੇ ਕਹਿਰਾਂ ਦੇ ਹੁਸਨ ਦੀ ਗੱਲ ਪੰਜਾਬੀ ਲੋਕ ਗੀਤਾਂ ਵਿੱਚ ਛਿੜਦੀ ਹੈ :

ο ਸੱਕ ਮਲ਼ਦੀਆਂ, ਪਾਣੀ ਦੇ ਪੱਤਣਾਂ ਨੂੰ
ਅੱਗ ਲਾਣ ਲਾਹੌਰਨਾਂ ਚੱਲੀਆਂ ਨੇ।

ο ਇਕ ਮਾਹੇ, ਦੋ ਮਾਹੇ, ਤਿੰਨ ਮਾਹੇ ਚੱਲਦੇ ਆਏ
ਵੇ ਲਾਲ ਜੰਮੂ ਦਰਿਆ, ਤੁਸਾਂ ਪੱਤਣ ਡੇਰੇ ਲਾਏ।
ਚੇਤਰ ਦੇ ਮਹੀਨੇ ਵੇ ਲਾਲ ਚਿਤ ਲੱਗਦਾ ਨਾ ਮੇਰਾ
ਪੱਤਣ ਤੋਂ ਪਾਰ ਰੱਬਾ ਡਾਢਿਆ, ਮਾਹੀ ਦਾ ਡੇਰਾ।

ਪੱਤਣਾਂ ਨਾਲ ਕਿਸੇ ਪ੍ਰੇਮੀ, ਯੋਧੇ, ਸੰਤ, ਫਕੀਰ, ਪੈਗੰਬਰ ਦੀ ਜੀਵਨ ਗਾਥਾ ਦੀ ਕੋਈ ਘਟਨਾ ਜਾਂ ਕੋਈ ਪ੍ਰਸੰਗ ਵੀ ਜੁੜਿਆ ਹੁੰਦਾ ਹੈ। ਪੱਤਣਾਂ ਨਾਲ ਜੁੜੇ ਕਈ ਅਜਿਹੇ ਬਿਰਤਾਂਤ ਵੀ ਵੇਖੇ ਸੁਣੇ ਜਾ ਸਕਦੇ ਹਨ :

ਕਿਹੜੇ ਪੱਤਣ ਤੇਰੀਆਂ ਮੱਝੀਆਂ ਲੰਘਆਂ
ਕਿਹੜੇ ਪੱਤਣ ਗਾਈਂ
ਕਿਹੜੇ ਪੱਤਣ ਮੀਆਂ ਰਾਂਝਾ ਲੰਘਿਆ
ਹੀਰ ਨਿਮਾਣੀ ਦਾ ਸਾਈਂ।

ਵਗਦੇ ਦਰਿਆ ਸੁੰਦਰ ਲੱਗਦੇ ਹਨ। ਪਾਣੀ ਤੋਂ ਬਿਨਾਂ ਦਰਿਆ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ। ਪੱਤਣ ਦੀ ਰੌਣਕ ਵਗਦੇ ਦਰਿਆਵਾਂ ਨਾਲ ਹੀ ਹੁੰਦੀ ਹੈ। ਪੱਤਣਾਂ 'ਤੇ ਕਈ ਮੇਲੇ ਲੱਗਦੇ ਹਨ। ਲੋਕ ਅਨੁਸ਼ਠਾਨਾਂ ਅਨੁਸਾਰ ਲੋਕ ਕਈ ਤਰ੍ਹਾਂ ਦੀ ਪੂਜਾ ਸਮੱਗਰੀ ਪਾਣੀ ਦੀ ਭੇਂਟ ਚੜ੍ਹਾਉਂਦੇ ਹਨ, ਜਿਸ ਨੂੰ ਸਮਰਪਣ ਦਾ ਪ੍ਰਤੀਕ ਸਮਝਿਆ ਜਾਂਦਾ ਹੈ। ਪੱਤਣਾਂ 'ਤੇ ਇਸ਼ਨਾਨ ਕੀਤਾ ਜਾਂਦਾ ਹੈ। ਪੱਤਣਾਂ ਨਾਲ ਸਥਿਤ ਧਾਰਮਿਕ ਅਸਥਾਨਾਂ ਦੀ ਰੌਣਕ ਵੇਖਣ ਵਾਲੀ ਹੁੰਦੀ ਹੈ। ਪੱਤਣ ਮਨੁੱਖ ਨੂੰ ਰੋਟੀ ਰੋਜ਼ੀ ਪ੍ਰਦਾਨ ਕਰਨ ਵਾਲਾ ਮਹੱਤਵਪੂਰਨ ਸਥਾਨ ਬਣਦਾ ਹੈ। ਜਲ ਜੀਵ ਮਨੁੱਖ ਵਾਸਤੇ ਬੜਾ ਅਹਿਮ ਜੀਵ ਧਨ ਬਣਦੇ ਹਨ। ਪੱਤਣ ਤੇ ਟਿਕਾਣਾ ਕਰਕੇ ਸਵਾਰੀਆਂ ਤੇ ਮਾਲ ਦੀ ਢੋਆ ਢੁਆਈ ਤੋਂ ਵੀ ਮਨੁੱਖ ਕਮਾਈ ਕਰਦਾ ਹੈ। ਪਾਣੀ ਦਾ ਭੰਡਾਰ ਕਰਕੇ, ਉਸ ਨੂੰ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ। ਪਾਣੀ ਜੀਵਨ ਦਾਤਾ ਹੈ। ਧਰਤੀ ਨੂੰ ਹਰਿਆਵਲ ਤੇ ਖੁਸ਼ਹਾਲੀ ਬਖਸ਼ਦਾ ਹੈ। ਬਨਸਪਤੀ ਪਾਣੀ ਨਾਲ ਹੀ ਵਧਦੀ ਫੁੱਲਦੀ ਹੈ। ਪੱਤਣ ਦਾ ਪਾਣੀ ਨਾਲ ਯੁਗਾਂ ਪੁਰਾਣਾ ਨਾਤਾ ਹੈ। ਸ਼ਾਲਾ! ਦਰਿਆ ਦਾ ਪਾਣੀ, ਮਿੱਤਰਤਾ ਦਾ ਪੱਤਣ, ਸਦ ਭਾਵਨਾ ਦਾ ਪੱਤਣ, ਮਜ਼ਬੂਤੀ ਦਾ ਪੱਤਣ ਬਣੇ!

ਸਮਾਜਿਕ ਤੇ ਵਿਵਹਾਰਕ ਜੀਵਨ ਵਿੱਚ ਵੀ ਪੱਤਣ ਦਾ ਵਿਸ਼ੇਸ਼ ਮਹੱਤਵ ਹੈ। ਇੱਕ ਮੁਟਿਆਰ ਮੈਦਾਨੀ ਇਲਾਕੇ ਵਿੱਚੋਂ ਪਹਾੜਾਂ ਵਿੱਚ ਕਿਸੇ ਦੂਰ ਦੁਰੇਡੀ ਥਾਂ 'ਤੇ ਵਿਆਹੀ ਜਾਂਦੀ ਹੈ। ਪੱਤਣ ਤੇ ਆਪਣੀਆਂ ਸਖੀਆਂ ਦੇ ਨਾਲ ਮਾਣੇ ਸਾਥ ਨੂੰ ਯਾਦ ਕਰਕੇ ਉਹ ਆਖਦੀ ਹੈ :

ਬਾਬਲ ਦਿੱਤੜਾ ਦਾਜ ਘੋੜੇ ਪਾਲਕੀਆਂ
ਅਸਾਂ ਜਾਣਾ ਪੱਤਣੋਂ ਪਾਰ
ਪਰਬਤ ਸਾਡੇ ਆਲ੍ਹਣੇ ...

ਦੂਰ ਵਿਆਹੀ ਗਈ ਇਕ ਭੈਣ ਆਪਣੇ ਪੇਕੇ ਘਰ ਨੇੜਲੇ ਪੱਤਣ ਨੂੰ ਯਾਦ ਕਰਕੇ, ਆਪਣੇ ਭਰਾ ਨੂੰ ਯਾਦ ਕਰਦਿਆਂ ਕਹਿੰਦੀ ਹੈ:

ο ਸੁੱਕੇ ਪੱਤਣ ਦਰਿਆਵਾਂ ਦੇ, ਵੇ ਸੁੱਕੇ ਪੱਤਣ...
ਹੋਰ ਸਾਨੂੰ ਲੱਖ ਮਿਲਦੇ
ਵੇ, ਗੂੜ੍ਹੇ ਸਾਕ ਸਾਕ ਭਰਾਵਾਂ ਦੇ...

ο ਪੱਤਣਾਂ ਤੇ ਮਲਾਹ ਕੋਈ ਨਾ
ਇਸ ਮੇਰੇ ਮਾਹੀਏ ਦੀ
ਮਿਲਣੇ ਦੀ ਸਲਾਹ ਕੋਈ ਨਾ...

ο ਪੱਤਣਾਂ 'ਤੇ ਮਲਾਹ ਹੋਵੇ
ਤੇਰੇ ਮੇਰੇ ਮਿਲਣ ਦਾ
ਇਹ ਪੱਤਣ ਗਵਾਹ ਹੋਵੇ...

ο ਪੱਤਣਾਂ 'ਤੇ ਨਿੰਮ੍ਹਾ ਨਿੰਮ੍ਹਾ ਦੀਵਾ ਬਲ਼ਦਾ
ਸੱਜਣਾਂ ਵੇ ਆ ਜਾ, ਰੋਸਾ ਕਿਹੜੀ ਗੱਲ ਦਾ...

ਇੱਕ ਹੋਰ ਲੋਕ ਬੋਲੀ ਵਿੱਚ ਪੱਤਣੋਂ ਪਾਣੀ ਲੰਘਣ, ਬੇੜੀ ਵਿੱਚ ਬੈਠੀਆਂ ਸਵਾਰੀਆਂ ਅਤੇ ਤ੍ਰਿੰਜਣ ਦੀਆਂ ਸਖੀਆਂ ਦੇ ਸਾਥ ਸਬੰਧੀ ਵੀ ਇੱਕ ਅਟੱਲ ਸਚਾਈ ਨੂੰ ਬਿਆਨਿਆ ਗਿਆ ਹੈ:

ਜਿਹੜੇ ਪੱਤਣ ਪਾਣੀ ਅੱਜ ਲੰਘ ਜਾਣਾ
ਫੇਰ ਨਾ ਲੰਘਣਾ ਭਲਕੇ
ਬੇੜੀ ਦਾ ਪੂਰ, ਤ੍ਰਿੰਜਣ ਦੀਆਂ ਕੁੜੀਆਂ
ਫੇਰ ਨਾ ਬੈਠਣ ਰਲ ਕੇ
ਨੱਚ ਕੇ ਵਿਖਾ ਮੇਲਣੇ, ਜਾਈਂ ਨਾ ਗਿੱਧੇ 'ਚੋਂ ਟਲ ਕੇ।।।

ਦਰਿਆਵਾਂ ਵਿੱਚ ਆਉਣ ਵਾਲੇ ਹੜ੍ਹ ਦੀ ਕਰੋਪੀ ਸਭ ਤੋਂ ਪਹਿਲਾਂ ਪੱਤਣ ਨੂੰ ਹੀ ਝੱਲਣੀ ਪੈਂਦੀ ਹੈ। ਬਿਫ਼ਰੇ ਹੋਏ ਪਾਣੀ ਦੇ ਵਹਿਣ ਅੱਗੇ ਕਿਸੇ ਦੀ ਪੇਸ਼ ਨਹੀਂ ਜਾਂਦੀ। ਅਜਿਹੇ ਮੌਕੇ ਪੱਤਣ ਬੇਵਸ ਹੋ ਜਾਂਦੇ ਹਨ। ਪੱਤਣਾਂ 'ਤੇ ਵੱਸਦੇ 'ਸੱਤ ਪੱਤਣਾਂ ਦੇ ਤਾਰੂ' ਲੋਕ ਆਪਣੇ ਅੰਦਰ ਸਾਂਭ-ਸਾਂਭ ਰੱਖੀਆਂ ਸਤਰੰਗੀਆਂ ਰੀਝਾਂ ਦੀ ਪੂਰਤੀ ਚਾਹੁੰਦੇ ਹਨ। ਸਥਾਨਕ ਤੇ ਪਰਵਾਸੀ ਪੰਛੀ ਵੀ ਇਹਨਾਂ ਪੱਤਣਾਂ ਨੂੰ ਬੇਹੱਦ ਪਿਆਰ ਕਰਦੇ ਹਨ। ਦਰਿਆ ਦਾ ਪਾਣੀ, ਪੱਤਣ ਦਾ ਦਿਲ ਖਿੱਚਵਾਂ ਚੌਗਿਰਦਾ ਤੇ ਮੌਸਮ ਦੀ ਅਨੁਕੂਲਤਾ, ਇਹ ਸਾਰਾ ਕੁਝ ਉਹਨਾਂ ਨੂੰ ਲੰਮੀਆਂ ਵਾਟਾਂ ਤੈਅ ਕਰਕੇ ਪੱਤਣ ਤੱਕ ਲੈ ਆਉਂਦਾ ਹੈ। ਇਥੇ ਮਨੁੱਖੀ ਮਨ ਦੇ ਪੱਤਣ ਦੀ ਗੱਲ ਕਰਨੀ ਵੀ ਉਚਿਤ ਹੋਵੇਗੀ। ਮਨ ਦੇ ਪੱਤਣ ਦੀ ਦੁਨੀਆ ਬੜੀ ਨਿਰਾਲੀ ਹੈ। ਮਨੁੱਖ ਆਪਣੇ ਮਨ ਦੇ ਪੱਤਣ ਤੋਂ ਸਫ਼ਰ ਪ੍ਰਾਰੰਭ ਕਰਕੇ ਦੂਜਿਆਂ ਦੇ ਮਨ-ਪੱਤਣਾਂ ਤੇ ਦਸਤਕ ਦਿੰਦਾ ਹੈ। ਦੂਜਿਆਂ ਦੇ ਮਨ ਦੇ ਪੱਤਣਾਂ ਦੀ ਥਾਹ ਪਾਉਣੀ ਕਿਸੇ ਕਿਸੇ ਦੇ ਹਿੱਸੇ ਹੀ ਆਉਂਦੀ ਹੈ। ਮਨਾਂ ਦੀ ਆਪਸੀ ਸਾਂਝ, ਨੇੜਤਾ, ਅਪਣੱਤ, ਇਕ ਦੂਜੇ ਦੇ ਦੁੱਖ-ਸੁੱਖ ਨੂੰ ਵੰਡਾਉਂਣ ਦੀ ਚਾਹ ਪੈਦਾ ਕਰਨੀ ਅਜੋਕੇ ਪਦਾਰਥਵਾਦੀ ਯੁੱਗ ਦੀ ਲੋੜ ਹੈ। ਮਨੁੱਖੀ ਮਨ ਸਾਧਾਰਨ ਕਿਸਮ ਦਾ ਪੱਤਣ ਨਹੀਂ ਹੁੰਦਾ। 'ਦਿਲ ਦਰਿਆ ਸਮੁੰਦਰੋਂ ਡੂੰਘੇ' ਹੁੰਦੇ ਹਨ। ਪੱਤਣਾਂ ਤੇ ਬੰਨ੍ਹੀਆਂ ਤੇ ਆਉਂਦੀਆਂ ਜਾਂਦੀਆਂ ਬੇੜੀਆਂ ਮਨਮੋਹਕ ਦ੍ਰਿਸ਼ ਪੇਸ਼ ਕਰਦੀਆਂ ਹਨ। ਗਰਮ ਖੁਸ਼ਕ ਹਵਾਵਾਂ ਪੱਤਣਾਂ ਤੋਂ ਦੂਰ ਤੱਕ ਫੈਲੇ ਬਰੇਤੇ ਉਪਰੋਂ ਸਰਕ ਸਰਕ ਕੇ ਲੰਘਦੀਆਂ ਹਨ। ਉਹ ਹਵਾਵਾਂ ਉਦੋਂ ਕਈਆਂ ਦੇ ਕਾਲਜੇ ਨੂੰ ਠੰਢ ਪਾਉਂਦੀਆਂ ਹਨ।

ਕਈ ਵਾਰ ਦਰਿਆਵਾਂ ਦਾ ਪਾਣੀ ਆਪਣੇ ਵਿੱਚ ਮਿਲੀ ਉਪਜਾਊ ਮਿੱਟੀ ਨੂੰ ਆਸ ਪਾਸ ਦੇ ਖੇਤਾਂ ਵਿੱਚ ਵਿਛਾ ਦਿੰਦਾ ਹੈ ਤੇ ਮਿੱਟੀ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਹੁੰਦਾ ਹੈ। ਕਈ ਵਾਰ ਇਸਦੇ ਉਲਟ ਵੀ ਵਾਪਰਦਾ ਹੈ। ਸ਼ਾਲਾ! ਦਰਿਆਵਾਂ ਦਾ ਪਾਣੀ ਆਪਣੀ ਗਤੀ ਵਿੱਚ ਵਹਿੰਦਾ ਰਹੇ ਤੇ ਪੱਤਣਾਂ 'ਤੇ ਰੌਣਕਾਂ ਲੱਗਦੀਆਂ ਰਹਿਣ! ਪਾਣੀ ਪੱਤਣਾਂ ਨੂੰ ਉਲੰਘੇ ਨਾ, ਸਗੋਂ ਆਪਣੀ ਮਸਤ ਚਾਲੇ ਰਵਾਂ-ਰਵੀਂ ਚਲਦਾ ਰਹੇ ਅਤੇ ਪੱਤਣ ਜੀਵਨ ਨੂੰ ਨਿਯੰਤ੍ਰਣ ਵਿੱਚ ਰੱਖਣ ਦਾ, ਵਿਸ਼ਰਾਮ ਦਾ, ਟਿਕਾ ਦਾ, ਟਿਕਾਣੇ ਦਾ, ਮੰਜ਼ਿਲ ਆਦਿ ਦਾ ਸੰਦੇਸ਼ ਦਿੰਦਾ ਰਹੇ!

# ਲਲਾਰੀਆ ਰੰਗ ਦੇ ਵੇ...

ਡਾ. ਪ੍ਰਿਤਪਾਲ ਸਿੰਘ ਮਹਿਰੋਕ

ਰੰਗਾਂ ਨਾਲ ਭਰਪੂਰ ਸੰਸਾਰ ਵਿੱਚ ਰੰਗਾਂ ਦੀ ਦੁਨੀਆ ਬੜੀ ਅਜੀਬ ਤੇ ਵਚਿੱਤਰ ਹੈ। ਪ੍ਰਕਿਰਤੀ ਦਾ ਵੰਨ-ਸੁਵੰਨਾਪਨ ਤੇ ਧਰਤੀ ਦਾ ਖੂਬਸੂਰਤ ਪਾਸਾਰਾ ਸਭ ਦੇ ਮਨ ਨੂੰ ਭਾਉਂਦਾ ਹੈ ਅਤੇ ਬਹੁ-ਰੰਗਤਾ,ਖੇੜੇ, ਵਧਣ-ਫੁੱਲਣ, ਮੌਲਣ, ਰੰਗ-ਖੁਸ਼ਬੂਆਂ ਬਿਖੇਰਨ ਆਦਿ ਦਾ ਸੁਨੇਹਾ ਦਿੰਦਾ ਹੈ। ਬਨਸਪਤੀ, ਪਸ਼ੂਆਂ, ਪੰਛੀਆਂ, ਤਿਤਲੀਆਂ, ਮਿੱਟੀ, ਪਾਣੀ ਆਦਿ ਦੇ ਰੰਗਾਂ ਦੀ ਦੁਨੀਆ ਬੜੀ ਮਨਮੋਹਕ ਹੈ। ਮਨੁੱਖ ਦਾ ਰੰਗਾਂ ਪ੍ਰਤੀ ਮੋਹ ਸੁਭਾਵਿਕ ਹੈ।ਮਨੁੱਖ ਦੀਆਂ ਅੱਖਾਂ ਕੁਦਰਤ ਦੇ ਰੰਗਾਂ ਨੂੰ ਵੇਖਣ/ਮਾਣਨ ਤੇ ਰੰਗਾਂ ਦੇ ਸੰਸਾਰ ਵਿੱਚ ਵਿਚਰਨ ਲਈ ਲਲਚਾਉਂਦੀਆਂ ਰਹਿੰਦੀਆਂ ਹਨ। ਉਸਦੇ ਮਨ ਅੰਦਰ ਆਪਣੀ ਜ਼ਿੰਦਗੀ ਵਿੱਚ ਰੰਗ ਭਰਨ ਲਈ ਰੀਝ ਜਾਗਦੀ ਹੈ ਤੇ ਰੰਗਾਂ ਦੀ ਭਾਲ ਕਰਨ ਲਈ ਮਨੁੱਖ ਕੁਦਰਤ ਵੱਲ ਰੁਖ਼ ਕਰਦਾ ਹੈ।ਖੋਜੀ ਮਨੁੱਖ ਕੁਦਰਤ ਵਿੱਚੋਂ ਰੰਗਾਂ ਦੀ ਖੋਜ ਕਰਦਿਆਂ ਕਰਦਿਆਂ ਉਨ੍ਹਾਂ ਨੂੰ ਇਕ ਪਦਾਰਥ ਦੇ ਰੂਪ ਵਿੱਚ ਵਿਕਸਤ ਕਰ ਲੈਂਦਾ ਹੈ ਤੇ ਮਨ ਇੱਛਤ ਤਰੀਕੇ ਨਾਲ ਉਨ੍ਹਾਂ ਦਾ ਇਸਤੇਮਾਲ ਕਰਨ ਲੱਗਦਾ ਹੈ।ਹੌਲੀ ਹੌਲੀ ਰੰਗਾਂ ਦਾ ਵਪਾਰੀ ਰੰਗ ਬਣਾਉਣ, ਖਰੀਦਣ, ਵੇਚਣ ਅਤੇ ਵਸਤੂਆਂ, ਤਰਲਾਂ, ਕੱਪੜਿਆਂ ਆਦਿ ਨੂੰ ਰੰਗਦਾਰ ਬਣਾਉਣ ਦਾ ਕਾਰੋਬਾਰ ਪ੍ਰਾਰੰਭ ਕਰ ਲੈਂਦਾ ਹੈ।

ਕਹਿੰਦੇ ਹਨ ਬੱਚੇ, ਰੰਗ ਤੇ ਫੁੱਲ ਸਭ ਨੂੰ ਪਿਆਰੇ ਲੱਗਦੇ ਹਨ।ਰੰਗਾਂ ਨੂੰ ਪਿਆਰ ਕਰਨ ਕਰਕੇ ਹੀ ਮਨੁੱਖ ਵਧੇਰੇ ਕਰਕੇ ਰੰਗਦਾਰ ਵਸਤਰ ਪਹਿਨਣੇ ਪਸੰਦ ਕਰਦਾ ਹੈ। ਰੰਗ ਬਰੰਗਾ ਪਹਿਰਾਵਾ ਪੰਜਾਬੀ ਸੱਭਿਆਚਾਰ ਦਾ ਹਿੱਸਾ ਹੈ।ਪੰਜਾਬੀ ਸੱਭਿਆਚਾਰ ਸ਼ਬਦਾਵਲੀ ਕੋਸ਼ (ਪੰਜਾਬੀ ਯੂਨੀਵਰਸਿਟੀ ਪਟਿਆਲਾ) ਅਨੁਸਾਰ-"ਕੱਪੜੇ ਰੰਗਣ ਦਾ ਕਿੱਤਾ ਕਰਨ ਵਾਲੇ ਨੂੰ ਜਾਂ ਕੱਪੜਿਆਂ ਨੂੰ ਰੰਗ ਚਾੜ੍ਹਨ ਵਾਲੇ ਨੂੰ ਲਲਾਰੀ ਜਾਂ ਰੰਗਰੇਜ਼ ਕਿਹਾ ਜਾਂਦਾ ਹੈ। "ਪੱਗਾਂ, ਚੁੰਨੀਆਂ ਤੇ ਹੋਰ ਕੱਪੜਿਆਂ ਨੂੰ ਰੰਗ ਲਗਾਉਣ ਵਾਲੇ ਲਲਾਰੀ, ਰੰਗਰੇਜ਼ ਜਾਂ ਰੰਗਸਾਜ਼ ਨੂੰ ਸਮਾਜ ਦੇ ਮਹੱਤਵਪੂਰਨ ਤੇ ਅਨਿੱਖੜਵੇਂ ਅੰਗ ਵਜੋਂ ਜਾਣਿਆ ਜਾਂਦਾ ਰਿਹਾ ਹੈ। ਉਸਦਾ ਪੰਜਾਬੀ ਸੱਭਿਆਚਾਰ ਵਿੱਚ ਵਿਸ਼ੇਸ਼ ਸਥਾਨ ਵੀ ਰਿਹਾ ਹੈ ਤੇ ਆਦਰ-ਮਾਣ ਵੀ।

ਰੰਗਾਂ ਦੇ ਵਿਗਿਆਨ ਅਨੁਸਾਰ ਅਸਲ ਵਿੱਚ ਰੰਗ ਤਾਂ ਸੱਤ ਹੀ ਹਨ। ਜਿਨ੍ਹਾਂ ਨੂੰ ਰਲਾ ਕੇ ਜਾਂ ਨਿਖੇੜ ਕੇ ਹਜ਼ਾਰਾਂ ਹੋਰ ਰੰਗ ਬਣਾ ਲਏ ਜਾਂਦੇ ਹਨ। ਸੱਤਾਂ ਰੰਗਾਂ ਨੂੰ ਵੱਧ-ਘੱਟ ਮਾਤਰਾ ਵਿੱਚ ਮਿਲਾ ਕੇ ਜਾਂ ਨਿਖੇੜ ਕੇ ਕਈ ਰੰਗ ਬਣਾ ਲੈਣ ਦੇ ਵਿਗਿਆਨ ਤੋਂ ਲਲਾਰੀ ਭਲੀ-ਭਾਂਤ ਜਾਣੂੰ ਹੁੰਦਾ ਹੈ।

ਪੈਂਤੀ ਕੁ ਸਾਲ ਪਹਿਲਾਂ ਪਟਿਆਲਾ ਜ਼ਿਲ੍ਹੇ ਦੇ ਇਕ ਪਿੰਡ ਵਿੱਚ ਇਕ ਵਿਆਹ ਦੇ ਮੌਕੇ 'ਤੇ ਮੈਂ ਸੁਣਿਆ/ਵੇਖਿਆ ਸੀ ਕਿ ਦੇਰ ਸ਼ਾਮ ਨੂੰ ਗਾਉਣ ਬੈਠੀਆਂ ਤੀਵੀਆਂ ਵਿੱਚੋਂ ਇਕ ਨੇ ਬਹੁਤ ਸੁਰੀਲੀ ਆਵਾਜ਼ ਵਿੱਚ ਇਕ ਖ਼ੂਬਸੂਰਤ ਲੋਕ ਗੀਤ ਗਾ ਕੇ ਸੁਣਨ ਵਾਲਿਆਂ ਨੂੰ ਨੱਚਣ-ਝੂਮਣ ਲਗਾ ਦਿੱਤਾ ਸੀ। ਉਸ ਲੋਕ ਗੀਤ ਦੇ ਬੋਲ ਅਜੇ ਵੀ ਮੇਰੇ ਕੰਨਾਂ ਵਿੱਚ ਗੂੰਜਦੇ ਹਨ:

ਲਲਾਰੀਆ ਰੰਗ ਦੇ ਵੇ, ਸਾਧਾਂ ਵਾਲਾ ਦੁਪੱਟਾ
ਲਲਾਰੀਆ ਰੰਗ ਦੇ ਵੇ ...
ਹਰਾ ਵੀ ਰੰਗ ਦੇ, ਪੀਲਾ ਵੀ ਰੰਗ ਦੇ
ਨਾਲੇ, ਰੰਗ ਦੇ ਖੱਟਾ, ਲਲਾਰੀਆ ਰੰਗ ਦੇ ਵੇ ...

ਕਦੇ ਕਦੇ ਇੰਜ ਮਹਿਸੂਸ ਹੁੰਦਾ ਹੈ ਜਿਵੇਂ ਲਲਾਰੀ ਦੀ ਰਗ ਰਗ ਵਿੱਚ ਰੰਗਾਂ ਦਾ ਵਾਸਾ ਹੋਵੇ। ਉਸਦੇ ਸਾਹਾਂ ਵਿੱਚ ਜਿਵੇਂ ਰੰਗ ਧੜਕ ਰਹੇ ਹੋਵਣ। ਉਸਦੇ ਬੋਲ ਵੀ ਜਿਵੇਂ ਰੰਗਾਂ ਵਿੱਚ ਰੰਗੇ ਹੋਏ ਹੋਵਣ। ਲਲਾਰੀ ਕੋਲ ਰੰਗਾਂ ਦਾ ਭਰਪੂਰ ਭੰਡਾਰ ਹੁੰਦਾ ਹੈ। ਉਸਨੇ ਪੰਜਾਬੀ ਸੱਭਿਆਚਾਰ ਨੂੰ, ਪੰਜਾਬੀ ਪਹਿਰਾਵੇ ਨੂੰ, ਪੰਜਾਬੀ ਲੋਕ ਜੀਵਨ ਨੂੰ ਖੂਬਸੂਰਤ ਰੰਗਾਂ ਵਿੱਚ ਰੰਗਿਆ ਹੈ। ਉਹ ਸਮਾਜ ਦੀ ਸੇਵਾ ਕਰਦਾ ਚਲਿਆ ਆ ਰਿਹਾ ਹੈ। ਲੋਕ ਉਸਦਾ ਜਸ ਗਾਉਂਦੇ ਹਨ। ਪੰਜਾਬੀ ਲੋਕ ਗੀਤਾਂ ਵਿੱਚ ਲਲਾਰੀ ਦੇ ਜੋ ਸੋਹਲੇ ਗਾਏ ਗਏ ਹਨ ਉਹ ਕਿਸੇ ਕੋਲੋਂ ਗੁੱਝੇ ਹੋਏ ਨਹੀਂ:

* ਬਗਲੇ ਦੇ ਖੰਭ ਚਿੱਟੇ ਸੁਣੀਂਦੇ, ਕੋਇਲ ਸੁਣੀਂਦੀ ਕਾਲੀ
ਬਗਲਾ ਕਹਿੰਦਾ ਆ ਚੱਲੀਏ ਕੋਇਲੇ, ਜਿਥੇ ਵੱਸੇ ਲਲਾਰੀ
ਪਹਿਲੇ ਡੋਬੇ ਮੇਰੀ ਕੁੜਤੀ ਡੋਬ ਦੇ, ਪਿਛਲੇ ਡੋਬ ਫੁਲਕਾਰੀ
ਰੋਟੀ ਲੈ ਜਾ ਨੀ, ਦੂਰ ਸੁਣੀਂਦਾ ਹਾਲੀ...

* ਤੱਕ ਕੇ ਕੀ ਆਖਾਂ ਮੈਂ ਰੂਪ ਤੇਰੇ ਨੂੰ, ਮੋਰ ਵੀ ਪਾਉਂਦੇ ਘੇਰਾ
ਵੇ ਸੱਜਣਾਂ ਦੀ ਪੱਗ ਵਰਗਾ, ਲਹਿੰਗਾ ਰੰਗ ਦੇ ਲਲਾਰੀਆ ਮੇਰਾ
ਵੇ ਮਿੱਤਰਾਂ ਦੀ ਪੱਗ ਵਰਗਾ, ਦੁਪੱਟਾ ਰੰਗ ਦੇ ਲਲਾਰੀਆ ਮੇਰਾ...

ਲਲਾਰੀ ਕੱਪੜੇ 'ਤੇ ਰੰਗ ਚਾੜ੍ਹਦਾ ਹੈ ਤਾਂ ਉਸਨੂੰ ਨਵੀਂ ਦਿੱਖ, ਨਵੀਂ ਨੁਹਾਰ, ਨਵਾਂ ਰੂਪ ਪ੍ਰਦਾਨ ਕਰ ਦਿੰਦਾ ਹੈ। ਉਸਦੇ ਹੱਥਾਂ ਵਿੱਚ ਜਿਵੇਂ ਕੋਈ ਜਾਦੂਈ ਸ਼ਕਤੀ ਹੋਵੇ! ਉਸ ਕੋਲ ਤਰਲ ਜਾਂ ਪਾਊਡਰ ਦੇ ਰੂਪ ਵਿੱਚ ਕਈ ਰੰਗ ਹੁੰਦੇ ਹਨ। ਰੰਗਾਂ ਤੋਂ ਇਲਾਵਾ ਲਲਾਰੀ ਕੋਲ ਕਈ ਤਰ੍ਹਾਂ ਦੇ ਸੰਦ ਹੁੰਦੇ ਹਨ ਜਿਨ੍ਹਾਂ ਨੂੰ ਉਹ ਸਮੇਂ-ਸਮੇਂ ਵਰਤੋਂ ਵਿੱਚ ਲਿਆਉਂਦਾ ਹੈ। ਪਾਊਡਰ ਰੰਗਾਂ ਜਾਂ ਤਰਲ ਰੰਗਾਂ ਨੂੰ ਪਾਉਣ ਲਈ ਉਸ ਕੋਲ ਢੱਕਣ ਸਮੇਤ ਡੱਬੇ ਜਾਂ ਸ਼ੀਸ਼ੀਆਂ ਹੁੰਦੀਆਂ ਹਨ। ਉਨ੍ਹਾਂ ਨੂੰ ਤਰਤੀਬ ਵਿੱਚ ਰੱਖਣ ਵਾਸਤੇ ਇਕ ਵੱਡਾ(ਲੱਕੜੀ, ਪਲਾਸਟਿਕ ਜਾਂ ਟੀਨ ਦਾ ਬਣਿਆ) ਟਰੇ-ਨੁਮਾ ਖਾਨਿਆਂ ਵਾਲਾ ਰੱਖਣਾ ਹੁੰਦਾ ਹੈ। ਇਸ ਤੋਂ ਇਲਾਵਾ ਲਲਾਰੀ ਕੋਲ ਕੁਝ ਜ਼ਰੂਰੀ ਤੇ ਲੋੜੀਂਦੇ ਸੰਦ ਅਤੇ ਕੁਝ ਇਸ ਪ੍ਰਕਾਰ ਦਾ ਸਮਾਨ ਹੁੰਦਾ ਹੈ: ਡੱਬੇ ਵਿੱਚੋਂ ਰੰਗ ਕੱਢਣ ਲਈ ਚਮਚਾ, ਕੜਾਹੀ, ਪਾਣੀ ਜਮ੍ਹਾਂ ਕਰਕੇ ਰੱਖਣ ਵਲਾ ਡਰੰਮ, ਮੱਘ (ਪਾਣੀ ਪਾਉਣ ਵਾਲਾ ਵੱਡਾ ਕੱਪ), ਰੰਗਾਂ ਦੀਆਂ ਵੰਨਗੀਆਂ ਦੀ ਸੀਮਾਂ (ਰੇਂਜ) ਵਿਖਾਉਣ ਵਾਲ ਚਾਰਟ ਜਾਂ ਪੁਸਤਿਕਾ,ਪਾਣੀ ਗਰਮ ਕਰਨ ਲਈ ਭੱਠੀ ਜਾਂ ਗੈਸ ਚੁੱਲ੍ਹਾ, ਕੱਪੜੇ ਉਪਰ ਲਗਾਉਣ ਲਈ ਨੰਬਰ ਪਰਚੀ,ਗਰਮ ਪਾਣੀ ਵਿੱਚ ਕੱਪੜਿਆਂ ਨੂੰ ਉਥੱਲਣ-ਪਥੱਲਣ ਲਈ ਸੋਟੀ/ਛੜੀ, ਪੱਕਾ ਰੰਗ ਚਾੜ੍ਹਨ ਲਈ ਕੈਮੀਕਲ, ਰੰਗ ਕਾਟ, ਪੱਗਾਂ ਨੂੰ ਲਗਾਉਣ ਵਾਲੀ ਲੇਟੀ (ਜੋ ਪਹਿਲਾਂ ਪੱਗਾਂ ਨੂੰ ਲਗਾਈ ਜਾਂਦੀ ਸੀ ਪਰ ਹੁਣ ਨਹੀਂ), ਰੰਗੇ ਹੋਏ ਕੱਪੜੇ ਸੁਕਾਉਣ ਲਈ ਡਰਾਇਰ (ਕੱਪੜੇ ਸੁਕਾਉਣ ਵਾਲੀ ਮਸ਼ੀਨ), ਕੱਪੜੇ ਸੁੱਕਣੇ ਪਾਉਣ ਲਈ ਤਾਰ ਜਾਂ ਰੱਸੀ,ਰੰਗ ਕੀਤੇ ਕੱਪੜੇ ਤਹਿ ਲਗਾ ਕੇ ਰੱਖਣ ਲਈ ਅਲਮਾਰੀ, ਰੰਗ ਕੀਤੇ ਕੱਪੜੇ ਗਾਹਕ ਨੂੰ ਦੇਣ ਲਈ ਲਫ਼ਾਫੇ ਆਦਿ।

ਪੰਜਾਬੀ ਲੋਕ ਗੀਤਾਂ ਵਿੱਚ ਲਲਾਰੀ ਦੇ ਕਿੱਤੇ, ਉਸਦੀ ਕਿੱਤਾਵਰ ਕਲਾ, ਉਸਦੀ ਲੋਕਪ੍ਰਿਯਤਾ,ਆਪਣੇ ਕੰਮ ਵਿੱਚ ਉਸਦੀ ਨਿਪੁੰਨਤਾ ਦੀ ਚਰਚਾ, ਉਸਦੇ ਸੁਭਾਅ ਦੇ ਵਿਭਿੰਨ ਪੱਖਾਂ, ਸਮਾਜ ਵਿੱਚ ਉਸਦੇ ਕਿੱਤੇ ਦੇ ਮਹੱਤਵ ਆਦਿ ਬਾਰੇ ਗੱਲਾਂ ਚੱਲਦੀਆਂ ਰਹਿੰਦੀਆਂ ਹਨ :

* ਦੂਰੋਂ ਲਾਹੌਰੋਂ ਮੈਂ ਲਲਾਰੀ ਮੰਗਾਉਂਨੀ ਆਂ
ਆਪਣੇ ਵੀਰੇ ਦਾ ਚੀਰਾ ਰੰਗਾਉਂਨੀ ਆਂ...

* ਪਿੰਡਾਂ ਵਿੱਚੋਂ ਪਿੰਡ ਸੁਣੀਂਦਾ, ਪਿੰਡ ਸੁਣੀਂਦਾ ਬੰਗੇ
ਉਥੋਂ ਦਾ ਇਕ ਲਲਾਰੀ ਸੁਣੀਂਦਾ, ਚੁੰਨੀਆਂ ਸੋਹਣੀਆਂ ਰੰਗੇ
ਪੱਗਾਂ ਦਾ ਲੈਂਦਾ ਸਵਾ ਰੁਪਈਆ
ਚੁੰਨੀਆਂ ਦਾ ਕੁਝ ਨਾ ਮੰਗੇ

(ਬਾਕੀ ਅਗਲੇ ਸਫੇ 'ਤੇ)

# ਜਦੋਂ ਮੇਰੇ ਪਿੰਡ 'ਮੇਰਾ ਸਕੂਲ ਵੈਲਫੇਅਰ ਸੋਸਾਇਟੀ' ਹੋਂਦ ਵਿੱਚ ਆਈ



ਮੇਜਰ ਸਿੰਘ ਨਾਭਾ
91-94635-53962

ਇੱਕ ਦਿਨ ਮੈਂ ਮੇਰੇ ਪਿੰਡ ਦੇ ਮੇਰੇ ਗੁਆਂਢੀ ਦੋਸਤ ਸੁਖਚੈਨ ਸਿੰਘ ਚੀਂਡਸਾ (ਰਿਟਾ: ਜਨਰਲ ਮੈਨੇਜਰ ਪੰਜਾਬ ਮੰਡੀ ਬੋਰਡ) ਨੂੰ ਰੋਜ਼ਾਨਾ ਦੀ ਤਰ੍ਹਾਂ ਘਰ ਮੂਹਰਿਓਂ ਲੰਘਦੇ ਹੋਏ ਉਨ੍ਹਾਂ ਨੂੰ ਮਿਲਣ ਲਈ ਗਿਆ ਤਾਂ ਉਨ੍ਹਾਂ ਮੈਨੂੰ ਪਿੰਡ ਦੇ ਸਕੂਲ ਵਿੱਚ ਮੈਡਮ ਦਲਜੀਤ ਕੌਰ, ਮੈਡਮ ਜਗਦੀਪ ਕੌਰ ਵਲੋਂ ਸਮੂਹ ਸਟਾਫ ਦੇ ਸਹਿਯੋਗ ਨਾਲ ਸਕੂਲ ਦੇ ਬੱਚਿਆਂ ਲਈ ਮੂਹਰੇ ਆ ਰਹੀ ਸਰਦੀ ਤੋਂ ਬਚਣ ਲਈ ਜੈਕਟਾਂ ਦੇਣ ਲਈ ਮੇਰਾ ਸਕੂਲ ਨਾਂ ਦਾ ਗਰੁੱਪ ਬਣਾ ਕੇ ਇਹ ਕਾਰਜ ਆਰੰਭ ਕਰਨ ਬਾਰੇ ਦੱਸਿਆ। ਉਨ੍ਹਾਂ ਨੂੰ ਗਰੁੱਪ 'ਚ ਸ਼ਾਮਲ ਕਰ ਲਿਆ ਸੀ। ਉਨ੍ਹਾਂ ਮੈਨੂੰ ਦੱਸਿਆਂ ਕਿ ਹਰਬੰਸ ਸਿੰਘ ਰਿਟਾ: ਮਾਸਟਰ ਅਤੇ ਗੁਰਮੀਤ ਸਿੰਘ ਨੋਹਰਾ ਨੇ ਆਪਣੇ ਆਪਣੇ ਵਿੱਤ ਅਨੁਸਾਰ ਸਹਿਯੋਗ ਦਿੱਤਾ ਹੈ ਤਾਂ ਮੈਂ ਵੀ ਉਨ੍ਹਾਂ ਨੂੰ ਆਨ ਲਾਈਨ ਆਪਣੇ ਵਿੱਤ ਅਨੁਸਾਰ ਪੈਸੇ ਪਾ ਦਿੱਤੇ। ਮੈਂ ਕੋਈ ਬਹੁਤਾ ਇਸ ਬਾਰੇ ਧਿਆਨ ਨਾ ਦਿੱਤਾ। ਮੈਂ 1974 ਵਿੱਚ ਮੈਟ੍ਰਿਕ ਕਰਨ ਤੋਂ ਬਾਦ ਆਪਣੇ ਸਕੂਲ ਗਿਣਵੀ ਵਾਰ ਹੀ ਗਿਆ ਹੋਵਾਂਗਾ। ਮੈਂ ਪਿਛਲੇ ਲੰਬੇ ਸਮੇਂ ਤੋਂ ਨਾਭੇ ਰਹਿ ਰਿਹਾ ਹਾਂ ਇਸ ਕਰਕੇ ਮੇਰਾ ਸਕੂਲ ਨਾਲ ਕੋਈ ਤਾਲ ਮੇਲ ਨਹੀਂ ਰਿਹਾ ਸੀ। ਸੁਖਚੈਨ ਸਿੰਘ ਨੇ ਮੈਨੂੰ ਸਾਡੀ ਕਲੋਨੀ ਦੇ ਆਲੇ ਦੁਆਲੇ ਹੋਰ ਪਿੰਡ ਦੇ ਪੁਰਾਣੇ ਵਿਦਿਆਰਥੀਆਂ ਨਾਲ ਤਾਲ ਮੇਲ ਕਰਨ ਦੀ ਗੱਲ ਆਖੀ, ਮੈਂ ਹਾਮੀ ਭਰ ਦਿੱਤੀ। ਉਨ੍ਹਾਂ ਦੇ ਰੁਝੇਵਿਆਂ ਕਾਰਨ ਅਸੀਂ ਕਿਸੇ ਕੋਲ ਨਾ ਜਾ ਸਕੇ। ਮੈਂ ਆਪਣੇ ਦੋਸਤ ਸੁਖਦੇਵ ਸਿੰਘ ਕੋਲ ਡਿਫੈਂਸ ਕਲੋਨੀ ਜਾ ਰਿਹਾ ਸੀ ਰਸਤੇ 'ਚ ਪਿੰਡ ਦੇ ਹੀ ਹਰਬੰਸ ਸਿੰਘ ਗੁੱਡ ਦਾ ਘਰ ਸੀ ਉਸ ਨੂੰ ਬਾਹਰੋਂ ਹੀ ਫੋਨ ਲਾਇਆ ਉਸ ਨੂੰ ਬਾਹਰ ਆਉਣ ਲਈ ਕਿਹਾ। ਬਾਹਰ ਆਉਣ 'ਤੇ ਉਸ ਨੂੰ ਸਕੂਲ ਦੇ ਗਰੁੱਪ ਵਾਲੀ ਗੱਲ ਦੱਸੀ ਤਾਂ ਉਸ ਨੇ ਆਨ ਲਾਈਨ ਪੈਸੇ ਪਾ ਦਿੱਤੇ। ਸੁਖਦੇਵ ਕੋਲ ਗਿਆ ਗੱਲ ਬਾਤ ਕੀਤੀ ਉਸ ਨੂੰ ਦੱਸਿਆ ਤਾਂ ਉਸ ਨੇ ਨਕਦ ਪੈਸੇ ਦੇ ਦਿੱਤੇ। ਵਾਹਿਗੁਰੂ ਜੀ ਨੇ ਐਨੀ ਕਿਰਪਾ ਕੀਤੀ ਕਿ ਪੁਰਾਣੇ ਸੀਨੀਅਰ/ਜੂਨੀਅਰ ਸਕੂਲ ਵਿਦਿਆਰਥੀ ਦੋਸਤ ਜਿਸ ਨੂੰ ਵੀ ਮੈਂ ਦੱਸਿਆ ਹਰੇਕ ਨੇ ਆਪਣਾ ਯੋਗਦਾਨ ਪਾਇਆ।

ਇੱਕ ਦਿਨ ਮੇਰੇ ਦੋਸਤ ਸੁਨੀਲ ਦੁੱਗਲ ਨਾਭਾ ਨਾਲ ਕਿਸੇ ਲੜਕੀ ਦੀ ਫੈਮਲੀ ਪੈਨਸ਼ਨ ਲਈ ਸੰਗਰੂਰ ਖਜ਼ਾਨੇ ਜਾ ਰਹੇ ਸੀ ਤਾਂ ਉਨ੍ਹਾਂ ਨਾਲ ਸੁਭਾਵਕ ਹੀ ਪਿੰਡ ਦੇ ਸਕੂਲ ਦੇ ਗਰੁੱਪ ਬਾਰੇ ਗੱਲ ਕੀਤੀ ਕਿਉਂ ਕਿ ਉਨ੍ਹਾਂ ਦੇ ਭੈਣ ਜੀ ਬਿਮਲਾ ਦੁੱਗਲ ਨੇ ਪਹਿਲੀ ਜੁਆਇਨਿੰਗ ਮੇਰੇ ਪਿੰਡ ਸਕੂਲ ਦੇ ਕੇ ਬਤੌਰ ਹਿੰਦੀ ਅਧਿਆਪਕਾ ਸੇਵਾ ਸ਼ੁਰੂ ਕੀਤੀ ਸੀ, ਉਹ ਉਥੇ ਹੀ ਰਹਿੰਦੇ ਹੁੰਦੇ ਸੀ ਸੁਨੀਲ ਦੁੱਗਲ ਵੀ ਉਨ੍ਹਾਂ ਕੋਲ ਰਹਿੰਦਾ ਸੀ ਉਨ੍ਹਾਂ ਦਾ ਵੀ ਇਸ ਸਕੂਲ / ਪਿੰਡ ਨਾਲ ਲਗਾਵ ਹੋਣ ਕਾਰਨ ਉਨ੍ਹਾਂ ਗੱਡੀ ਡਰਾਈਵ ਕਰਦੇ ਹੀ ਆਪਣੇ ਜੀਜਾ ਬਰਿੰਦਰ ਦੀਵਾਨ ਜੀ ਨੂੰ ਫੋਨ ਮਿਲਾਇਆ ਤੇ ਦੰਦਰਾਲਾ ਚੀਂਡਸਾ ਸਕੂਲ ਵਿੱਚ ਬੱਚਿਆਂ ਨੂੰ ਜੈਕਟਾਂ ਦੇਣ ਬਾਰੇ ਦੱਸਿਆ ਤਾਂ ਉਨ੍ਹਾਂ ਰਸਤੇ ਵਿੱਚ ਜਾਂਦੇ ਜਾਂਦੇ ਗਿਆਰਾਂ ਹਜ਼ਾਰ ਰੁਪਏ ਆਨ ਲਾਈਨ ਭੇਜ ਦਿੱਤੇ, ਇੱਕ ਹੋਰ ਦੋਸਤ ਅਧਿਆਪਕ ਨੇ ਵੀ ਆਨ ਲਾਈਨ ਰਸਤੇ 'ਚ ਹੀ ਪੈਸੇ ਭੇਜ ਦਿੱਤੇ।ਇੱਕੋ ਸੁਨੇਹੇ 'ਤੇ ਕਨੇਡਾ ਤੋਂ ਦੋਸਤ ਸੇਵਾ ਸਿੰਘ ਝੱਜ, ਮੇਰੇ ਰਿਸ਼ਤੇਦਾਰ ਮਨਜਿੰਦਰ ਸਿੰਘ ਨਿਝੱਰ ਨੇ ਗਿਆਰਾਂ-ਗਿਆਰਾਂ ਹਜ਼ਾਰ ਰੁਪਏ ਦਾ ਯੋਗਦਾਨ ਪਾ ਦਿੱਤਾ। ਰਣਜੀਤ ਸਿੰਘ ਚੀਂਡਸਾ (ਨਾਭਾ) ਵਲੋਂ ਇੱਕੀ ਹਜ਼ਾਰ ਰੁਪਏ ਅਤੇ ਵਿਦੇਸ਼ ਬੈਠੇ ਪਿੰਡ ਦੇ ਸੁੱਖੀ ਚੀਂਡਸਾ ਨੇ ਦਸ ਹਜ਼ਾਰ ਰੁਪਏ, ਇੱਕ ਹੋਰ ਦੋਸਤ ਨੇ ਪੰਜਾਹ ਹਜ਼ਾਰ ਰੁਪਏ ਤੋਂ ਵੱਧ ਹੀ ਪੈਸੇ ਭੇਜ ਦਿੱਤੇ। ਇਸੇ ਤਰ੍ਹਾਂ ਰਮੇਸ਼ਇੰਦਰ ਸ਼ਰਮਾ (ਰਿਟਾ: ਚੀਫ ਮਨੇਜਰ ਪੀ.ਐਨ.ਬੀ.), ਦਵਿੰਦਰ ਸਿੰਘ (ਰਿਟਾ: ਐਸ.ਐਚ.ਓ.), ਵੈਦ ਜਸਪਾਲ ਸਿੰਘ ਚੀਂਡਸਾ, ਰਣਦੀਪ ਸਿੰਘ ਘਣੀਵਾਲ (ਰਿਟਾ: ਅ/ਕ ਟੀਚਰ) ਰਵਿੰਦਰ ਸਿੰਘ ਚੀਂਡਸਾ (ਰਿਟਾ: ਐਕਸਾਈਜ਼ ਇੰਸਪੈਕਟਰ), ਪ੍ਰਿਤਪਾਲ ਸਿੰਘ ਚੰਡੀਗੜ੍ਹ, ਯਾਦਵਿੰਦਰ ਸਿੰਘ ਚੀਂਡਸਾ, ਸਕਿੰਦਰ ਸਿੰਘ ਚੀਂਡਸਾ ਚੇਅਰਮੈਨ, ਗੁਰਮੇਲ ਸਿੰਘ ਚੀਂਡਸਾ ਨੇ ਵੱਡਾ ਸਹਿਯੋਗ ਦਿੱਤਾ। ਇਹ ਕਾਰਜ ਪਹਿਲਾਂ ਸਿਰਫ ਛੇਵੀਂ ਤੋਂ ਦਸਵੀਂ ਤੱਕ ਦੇ ਬੱਚਿਆਂ ਲਈ ਉਲੀਕਿਆ ਗਿਆ ਸੀ ਪਰ ਅਨੁਮਾਨ ਤੋਂ ਜ਼ਿਆਦਾ ਕੁਲੈਕਸ਼ਨ ਹੋਣ ਕਾਰਨ ਫਿਰ ਸੋਸਾਇਟੀ ਵਲੋਂ ਪ੍ਰਾਇਮਰੀ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀਆਂ ਨੂੰ ਦੇਣ ਦਾ ਫੈਸਲਾ ਕਰ ਲਿਆ ਗਿਆ ।ਮੈਡਮ ਦਲਜੀਤ ਕੌਰ, ਮੈਡਮ ਭੁਪਿੰਦਰ ਕੌਰ, ਮੈਡਮ ਜਗਦੀਪ ਕੌਰ, ਮੈਡਮ ਪਰਮਜੀਤ ਕੌਰ, ਮੈਡਮ ਜਗਦੀਪ ਕੌਰ ਪਹਿਲਾਂ ਹੀ ਵੱਡਾ ਯੋਗਦਾਨ ਪਾ ਚੁੱਕੇ ਸੀ। ਸਕੂਲ ਦੇ ਦੋ ਮੈਡਮ ਹਰੇਕ ਮਹੀਨੇ ਸੋਸਾਇਟੀ ਲਈ ਦੋ-ਦੋ ਹਜ਼ਾਰ ਦੇ ਰਹੇ ਹਨ। ਮਾ: ਮੇਜਰ ਸਿੰਘ ਚੀਂਡਸਾ, ਮਾ: ਚਮਕੌਰ ਚੰਦ ਵਰਮਾ, ਮਾ: ਲਛਮਣ ਦਾਸ ਵਰਮਾ, ਸ੍ਰੀਮਤੀ ਸੁਦੇਸ਼ ਰਾਣੀ (ਰਿਟਾ: ਇੰ-ਸਪੈਕਟਰ ਫੂਡ ਸਪਲਾਈ) ਮਾ: ਹਰਬੰਸ ਸਿੰਘ , ਮਾ: ਸੁਖਦੇਵ ਸਿੰਘ ਬਿਰਧਨੋ, ਮਾ: ਅਮਰੀਕ ਸਿੰਘ (ਰਿਟਾ: ਅ/ਕ ਟੀਚਰ), ਮਾ: ਜਤਿੰਦਰ ਕੁਮਾਰ, ਮਾ: ਕਮਲ ਕੁਮਾਰ, ਮਾ: ਗੁਰਜੰਟ ਸਿੰਘ, ਮਾ: ਕਰਮਜੀਤ ਸਿੰਘ ਨੋਹਰਾ, ਸ੍ਰ. ਰਣਜੀਤ ਸਿੰਘ ਚੀਂਡਸਾ (ਕਾਲਾ), ਚਰਨਜੀਤ ਸਿੰਘ, ਗੁਰਸੇਵ ਸਿੰਘ ਚੀਂਡਸਾ, ਅਜਾਇਬ ਸਿੰਘ ਚੀਂਡਸਾ, ਸ੍ਰ. ਕਮਲਜੀਤ ਸਿੰਘ ਚੀਂਡਸਾ, ਹਰਪ੍ਰੀਤ ਸਿੰਘ ਚੀਂਡਸਾ, ਜਗਦੇਵ ਸਿੰਘ ਚੀਂਡਸਾ, ਲਾਲਜੀਤ ਸ਼ਿੰਘ, ਸੰਦੀਪ ਸਿੰਘ ਸਰਪੰਚ, ਤੇਜ ਸਿੰਘ, ਮਾ: ਹਰਦੇਵ ਸਿੰਘ, ਮਾ: ਸੁਖਵਿੰਦਰ ਸਿੰਘ ਆਦਿ ਨੇ ਸਹਿਯੋਗ ਦੇ ਕੇ ਇਸ ਕਾਫਲੇ ਨੂੰ ਅੱਗੇ ਵਧਾਇਆ। ਇਸ ਤਰਾਂ ਕਾਫਲਾ ਵਧਦਾ ਗਿਆ ਜਿਸ ਨੂੰ ਵੀ ਫੋਨ ਕੀਤਾ ਜਵਾਬ ਕਿਸੇ ਨਹੀਂ ਦਿੱਤਾ ਇਹ ਵਾਹਿਗੁਰੂ ਜੀ ਦੀ ਮਿਹਰ ਸਦਕਾ ਹੀ ਹੋਇਆ। ਅਨੁਮਾਨ ਤੋਂ ਕਈ ਗੁਣਾਂ ਵੱਧ ਰਕਮ ਇਕੱਠੀ ਹੋਣ ਕਾਰਨ ਫਿਰ ਮਨ 'ਚ ਇੱਕ ਸੋਸਾਇਟੀ ਬਣਾਉਣ ਦਾ ਫੁਰਨਾ ਫੁਰਿਆ। ਮੈਡਮ ਦਲਜੀਤ ਕੌਰ ਲੈਕਚਰਾਰ, ਮੈਡਮ ਜਗਦੀਪ ਕੌਰ ਲੈਕਚਰਾਰ, ਮਾਸਟਰ ਮੇਜਰ ਸਿੰਘ ਚੀਂਡਸਾ, ਸੁਖਚੈਨ ਸਿੰਘ ਚੀਂਡਸਾ ਅਤੇ ਹੋਰ ਸੂਝਵਾਨ ਮੈਂਬਰਾਂ / ਦਾਨੀ ਸਜਣਾਂ ਨਾਲ ਮਸਵਰਾ ਕਰਕੇ ਮੇਰਾ ਸਕੂਲ ਗਰੁੱਪ ਨੂੰ 'ਮੇਰਾ ਸਕੂਲ ਵੈਲਫੇਅਰ ਸੋਸਾਇਟੀ ਦੰਦਰਾਲਾ ਚੀਂਡਸਾ' ਵਿੱਚ ਤਬਦੀਲ ਕਰ ਕਾਗਜ਼ੀ ਕਾਰਵਾਈ ਪੂਰੀ ਕਰਕੇ ਇਸ ਦੇ ਨਾਂ ਬੈਂਕ ਅਕਾਊਂਟ ਖੁਲ੍ਹਵਾ ਦਿੱਤਾ ਅਤੇ ਬਾਦ 'ਚ ਇਸ ਸੋਸਾਇਟੀ ਨੂੰ ਸਰਕਾਰੀ ਤੌਰ ਤੇ ਰਜਿਸਟਰਡ ਵੀ ਕਰਵਾ ਦਿੱਤਾ ਗਿਆ ਜਿਸ ਲਈ ਮਾਸਟਰ ਮੇਜਰ ਸਿੰਘ ਚੀਂਡਸਾ ਨੇ ਪੂਰਾ ਸਹਿਯੋਗ ਕਾਗਜ਼ੀ ਕਾਰਵਾਈ ਕਰਨ ਲਈ ਦਿੱਤਾ। ਆਸ ਹੈ ਇਹ ਸੋਸਾਇਟੀ ਬੱਚਿਆਂ ਅਤੇ ਸਕੂਲ ਦੀ ਭਲਾਈ ਅਤੇ ਵਿਕਾਸ ਲਈ ਆਪਣਾ ਯੋਗਦਾਨ ਪਾ ਕੇ ਸਕੂਲ ਨੂੰ ਬੁਲੰਦੀਆਂ ਵੱਲ ਲਿਜਾਣ ਦਾ ਉਪਰਾਲਾ ਕਰਦੀ ਰਹੇਗੀ ।ਸੋਸਾਇਟੀ ਵਲੋਂ ਸਾਰੇ ਬੱਚਿਆਂ ਨੂੰ ਜੈਕਟਾਂ, ਸਾਲਾਨਾ ਅਤੇ ਬੋਰਡ ਦੇ ਨਤੀਜਿਆਂ 'ਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ ਵਾਲੇ ਬੱਚਿਆਂ ਨੂੰ ਇਨਾਮ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਮੇਰਾ ਸਕੂਲ ਵੈਲਫੇਅਰ ਸੋਸਾਇਟੀ (ਰਜਿ:), ਸਕੂਲ ਦੀ ਪੰਚਾਇਤ ਅਤੇ ਪਿੰਡ ਦੇ ਪਤਵੰਤਿਆਂ ਦੇ ਉਪਰਾਲੇ ਸਦਕਾ ਸਕੂਲ ਦੇ ਪੁਰਾਣੇ ਵਿਦਿਆਰਥੀ ਜੱਸੀ ਸੋਹੀਆਂ ਚੇਅਰਮੈਨ ਜਿਲ੍ਹਾ ਯੋਜਨਾ ਬੋਰਡ ਪਟਿਆਲਾ ਨੇ ਸਕੂਲ ਦੇ ਬੱਚਿਆਂ ਲਈ ਸਵੇਰ ਦੀ ਸਭਾ 'ਚ ਗਰਮੀ ਅਤੇ ਸਰਦੀ ਦੇ ਬਚਾਅ ਲਈ ਸਕੂਲ ਦੀ ਚਿਰੋਕੋਣੀ ਮੰਗ ਨੂੰ ਪੂਰਾ ਕਰਦੇ ਹੋਏ ਪੰਜ ਲੱਖ ਰੁਪਏ ਦੀ ਗ੍ਰਾਂਟ ਜਾਰੀ ਕਰਕੇ ਸ਼ੈਡ ਦਾ ਨੀਂਹ ਪੱਥਰ ਰੱਖ ਕੇ ਕੰਮ ਸ਼ੁਰੂ ਕਰਵਾ ਦਿੱਤਾ ਹੈ।

ਸੋਸਾਇਟੀ ਵਲੋਂ ਬਾਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਪੜ੍ਹਾਈ ਦੇ ਨੁਕਸਾਨ ਨੂੰ ਦੇਖਦੇ ਹੋਏ ਇੱਕ ਵਿਸ਼ੇ ਦੇ ਲੈਕਚਰਾਰ ਦਾ ਪ੍ਰਬੰਧ ਵੀ ਕੰਮ ਸੋਸਾਇਟੀ ਵਲੋਂ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਵਿੱਚੋਂ ਬੋਰਡ ਦੀ ਮੈਰਿਟ ਵਿੱਚ ਆਉਣ ਵਾਲਟ ਵਿਦਿਆਰਥੀਆਂ ਲਈ ਕ੍ਰਮਵਾਰ ਦਸ ਹਜ਼ਾਰ, ਪੰਦਰਾਂ ਹਜ਼ਾਰ ਅਤੇ ਇੱਕੀ ਹਜ਼ਾਰ ਰੁਪਏ ਦਾ ਨਕਦ ਇਨਾਮ ਦੇਣ ਦਾ ਐਲਾਨ ਕੀਤਾ ਹੈ ਤਾਂ ਜੋ ਬੱਚਿਆਂ ਅੰਦਰ ਹੋਰ ਵਧੇਰੇ ਅੰਕ ਪ੍ਰਾਪਤ ਕਰਨ ਦੀ ਜਗਿਆਸਾ ਪੈਦਾ ਹੋਵੇ। ਸਕੂਲ ਦੀ ਮੁਹਰਲੀ ਦਿੱਖ ਅਤੇ ਮੁੱਖ ਗੇਟ ਦਾ ਨਵੀਨੀਕਰਨ ਅਤੇ ਸੁੰਦਰੀਕਰਨ ਦਾ ਕੰਮ ਵੀ ਸ਼ੁਰੂ ਕੀਤਾ ਗਿਆ ਹੈ। ਗਿਆਰਵੀਂ ਸ਼੍ਰੇਣੀ ਦੇ ਦੋ ਲੋੜਵੰਦ ਬੱਚਿਆਂ ਦੀ ਪੂਰੇ ਸਾਲ ਦੀ ਫੀਸ ਸੋਸਾਇਟੀ ਵਲੋਂ ਭਰੀ ਗਈ ਹੈ।

ਇਹ ਕੰਮ ਸੋਸਾਇਟੀ ਦੇ ਕੇਵਲ ਹੋਂਦ 'ਚ ਆਉਣ ਤੋਂ ਅੱਠ-ਨੌਂ ਮਹੀਨਿਆਂ ਵਿੱਚ ਹੋਏ ਹਨ। ਮੈਂ ਪਿਛਲੇ ਪੰਜ ਸਾਲਾਂ ਤੋਂ ਸਿਹਤ ਪੱਖੋਂ ਬਹੁਤਾ ਠੀਕ ਨਹੀਂ ਰਿਹਾ, ਪਰ ਔਖੀ ਘੜੀਆਂ ਨੂੰ ਵਾਹਿਗੁਰੂ ਜੀ ਦਾ ਭਾਣਾ ਮੰਨਦੇ ਹੋਏ ਹਮੇਸ਼ਾ ਚੜ੍ਹਦੀਕਲਾ 'ਚ ਰਹਿਣ ਦਾ ਯਤਨ ਕਰਦਾ ਆ ਰਿਹਾ ਹਾਂ। ਹੁਣ ਮੈਨੂੰ ਜੋ ਵਾਹਿਗੁਰੂ ਜੀ ਕਿਰਪਾ ਸਦਕਾ ਨਵਾਂ ਜੀਵਨ ਮਿਲਿਆ ਮੈਂ ਸਮਾਜ ਲਈ ਕੁਝ ਨਵਾਂ ਕਰਕੇ ਆਪਣੀ ਕੈਂਸਰ ਦੀ ਬਿਮਾਰੀ ਤੋਂ ਨਿਜਾਤ ਮਹਿਸੂਸ ਕਰ ਰਿਹਾ ਹਾਂ।

ਮੇਰੇ ਪਿੰਡ ਦੇ ਸਕੂਲ ਦੇ ਇੱਕ ਸਾਬਕਾ ਪ੍ਰਿੰਸੀਪਲ ਮੇਰੇ ਮਿੱਤਰ ਹੋਣ ਕਰਕੇ ਮੈਂ ਕੋਈ ਨਾ ਕੋਈ ਆਪਣੇ ਸਕੂਲ ਦੇ ਕੰਮ ਬਾਰੇ ਸੇਧ ਲੈਣ ਲਈ ਫੋਨ 'ਤੇ ਉਨ੍ਹਾਂ ਨਾਲ ਗੱਲ ਕਰਦਾ ਰਹਿੰਦਾ ਸੀ। ਸਿੱਖਿਆ ਵਿਭਾਗ ਦੇ ਆਦੇਸ਼ਾਂ ਅਨੁਸਾਰ ਸਕੂਲਾਂ ਨੇ ਮੈਗਜ਼ੀਨ ਕੱਢਣੇ ਸੀ ਉਨ੍ਹਾਂ ਦੱਸਿਆ ਕਿ ਸਕੂਲ ਦੀ ਵਿੱਤੀ ਸਮੱਸਿਆ ਕਾਰਨ ਉਨ੍ਹਾਂ ਨੇ ਤਾਂ ਇਹ ਕਾਰਜ ਸ਼ੁਰੂ ਨਹੀਂ ਕੀਤਾ। ਉਸੀ ਸਮੇਂ ਮੇਰੇ ਪਰਮ ਮਿੱਤਰ ਸਵ: ਸ੍ਰ. ਗੁਰਪ੍ਰੀਤ ਸਿੰਘ ਚੀਂਡਸਾ (ਕਨੇਡਾ) ਨੇ ਮੇਰੀ ਇੱਕ ਫੋਨ ਕਾਲ ਤੇ ਹੀ ਸਕੂਲ ਦੇ ਪਲੇਠੇ ਮੈਗਜ਼ੀਨ ਦੀ ਪ੍ਰਕਾਸ਼ਨਾ ਦਾ ਖਰਚਾ ਓਟ ਕੇ ਨਾਲ ਦੀ ਨਾਲ ਪੈਸੇ ਭੇਜ ਦਿੱਤੇ। ਪਹਿਲੀ ਵਾਰ ਸਕੂਲ ਦੇ ਬੱਚਿਆਂ ਦੀਆਂ ਮਨ ਦੀਆਂ ਭਾਵਨਾਵਾਂ ਨੂੰ ਕਾਗਜ਼ ਉੱਪਰ ਉਤਾਰ ਕੇ ਬਾਹਰ ਕੱਢਣ ਦਾ ਮੌਕਾ ਦਿੱਤਾ ਗਿਆ। ਉਨ੍ਹਾਂ ਨੇ ਸਕੂਲ ਦੀ ਪੁੰਗਰ ਰਹੀ ਸੋਸਾਇਟੀ ਲਈ ਹੁਣ ਬਹੁਤ ਵੱਡਾ ਸਹਾਰਾ ਬਣਨਾ ਸੀ ਪਰ ਇਹ ਪ੍ਰਮਾਤਮਾ ਨੂੰ ਮੰਜੂਰ ਨਹੀਂ ਸੀ, ਉਹ ਅਚਾਨਕ ਹੀ ਅਕਾਲ ਚਲਾਣਾ ਕਰ ਗਏ। ਮੇਰਾ ਸਕੂਲ ਵੈਲਫੇਅਰ ਸੋਸਾਇਟੀ (ਰਜਿ:) ਵਲੋਂ ਵਿਛੜੀ ਆਤਮਾ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਸਰਧਾਂਜਲੀ ਭੇਟ ਕੀਤੀ ਜਾਂਦੀ ਹੈ।

ਹੁਣ ਸੁਸਾਇਟੀ ਨੇ ਸਕੂਲ ਮੈਗਜ਼ੀਨ ਦਾ ਸਾਰਾ ਖਰਚਾ ਕਰਨ ਅਤੇ ਅੱਗੇ ਨੂੰ ਮੈਗਜ਼ੀਨ ਸਮੇਂ ਸਿਰ ਹਰੇਕ ਸਾਲ ਕੱਢ ਕੇ ਬੱਚਿਆਂ ਅੰਦਰ ਰਚਨਾਤਮਿਕ ਰੁੱਚੀਆਂ ਨੂੰ ਪ੍ਰਫੁੱਲਤ ਕਰਨ ਲਈ ਹਰ ਸੰਭਵ ਮਦਦ ਕਰਨ ਦਾ ਵੀ ਫੈਸ਼ਲਾ ਕੀਤਾ ਹੈ ਤਾਂ ਜੋ ਬੱਚੇ ਚੰਗੀ ਸੋਚ ਦੇ ਧਾਰਨੀ ਬਣ ਕੇ ਸਮਾਜ ਦੀ ਕਿਸੇ ਨਾ ਕਿਸੇ ਰੂਪ 'ਚ ਸੇਵਾ ਕਰ ਸਕਣ ਅਤੇ ਸਮਾਜ ਵਿੱਚ ਤੇਜ਼ੀ ਨਾਲ ਪੁੰਗਰ ਰਹੀਆਂ ਕੁਰੀਤੀਆਂ/ਬੁਰਾਈਆਂ ਨੂੰ ਠੱਲ੍ਹ ਪਾਈ ਜਾ ਸਕੇ ਇਹ ਸਾਰੇ ਕੰਮ ਸੋਸਾਇਟੀ ਦੇ ਕੇਵਲ ਹੋਂਦ 'ਚ ਆਉਣ ਤੋਂ ਅੱਠ-ਨੌਂ ਮਹੀਨਿਆਂ ਵਿੱਚ ਹੋਏ ਹਨ। ਸੋਸਾਇਟੀ ਨੂੰ ਪਿੰਡ ਦੀ ਪੰਚਾਇਤ, ਗੁਆਂਢੀ ਪਿੰਡਾਂ ਦੇ ਸਰਪੰਚਾਂ, ਪਿੰਡ ਨਿਵਾਸੀਆਂ, ਪੁਰਾਣੇ ਵਿਦਿਆਰਥੀਆਂ ਅਤੇ ਸਕੂਲ ਦੇ ਪੁਰਾਣੇ / ਮੌਜੂਦਾ ਅਧਿਆਪਕਾਂ ਵਲੋਂ ਐਨਾ ਵੱਡਾ ਆਸ ਤੋਂ ਵੱਧ ਜੋ ਸਹਿਯੋਗ ਮਿਲਿਆ ਹੈ, ਇਸ ਲਈ ਸਾਰਿਆਂ ਦਾ ਤਹਿ ਦਿਲੋਂ ਬਹੁਤ ਬਹੁਤ ਧੰਨਵਾਦ ।ਵਾਹਿਗੁਰੂ ਜੀ ਦੀ ਅਪਾਰ ਕਿਰਪਾ ਸਦਕਾ ਬੇਅੰਤ ਬਖ਼ਸ਼ੀਆਂ ਦਾਤਾਂ ਦੇ ਸ਼ੁਕਰਾਨੇ ਵਜੋਂ ਦਸਵੰਧ ਦੇ ਰੂਪ 'ਚ ਸੋਸਾਇਟੀ ਲਈ ਆਪ ਹੀ ਅਕਾਲ ਪੁਰਖ ਨੇ ਸੌਂਝੀ ਬਖਸ਼ ਕੇ ਦਾਸ ਤੋਂ ਵੀ ਸੇਵਾ ਕਰਵਾ ਲਈ ਹੈ। ਆਸ ਹੈ ਸਾਰੇ ਅੱਗੇ ਤੋਂ ਵੀ ਇਸੇ ਤਰ੍ਹਾਂ ਸੋਸਾਇਟੀ ਦਾ ਸਹਿਯੋਗ ਦਿੰਦੇ ਰਹਿਣਗੇ ਤਾਂ ਜੋ ਸੱਚ ਮੁੱਚ ਸਿੱਖਿਆ ਕ੍ਰਾਂਤੀ ਲਿਆ ਕੇ ਸਿਹਤਮੰਦ ਨਰੋਆ ਸਮਾਜ ਸਿਰਜ ਸਕੀਏ ।

# ਲਲਾਰੀਆ ਰੰਗ ਦੇ ਵੇ...

(ਸਫਾ 26 ਦੀ ਬਾਕੀ)

ਚੁੰਨੀਆਂ ਰੰਗਾ ਲ ਨੀ
ਮੁਫਤੋ ਮੁਫਤੀ ਰੰਗੇ, ਚੁੰਨੀਆਂ ਰੰਗਾ ਲ ਨੀ।।

* ਪਿੰਡਾਂ ਵਿਚੋਂ ਪਿੰਡ ਸੁਣੀਂਦਾ,ਪਿੰਡ ਸੁਣੀਂਦਾ ਬੰਗੇ
ਮੋੜ ਦੇ ਉਤੇ ਇਕ ਲਲਾਰੀ, ਕੱਪੜੇ ਰੰਗੇ ਚੰਗੇ
ਮੁਟਿਆਰਾਂ ਨਾਲ ਗੱਲਾਂ ਕਰਦਾ, ਬੁੱਢੀਆਂ ਕੋਲੋਂ ਸੰਗੇ
ਚਲੋ ਨੀ ਰੰਗਾਈਏ ਚੁੰਨੀਆਂ, ਪੈਸੇ ਮੂਲ ਨਾ ਮੰਗੇ...

ਕਿਸਾਨੀ ਸਮਾਜ ਵਿਚ ਪਤੀ(ਰਾਜਾ) ਤੇ ਉਸਦੀ ਪਤਨੀ(ਰਾਣੀ) ਦਰਮਿਆਨ ਸੰਵਾਦ ਚੱਲ ਰਿਹਾ ਹੈ:

ਰਾਜਾ ਤੇ ਪੁੱਛਦਾ ਰਾਣੀਏ ਸੁਣ ਮੇਰੀ ਬਾਤ ਨੂੰ
ਗਾਗਰ ਦੇ ਸੁੱਚੇ ਮੋਤੀ ਕੀਹਨੂੰ ਦਈਏ...

ਅੱਗਿ ' ਪਾਧੇ, ਸੁਨਿਆਰੇ, ਮਾਲਣ, ਦਰਜੀ ਤੇ ਲਲਾਰੀ ਨੂੰ ਦੇਣ ਦੀ ਗੱਲ ਹੋ ਰਹੀ ਹੈ:

ਲਲਾਰੀ ਦੇ ਜਾਈਏ ਵੇ ਰਾਜਾ
ਚੀਰਾ ਰੰਗਾਈਏ, ਚੀਰਾ ਰੰਗਾਈਏ
ਗਾਗਰ ਦੇ ਸੁੱਚੇ ਮੋਤੀ ਉਹਨੂੰ ਦੇਈਏ...

ਸਪਸ਼ਟ ਹੈ ਕਿ ਲੋਕ ਮਨਾਂ ਵਿੱਚ ਲਲਾਰੀ ਦਾ ਕਿੰਨਾ ਮਾਣ ਸਤਿਕਾਰ ਬਣਿਆ ਹੁੰਦਾ ਸੀ। ਲਲਾਰੀ ਰੰਗ-ਸੱਭਿਆਚਾਰ ਦਾ ਦੂਤ ਸਮਝਿਆ ਜਾਂਦਾ ਰਿਹਾ ਹੈ। ਉਸਨੂੰ ਰੰਗਾਂ ਦੀ ਪਛਾਣ ਤੇ ਮਹੱਤਵ ਦਾ ਚੋਖਾ ਗਿਆਨ ਹੁੰਦਾ ਹੈ। ਉਹ ਰੰਗਾਂ ਦੀ ਖੂਬਸੂਰਤ ਦੁਨੀਆ ਵਸਾਉਂਦਾ ਹੈ, ਉਹ ਲੋਕਾਂ ਦੀ ਨੀਰਸ ਜ਼ਿੰਦਗੀ ਵਿੱਚ ਰੰਗ ਭਰਨਾ ਤੇ ਜ਼ਿੰਦਗੀ ਨੂੰ ਰੰਗਾਂ ਨਾਲ ਸ਼ਿੰਗਾਰਨਾ ਜਾਣਦਾ ਹੈ।ਲੋਕ ਉਸਦੇ ਹੁਨਰ ਦੀਆਂ ਗੱਲਾਂ ਕਰਦਿਆਂ, ਸਿਫਤਾਂ ਕਰਦਿਆਂ ਤੇ ਭਾਂਤ-ਸੁਭਾਂਤੇ ਰੰਗ ਰੰਗਣ ਦੀ ਉਸਦੀ ਕਾਬਲੀਅਤ ਦੀਆਂ ਗੱਲਾਂ ਕਰਦਿਆਂ ਨਹੀਂ ਥੱਕਦੇ :

* ਚੁੰਨੀ ਉਡਦੀ ਸਰ੍ਹੋਂ ਦੇ ਫੁੱਲ ਵਰਗੀ
ਰੰਗੀ ਹੋਈ ਲਲਾਰੀ ਦੀ...

* ਚੁੰਨੀ ਰੰਗ ਦੇ ਲਲਾਰੀਆ ਮੇਰੀ
ਵਿਚ ਪਾ ਦੇ ਅੰਬ ਰਸੀਆ...

* ਚੁੰਨੀ ਰੰਗ ਦੇ ਲਲਾਰੀਆ ਮੇਰੀ
ਵੇ ਅਲਸੀ ਦੇ ਫੁੱਲ ਵਰਗੀ...

* ਚੁੰਨੀ ਰੰਗ ਦੇ ਲਲਾਰੀਆ ਮੇਰੀ
ਵੇ ਮਿੱਤਰਾਂ ਦੀ ਪੱਗ ਵਰਗੀ...

* ਲਲਾਰੀ ਬੇਟਡਾ ਨੀ ਮੇਰੇ ਲਾਡਲੇ ਦਾ ਯਾਰ
ਉਹਦਾ ਬਹੁਤ ਪਿਆਰ
ਰੰਗ ਰੰਗ ਲਿਆਵੇ ਜੋੜੇ ਚੁਨਰੀਆਂ...

ਕਦੇ ਕਦੇ ਰੰਗਾਏ ਗਏ ਕੱਪੜੇ ਦਾ ਰੰਗ ਅਸਲ ਕੱਪੜੇ ਨਾਲ ਮੇਲ ਨਾ ਕਰਨ 'ਤੇ ਲਲਾਰੀ ਨੂੰ ਗਾਹਕ ਦੀਆਂ ਘੱਟ-ਵੱਧ ਗੱਲਾਂ ਵੀ ਸੁਣਨੀਆਂ ਪੈ ਜਾਂਦੀਆਂ ਹਨ। ਪਿਛਲੇ ਦਹਾਕਿਆਂ ਦੌਰਾਨ ਕੱਪੜਾ ਉਦਯੋਗ ਤੇ ਕੱਪੜੇ ਰੰਗਣ ਦੇ ਉਦਯੋਗ ਨੇ ਬਹੁਤ ਵਿਕਾਸ ਕੀਤਾ ਹੈ।

ਕੱਪੜਾ ਬਣਾਉਣ ਵਾਲੀਆਂ ਵੱਡੀਆਂ-ਛੋਟੀਆਂ ਕੰਪਨੀਆਂ ਨੇ ਕੱਪੜੇ, ਧਾਗੇ, ਊਨ ਆਦਿ ਰੰਗਣ ਦੇ ਵੱਖਰੇ ਯੂਨਿਟ ਸਥਾਪਤ ਕਰ ਲਏ ਹਨ। ਹਰੇਕ ਤਰ੍ਹਾਂ ਦੇ ਰੰਗਦਾਰ ਕੱਪੜੇ ਦਾ ਉਤਪਾਦਨ ਵੱਡੇ ਪੱਧਰ 'ਤੇ (ਮਾਤਰਾ ਵਿੱਚ) ਹੋ ਰਿਹਾ ਹੈ। ਕੱਪੜੇ ਰੰਗਣ ਦੀਆਂ ਨਵੀਆਂ ਤਕਨੀਕਾਂ ਵਿਕਸਤ ਹੋ ਗਈਆਂ ਹਨ।ਪੱਕੇ ਰੰਗਾਂ ਵਿੱਚ ਰੰਗੀਆਂ ਪੱਗਾਂ, ਚੁੰਨੀਆਂ ਤੇ ਹੋਰ ਕੱਪੜੇ ਬਾਜ਼ਾਰ ਵਿੱਚ ਉਪਲਬਧ ਹਨ। ਸੂਟਾਂ ਦੇ ਰੰਗ ਨਾਲ ਮਿਲਦੀਆਂ ਤੇ ਵਿਪਰੀਤ ਰੰਗਾਂ ਵਿੱਚ ਪ੍ਰਿੰਟਿਡ ਚੁੰਨੀਆਂ ਵੱਡੀ ਮਾਤਰਾ ਵਿੱਚ ਤੇ ਮਿਆਰੀ ਕੱਪੜੇ ਵਿੱਚ ਮਿਲ ਜਾਂਦੀਆਂ ਹਨ।

ਤਬਦੀਲੀ ਤੇ ਵਿਕਾਸ ਦੇ ਇਸ ਦੌਰ ਵਿੱਚ ਲਲਾਰੀ ਦਾ ਕਿੱਤਾ ਵੀ ਪ੍ਰਭਾਵਿਤ ਹੋਇਆ ਹੈ।ਇਹ ਕਿੱਤਾ ਬਹੁਤੇ ਮੁਨਾਫ਼ੇ ਵਾਲਾ ਵੀ ਨਹੀਂ ਰਿਹਾ। ਹੁਣ ਦੇ ਕਿੱਤੇ ਵੱਧ ਤੋਂ ਵੱਧ ਮੁਨਾਫ਼ਾ ਹਾਸਲ ਕਰਨ ਦੇ ਫਾਰਮੂਲੇ ਨਾਲ ਜੁੜ ਗਏ ਹਨ। ਲਲਾਰੀ ਦਾ ਕਿੱਤਾ ਹੁਣ ਠੱਪ ਹੋਣ ਕਿਨਾਰੇ ਪਹੁੰਚ ਗਿਆ ਹੈ। ਹੁਣ ਦੀ ਪੀੜ੍ਹੀ ਆਪਣੇ ਪਿਤਾ-ਪੁਰਖੀ ਕਿੱਤੇ ਨੂੰ ਅਪਣਾਉਣਾ ਨਹੀਂ ਚਾਹੁੰਦੀ। ਉਹ ਨਵੇਂ ਕੰਮਾਂ ਦੀ ਤਲਾਸ਼ ਕਰਨ ਨੂੰ ਤਰਜੀਹ ਦੇ ਰਹੀ ਹੈ। ਐਨਾ ਪਰਿਵਰਤਨ ਵਾਪਰਨ ਤੇ ਲਲਾਰੀ ਦਾ ਕੰਮ ਘਟ ਜਾਣ ਦੇ ਬਾਵਜੂਦ ਵੀ ਅਜੇ ਵੀ ਕਿਸੇ ਹੱਦ ਤੱਕ ਚੁੰਨੀਆਂ ਤੇ ਪੱਗਾਂ ਰੰਗਾਉਣ ਲਈ ਲਲਾਰੀ ਦੀ ਪੁੱਛ-ਪ੍ਰਤੀਤ ਬਣੀ ਹੋਈ ਹੈ। ਪੰਜਾਬੀ ਸਮਾਜ ਤੇ ਸੱਭਿਆਚਾਰ ਵਿੱਚ ਲਲਾਰੀ ਦੇ ਸਥਾਨ ਤੇ ਮਹੱਤਵ ਨੂੰ ਅਣਡਿੱਠ ਨਹੀਂ ਕੀਤਾ ਜਾ ਸਕਦਾ।

## ਵਿਅੰਗ/ "ਬਕਵਾਸ"

ਕਵੀਆਂ ਦੇ ਨੇ ਆਪਣੇ ਰੰਗ
ਬੱਸ ਮੌਕਾ ਰਹਿਣ ਕੁਝ ਲੱਭਦੇ
ਜੋ ਆਪਣਾ ਹੀ ਨਾਂ ਚਾਹੁੰਦੇ ਨੇ ...

ਸੁਣਾਉਣ ਨੂੰ ਆਪਣੇ ਪ੍ਰਸੰਗ
ਖੁਸ਼ੀ ਦੇ ਮੌਕੇ ਵੀ ਇਹ
ਗਮਾਂ ਦੀ ਮਹਿਫਲ ਸਜ਼ਾ ਜਾਂਦੇ
ਕੁਝ ਹੁੰਦੇ ਮਾੜੀ ਸੋਚ ਦੇ
ਜੋ ਹਾਸਿਆਂ ਵਿੱਚ ਕੀਰਨੇ ਪਾ ਜਾਂਦੇ
ਕੁਝ ਕਹਿਣ ਸੋਚ ਮਾੜੀ ਨਹੀਂ ਇੰਨਾਂ ਦੀ
ਕਵੀਆਂ ਦੇ ਨੇ ਆਪਣੇ ਰੰਗ
ਬੱਸ ਰਹਿਣ ਮੌਕਾ ਕੁਝ ਲੱਭਦੇ
ਜੋ ਆਪਣਾ ਹੀ ਨਾਂ ਚਾਹੁੰਦੇ ਨੇ......

ਬਣ ਜਾਣ ਜੇ ਸਟੇਜ਼ ਸੈਕਟਰੀ
ਤਾਂ ਵੀ ਆਪਣੇ ਹੀ ਕਲਾਮ ਸੁਣਾ ਜਾਂਦੇ
ਅੱਧ ਤੋਂ ਵੱਧ ਸਮਾਂ ਲਿਖ ਨਾਂ ਆਪਣੇ
ਹੋਰਾਂ ਦਾ ਵੀ ਟਾਈਮ ਖਾ ਜਾਂਦੇ
ਬੇਸ਼ੱਕ ਖਾਲੀ ਹੋ ਜਾਵੇ ਪੰਡਾਲ
ਬਿਨ੍ਹਾਂ ਰੁਕਾਵਟ ਕਵਿਤਾ ਦਾ ਭੋਗ ਪਾਉਂਦੇ ਨੇ
ਕਵੀਆਂ ਦੇ ਨੇ ਆਪਣੇ ਰੰਗ
ਬੱਸ ਰਹਿਣ ਮੌਕਾ ਕੁਝ ਲੱਭਦੇ
ਜੋ ਆਪਣਾ ਹੀ ਨਾਂ ਚਾਹੁੰਦੇ ਨੇ ...

ਮਰੇ ਦੇ ਸੰਸਕਾਰ 'ਤੇ ਵੀ ਜਾ
ਸੋਹਣਾ ਰੰਗ ਜਮਾਉਂਦੇ ਨੇ
ਕੱਢਦੇ ਸਾਰੀ ਭੜਾਸ ਆਪਣੀ
ਜਿਵੇਂ ਮੁਰਦੇ ਵਿੱਚ ਜਾਨ ਪਾਉਂਦੇ ਨੇ
ਸ਼ਰਮੋ-ਸ਼ਰਮੀ ਸੁਣਦੇ ਨੇ ਲੋਕੀ
ਸਮਸਾਨ ਘਾਟ ਵੀ ਇਹ ਬਾਜ਼ ਨਾ ਆਉਂਦੇ ਨੇ
ਉਥੇ ਵੀ ਕਵੀ ਦਰਬਾਰ ਲਾਉਂਦੇ ਨੇ
ਕਵੀਆਂ ਦੇ ਨੇ ਆਪਣੇ ਰੰਗ
ਬੱਸ ਰਹਿੰਦੇ ਮੌਕਾ ਕੁਝ ਲੱਭਦੇ
ਜੋ ਆਪਣਾ ਹੀ ਨਾਂ ਚਾਹੁੰਦੇ ਨੇ ......

ਉਹ ਆਪਣੇ ਹੀ ਤੀਰ ਚਲਾਉਂਦੇ ਨੇ
ਜਦ ਬੋਲਣ, ਰੱਖਦੇ ਬੰਦ ਕੰਨ ਆਪਣੇ
ਖੋਲ ਜਵਾਨ ਆਪਣੀ
ਦੂਜਿਆਂ ਦੇ ਢਿੱਡੀ ਪੀੜਾ ਪਾਉਂਦੇ ਨੇ
"ਕੁਲਵੰਤ" ਬਚ ਉਨ੍ਹਾਂ ਤੋਂ
ਜੋ ਜਵਾਨ ਦੇ ਮਿੱਠੇ, ਦਿਲ ਦੇ ਕਾਲੇ
ਨਾ ਜਰਨ ਕਿਸੇ ਦੀ ਵਡਿਆਈ
ਮੋਹ ਦੇ ਨਾਂ 'ਤੇ ਜ਼ਹਿਰ ਦੀਆਂ ਛੁਰੀਆਂ ਚਲਾਉਂਦੇ ਨੇ
ਕਵੀਆਂ ਦੇ ਨੇ ਆਪਣੇ ਰੰਗ
ਬੱਸ ਰਹਿਣ ਮੌਕਾ ਲੱਭਦੇ
ਜੋ ਆਪਣਾ ਹੀ ਨਾਂ ਚਾਹੁੰਦੇ ਨੇ ...

- ਕੁਲਵੰਤ ਉੱਭੀ ਧਾਲੀਆਂ
(559) 473-9264



## ਕੁਦਰਤ ਕਦੇ ਵੀ ਧਰਤੀ ਨੂੰ...

ਦੇਸੀ ਅੱਕ ਨੂੰ ਕੋਈ ਕਦੇ ਵੀ ਘਰ ਵਿੱਚ ਲਾਉਂਦਾ ਨਹੀਂ,
ਜੰਡ, ਕਰੀਰ ਤੇ ਢੱਕ ਨੂੰ ਵੀ ਕੋਈ ਪਾਣੀ ਪਾਉਂਦਾ ਨਹੀਂ,
ਰੇਤਲੇ ਟਿੱਬਿਆਂ ਉੱਤੇ ਮਲ੍ਹੇ ਆਪੇ ਹੀ ਉਗ ਪੈਂਦੇ,
ਥੋਹਰ ਮਾਰੂਥਲਾਂ ਵਿੱਚ ਵੀ ਹਰੇ ਭਰੇ ਰਹਿੰਦੇ,
ਖੇਤਾਂ ਦੇ ਵਿੱਚ ਘਾਹ ਬੀਜਣ ਦੀ ਲੋੜ ਨਹੀਂ ਲੱਗਦੀ,
ਕੁਦਰਤ ਕਦੇ ਧਰਤੀ ਨੂੰ ਕਿਤੇ ਖਾਲੀ ਨਹੀਂ ਛੱਡ ਦੀ...

ਡੀਲਾ ਕਿਤੋਂ ਲਿਆ ਕੇ ਪੈਂਦੀ ਲੋੜ ਨਹੀਂ ਲਾਉਣੇ ਦੀ,
ਸਰਕੜੇ ਦੇ ਲਈ ਬੀਜ ਬੀਜਣੇ ਮੁੱਲ ਲਿਆਉਣੇ ਦੀ,
ਸਰਜਮੀਨ ਤੇ ਮਿੱਠੇ ਗੰਨੇ ਉਗਦੇ ਨੇ ਪੋਂਤਾ,
ਆਪੇ ਉਗ ਪਏ ਕਿਤੋਂ ਧਤੂਰਾ ਜ਼ਹਿਰ ਜਿਹਾ ਕੌੜਾ,
ਫਰਸ਼ਾਂ ਦੇ ਵਿੱਚ ਜੜ੍ਹ ਪਿੱਪਲ ਦੀ ਸ਼ਕਤੀ ਕੋਈ ਗੱਡ ਦੀ,
ਕੁਦਰਤ ਕਦੇ ਵੀ ਧਰਤੀ...

ਬੂਟੀਆਂ ਜੰਮੀਂ ਜਾਣ ਪਾਣੀ ਦੇ ਉੱਪਰ ਤੇ ਅੰਦਰ,
ਬੋਹੜ ਗੱਡ ਲਏ ਜੜ੍ਹਾਂ ਜ਼ਮੀਨ ਚ ਜਿਉਂ ਡੂੰਘਾ ਖੰਜਰ,
ਕਿੱਕਰਾਂ ਦੇ ਫੁੱਲਾਂ ਦੀ ਕੋਈ ਰਾਖੀ ਨਹੀਂ ਕਰਦਾ,
ਅੰਬ, ਸੇਬ ਤੇ ਲੀਚੀਆਂ ਵਿੱਚ ਮਿਠਾਸ ਮਾਲਿਕ ਭਰਦਾ,
ਰੰਗ ਬਿਰੰਗੇ ਫੁੱਲ ਨਿਗਾਹ ਨੇ ਖਿੱਚ ਲੈਂਦੇ ਸਭ ਦੀ,
ਕੁਦਰਤ ਕਦੇ ਵੀ ਧਰਤੀ...

ਨਿੰਮ, ਸ਼ਰੀਂਹ, ਨਸੂੜਾ, ਟਾਹਲੀਆਂ, ਕੈਕਟਸ ਜਿਹੇ ਬੂਟੇ,
ਗੇਂਦਾ, ਚੰਦਨ, ਗੁਲਾਬ, ਛੁਈਮੁਈ ਖੁਸ਼ਬੂ ਦੇ ਝੂਟੇ,
ਧੀਆਂ ਨਾਲ ਹੀ ਕਈਆਂ ਦੀ ਹਰੀ ਕੁੱਖ ਹੁੰਦੀ,
ਬੀਂਬੜ ਵਾਲਿਆਂ ਹਰਿਆਵਲ ਨਾਲ ਸੁੱਖ ਹੁੰਦੀ,
ਸਿਖਰ ਪਹਾੜਾਂ ਉਗਣੋਂ ਰੋਕੇ ਹਿੰਮਤ ਕੀ ਠੰਢ ਦੀ,
ਕੁਦਰਤ ਕਦੇ ਵੀ ਧਰਤੀ...

ਇੰਜੀ. ਸਤਨਾਮ ਸਿੰਘ ਮੱਟੂ
(97797-08257)

# ਬਸਪਾ ਦਾ ਏਜੰਡਾ ਦੇਸ਼ ਵਿਚ ਪ੍ਰਵਰਤਨ ਲਿਆਉਣਾ ਹੈ




ਸਾਹਿਬ ਕਾਂਸ਼ੀ ਰਾਮ ਜੀ ਕਿਹਾ ਕਰਦੇ ਸਨ "ਸਾਡੇ ਦੁਸ਼ਮਣ ਦਾ ਕੰਮ ਹੈ ਸਾਡੇ ਰਸਤੇ ਵਿਚ ਰੋੜੇ ਅਟਕਾਉਣਾ। ਸਾਨੂੰ ਇਸ ਗੱਲ ਨੂੰ ਸਮਝਣਾ ਹੋਵੇਗਾ। ਸਾਡਾ ਦੁਸ਼ਮਣ ਸਾਨੂੰ ਰਸਤੇ ਤੋਂ ਹਟਾਉਣਾ ਚਾਹੇਗਾ, ਬਹਿਕਾਉਣਾ ਚਾਹੇਗਾ, ਰਸਤੇ 'ਚ ਰੋੜੇ ਵੀ ਅਟਕਾਏਗਾ, ਲਾਲਚ ਵੀ ਦੇਵਗਾ। ਉਹਨਾਂ ਨੇ ਉਦਾਹਰਣ ਦਿੰਦਿਆਂ ਦੱਸਿਆ ਕਿ ਜਦੋਂ ਛੇ ਮਹੀਨੇ ਲਈ ਮਾਇਆਵਤੀ ਨੂੰ ਮੁੱਖ ਮੰਤਰੀ ਬਣਾਉਣਾ ਤਹਿ ਹੋਇਆ ਸੀ ਛੇ ਮਹੀਨੇ ਪੂਰੇ ਹੋਣ ਵਾਲੇ ਸਨ ਤਾਂ ਸ੍ਰੀ ਅਡਵਾਨੀ ਅਤੇ ਸ੍ਰੀ ਬਾਜਪਾਈ ਕਹਿਣ ਲੱਗੇ ਮਾਇਆਵਤੀ ਨੂੰ ਪੰਜ ਸਾਲ ਰਾਜ ਕਰਨ ਦਿਉ। ਮੈਂ ਉਹਨਾਂ ਨੂੰ ਇਸ ਮਿਹਰਬਾਨੀ ਦਾ ਕਾਰਨ ਪੁੱਛਿਆ ਕਿ ਅਸੀਂ ਤਾਂ ਛੇ ਮਹੀਨੇ ਦਾ ਸਮਝੌਤਾ ਤਹਿ ਕੀਤਾ ਸੀ ਫਿਰ ਪੰਜ ਸਾਲ ਕਿਉਂ ਦੇ ਰਹੇ । ਉਹ ਕਹਿਣ ਲੱਗੇ ਕਿ ਸਾਨੂੰ ਇਉਂ ਲੱਗਦਾ ਹੈ ਕਿ ਅਗਰ ਬਸਪਾ ਭਾਜਪਾ ਨਾਲ ਮਿਲ ਕੇ ਚੋਣ ਲੜਦੀ ਹੈ ਤਾਂ ਅਸੀਂ ਪਾਰ-ਲੀਮੈਂਟ ਵਿਚ 400 ਤੋਂ ਵਧ ਸਾਂਸਦ ਲਿਆ ਸਕਦੇ ਹਾਂ ਆਪ ਸਾਡੇ ਨਾਲ ਮਿਲਕੇ ਕੇਂਦਰ ਦੀ ਸਰਕਾਰ ਚਲਾ । ਮਾਇਆਵਤੀ ਉੱਤਰ ਪ੍ਰਦੇਸ਼ ਦੀ ਸਰਕਾਰ ਚਲਾਉਂਦੀ ਰਹੇ।

ਮੈਂ ਉਹਨਾਂ ਨੂੰ ਕਿਹਾ ਭਾਈ ਮੈਨੂੰ ਤੁਹਾਡਾ ਟੀਚਾ ਤਾਂ ਪਤਾ ਹੈ ਆਪ ਇਸ ਦੇਸ਼ ਚ ਹਿੰਦੂਤਵ ਦਾ ਬੋਲਬਾਲਾ ਚਾਹੁੰਦੇ ਹੋ ਪਤਾ ਨਹੀਂ ਚਾਹੁੰਦੇ ਵੀ ਹੋ ਜਾਂ ਨਹੀਂ? ਪਰ ਹੱਲਾ ਗੁੱਲਾ ਤਾਂ ਕੀਤਾ ਹੈ ਕਿ ਹਿੰਦੂਤਵ ਦਾ ਬੋਲਬਾਲਾ ਕਰਨਾ ਹੈ। ਮੈਂ ਸਮਝਦਾ ਹਾਂ ਕਿ ਜਿਸ ਨੂੰ ਤੁਸੀਂ ਹਿੰਦਤਵ ਆਖਦੇ ਹੋ ਉਹ ਮਨੂਵਾਦ ਦਾ ਦੂਜਾ ਨਾਂ ਹੈ। ਮਨੂਵਾਦੀ ਸਮਾਜ ਵਿਵਸਥਾ ਨੂੰ ਤੁਸੀਂ ਟਿਕਾ ਕੇ ਰੱਖਣਾ ਚਾਹੁੰਦੇ ਹੋ, ਕਾਂਗਰਸ ਵੀ ਟਿਕਾ ਕੇ ਰੱਖਣਾ ਚਾਹੁੰਦੀ ਹੈ ਪਰ ਬਿਨਾਂ ਬੋਲੇ। ਸੀ. ਪੀ. ਆਈ., ਸੀ. ਪੀ. ਐਮ. ਵੀ ਟਿਕਾ ਕੇ ਰੱਖਣਾ ਚਾਹੁੰਦੀ ਹੈ ਪਰ ਇਸ ਦਾ ਜ਼ਿਕਰ ਨਹੀਂ ਕਰਦੀ। ਲੇਕਿਨ ਭਾਰਤੀ ਜਨਤਾ ਪਾਰਟੀ ਖੁਲ੍ਹੇ ਆਮ ਕਹਿੰਦੀ ਹੈ ਕਿ ਮਨੂਵਾਦੀ ਸਮਾਜਕ ਵਿਵਸਥਾ ਨੂੰ ਟਿਕਾਏ ਰੱਖਣਾ ਹੈ। ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਅਸੀਂ ਮਨੂਵਾਦੀ ਵਿਵਸਥਾ ਨੂੰ ਹਟਾ ਕੇ ਮਾਨਵਤਾਵਾਦੀ ਸਮਾਜ ਵਿਵਸਥਾ ਦਾ ਇਸ ਦੇਸ਼ ਵਿਚ ਬੋਲਬਾਲਾ ਕਰਨਾ ਹੈ। ਇਸ ਗੱਲ ਨੂੰ ਧਿਆਨ 'ਚ ਰੱਖਦਿਆਂ ਜਿਸ ਦਿਨ ਮਾਇਆਵਤੀ ਨੇ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਵਜੋਂ ਥ ਲਿਆ (ਸਹੁੰ ਚੁੱਕੀ) ਉਸੇ ਦਿਨ ਲਖਨਊ ਵਿਚ ਪ੍ਰਵਰਤਨ ਚੌਕ ਬਣਾਉਣਾ ਸ਼ੁਰੂ ਕਰ ਦਿੱਤਾ।

ਅਸੀਂ ਪ੍ਰਵਰਤਨ ਚਾਹੁੰਦੇ ਹਾਂ ਮੈਂ ਸਮਝਦਾ ਹਾਂ ਕਿ Status quo ਇਸ ਵਿਵਸਥਾ ਨੂੰ ਜਿਉਂ ਦਾ ਤਿਉਂ ਬਣਾਏ ਰਖਣਾ ਚਾਹੁੰਦੇ ਹੋ ਅਸੀਂ ਪ੍ਰਵਰਤਨ ਕਰਨਾ ਚਾਹੁੰਦੇ ਹਾਂ। ਇਸ ਲਈ ਇਹ ਦੋਵੇਂ ਇਕੱਠੇ ਨਹੀਂ ਚੱਲ ਸਕਦੇ। ਅਗਰ ੰਟਅਟੁਸ ਤੁੋ ਰਹਿੰਦਾ ਹੈ ਤਾਂ ਪ੍ਰਵਰਤਨ ਨਹੀ ਹੋ ਸਕਦਾ ਅਤੇ ਜੇ ਬਦਲਾਅ ਹੁੰਦਾ ਹੈ ਤਾਂ Status quo ਨਹੀਂ ਰਹਿ ਸਕਦਾ। ਦੋਨੋਂ ਨਾਲ ਨਾਲ ਨਹੀਂ ਚਲ ਸਕਦੇ ਤਾਂ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਬਸਪਾ (ਬਹੁਜਨ ਸਮਾਜ ਪਾਰਟੀ) ਤੇ ਭਾਜਪਾ ਇਕੱਠੇ ਨਹੀਂ ਚੱਲ ਸਕਦੇ।

ਇਹ ਗੱਲ ਸਹੀ ਹੈ ਕਿ ਭਾਜਪਾ ਸਾਡੇ ਲੋਕਾਂ ਦੇ ਵੋਟ ਹਥਿਆ ਕੇ, ਖਰੀਦ ਕੇ ਲੁੱਟ ਕੇ, ਆਪਣੀ ਪਾਰਟੀ ਨੂੰ ਮਜ਼ਬੂਤ ਕਰਦੀ ਹੈ। ਅਸੀਂ ਵੀ ਆਪ ਦਾ ਸਹਿਯੋਗ ਲੈ ਕੇ ਆਪਣੇ ਆਪ ਨੂੰ ਮਜ਼ਬੂਤ ਕਰ ਸਕਦੇ ਹਾਂ। ਸਾਨੂੰ ਕੋਈ ਇਤਰਾਜ਼ ਨਹੀਂ ਲੇਕਿਨ ਆਪਣੇ ਆਪ ਨੂੰ ਮਜ਼ਬੂਤ ਕਰਕੇ ਅਸੀਂ ਆਪਣਾ ਏਜੰਡਾ ਪੂਰਾ ਕਰਨਾ ਚਾਹੁੰਦੇ ਹਾਂ। ਸਾਡਾ ਏਜੰਡਾ ਹੈ ਚੇਂਜ ਦਾ,ਪਰਵਰਤਨ ਦਾ, ਬਦਲਾਅ ਦਾ। ਅਗਰ ਅਸੀਂ ਆਪਣਾ ਏਜੰਡਾ ਲਾਗੂ ਨਹੀਂ ਕਰ ਸਕਦੇ ਤਾਂ ਅਸੀਂ ਸਰਕਾਰ ਨਹੀਂ ਚਲਾਉਣਾ ਚਾਹੁੰਦੇ। ਲੇਕਿਨ ਕੇਂਦਰ 'ਚ ਭਾਜਪਾ ਸਰਕਾਰ ਚਲਾ ਰਹੀ ਹੈ ਪਰ ਆਪਣਾ ਏਜੰਡਾ ਕਿਨਾਰੇ ਰੱਖ ਕੇ। ਉਹ ਆਪਣਾ ਏਜੰਡਾ ਸਾਹਮਣੇ ਨਹੀਂ ਲਿਆਉਂਦੀ। ਜਦੋਂ ਥੋੜ੍ਹਾ ਜਿਹਾ ਲਿਆਉਂਦੀ ਹੈ, ਸਰਸਵਤੀ ਸਰਸਵਤੀ ਕਰਦੀ ਹੈ ਤਾਂ ਉਸਦਾ ਵਿਰੋਧ ਹੋ ਜਾਂਦਾ ਹੈ ਉਸਨੂੰ ਤਾਂ ਉਸਦੇ ਸਹਿਯੋਗੀ ਸਰਸਵਤੀ ਸਰਸਵਤੀ ਨਹੀਂ ਕਰਨ ਦਿੰਦੇ। ਪਤਾ ਨਹੀਂ ਇਹ ਸਰਸਵਤੀ ਕੀ ਹੁੰਦੀ ਹੈ? ਉਹ ਕੀ ਕਰਦੀ ਹੈ?

ਇਹ ਤਾਂ ਉਹ ਜਾਣਦੇ ਹੋਣਗੇ ਲੇਕਿਨ ਉਹਦੇ ਆਪਣੇ ਸਹਿਯੋਗੀ ਉਹਨੂੰ ਸਰਸਵਤੀ ਸਰਸਵਤੀ ਕਰਨ ਤੋਂ ਰੋਕਦੇ ਹਨ ਲੇਕਿਨ ਫਿਰ ਵੀ ਉਹ ਸਰਕਾਰ ਚਲਾ ਰਹੇ ਹਨ। ਜਦੋਂ ਮਮਤਾ ਬੈਨਰਜੀ ਵਰਗੀ ਔਰਤ ਉਹਨਾਂ ਨੂੰ ਸਰਸਵਤੀ ਸਰਸਵਤੀ ਨਹੀਂ ਕਰਨ ਦਿੰਦੀ ਤਾਂ ਮਾਇਆਵਤੀ ਕਿਵੇਂ ਕਰਨ ਦੇਵੇਗੀ। ਇਸ ਲਈ ਮੈਂ ਸਮਝਦਾ ਹਾਂ ਕਿ ਇਸ ਗੱਲ ਨੂੰ ਧਿਆਨ ਵਿੱਚ ਰੱਖ ਕੇ ਚੱਲਣਾ ਹੈ। ਅਗਰ ਅਸੀਂ ਸਰਕਾਰ ਬਣਾਉਣੀ ਹੈ, ਹੁਕਮਰਾਨ ਬਣਨਾ ਹੈ ਤਾਂ ਸਾਡੇ ਸਾਹਮਣੇ ਟੀਚਾ ਸਪੱਸ਼ਟ ਹੈ, ਏਜੰਡਾ ਸਪੱਸ਼ਟ ਹੈ ਅਸੀਂ ਦੇਸ਼ ਵਿਚ ਪ੍ਰਵਰਤਨ ਲਿਆਉਣਾ ਹੈ ਅਗਰ ਜੇ ਅਸੀਂ ਪ੍ਰਵਰਤਨ ਨਹੀਂ ਲਿਆ ਸਕਦੇ ਤਾਂ ਐਸੀ ਸਰਕਾਰ ਚਲਾਉਣ ਦਾ ਕੋਈ ਮਤਲਵ ਨਹੀਂ।"

ਬਹੁਜਨ ਸਮਾਜ ਪਾਰਟੀ ਦੀ ਨੀਤੀ ਸਾਫ ਅਤੇ ਸਪੱਸ਼ਟ ਹੈ। ਬਸਪਾ ਆਗੂਆਂ ਦੀ ਨੀਅਤ ਦੇਸ਼ ਵਿਚ ਪ੍ਰਵਰਤਨ ਲਿਆਉਣ ਦੀ ਹੈ। ਬਸਪਾ ਆਪਣੇ ਏਜੰਡੇ ਪ੍ਰਤੀ ਅਡਿੱਗ ਤੇ ਅਡੋਲ ਹੈ। ਅਜੋਕੇ ਸਮੇਂ ਬਸਪਾ ਦੇ ਵਿਰੋਧੀ ਬਸਪਾ ਸੁਪ੍ਰੀਮੋ ਭੈਣ ਕੁਮਾਰੀ ਮਾਇਆਵਤੀ ਨੂੰ ਭਾਜਪਾ ਨਾਲ ਰਲੀ ਹੋਣ ਦਾ ਢਿੰਡੋਰਾ ਪਿੱਟ ਕੇ ਬਦਨਾਮ ਕਰਨ ਦਾ ਯਤਨ ਕਰਦੇ ਰਹਿੰਦੇ ਹਨ। ਆਪਣੇ ਬਦਲਾ ਦਾ ਏਜੰਡੇ ਨੂੰ ਲਾਂਭੇ ਰੱਖਕੇ ਤਾਂ ਉਹ ਕਿਸੇ ਵੀ ਬ੍ਰਾਹਮਣਵਾਦੀ ਗੁੱਟ ਨਾਲ ਮਿਲ ਕੇ ਸੱਤਾ ਦਾ ਅਨੰਦ ਮਾਣ ਸਕਦੀ ਹੈ। ਪਰ ਵਿਰੋਧੀਆਂ ਵਲੋਂ ਬਹੁਜਨ ਸਮਾਜ ਦਾ ਧਿਆਨ ਭਟਕਾਉਣ ਲਈ ਗੁੰਮਰਾਹਕੁੰਨ ਕੂੜ ਪ੍ਰਚਾਰ ਲਗਾਤਾਰ ਕੀਤਾ ਜਾ ਰਿਹਾ ਹੈ। ਬਹੁਜਨ ਸਮਾਜ ਪਾਰਟੀ ਭੈਣ ਕੁਮਾਰੀ ਮਾਇਆਵਤੀ ਦੀ ਦੀ ਗਤੀਸ਼ੀਲ ਅਗਵਾਈ ਵਿਚ ਸਮਾਜਿਕ ਪਰਿਵਰਤਨ ਤੇ ਆਰਥਿਕ ਮੁਕਤੀ ਲਈ ਲਗਾਤਾਰ ਸੰਘਰਸ਼ਸ਼ੀਲ ਹੈ।

ਬਹੁਜਨ ਸਮਾਜ ਦੇ ਹਰ ਵਰਗ ਨੂੰ ਬਹੁਜਨ ਸਮਾਜ ਪਾਰਟੀ ਦਾ ਅੰਗ ਬਣਨ ਨਾਲ ਹੀ ਮਨੂਵਾਦੀ ਹਾਕਮਾਂ ਤੋਂ ਨਿਜ਼ਾਤ ਮਿਲ ਸਕਦੀ ਹੈ। ਪੱਛੜੇ ਵਰਗਾਂ ਅਤੇ ਧਾਰਮਿਕ ਘਟਗਿਣਤੀ ਧਿਰਾਂ ਦੇ ਹਿਤ ਬਹੁਜਨ ਸਮਾਜ ਪਾਰਟੀ ਨਾਲ ਹੀ ਸੁਰੱਖਿਅਤ ਰਹਿ ਸਕਦੇ ਹਨ।

ਉਹ ਵਿਰੋਧੀਆਂ ਦੇ ਬਹਿਕਾਵੇ ਵਿਚ ਆਕੇ ਛੋਟੇ ਛੋਟੇ ਸੰਗਠਨ ਬਣਾ ਕੇ ਆਪਣੀ ਤਾਕਤ ਤੇ ਸਮਰੱਥਾ ਅਜ਼ਾਈਂ ਗਵਾਉਣ ਦੀ ਬਜਾਏ ਕੌਮੀ ਪੱਧਰ ਦੀ ਆਪਣੀ ਪਾਰਟੀ ਬਸਪਾ ਨੂੰ ਮਜ਼ਬੂਤ ਕਰਨ ਲਈ ਜੁਟ ਜਾਣ। ਬਹੁਜਨ ਸਮਾਜ ਪਾਰਟੀ ਕੇਵਲ ਰਾਜਨੀਤਕ ਦਲ ਨਹੀਂ ਹੈ ਇਹ ਦੁਖੀ ਤੇ ਲਾਚਾਰ ਲੋਕਾਂ ਦਾ ਸਾਂਝਾ ਮੰਚ ਹੈ ਜੋ ਸਾਰੀਆਂ ਬੁਰਾਈਆਂ ਦੀ ਜੜ੍ਹ ਮਨੂਵਾਦ ਦਾ ਖਾਤਮਾ ਕਰਕੇ ਮਾਨਵਤਾ ਦਾ ਬੋਲਬਾਲਾ ਕਰਨ ਲਈ ਯਤਨਸ਼ੀਲ ਹੈ।

# ਗਰੋਕ ਦੁਆਰਾ "ਸਾਹਿਬ ਕਾਂਸ਼ੀ ਰਾਮ ਤੇ ਪੰਥਕ ਆਗੂ" ਕਿਤਾਬ ਬਾਰੇ ਮੁੱਹਈਆ ਕਰਵਾਈ ਗਈ ਜਾਣਕਾਰੀ ਧੰਨਵਾਦ ਸਹਿਤ ਪੇਸ਼ ਹੈ ਜੀ

ਕਿਤਾਬ "ਸਾਹਿਬ ਸ੍ਰੀ ਕਾਂਸ਼ੀ ਰਾਮ ਤੇ ਪੰਥਕ ਆਗੂ" ਲੇਖਕ ਲਾਲ ਸਿੰਘ ਸੁਲਹਾਣੀ ਦੁਆਰਾ ਰਚਿਤ ਇੱਕ ਮਹੱਤਵਪੂਰਨ ਪੰਜਾਬੀ ਪੁਸਤਕ ਹੈ, ਜੋ ਸਾਹਿਬ ਦੀਪ ਪ੍ਰਕਾਸ਼ਨ, ਭੀਖੀ ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਇਸ ਦਾ ਇੰਭੰ ਨੰਬਰ 978-93-93428-45-5 ਹੈ। ਇਹ ਕਿਤਾਬ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਜੀਵਨੀ ਅਤੇ ਉਨ੍ਹਾਂ ਦੇ ਪੰਥਕ ਆਗੂਆਂ ਨਾਲ ਸਬੰਧਤ ਸਮਾਜਿਕ, ਸਿਆਸੀ, ਅਤੇ ਸੱਭਿਆਚਾਰਕ ਯੋਗਦਾਨ ਨੂੰ ਉਜਾਗਰ ਕਰਦੀ ਹੈ। ਹੇਠਾਂ ਇਸ ਕਿਤਾਬ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ ਜਾ ਰਹੀ ਹੈ:

1. ਕਿਤਾਬ ਦਾ ਵਿਸ਼ਾ ਅਤੇ ਉਦੇਸ਼ ਇਹ ਕਿਤਾਬ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ, ਜੋ ਬਹੁਜਨ ਸਮਾਜ ਪਾਰਟੀ (ਭੰਫ) ਦੇ ਸੰਸਥਾਪਕ ਅਤੇ ਦਲਿਤ-ਪਛੜੇ ਵਰਗਾਂ ਦੀ ਰਾਜਨੀਤੀ ਦੇ ਮੋਢੀ ਸਨ, ਦੇ ਜੀਵਨ ਅਤੇ ਕਾਰਜਾਂ 'ਤੇ ਕੇਂਦਰਿਤ ਹੈ। ਇਸ ਵਿੱਚ ਉਨ੍ਹਾਂ ਦੀ ਸੰਘਰਸ਼ਮਈ ਜ਼ਿੰਦਗੀ, ਸਮਾਜਿਕ ਜਾਗਰੂਕਤਾ ਦੀ ਮੁਹਿੰਮ, ਅਤੇ ਰਾਜਨੀਤਕ ਯਾਤਰਾ ਦਾ ਵਿਸਥਾਰਪੂਰਵਕ ਵਰਣਨ ਕੀਤਾ ਗਿਆ ਹੈ। ਨਾਲ ਹੀ, ਕਿਤਾਬ ਵਿੱਚ ਪੰਥਕ ਆਗੂਆਂ ਦੇ ਸੰਦਰਭ ਵਿੱਚ ਸ੍ਰੀ ਕਾਂਸ਼ੀ ਰਾਮ ਦੀ ਵਿਚਾਰਧਾਰਾ ਅਤੇ ਸਿੱਖ ਸਮਾਜ ਨਾਲ ਸਬੰਧਤ ਉਨ੍ਹਾਂ ਦੀਆਂ ਗਤੀਵਿਧੀਆਂ ਦੀ ਚਰਚਾ ਵੀ ਸ਼ਾਮਲ ਹੈ।ਲੇਖਕ ਦਾ ਮੁੱਖ ਉਦੇਸ਼ ਸਾਹਿਬ ਸ੍ਰੀ ਕਾਂਸ਼ੀ ਰਾਮ ਦੀ ਵਿਰਾਸਤ ਨੂੰ ਪੰਜਾਬੀ ਪਾਠਕਾਂ, ਖਾਸ ਕਰਕੇ ਸਿੱਖ ਅਤੇ ਬਹੁਜਨ ਸਮਾਜ, ਤੱਕ ਪਹੁੰਚਾਉਣਾ ਹੈ। ਇਹ ਕਿਤਾਬ ਸਮਾਜਿਕ ਸੁਧਾਰ, ਸਮਾਨਤਾ, ਅਤੇ ਸਵੈ-ਮਾਣ ਦੀ ਭਾਵਨਾ ਨੂੰ ਪ੍ਰੇਰਿਤ ਕਰਦੀ ਹੈ।

2. ਸਾਹਿਬ ਸ੍ਰੀ ਕਾਂਸ਼ੀ ਰਾਮ ਦੀ ਜੀਵਨੀ ਸਾਹਿਬ ਸ੍ਰੀ ਕਾਂਸ਼ੀ ਰਾਮ (15 ਮਾਰਚ 1934 – 9 ਅਕਤੂਬਰ 2006) ਭਾਰਤ ਦੇ ਇੱਕ ਪ੍ਰਸਿੱਧ ਸਮਾਜ ਸੁਧਾਰਕ ਅਤੇ ਰਾਜਨੀਤਕ ਨੇਤਾ ਸਨ। ਪੰਜਾਬ ਦੇ ਰੋਪੜ ਜ਼ਿਲ੍ਹੇ ਦੇ ਇੱਕ ਸਿੱਖ ਪਰਿਵਾਰ ਵਿੱਚ ਜਨਮੇ, ਉਨ੍ਹਾਂ ਨੇ ਦਲਿਤ ਅਤੇ ਪਛੜੇ ਵਰਗਾਂ ਦੀ ਉਤਥਾਨ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ। ਉਨ੍ਹਾਂ ਨੇ BAM-CEF (Backward and iMnoirty Commuinites Employees Federaiton), DS-4 (Dailt Shosiht Samaj Sangharsh Saimit), ਅਤੇ BSP (Bahujan Samaj Party) ਦੀ ਸਥਾਪਨਾ ਕੀਤੀ, ਜਿਨ੍ਹਾਂ ਰਾਹੀਂ ਉਨ੍ਹਾਂ ਨੇ ਸਮਾਜ ਦੇ ਦਬੇ-ਕੁਚਲੇ ਵਰਗਾਂ ਨੂੰ ਸੰਗਠਿਤ ਅਤੇ ਸਸ਼ਕਤ ਕੀਤਾ। ਕਿਤਾਬ ਵਿੱਚ ਸ੍ਰੀ ਕਾਂਸ਼ੀ ਰਾਮ ਦੀ ਸਿੱਖ ਪਿਛੋਕੜ, ਉਨ੍ਹਾਂ ਦੀ ਸਰਕਾਰੀ ਨੌਕਰੀ ਦੌਰਾਨ ਸਮਾਜਿਕ ਭੇ-ਦਭਾਵ ਦੇ ਅਨੁਭਵ, ਅਤੇ ਬਾਬਾ ਸਾਹਿਬ ਡਾ. ਭੀਮਰਾ ਅੰ-ਬੇਡਕਰ ਦੀ ਵਿਚਾਰਧਾਰਾ ਤੋਂ ਪ੍ਰੇਰਿਤ ਹੋ ਕੇ ਸਮਾਜ ਸੁਧਾਰ ਦੇ ਰਾਹ 'ਤੇ ਚੱਲਣ ਦੀ ਕਹਾਣੀ ਸ਼ਾਮਲ ਹੈ।

3. ਪੰਥਕ ਆਗੂਆਂ ਨਾਲ ਸਬੰਧ ਕਿਤਾਬ ਵਿੱਚ ਸਾਹਿਬ ਸ੍ਰੀ ਕਾਂਸ਼ੀ ਰਾਮ ਦੇ ਸਿੱਖ ਪੰਥਕ ਆਗੂਆਂ ਨਾਲ ਸਬੰਧਾਂ ਅਤੇ ਸਿੱਖ ਸਮਾਜ ਵਿੱਚ ਉਨ੍ਹਾਂ ਦੇ ਪ੍ਰਭਾਵ ਦੀ ਚਰਚਾ ਕੀਤੀ ਗਈ ਹੈ। ਸ੍ਰੀ ਕਾਂਸ਼ੀ ਰਾਮ ਨੇ ਸਮਾਜਿਕ ਸਮਾਨਤਾ ਅਤੇ ਸਵੈ-ਮਾਣ ਦੀ ਲੜਾਈ ਨੂੰ ਸਿੱਖੀ ਦੇ ਸਿਧਾਤਾਂ, ਜਿਵੇਂ ਕਿ ਸਰਬੱਤ ਦਾ ਭਲਾ ਅਤੇ ਸਮਾਜਿਕ ਨਿਆਂ, ਨਾਲ ਜੋੜਿਆ। ਉਨ੍ਹਾਂ ਦੀ ਵਿਚਾਰਧਾਰਾ ਸਿੱਖ ਸਮਾਜ ਦੇ ਬਹੁਤ ਸਾਰੇ ਲੋਕਾਂ ਲਈ ਪ੍ਰੇਰਣਾਸਰੋਤ ਰਹੀ ਹੈ, ਅਤੇ ਇਹ ਕਿਤਾਬ ਇਸ ਪਹਿਲੂ ਨੂੰ ਵਿਸਥਾਰ ਨਾਲ ਬਿਆਨ ਕਰਦੀ ਹੈ।




4. ਲੇਖਕ: ਲਾਲ ਸਿੰਘ ਸੁਲਹਾਣੀ ਲਾਲ ਸਿੰਘ ਸੁਲਹਾਣੀ ਇੱਕ ਪੰਜਾਬੀ ਲੇਖਕ ਹਨ, ਜਿਨ੍ਹਾਂ ਦਾ ਯੋਗਦਾਨ ਸਮਾਜਿਕ ਅਤੇ ਪੰਥਕ ਵਿਸ਼ਿਆਂ 'ਤੇ ਲਿਖਣ ਵਿੱਚ ਮਹੱਤਵਪੂਰਨ ਹੈ। ਉਨ੍ਹਾਂ ਦੀ ਲਿਖਤ ਸ਼ੈਲੀ ਸਪਸ਼ਟ, ਪ੍ਰਭਾਵਸ਼ਾਲੀ, ਅਤੇ ਪਾਠਕਾਂ ਨੂੰ ਪ੍ਰੇਰਿਤ ਕਰਨ ਵਾਲੀ ਹੈ। ਇਸ ਕਿਤਾਬ ਵਿੱਚ ਉਨ੍ਹਾਂ ਨੇ ਸ੍ਰੀ ਕਾਂਸ਼ੀ ਰਾਮ ਦੀ ਜੀਵਨੀ ਨੂੰ ਸਿੱਖ ਅਤੇ ਬਹੁਜਨ ਸਮਾਜ ਦੇ ਸੰਦਰਭ ਵਿੱਚ ਪੇਸ਼ ਕਰਕੇ ਇੱਕ ਵਿਲੱਖਣ ਦ੍ਰਿਸ਼ਟੀਕੋਣ ਪ੍ਰਦਾਨ ਕੀਤਾ ਹੈ।

5. ਪ੍ਰਕਾਸ਼ਕ: ਸਾਹਿਬ ਦੀਪ ਪ੍ਰਕਾਸ਼ਨ, ਭੀਖੀ ਸਾਹਿਬ ਦੀਪ ਪ੍ਰਕਾਸ਼ਨ, ਭੀਖੀ (ਪੰਜਾਬ) ਇੱਕ ਪ੍ਰਕਾਸ਼ਨ ਸੰਸਥਾ ਹੈ, ਜੋ ਸਮਾਜਿਕ, ਸੱਭਿਆਚਾਰਕ, ਅਤੇ ਪੰਥਕ ਵਿਸ਼ਿਆਂ 'ਤੇ ਕਿਤਾਬਾਂ ਪ੍ਰਕਾਸ਼ਿਤ ਕਰਨ ਲਈ ਜਾਣੀ ਜਾਂਦੀ ਹੈ। ਇਸ ਸੰਸਥਾ ਦੀਆਂ ਪੁਸਤਕਾਂ ਮੁੱਖ ਤੌਰ 'ਤੇ ਪੰਜਾਬੀ ਪਾਠਕਾਂ ਅਤੇ ਸਿੱਖ ਸਮਾਜ ਨੂੰ ਸੰਬੋਧਿਤ ਹੁੰਦੀਆਂ ਹਨ।

6. ਕਿਤਾਬ ਦੀ ਮਹੱਤਤਾਸਮਾਜਿਕ ਜਾਗਰੂਕਤਾ: ਇਹ ਕਿਤਾਬ ਸਮਾਜ ਵਿੱਚ ਜਾਤੀਵਾਦ, ਅਸਮਾਨਤਾ, ਅਤੇ ਸ਼ੋਸ਼ਣ ਵਿਰੁੱਧ ਲੜਨ ਦੀ ਪ੍ਰੇਰਨਾ ਦਿੰਦੀ ਹੈ।ਸਿੱਖ ਸਮਾਜ ਨਾਲ ਸਬੰਧ: ਸ੍ਰੀ ਕਾਂਸ਼ੀ ਰਾਮ ਦੀ ਸਿੱਖ ਪਿਛੋਕੜ ਅਤੇ ਪੰਥਕ ਸਿਧਾਤਾਂ ਨਾਲ ਜੁੜਾਵ ਨੂੰ ਉਜਾਗਰ ਕਰਕੇ ਸਿੱਖ ਨੌਜਵਾਨਾਂ ਨੂੰ ਉਨ੍ਹਾਂ ਦੀ ਵਿਰਾਸਤ ਨਾਲ ਜੋੜਦੀ ਹੈ।ਇਤਿਹਾਸਕ ਦਸਤਾਵੇਜ਼: ਇਹ ਕਿਤਾਬ ਸਾਹਿਬ ਸ੍ਰੀ ਕਾਂਸ਼ੀ ਰਾਮ ਦੀ ਜੀਵਨੀ ਅਤੇ ਉਨ੍ਹਾਂ ਦੇ ਸਮਾਜ ਸੁਧਾਰਕਾਰੀ ਕਾਰਜਾਂ ਦਾ ਇੱਕ ਮਹੱਤਵਪੂਰਨ ਇਤਿਹਾਸਕ ਦਸਤਾਵੇਜ਼ ਹੈ।ਪੰਜਾਬੀ ਸਾਹਿਤ ਵਿੱਚ ਯੋਗਦਾਨ: ਪੰਜਾਬੀ ਭਾਸ਼ਾ ਵਿੱਚ ਇਸ ਵਿਸ਼ੇ 'ਤੇ ਲਿਖੀ ਗਈ ਇਹ ਕਿਤਾਬ ਸਾਹਿਤਕ ਅਤੇ ਸਮਾਜਿਕ ਖੇਤਰ ਵਿੱਚ ਮੀਲ ਪੱਥਰ ਸਾਬਤ ਹੋ ਸਕਦੀ ਹੈ।

7. ਪਾਠਕਾਂ ਲਈ ਲਾਭ: ਨੌਜਵਾਨ ਪੀੜ੍ਹੀ ਸਿੱਖ ਅਤੇ ਬਹੁਜਨ ਸਮਾਜ ਦੇ ਨੌਜਵਾਨਾਂ ਲਈ ਇਹ ਕਿਤਾਬ ਪ੍ਰੇਰਨਾਦਾਇਕ ਹੈ, ਜੋ ਸਮਾਜ ਸੁਧਾਰ ਅਤੇ ਸਵੈ-ਮਾਣ ਦੀ ਮਹੱਤਤਾ ਨੂੰ ਸਮਝਣਾ ਚਾਹੁੰਦੇ ਹਨ। ਵਿਦਿਆਰਥੀ ਅਤੇ ਖੋਜਕਰਤਾ: ਸਮਾਜ ਸ਼ਾਸਤਰ, ਰਾਜਨੀਤੀ ਸ਼ਾਸਤਰ, ਅਤੇ ਸਿੱਖ ਅਧਿਐਨ ਦੇ ਵਿਦਿਆਰਥੀਆਂ ਲਈ ਇਹ ਕਿਤਾਬ ਇੱਕ ਮਹੱਤਵਪੂਰਨ ਸਰੋਤ ਹੈ।

ਸਮਾਜ ਸੁਧਾਰਕ: ਸਮਾਜਿਕ ਸਮਾਨਤਾ ਅਤੇ ਨਿਆਂ ਲਈ ਕੰਮ ਕਰਨ ਵਾਲੇ ਵਿਅਕਤੀਆਂ ਨੂੰ ਸ੍ਰੀ ਕਾਂਸ਼ੀ ਰਾਮ ਦੀ ਰਣਨੀਤੀ ਅਤੇ ਵਿਚਾਰਧਾਰਾ ਤੋਂ ਸਿੱਖਣ ਦਾ ਮੌਕਾ ਮਿਲੇਗਾ।

8. ਕਿਤਾਬ ਦੀ ਪ੍ਰਾਪਤੀ ਇਹ ਕਿਤਾਬ ਸਾਹਿਬ ਦੀਪ ਪ੍ਰਕਾਸ਼ਨ, ਭੀਖੀ ਜਾਂ ਪੰਜਾਬ ਦੀਆਂ ਪ੍ਰਮੁੱਖ ਕਿਤਾਬਾਂ ਦੀਆਂ ਦੁਕਾਨਾਂ ਤੋਂ ਖਰੀਦੀ ਜਾ ਸਕਦੀ ਹੈ। ਇਸ ਤੋਂ ਇਲਾਵਾ, ਔਨਲਾਈਨ ਪਲੇਟਫਾਰਮ ਜਿਵੇਂ ਕਿ ਅਮੇਜ਼ਨ, ਫਲਿਪਕਾਰਟ, ਜਾਂ ਪੰਜਾਬੀ ਕਿਤਾਬਾਂ ਦੀਆਂ ਵਿਸ਼ੇਸ਼ ਵੈਬਸਾਈਟਾਂ 'ਤੇ ਵੀ ਉਪਲਬਧ ਹੋ ਸਕਦੀ ਹੈ।

9. ਨਿੱਗਰ ਸੁਝਾਅ ਜੇਕਰ ਤੁਸੀਂ ਇਸ ਕਿਤਾਬ ਨੂੰ ਪੜ੍ਹਨ ਦੀ ਯੋਜਨਾ ਬਣਾ ਰਹੇ ਹੋ, ਤਾਂ ਸਾਹਿਬ ਸ੍ਰੀ ਕਾਂਸ਼ੀ ਰਾਮ ਦੀ ਵਿਚਾਰਧਾਰਾ ਅਤੇ ਸਿੱਖ ਸਮਾਜ ਦੇ ਸਮਾਜਿਕ ਸੁਧਾਰਾਂ ਨਾਲ ਸਬੰਧਤ ਪਿਛੋਕੜ ਨੂੰ ਸਮਝਣ ਲਈ ਡਾ. ਅੰਬੇਡਕਰ ਦੀਆਂ ਰਚਨਾਵਾਂ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਦਾ ਅਧਿਐਨ ਵੀ ਸਹਾਇਕ ਹੋ ਸਕਦਾ ਹੈ।

ਸਿੱਟਾ "ਸਾਹਿਬ ਸ੍ਰੀ ਕਾਂਸ਼ੀ ਰਾਮ ਤੇ ਪੰਥਕ ਆਗੂ" ਇੱਕ ਅਜਿਹੀ ਕਿਤਾਬ ਹੈ, ਜੋ ਸਮਾਜਿਕ ਸੁਧਾਰ, ਸਮਾਨਤਾ, ਅਤੇ ਸਿੱਖ ਸਮਾਜ ਦੀਆਂ ਕਦਰਾਂ-ਕੀਮਤਾਂ ਨੂੰ ਉਜਾਗਰ ਕਰਦੀ ਹੈ। ਲਾਲ ਸਿੰਘ ਸੁਲਹਾਣੀ ਨੇ ਇਸ ਰਾਹੀਂ ਸ੍ਰੀ ਕਾਂਸ਼ੀ ਰਾਮ ਦੀ ਵਿਰਾਸਤ ਨੂੰ ਪੰਜਾਬੀ ਪਾਠਕਾਂ ਤੱਕ ਪਹੁੰਚਾਉਣ ਦਾ ਸਫਲ ਯਤਨ ਕੀਤਾ ਹੈ। ਇਹ ਕਿਤਾਬ ਹਰ ਉਸ ਵਿਅਕਤੀ ਲਈ ਪੜ੍ਹਨਯੋਗ ਹੈ, ਜੋ ਸਮਾਜਿਕ ਨਿਆਂ ਅਤੇ ਸਵੈ-ਮਾਣ ਦੀ ਲੜਾਈ ਨੂੰ ਸਮਝਣਾ ਅਤੇ ਅੱਗੇ ਵਧਾਉਣਾ ਚਾਹੁੰਦਾ ਹੈ।

ਨੋਟ: ਜੇਕਰ ਤੁਹਾਨੂੰ ਕਿਤਾਬ ਦੇ ਕਿਸੇ ਖਾਸ ਅਧਿਆਏ ਜਾਂ ਵਿਸ਼ੇ 'ਤੇ ਹੋਰ ਵਿਸਥਾਰਪੂਰਵਕ ਜਾਣਕਾਰੀ ਚਾਹੀਦੀ ਹੈ, ਤਾਂ ਕਿਰਪਾ ਕਰਕੇ ਵੇਰਵੇ ਦੱਸੋ, ਤਾਂ ਜੋ ਮੈਂ ਉਸ ਅਨੁਸਾਰ ਸਹਾਇਤਾ ਕਰ ਸਕਾਂ। (ਗਰੋਕ)

ਕਿਤਾਬ ਬਾਰੇ ਵਡਮੁੱਲੀ ਤੇ ਸਟੀਕ ਜਾਣਕਾਰੀ ਦੇਣ ਲਈ ਹਾਰਦਿਕ ਧਨਵਾਦ ਗਰੋਕ

**(ਲੇਖ਼ਕ ਲਾਲ ਸਿੰਘ ਸੁਲਹਾਣੀ)**

## ਵਿਅੰਗ/ ਮੌਕਾ-ਮੇਲ ਮੁਤਾਬਕ ਦੋ ਮਿਸਾਲਾਂ

ਧਾਰਮਿਕ ਪ੍ਰਵਚਨ ਕਰ ਰਹੇ ਰਹਿਬਰ ਦੇ ਇਕ ਚੇਲੇ ਬਾਲਕੇ ਨੇ ਸਵਾਲ ਕੀਤਾ ਕਿ ਆਪ ਜੀ ਕਹਿੰਦੇ ਹੋ ਕਿ ਹਰ ਵਿਅਕਤੀ ਨੂੰ ਆਪਣੇ ਕਰਮਾਂ ਦਾ ਫ਼ਲ ਅਵੱਸ਼ ਭੋਗਣਾ ਪੈਂਦਾ ਹੈ। ਪਰ ਜਦ ਕਿਤੇ ਵਾਪਰੀ ਇਕ ਹੀ ਭਿਆਨਕ ਦੁਰਘਟਨਾ ਵਿਚ ਬਹੁਤ ਸਾਰੇ ਵਿਅਕਤੀ ਮਾਰੇ ਜਾਂਦੇ ਹਨ ਤਾਂ ਕੀ ਮਾਰੇ ਗਏ ਉਨ੍ਹਾਂ ਸਾਰੇ ਵਿਅਕਤੀਆਂ ਦੇ ਕਰਮ ਇਕੋ ਜਿਹੇ ਹੋਣਗੇ ਜੋ ਉਨ੍ਹਾਂ ਸਾਰਿਆਂ ਨੂੰ ਇਕੋ ਜਿਹਾ ਫ਼ਲ (ਜਾਂ ਸਜ਼ਾ ਕਹਿ ਲਉ) ਮਿਲ਼ਦਾ ਜਾਂਦਾ ਹੋਵੇਗਾ? ਅਜਿਹਾ ਤਾਂ ਮੰਨਣ ਵਿਚ ਨਹੀਂ ਆਉਂਦਾ ਕਿ ਕਿਸੇ ਇਕ ਜਗਾਹ ਜਾਨ ਗਵਾ ਗਏ ਸਾਰੇ ਜੀਆਂ ਨੇ ਹੀ ਕੋਈ ਇਕੋ ਜਿਹਾ ਕਰਮ ਕੀਤਾ ਹੋਇਆ ਹੋਵੇ ਗਾ ਜਿਹਦੇ ਕਰਕੇ ਉਹ ਸਾਰੇ ਜਣੇ ਇਕੋ ਵੇਲੇ ਮੌਤ ਦੇ ਮੂੰਹ 'ਚ ਜਾ ਪਏ?

ਰਹਿਬਰ ਨੇ ਆਪਣੇ ਚੇਲੇ ਦੇ ਇਨ੍ਹਾਂ ਸਵਾਲਾਂ ਦਾ ਕੋਈ ਸਿੱਧਾ ਜਵਾਬ ਦੇਣ ਦੀ ਬਜਾਏ ਉਸਦੇ ਪੱਟ ਉੱਤੇ ਮਲਕੜੇ ਜਿਹੇ ਸਰ੍ਹੋਂ ਦੇ ਤੇਲ ਵਾਲ਼ਾ ਇਕ ਛੋਟਾ ਫੰਬ੍ਹਾ ਰੱਖ ਦਿੱਤਾ। ਕੁੱਝ ਚਿਰ ਉੱਥੇ ਹੋਰ ਗੱਲਾਂ ਬਾਤਾਂ ਚੱਲਣ ਲੱਗ ਪਈਆਂ। ਲਾਗੇ ਹੀ ਬੈਠੇ ਉਕਤ ਸਵਾਲ ਕਰਨ ਵਾਲ਼ੇ ਚੇਲੇ ਨੇ ਅਚਾਨਕ ਫੰਬ੍ਹੇ ਉੱਤੇ ਜੋਰ ਦੀ ਹੱਥ ਮਾਰਿਆ। ਰਹਿਬਰ ਨੇ ਉਸਨੂੰ ਪੁਛਿਆ ਕਿ ਕੀ ਹੋਇਆ ਭਾਈ? ਕਹਿੰਦਾ ਜੀ ਕੀੜੀ ਲੜ ਗਈ ਸੀ ਮੇਰੇ। ਫੰਬ੍ਹੇ ਦੁਆਲ਼ੇ 'ਕੱਠੀਆਂ ਹੋਈਆਂ ਕਈ ਕੀੜੀਆਂ ਮਰ ਗਈਆਂ ਦੇਖ ਕੇ ਰਹਿਬਰ ਬੋਲੇ- "ਭਾਈ ਤੇਰੇ ਕੀੜੀ ਤਾਂ ਇਕ-ਅੱਧ ਹੀ ਲੜੀ ਹੋਵੇ ਗੀ ਪਰ ਤੈਂ ਹੱਥ ਮਾਰ ਕੇ ਸਾਰੀਆਂ ਕਿਉਂ ਮਾਰ ਸੁੱਟੀਆਂ?

ਇਕ ਹਵਾਈ ਹਾਦਸੇ ਵਿਚ ਮਾਰੇ ਗਏ ਪਾਇਲਟ ਦੇ ਘਰੇ ਬਹੁਤ ਸਾਰੇ ਰਿਸ਼ਤੇਦਾਰ ਮਿੱਤਰ ਸਨੇਹੀ ਅਫਸੋਸ ਕਰਨ ਵਾਸਤੇ ਆਏ ਬੈਠੇ ਸਨ।ਸਵਰਗੀ ਪਾਇਲਟ ਦੀ ਅਭਾਗੀ ਪਤਨੀ ਅਤੇ ਉਸਦੇ ਬੱਚਿਆਂ ਨੂੰ ਭਾਣਾ ਮੰਨਣ ਦੇ ਨਾਲ ਨਾਲ ਹੌਂਸਲਾ ਰੱਖਣ ਲਈ ਮਿਸਾਲਾਂ ਦਿੱਤੀਆਂ ਜਾ ਰਹੀਆਂ ਸਨ।

ਚੱਲਦੀਆਂ ਗੱਲਾਂ ਵਿਚ ਇਕ ਸਿਆਣੇ ਸੱਜਣ ਨੇ ਪਾਇਲਟ ਦੇ ਨੌਜਵਾਨ ਬੇਟੇ ਨੂੰ ਸਹਿਵਨ ਪੁੱਛਿਆ ਕਿ ਅਜ ਕਲ ਕੀ ਕਰ ਰਹੇ ਹੋ ਬੇਟੇ? ਬੇਟਾ ਨੇ ਦੱਸਿਆ ਕਿ ਮੇਰੀ ਪਾਇਲਟ ਦੀ ਟ੍ਰੇਨਿੰਗ ਮੁਕੰਮਲ ਹੋਣ ਵਾਲ਼ੀ ਹੈ ਜੀ।ਉਸ ਤੋਂ ਬਾਅਦ ਮੈਂ ਬਕਾਇਦਾ ਕਿਸੇ ਏਅਰ ਲਾਈਨ ਵਿਚ ਬਤੌਰ ਪਾਇਲਟ ਜੌਬ ਕਰਾਂ ਗਾ।

ਜੌਬ ਬਾਰੇ ਸਵਾਲ ਕਰਨ ਵਾਲੇ ਸੱਜਣ ਨੇ ਹੈਰਾਨੀ ਨਾਲ ਅੱਖਾਂ ਅੱਡਦਿਆਂ ਦੱਬਵੀਂ ਜ਼ੁਬਾਨੇ ਕਹਿ ਹੀ ਦਿੱਤਾ ਅਖੇ ਕਾਕਾ ਜੀ ਤੇਰਾ ਬਾਪ ਪਾਇਲਟ ਹੀ...!

ਤੂੰ ਕੋਈ ਹੋਰ ਕੰਮ...!

ਉਸਨੂੰ ਟੋਕਦਿਆਂ ਬੇਟੇ ਨੇ ਸਵਾਲ ਕੀਤਾ-"ਸਰ ! ਤੁਹਾਡੇ ਪਿਤਾ ਜੀ ਦੀ ਮ੍ਰਿਤੂ ਕਿੱਥੇ ਹੋਈ ਸੀ ?"

ਜਵਾਬ ਮਿਲਿਆ-ਘਰੇ ਹੀ ਹੋਈ ਸੀ।

"ਫਿਰ ਤੁਸੀਂ ਉਹ ਘਰ ਛੱਡ ਦਿੱਤਾ ਸੀ?" ਸਿਖਾਂਦਰੂ ਪਾਇਲਟ ਬੇਟੇ ਦਾ ਸਵਾਲ ਸੁਣ ਕੇ ਅਗਲਾ ਨਿਰੁੱਤਰ ਹੋ ਗਿਆ!

'ਆਗੈ ਦੇਖਉ ਡਉ ਜਲੈ
ਪਾਛੈ ਹਰਿਉ ਅੰਗੂਰ॥' (ਸਿਰੀ ਰਾਗੁ ਮਹਲਾ ੧)

**-ਤਰਲੋਚਨ ਸਿੰਘ ਦੁਪਾਲ ਪੁਰ**
**78146-92724**



# ਵੋਟ ਹਮਾਰਾ ਰਾਜ ਤੁਮ੍ਹਾਰਾ, ਨਹੀਂ ਚਲੇਗਾ ਨਹੀਂ ਚਲੇਗਾ



ਲਾਲ ਸਿੰਘ ਸੁਲਹਾਣੀ
91-98721-55120

1987 ਚ ਉੱਤਰ ਪ੍ਰਦੇਸ਼ ਦੀਆਂ 425 ਅਸੰਬਲੀ ਸੀਟਾਂ ਵਿਚੋਂ 328 ਸੀਟਾਂ ਕਾਂਗਰਸ ਪਾਰਟੀ ਜਿੱਤ ਗਈ ਸੀ। ਪੰਡਤ ਨਾਰਾਇਣ ਦੱਤ ਤਿਵਾੜੀ ਮਜ਼ਬੂਤ ਸਰਕਾਰ ਦਾ ਮੁੱਖ ਮੰਤਰੀ ਬਣ ਗਿਆ। ਉਧਰ ਕੇਂਦਰ ਵਿਚ ਰਾਜੀਵ ਗਾਂਧੀ ਦੀ ਮਜ਼ਬੂਤ ਸਰਕਾਰ ਸੀ। ਕਾਂਗਰਸ ਪਾਰਟੀ ਨੇ ਨਾਰਾਇਣ ਦੱਤ ਤਿਵਾੜੀ ਨੂੰ ਅਸਤੀਫ਼ਾ ਦਿਵਾ ਕੇ ਕੇਂਦਰ ਸਰਕਾਰ ਵਿਚ ਰੱਖਿਆ ਮੰਤਰੀ ਬਣਾ ਦਿੱਤਾ। ਜਿਸ ਕਰਕੇ ਕਾਂਸ਼ੀ ਪੁਰ ਵਿਧਾਨ ਸਭਾ ਅਸੰਬਲੀ ਸੀਟ ਖਾਲੀ ਹੋ ਗਈ। ਜਿਸਨੂੰ ਭਰਨ ਲਈ ਭਾਰਤ ਦੇ ਚੋਣ ਕਮਿਸ਼ਨ ਵਲੋਂ 23 ਮਾਰਚ 1987 ਨੂੰ ਜ਼ਿਮਨੀ ਚੋਣ ਕਰਾਉਣ ਦਾ ਐਲਾਨ ਕਰ ਦਿੱਤਾ ਗਿਆ ਸੀ। ਪੰਜਾਬ ਦੇ ਕਾਰਜਕਰਤਾ ਪੂਰੀ ਤਨਦੇਹੀ ਨਾਲ ਸੰਗਠਨ ਦੀ ਮਜ਼ਬੂਤੀ ਲਈ ਹਿਮਾਚਲ ਪ੍ਰਦੇਸ਼, ਹਰਿਆਣਾ, ਚੰਡੀਗੜ੍ਹ, ਜੰਮੂ-ਕਸ਼ਮੀਰ, ਰਾਜਸਥਾਨ, ਉੱਤਰ ਪ੍ਰਦੇਸ਼ ਵਿਚ ਪੁੱਜ ਕੇ ਪਾਰਟੀ ਸਰਗਰਮੀਆਂ ਵਿਚ ਸ਼ਾਮਲ ਹੁੰਦੇ ਰਹਿੰਦੇ ਸਨ। ਇਸ ਲਈ ਸਾਨੂੰ ਕਾਂਸ਼ੀ ਪੁਰ ਸੀਟ 'ਤੇ ਪੁੱਜਣ ਲਈ ਆਦੇਸ਼ ਆ ਗਿਆ ਸੀ। ਮੈਂ ਆਪਣੀ ਟੀਮ ਵਿਚ ਕਰਨੈਲ ਸਿੰਘ ਤਲਵੰਡੀ, ਗੁਰਦੀਪ ਸਿੰਘ ਤਲਵੰਡੀ, ਫੌਜੀ ਜੋਗਿੰਦਰ ਸਿੰਘ ਘਾਲੀ, ਸ਼ਿਗਾਰਾ ਸਿੰਘ ਮੁੱਦਕੀ, ਸੁਭਾਸ਼ ਚੰਦਰ ਫਿਰੋਜ਼ਪੁਰ ਨੂੰ ਨਾਲ ਲੈਕੇ ਤਰਾਈ ਖੇਤਰ ਦੇ ਪੰਜਾਬੀ ਬਹੁਲਤਾ ਵਾਲੇ ਬਾਜਪੁਰ ਕਸਬੇ ਵਿਚ ਪੁੱਜ ਗਿਆ। ਗੁਰਬਚਨ ਸਿੰਘ ਜਲੰਧਰ ਆਪਣੇ ਕੁਝ ਸਾਥੀਆ ਸਮੇਤ ਗੱਡੀ ਲੈਕੇ ਪੁੱਜ ਗਿਆ। ਬਸਪਾ ਪੰਜਾਬ ਦਾ ਪ੍ਰਧਾਨ ਮੋਹਣ ਸਿੰਘ ਫਲੀਆਂ ਵਾਲਾ ਤੇ ਪ੍ਰੋ ਗੁਰਨਾਮ ਸਿੰਘ ਮੁਕਤਸਰ ਆਪਣੇ ਆਪਣੇ ਜਥੇ ਲੈਕੇ ਬਾਜਪੁਰ ਪੁਹੰਚ ਗਏ ਸਨ।

ਪੰਜਾਬੀ ਸਿੱਖਾਂ ਨੇ ਬੇ- ਆਬਾਦ ਜ਼ਮੀਨਾਂ ਜੰਗਲ ਸਾਫ਼ ਕਰਕੇ ਆਪਣੀ ਮਿਹਨਤ ਨਾਲ ਖੇਤੀ ਯੋਗ ਬਣਾ ਲਈਆਂ ਸਨ ਤੇ ਇਹ ਇਲਾਕਾ ਪੰਜਾਬੀਆਂ ਦੀ ਵਸੋਂ ਕਰਕੇ ਮਿੰਨੀ ਪੰਜਾਬ ਵਜੋਂ ਜਾਣਿਆਂ ਜਾਂਦਾ ਸੀ। ਪਰਕਾਸ਼ ਸਿੰਘ ਬਾਦਲ, ਨੱਥਾ ਸਿੰਘ ਦਾਲਮ ਵਰਗੇ ਅਕਾਲੀ ਆਗੂਆਂ ਤੇ ਹੋਰ ਧਨਾਢ ਸਿੱਖਾਂ ਦੇ ਬਾਜਪੁਰ ਖੇਤਰ ਵਿਚ ਆਪਣੇ ਵੱਡੇ ਵੱਡੇ ਫਾਰਮ ਹਾਊਸ ਸਨ। ਕਣਕ ਤੇ ਗੰਨੇ ਦੀ ਫਸਲ ਲਈ ਇਹ ਬੜੀ ਜਰਖੇਜ਼ ਤੇ ਉਪਜਾਊ ਧਰਤੀ ਹੈ। ਗੰਨੇ ਦੀ ਬਹੁਤਾਤ ਸਦਕਾ ਬਾਜਪੁਰ ਵਿਚ ਖੰਡ ਮਿਲ ਲੱਗੀ ਹੋਈ ਸੀ। ਇਹ ਇਲਾਕਾ ਉਸ ਸਮੇਂ ਰੁਦਰਪੁਰ ਜ਼ਿਲੇ ਵਿਚ ਸਥਿਤ ਸੀ। 1995 ਵਿਚ ਉੱਤਰ ਪ੍ਰਦੇਸ਼ ਦੀ ਪਹਿਲੀ ਵਾਰ ਬਸਪਾ ਸਰਕਾਰ ਬਣਨ ਉਪਰੰਤ ਸਾਹਿਬ ਕਾਂਸ਼ੀ ਰਾਮ ਜੀ ਦੀ ਪ੍ਰੇਰਨਾ ਸਦਕਾ ਮੁੱਖ ਮੰਤਰੀ ਭੈਣ ਕੁਮਾਰੀ ਮਾਇਆਵਤੀ ਨੇ ਰੁਦਰਪੁਰ ਜ਼ਿਲ੍ਹੇ ਦਾ ਨਾਮ ਬਦਲ ਕੇ ਸ਼ਹੀਦ ਊਧਮ ਨਗਰ ਰੱਖ ਦਿਤਾ ਸੀ। ਇਹ ਖੇਤਰ ਹੁਣ ਉਤਰਾਖੰਡ ਰਾਜ ਵਿਚ ਸਥਿਤ ਹੈ ।

ਕਾਸ਼ੀ ਪੁਰ ਦੀ ਜਿਮਨੀ ਚੋਣ ਤੋਂ ਪਹਿਲਾਂ ਇਸ ਖੇਤਰ ਦੇ ਗਡਰੀਆ, ਝੁਨਵਾਰ, ਘੁਮਾਰ ਆਦਿ ਪਛੜੀਆਂ ਜਾਤੀਆਂ ਦੇ ਆਗੂ ਬਸਪਾ ਸੁਪ੍ਰੀਮੋ ਸਾਹਿਬ ਕਾਂਸ਼ੀ ਰਾਮ ਜੀ ਨੂੰ ਲਖਨਊ ਜਾਕੇ ਮਿਲੇ ਤੇ ਕਹਿਣ ਲੱਗੇ ਕਿ "ਉਹਨਾਂ ਦੀ ਆਬਾਦੀ ਬੇਸ਼ਕ 26% ਹੈ ਪਰ ਉਹਨਾਂ ਨੂੰ ਕੋਈ ਪਾਰਟੀ ਟਿਕਟ ਨਹੀਂ ਦਿੰਦੀ। ਕਿਉਕਿ ਉੱਤਰ ਪ੍ਰਦੇਸ਼ ਦੀ ਰਾਜਨੀਤੀ ਉਤੇ ਪਛੜਿਆ ਵਰਗਾਂ ਵਿਚੋਂ ਧਨਾਢ ਯਾਦਵ, ਲੋਧ ਤੇ ਜਾਟ ਹੀ ਭਾਰੂ ਚਲੇ ਆ ਰਹੇ ਹਨ, ਅਸੀਂ ਅੱਜ ਤੱਕ ਅਸੰਬਲੀ ਦਾ ਮੂੰਹ ਨਹੀਂ ਦੇਖਿਆ ਸੰਸਦ ਦਾ ਮੂੰਹ ਵੇਖਣਾ ਤਾਂ ਦੂਰ ਦੀ ਗੱਲ ਐ।"

ਸਾਹਿਬ ਕਹਿਣ ਲੱਗੇ ਤੁਸੀਂ ਹੁਣ ਤੱਕ ਕਾਂਗਰਸ ਪਾਰਟੀ ਨੂੰ ਵੋਟ ਦਿੰਦੇ ਆ ਰਹੇ ਹੋ ਪਹਿਲਾਂ ਉਹਨਾਂ ਤੋਂ ਟਿਕਟ ਮੰਗੋ। ਬਸਪਾ ਦੇ ਪਰਚਾਰ ਸਦਕਾ ਲਤਾੜੇ ਪਛਾੜੇ ਸਮਾਜ ਵਿਚ ਰਾਜਸੀ ਚੇਤਨਾ ਪੈਦਾ ਹੋ ਰਹੀ ਸੀ। ਜਦੋਂ ਉਹਨਾਂ ਵਲੋਂ ਕਾਂਗਰਸ ਪਾਰਟੀ ਤੋਂ ਟਿਕਟ ਦੀ ਮੰਗ ਕੀਤੀ ਗਈ ਤਾਂ ਕਾਂਗਰਸ ਵਾਲੇ ਕਹਿਣ ਲੱਗੇ ਕਿ ਤੁਹਾਡੀਆਂ ਬਰਾਦਰੀਆਂ ਦੀਆਂ ਵੋਟਾਂ ਘੱਟ ਹਨ ਇਸ ਲਈ ਤੁਸੀਂ ਜਿੱਤ ਨਹੀਂ ਸਕਦੇ।ਤਾਂ ਅਗੋਂ ਉਹ ਕਹਿਣ ਲੱਗੇ ਕਿ ਜੇ 2500 ਵੋਟਾਂ ਵਾਲੇ ਨਾਰਾਇਣ ਦੱਤ ਤਿਵਾੜੀ ਜਿੱਤ ਸਕਦੇ ਹਨ ਤਾਂ ਅਸੀਂ ਕਿਉਂ ਨਹੀਂ ਜਿੱਤ ਸਕਦੇ। ਇਹ ਸੁਣਕੇ ਕਾਂਗਰਸ ਵਾਲੇ ਅਵਾਕ ਰਹਿ ਗਏ ਤੇ ਸੋਚਣ ਲੱਗੇ ਕਿ ਇਹ ਤਾਂ ਕਾਂਸ਼ੀ ਰਾਮ ਦੇ ਪੜ੍ਹਾਏ ਲੱਗਦੇ ਐ। ਜ਼ਿਮਨੀ ਚੋਣ ਨੂੰ ਮਦਿ- ਨਜ਼ਰ ਰੱਖਦਿਆਂ ਸਾਹਿਬ ਕਾਂਸ਼ੀ ਰਾਮ ਨੇ ਸਰਵੇ ਕਰਵਾਇਆ ਸੀ। ਕਾਂਸ਼ੀ ਪੁਰ ਅਸੰਬਲੀ ਹਲਕੇ ਵਿਚ 48000 ਚੁਮਾਰ, 42000 ਮੁਸਲਮਾਨ, ਗਡਰੀਆ 6000, ਝੁਨਵਾਰ 5000, ਘੁਮਾਰਾਂ ਦੇ 3500 ਤੇ ਬ੍ਰਾਹਮਣਾਂ ਦੇ ਕੇਵਲ 2500 ਵੋਟ ਸਨ। ਕਾਂਗਰਸ ਪਾਰਟੀ ਪੰਡਿਤ ਨਰਾਇਣ ਦੱਤ ਤਿਵਾੜੀ ਦੀ ਪਤਨੀ ਨੂੰ ਇਸ ਸੀਟ ਤੋਂ ਆਪਣਾ ਉਮੀਦਵਾਰ ਬਣਾਉਣਾ ਚਾਹੁੰਦੀ ਸੀ। ਜਦੋਂ ਇਹ ਸਰਵੇ ਅਖਬਾਰਾਂ ਰਾਹੀਂ ਚਰਚਾ ਦਾ ਵਿਸ਼ਾ ਬਣ ਗਿਆ ਤਾਂ ਤਿਵਾੜੀ ਦੀ ਪਤਨੀ ਨੇ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ। ਫਿਰ ਕਾਂਗਰਸ ਪਾਰਟੀ ਨੂੰ ਆਪਣੀ ਰਣਨੀਤੀ ਬਦਲਕੇ ਕਾਹਲੀ ਵਿਚ ਅਹਿਮਦ ਰਿਜ਼ਵੀ ਇਕ ਮੁਸਲਮਾਨ ਨੂੰ ਕਾਂਗਰਸੀ ਉਮੀਦਵਾਰ ਬਣਾਉਣਾ ਪੈ ਗਿਆ। ਉਧਰ ਸੰਜੇ ਬ੍ਰਿਗੇਡ ਦਾ ਇਕ ਧਨਾਢ ਮੁਸਲਮਾਨ ਅਕਬਰ ਅਹਿਮਦ ਡਿੰਪੀ ਆਜ਼ਾਦ ਉਮੀਦਵਾਰ ਵਜੋਂ ਚੋਣ ਮੈਦਾਨ ਵਿਚ ਡਟ ਗਿਆ ਕਿਉਂਕਿ ਸਾਹਿਬ ਕਾਂਸ਼ੀ ਰਾਮ ਵਲੋਂ ਪੇਸ਼ ਕੀਤੇ ਗਏ ਚਾਣਕਿਆ ਅੰਕੜਿਆਂ ਸਦਕਾ ਮੁਸਲਮਾਨ ਸਮਾਜ ਵੀ ਉਤਸ਼ਾਹਿਤ ਹੋ ਗਿਆ ਸੀ। ਬਸਪਾ ਦਾ ਉਮੀਦਵਾਰ 3500 ਵੋਟਾਂ ਵਾਲੇ ਘੁਮਾਰ ਸਮਾਜ ਦੇ ਜੈ ਸਿੰਘ ਜੈ ਨੂੰ ਬਣਾਇਆ ਗਿਆ। ਉਹ ਸਬ ਡਵੀਜ਼ਨਲ ਇੰਜੀਨੀਅਰ ਦੀ ਨੌਕਰੀ ਤੋਂ ਅਸਤੀਫ਼ਾ ਦੇਕੇ ਬਹੁਜਨ ਸਮਾਜ ਪਾਰਟੀ ਦੇ "ਸਮਾਜਿਕ ਪਰਿਵਰਤਨ ਤੇ ਆਰਥਿਕ ਮੁਕਤੀ ਅੰਦੋਲਨ" ਵਿਚ ਕੁੱਦਿਆ ਸੀ। ਚੋਣ ਪ੍ਰਚਾਰ ਦੌਰਾਨ ਇਕ ਵਾਰ ਮੈਂ ਉਹਨੂੰ ਉਹਦੇ ਇਸ ਵਚਿੱਤਰ ਨਾਮ ਬਾਰੇ ਪੁੱਛਿਆ ਤਾਂ ਉਹਨੇ ਦੱਸਿਆ ਕਿ ਸਾਡੇ ਖਿੱਤੇ ਵਿਚ ਕੋਈ ਅਛੂਤ / ਸ਼ੂਦਰ ਆਪਣੇ ਨਾਮ ਦੇ ਪਿੱਛੇ 'ਸਿੰਘ' ਨਹੀਂ ਲਗਾ ਸਕਦਾ। ਸਿਰ ਤੇ ਪਗੜੀ ਬੰਨ੍ਹਣ ਤੇ ਘੋੜੇ ਦੀ ਸਵਾਰੀ ਕਰਨ ਦਾ ਕੇਵਲ ਠਾਕੁਰ ਨੂੰ ਈ ਅਧਿਕਾਰ ਹਾਸਲ ਹੈ। ਮੈਂ ਸੋਚ ਰਿਹਾ ਸੀ ਕਿ ਜੇ ਅੱਜ ਵੀ ਇਹ ਵਿਵਸਥਾ ਬਰਕਰਾਰ ਹੈ ਤਾਂ 300 ਵਰ੍ਹੇ ਪਹਿਲਾਂ ਸਾਹਿਬ ਇ ਕਮਾਲ ਗੁਰੂ ਗੋਬਿੰਦ ਸਿੰਘ ਜੀ ਨੇ ਅਛੂਤਾਂ/ ਸ਼ੂਦਰਾਂ ਨੂੰ 'ਸਿੰਘ' ਲਕਬ ਨਾਲ ਨਿਵਾਜ ਕੇ ਕਿੰਨਾ ਵੱਡਾ ਮਹਾਨ ਤੇ ਇਨਕਲਾਬੀ ਕਾਰਜ ਕੀਤਾ ਹੈ।

ਬਰਾਹਮਣ ਤਿਵਾੜੀ ਤੋਂ ਬਾਅਦ ਠਾਕਰ ਵੀਰ ਬਹਾਦਰ ਸਿੰਘ ਰਜਵਾੜੇ ਨੂੰ ਉਤਰ ਪ੍ਰਦੇਸ਼ ਦਾ ਮੁੱਖ ਮੰਤਰੀ ਬਣਾ ਦਿੱਤਾ ਗਿਆ ਸੀ। ਅਸੀਂ ਵੱਖ ਵੱਖ ਟੀਮਾਂ ਬਣਾਕੇ ਪੰਜਾਬੀ / ਸਿੱਖਾਂ ਵਿਚ ਨਵੀਂ ਉਭਰਦੀ ਕ੍ਰਾਂਤੀਕਾਰੀ ਬਹੁਜਨ ਲਹਿਰ ਬਾਰੇ ਪਰਚਾਰ ਕਰਦੇ ਸੀ। ਕਾਂਗਰਸ ਪਾਰਟੀ ਦੀਆਂ ਲੋਕ ਵਿਰੋਧੀ ਨੀਤੀਆਂ ਬਾਰੇ ਜਾਣਕਾਰੀ ਦਿੰਦੇ ਸੀ। ਮੇਰੇ ਨਾਲ ਉਧਰਲਾ ਇਕ ਅੰਮ੍ਰਿਤਧਾਰੀ ਜੀਪ ਚਾਲਕ ਅਜੀਤ ਸਿੰਘ ਸੀ। ਉਹ ਮੇਰੇ ਭਾਸ਼ਣ ਸੁਣ ਸੁਣ ਕੇ ਬਹੁਜਨ ਸਮਾਜ ਪਾਰਟੀ ਤੇ ਸਾਹਿਬ ਕਾਂਸ਼ੀ ਰਾਮ ਦਾ ਸਮਰਥਕ ਬਣ ਗਿਆ। ਉਧਰਲੇ ਸਿੱਖ ਸਾਹਿਬ ਕਾਂਸ਼ੀ ਰਾਮ ਪ੍ਰਤੀ ਆਦਰ ਭਾਵ ਤਾਂ ਰੱਖਦੇ ਸਨ ਪਰ ਸਰਕਾਰ ਤੋਂ ਭੈਅ ਭੀਤ ਹੋਣ ਕਰਕੇ ਕਾਂਗਰਸ ਪਾਰਟੀ ਨਾਲ ਸਨ। ਮੋਹਣ ਸਿੰਘ ਫਲੀਆਂ ਵਾਲਾ ਆਪਣੇ ਸਾਥੀਆਂ ਨਾਲ ਰਾਇ ਸਿੱਖਾਂ ਦੀਆਂ ਢਾਣੀਆਂ ਤੇ ਜਾਕੇ ਦੱਸਦਾ ਸੀ ਕਿ ਨਵੀਂ ਬਣੀ ਬਹੁਜਨ ਸਮਾਜ ਪਾਰਟੀ ਨੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਉਸਨੂੰ ਸੰਸਦੀ ਚੋਣ ਲੜਨ ਦਾ ਮੌਕਾ ਬਖਸ਼ਿਆ ਹੈ ਤੇ ਪੰਜਾਬ ਦੇ ਸੂਬਾ ਪ੍ਰਧਾਨ ਦੇ ਸਨਮਾਨਤ ਅਹੁਦੇ ਨਾਲ ਨਿਵਾਜਿਆ ਹੈ। ਕਾਸ਼ੀ ਪੁਰ ਤੇ ਬਾਜਪੁਰ ਦੇ ਜੰਗਲੀ ਖੇਤਰਾਂ ਵਿਚ ਬੁਗਸਾ ਜਨ ਜਾਤੀ ਦੇ ਲੋਕ ਵਸਦੇ ਹਨ। ਅਸੀਂ ਕਈ ਵਾਰ ਸਥਾਨਕ ਸਾਥੀਆਂ ਨੂੰ ਨਾਲ ਲੈਕੇ ਟੁੱਟੀ ਫੁੱਟੀ ਹਿੰਦੀ ਵਿਚ ਉਹਨਾਂ ਨੂੰ ਬਹੁਜਨ ਲਹਿਰ ਬਾਰੇ ਦੱਸਦੇ। ਅਸੀਂ ਆਪਣੇ ਇਕ ਸਾਥੀ ਸੁਭਾਸ਼ ਚੰਦਰ ਜੋ ਬੈਂਕ ਮੁਲਾਜ਼ਮ ਸੀ ਉਹਨੂੰ ਹਾਸੇ ਮਜ਼ਾਕ ਨਾਲ ਬੁਗਸਾ ਆਖਣਾ ਸ਼ੁਰੂ ਕਰ ਦਿੱਤਾ।

ਫਿਰੋਜ਼ਪੁਰ ਵਾਲੀ ਮੇਰੀ ਟੀਮ ਤੇ ਮੁਕਤਸਰ ਤੋਂ ਜਗੀਰ ਸਿੰਘ ਲੁਬਾਣਿਆਂਵਾਲੀ, ਬਿਹਾਰੀ ਲਾਲ, ਮਾਸਟਰ ਮੰਗਤ ਰਾਮ ਤੇ ਹੋਰ ਸਾਥੀਆਂ ਸਮੇਤ ਜਦੋਂ ਅਸੀਂ ਜੀਪਾਂ ਤੇ ਨੀਲੇ ਝੰਡੇ ਲਾਕੇ ਆਕਾਸ਼ ਗੁੰਜਾਊ ਨਾਅਰੇ ਮਾਰਦੇ ਨਿਕਲਦੇ ਤਾਂ ਸਥਾਨਕ ਕਾਰਜਕਰਤਾਵਾਂ ਦੇ ਹੌਸਲੇ ਬੁਲੰਦ ਹੋ ਜਾਂਦੇ। ਉਸ ਖੇਤਰ ਵਿਚ ਇਕ ਪ੍ਰਭਾਵਸ਼ਾਲੀ ਲਹਿਰ ਉਸਰ ਰਹੀ ਸੀ। ਬਸਪਾ ਦੇ ਪ੍ਰਚਾਰ ਸਦਕਾ ਸਮਾਜ ਦੇ ਅਣਗੌਲੇ ਲੋਕਾਂ ਵਿਚ ਰਾਜਨੀਤਕ ਸੂਝ ਬੂਝ ਦਾ ਪਸਾਰ ਹੋ ਰਿਹਾ ਸੀ ਤੇ ਉਹ ਆਪਣੇ ਵੋਟ ਦੀ ਅਹਿਮੀਅਤ ਪਛਾਨਣ ਲੱਗੇ ਸਨ। ਜਿਉਂ ਜਿਉਂ ਬਸਪਾ ਕਾਰਜਕਰਤਾ ਗਤੀਸ਼ੀਲ ਹੋ ਰਹੇ ਸਨ ਸਮਾਜ ਦੇ ਦੱਲੇ- ਦਲਾਲ ਤੇ ਚਮਚੇ ਵੀ ਪੂਰੀ ਤਰ੍ਹਾਂ ਸਰਗਰਮ ਹੋ ਕੇ ਗਰੀਬ ਬਸਤੀਆਂ ਵਿਚ ਡੇਰੇ ਜਮਾਂ ਕੇ ਬੈਠ ਗਏ ਸਨ। ਕਈ ਵਾਰੀ ਚਿੱਟਕਪੜੀਏ ਦਲਾਲਾਂ ਨਾਲ ਸਾਡੀ ਤਿਖੀ ਤਕਰਾਰ ਵੀ ਹੋ ਜਾਂਦੀ।

ਇਕ ਵਾਰ ਇਕ ਫਾਰਮ ਹਾਊਸ ਤੇ ਸਥਾਨਕ ਸਾਥੀਆਂ ਨੇ 25-30 ਲੋਕਾਂ ਨਾਲ ਸਾਡੀ ਮੀਟਿੰਗ ਨਿਸ਼ਚਿਤ ਕਰ ਦਿੱਤੀ। ਮੈਂ ਫੂਲੇ ਸ਼ਾਹੂ ਤੇ ਅੰਬੇਡਕਰ ਦੇ ਸੰਘਰਸ਼ ਬਾਰੇ ਦੱਸਿਆ। ਬਹੁਜਨ ਲਹਿਰ ਦੀ ਜਾਣਕਾਰੀ ਦਿਤੀ ਸਾਹਿਬ ਕਾਂਸ਼ੀ ਰਾਮ ਜੀ ਵਲੋਂ ਵਿੱਢੇ ਗਏ ਦੇਸ਼ ਵਿਆਪੀ ਅੰਦੋਲਨ ਬਾਰੇ ਦੱਸਦਿਆਂ ਆਖਿਆ ਕਿ ਜੇ ਜਾਤਾਂ ਕੁਜਾਤਾਂ ਦੇ ਨਾਂ ਤੇ ਤੋੜੇ ਗਏ ਲੋਕ ਭਾਈਚਾਰੇ ਦੇ ਇਕ ਸੂਤਰ ਵਿਚ ਇਕ ਥਾਂ ਜੁੜ ਜਾਣ ਤੇ ਆਪਣੀ ਆਦਤ ਬਦਲ ਕੇ ਦੂਜਿਆਂ ਦੇ ਪਿਛਲਗੂ ਬਣਨ ਦੀ ਬਜਾਏ ਆਪਣੀ ਪਾਰਟੀ, ਬਹੁਜਨ ਸਮਾਜ ਪਾਰਟੀ ਨੂੰ ਹੀ ਵੋਟ ਪਾਉਣ ਤਾਂ ਉਹ ਮੰਗਣ ਦੀ ਬਜਾਏ ਵੰਡਣ ਵਾਲੇ ਬਣ ਸਕਦੇ ਹਨ। ਅਲਪ ਜਨ ਤੋਂ ਬਹੁਜਨ ਸਮਾਜ ਬਣਾਕੇ ਆਪਣੇ ਪੈਰਾਂ ਤੇ ਖੜ੍ਹੇ ਹੋ ਜਾਣ ਤਾਂ ਸਭ ਮੁਸ਼ਕਲਾਂ ਮੁਸੀਬਤਾਂ ਤੋਂ ਛੁਟਕਾਰਾ ਪਾ ਸਕਦੇ ਹਨ। ਰਾਜਨੀਤਕ ਤਾਕਤ ਨਾਲ ਸੱਭ ਸਮਸਿਆਵਾਂ ਸੁਲਝਾਈਆਂ ਜਾ ਸਕਦੀਆਂ ਹਨ। ਗੁਲਾਮੀ ਦੀਆਂ ਜ਼ੰਜੀਰਾਂ ਕੱਟੀਆਂ ਜਾ ਸਕਦੀਆਂ ਹਨ, ਰਾਜਸੀ ਤਾਕਤ ਵੋਟਾਂ ਨਾਲ ਹਾਸਲ ਹੁੰਦੀ ਹੈ। ਪਰ ਲੋਕ ਰਾਜ ਅੰਦਰ ਵੀ ਬਹੁਤੀ ਗਿਣਤੀ ਵੋਟਾਂ ਵਾਲਾ ਸਮਾਜ ਗੁਲਾਮ ਤੇ ਲਾਚਾਰ ਬਣਾ ਕੇ ਰੱਖਿਆ ਹੋਇਆ ਹੈ। ਕਿਉਕਿ ਰਾਜਿਆਂ ਰਜਵਾੜਿਆਂ ਤੇ ਧਨਾਢਾਂ ਦੇ ਨੋਟਾਂ ਨਾਲ ਆਮ ਲੋਕਾਂ ਨੂੰ ਭਰਮਾ ਲਿਆ ਜਾਂਦਾ ਹੈ, ਖਰੀਦ ਲਿਆ ਜਾਂਦਾ ਹੈ। ਅਜੇ ਬਹੁਜਨ ਸਮਾਜ ਹਾਥੀ ਵਾਂਗ ਘੂਕ ਸੁੱਤਾ ਪਿਆ ਹੈ। ਜਿਸ ਦਿਨ ਇਹ ਜਾਗ ਕੇ ਆਪਣੀ ਤਾਕਤ ਤੋਂ ਜਾਣੂ ਹੋ ਗਿਆ ਇਸ ਦਾ ਕੋਈ ਮੁਕਾਬਲਾ ਨਹੀਂ ਕਰ ਸਕੇਗਾ ਤੇ ਇਹ ਮਸਤ ਚਾਲ ਚਲਦਾ ਹੁਕਮ-ਰਾਨ ਸਮਾਜ ਬਣ ਜਾਵੇਗਾ। ਮੇਰੀਆਂ ਗੱਲਾਂ ਸੁਣਕੇ ਉਹਨਾਂ ਦੀਆਂ ਬੁਝੀਆਂ ਅੱਖਾਂ ਵਿਚ ਨਵੀਂ ਚਮਕ ਦਿਖਾਈ ਦਿਤੀ ਤੇ ਇਕ ਜੋਸ਼ ਉਭਰ ਆਇਆ। ਉਹ ਬਸਪਾ ਕਾਰਜ ਕਰਤਾਵਾਂ ਦੀ ਆਵਾਜ਼ ਨਾਲ ਆਵਾਜ਼ ਬੁਲੰਦ ਕਰਦਿਆਂ ਕੂਕ ਉਠੇ -

ਵੋਟ ਹਮਾਰਾ ਰਾਜ ਤੁਮਾਰਾ
ਨਹੀਂ ਚਲੇਗਾ, ਨਹੀਂ ਚਲੇਗਾ।

ਫਾਰਮ ਹਾਊਸ ਦਾ ਨੌਜੁਆਨ ਮਾਲਕ ਠਾਕੁਰ ਜੋ ਅੰਦਰ ਬੈਠਾ ਤਾਕੀ ਰਾਹੀਂ ਸੱਭ ਕੁਝ ਸੁਣ ਰਿਹਾ ਸੀ ਜਿਸ ਦੀ ਸਾਨੂੰ ਕੋਈ ਜਾਣਕਾਰੀ ਨਹੀਂ ਸੀ ਅਚਾਨਕ ਅੱਗ ਬਗੂਲਾ ਹੁੰਦਿਆਂ ਰਿਵਾਲਵਰ ਲੋਡ ਕਰਦਿਆਂ ਬਾਹਰ ਨਿਕਲ ਕੇ ਗਰਜਿਆ--

"ਤੁਮਨੇ ਹਿੰਮਤ ਕੈਸੇ ਕੀ ਹਮਾਰੇ ਫਾਰਮ ਹਾਊਸ ਪਰ ਬਿਨਾਂ ਇਜਾਜ਼ਤ ਆਨੇ ਕੀ।"

"ਹਰ ਪਾਰਟੀ ਕੋ ਕਿਸੀ ਭੀ ਗਾ ਂ ਮੇਂ ਜਾਕਰ ਅਪਨੀ ਬਾਤ ਕਰਨੇ ਕਾ, ਅਪਨੀ ਪਾਰਟੀ ਕੀ ਵਿਚਾਰਧਾਰਾ ਕਾ ਪਰਚਾਰ ਕਰਨੇ ਕਾ ਹੱਕ ਹੈ- ਮੈ ਆਖਿਆ ।

"ਯੇਹ ਕੋਈ ਗਾ ਂ ਨਹੀਂ, ਯੇਹ ਹਮਾਰਾ ਅਪਨਾ ਫਾਰਮ ਹਾਊਸ ਹੈ, ਅਰ ਯੇਹ ਸਭ ਹਮਾਰੇ ਨੌਕਰ ਹੈਂ। ਹਮ ਜਹਾਂ ਚਾਹੇਂਗੇ ਯੇਹ ਉਧਰ ਹੀ ਵੋਟ ਡਾਲੇਂਗੇ। ਇਨ ਕੀ ਕਯਾ ਔਕਾਤ ਹੈ ਹਮਾਰੇ ਕਹਨੇ ਸੇ ਬਾਹਰ ਚਲੇ ਜਾਏਂ। ਉਹ ਹੰਕਾਰੀ ਅੰਦਾਜ ਵਿੱਚ ਦਹਾੜਿਆ।

ਮਹੌਲ ਪੂਰੀ ਤਰ੍ਹਾਂ ਨਾਖੁਸ਼ਗਵਾਰ ਤੇ ਤਣਾਅ ਪੂਰਨ ਹੋ ਚੁੱਕਾ ਸੀ, ਕੁਝ ਵੀ ਅਣਸੁਖਾਵਾਂ ਵਾਪਰ ਸਕਦਾ ਸੀ ਪਰ ਮੇਰੇ ਸਾਥੀ ਵੀ ਪੂਰੇ ਚੁਕੰਨੇ ਤੇ ਪੂਰੀ ਮੁਸਤੈਦੀ ਨਾਲ ਡਟ ਚੁੱਕੇ ਸਨ। ਅਸੀਂ ਆਪਣਾ ਕੰਮ ਕਰ ਚੁਕੇ ਸਾਂ, ਸਾਡਾ ਤੀਰ ਕਮਾਨ ਚੋਂ ਨਿਕਲ ਕੇ ਨਿਸ਼ਾਨੇ ਤੇ ਲੱਗ ਚੁੱਕਾ ਸੀ। ਧਨਾਢ ਠਾਕੁਰ ਦੀ ਤਿਲਮਲਾਹਟ ਦੇਖ ਕੇ ਸਾਨੂੰ ਮਨ ਹੀ ਮਨ ਖੁਸ਼ੀ ਮਿਲ ਰਹੀ ਸੀ। ਅਸੀਂ ਆਕਾਸ਼ ਗੁੰਜਾਊ ਨਾਅਰੇ ਮਾਰਦੇ ਉਥੋਂ ਨਿਕਲ ਆਏ। ਸਥਾਨਕ ਸਾਥੀਆਂ ਵਲੋਂ ਹੱਥ ਹਿਲਾ ਕੇ ਦਿਤੀ ਗਈ ਵਿਦਾਇਗੀ ਸਾਨੂੰ ਸਲਾਮੀ ਵਾਂਗ ਜਾਪਦੀ ਸੀ ਤੇ ਇਉਂ ਲੱਗਿਆ ਜਿਵੇਂ ਕਹਿ ਰਹੇ ਹੋਣ -

ਅਭੀ ਤੋ ਲੀ ਅੰਗੜਾਈ ਹੈ।
ਆਗੇ ਔਰ ਲੜਾਈ ਹੈ।

ਸਤਾਧਾਰੀ ਕਾਂਗਰਸ ਦਾ ਬਾਜਪੁਰ ਕਸਬੇ ਵਿਚ ਜਲਸਾ ਸੀ। ਕੇਂਦਰੀ ਆਗੂਆਂ ਸਮੇਤ ਉੱਤਰ ਪ੍ਰਦੇਸ਼ ਦੇ ਨਵ ਨਿਯੁਕਤ ਮੁੱਖ ਮੰਤਰੀ ਠਾਕੁਰ ਵੀਰ ਬਹਾਦਰ ਸਿੰਘ ਨੇ ਜਲਸੇ ਨੂੰ ਸੰਬੋਧਨ ਕਰਨਾ ਸੀ। ਕਾਂਗਰਸ ਵਲੋਂ ਆਪਣੇ ਤਿਰੰਗੇ ਝੰਡੇ ਤੇ ਝੰਡੀਆਂ ਨਾਲ ਦੁਲਹਨ ਵਾਂਗ ਬਾਜ਼ਾਰ ਸਜਾਏ ਗਏ ਸਨ। ਮੇਰੀ ਨਿਗਰਾਨੀ ਹੇਠ ਬਸਪਾ ਕਾਰਜਕਰਤਾਵਾਂ ਵਲੋਂ ਵੀ ਰਾਤੋ ਰਾਤ ਬਰਾਬਰ ਨੀਲੇ ਝੰਡੇ, ਹਾਥੀ ਦੇ ਨਿਸ਼ਾਨ ਵਾਲੀਆਂ ਨੀਲੀਆਂ ਝੰਡੀਆਂ ਲਟਕਾ ਦਿਤੀਆਂ ਗਈਆਂ। ਸਾਡੇ ਪੇਂਟਰ ਸਾਥੀਆਂ ਨੇ ਪੂਰੇ ਬਾਜਪੁਰ ਕਸਬੇ ਵਿਚ ਨੀਲੇ ਰੰਗ ਨਾਲ ਹਾਥੀ ਉਲੀਕ ਦਿਤੇ ਤੇ ਬਸਪਾ ਦੇ ਨਾਅਰਿਆਂ ਨਾਲ ਕੰਧਾਂ ਰੰਗ ਦਿਤੀਆਂ। ਸੁਬਾਹ ਜਲਸਾ ਭਾਵੇਂ ਕਾਂਗਰਸ ਪਾਰਟੀ ਦਾ ਹੋਣਾ ਸੀ ਪਰ ਅਨਾਜ ਮੰਡੀ ਦੀਆਂ ਦੀਵਾਰਾਂ ਤੇ ਉਕਰੇ ਬਸਪਾ ਦੇ ਚੋਣ ਨਿਸ਼ਾਨ ਹਾਥੀਆਂ ਦੇ ਝੁੰਡ ਅਦਭੁੱਤ ਤੇ ਰੌਚਕ ਨਜ਼ਾਰਾ ਪੇਸ਼ ਕਰ ਰਹੇ ਸਨ। ਸਵੇਰੇ ਸੱਤ ਕੁ ਵਜੇ ਸਾਨੂੰ ਕਿਸੇ ਨੇ ਸਾਡੇ ਦਫਤਰ ਵਿਚ ਆ ਕੇ ਦੱਸਿਆ ਕਿ ਤੁਹਾਡੇ ਹਾਥੀ ਮਿਟਾਏ ਤੇ ਲੜੀਆਂ ਤੋੜੀਆਂ ਜਾ ਰਹੀਆਂ ਹਨ। ਸਾਨੂੰ ਸਾਡੀ ਰਾਤ ਭਰ ਕੀਤੀ ਮਿਹਨਤ ਅਜਾਈਂ ਜਾਂਦੀ ਭਾਸਣ ਲੱਗੀ। ਮੈਂ ਭਰਿਆ ਪੀਤਾ ਫੌਜੀ ਜੋਗਿੰਦਰ ਸਿੰਘ ਘਾਲੀ, ਕਰਨੈਲ ਸਿੰਘ ਤਲਵੰਡੀ, ਗੁਰਦੀਪ ਸਿੰਘ ਤਲਵੰਡੀ, ਸੁਭਾਸ਼ ਚੰਦਰ ਤੇ ਕੁਝ ਹੋਰ ਸਾਥੀਆਂ ਨੂੰ ਨਾਲ ਲੈਕੇ ਅਨਾਜ ਮੰਡੀ ਵੱਲ ਵਾਹੋ- ਦਾਹੀ ਭੱਜ ਉਠਿਆ ਤੇ ਹਾਥੀ ਮਿਟਾ ਰਹੇ ਦੋ ਨੌਜਵਾਨਾਂ ਨੂੰ ਪੂਰੇ ਰੋਅਬ ਨਾਲ ਕਿਹਾ--

'ਆਪ ਹਮਾਰੇ ਹਾਥੀ ਕਿਉਂ ਮਿਟਾ ਰਹੇ ਹੋ ?'

'ਯੇਹ ਹਮਾਰੀ ਦੁਕਾਨ ਹੈ।'-- ਉਹ ਕਹਿਣ ਲੱਗੇ

'ਮਾਨਾ ਯੇਹ ਤੋ ਆਪ ਕੀ ਦੁਕਾਨ ਹੈ ਇਧਰ ਉਧਰ ਕੇ ਕੈਸੇ ਮਿਟਾ ਦੀਯੇ। ਪਕੜੋ ਇਨ ਕੋ ਅਰ ਦਫ਼ਤਰ ਲੇ ਕਰ ਚਲੋ ਉਧਰ ਨਿਪਟੇਂਗੇ ਨਿਪਟੇਂਗੇ ਇਨਸੇ-- ਮੈਂ ਆਖਿਆ।

ਮੇਰੇ ਸਾਥੀਆਂ ਨੇ ਉਹਨਾਂ ਦੋਵਾਂ ਨੂੰ ਅੱਗੇ ਲਾ ਲਿਆ ਤੇ ਬਸਪਾ ਦਫ਼ਤਰ ਲੈ ਆਏ। ਦਫ਼ਤਰ ਵਿੱਚ ਉਦੋਂ ਤੱਕ ਚੰਗੀ ਰੌਣਕ ਹੋ ਗਈ ਸੀ। ਸਥਾਨਕ ਸਾਥੀਆਂ ਨੇ ਵੱਡੀ ਗਿਣਤੀ ਵਿਚ ਇਕੱਠੇ ਹੋਕੇ ਜੋਸ਼ੀਲੇ ਨਾਅਰਿਆਂ ਨਾਲ ਆਕਾਸ਼ ਗੂੰਜਣ ਲਾ ਦਿਤਾ। ਉਹ ਦੋਵੇਂ ਨੌਜਵਾਨ ਬੁਰੀ ਤਰ੍ਹਾਂ ਡਰ ਗਏ ਸਨ ਕਿ ਹੁਣ ਪੰਜਾਬੀ ਸਰਦਾਰ ਉਹਨਾਂ ਨਾਲ ਪਤਾ ਨਹੀਂ ਕਿਸ ਤਰ੍ਹਾਂ ਦਾ ਵਰਤਾਉ ਕਰਨਗੇ। ਡਾਂਟ ਡਪਟ ਤੋਂ ਬਾਅਦ ਉਹਨਾਂ ਵਲੋਂ ਲਿਖਤੀ ਮਾਫੀ ਮੰਗ ਲਈ ਗਈ ਤੇ ਉਹਨਾਂ ਨੂੰ ਜਾਣ ਦਿਤਾ ਗਿਆ। ਕੁਝ ਸਮੇਂ ਬਾਅਦ ਸਾਨੂੰ ਸਥਾਨਕ ਠਾਣੇ ਬੁਲਾ ਲਿਆ ਗਿਆ। ਮਿਸ਼ਨ ਦਾ ਜਨੂੰਨ ਕਾਲੇ ਜਾਦੂ ਵਾਂਗ ਸਿਰ ਚੜ੍ਹਿਆ ਹੋਇਆ ਸੀ। ਡਰ ਭਉ ਨੇੜੇ ਨਹੀਂ ਆਉਂਦਾ ਸੀ। ਸੈਂਕੜੇ ਕਾਰਜਕਰਤਾ ਨਾਅਰੇ ਮਾਰਦੇ ਸਾਡੇ ਨਾਲ ਹੋ ਤੁਰੇ। ਸਾਡੇ ਖਿਲਾਫ ਉਹਨਾਂ ਵਲੋਂ ਰਿਪੋਰਟ ਕਰ ਦਿਤੀ ਗਈ ਸੀ ਕਿ "ਪੰਜਾਬ ਦੇ ਕੁਝ ਆਤੰਕਵਾਦੀ ਲੋਕ ਚੋਣ ਦੌਰਾਨ ਮਹੌਲ ਖਰਾਬ ਕਰਨ ਲਈ ਇਧਰ ਸਰਗਰਮ ਹਨ ਜੋ ਹਨਾਂ ਨੂੰ ਜ਼ਬਰਦਸਤੀ ਉਠਾ ਕੇ ਲੈ ਗਏ ਸਨ।" ਸਥਾਨਕ ਥਾਣੇ ਦਾ ਇੰਚਾਰਜ ਅਫਸਰ ਬੜਾ ਠਰੰਮੇ ਵਾਲਾ, ਪਰੌੜ ਤੇ ਸੁਲਝਿਆ ਹੋਇਆ ਵਿਅਕਤੀ ਸੀ। ਉਹਨੇ ਬਹੁਤ ਹੀ ਸਲੀਕੇ ਨਾਲ ਸਾਡੇ ਬਾਰੇ ਸਾਰੀ ਜਾਣਕਾਰੀ ਹਾਸਿਲ ਕੀਤੀ। ਮੈਂ ਦੱਸਿਆ ਕਿ ਅਸੀਂ ਬਸਪਾ ਦੇ ਸੀਨੀਅਰ ਤੇ ਜਿੰਮੇਵਾਰ ਆਗੂ ਹਾਂ। ਇਹਨਾਂ ਕਾਂਗਰਸੀਆਂ ਵਲੋਂ ਸਾਡੇ ਝੰਡੇ ਪਾੜੇ ਗਏ ਹਨ ਤੇ ਸਾਡੀ ਪਾਰਟੀ ਦੀਆਂ ਲੜੀਆਂ ਤੋੜੀਆਂ ਗਈਆਂ ਹਨ, ਸਾਡੀ ਪਾਰਟੀ ਦੇ ਚੋਣ ਨਿਸ਼ਾਨ ਹਾਥੀ ਮਿਟਾਏ ਗਏ ਹਨ। ਪਰ ਹੁਣ ਜੇ ਸਾਡਾ ਇਕ ਵੀ ਝੰਡਾ ਉਤਾਰਿਆ ਜਾਂ ਪਾੜਿਆ ਗਿਆ ਤਾਂ ਕਾਂਗਰਸ ਪਾਰਟੀ ਦਾ ਇਕ ਵੀ ਝੰਡਾ ਨਜ਼ਰ ਨਹੀਂ ਆਵੇਗਾ। ਉਹਨੇ ਸਾਰੇ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਵਿਚਾਰ ਕੇ ਦੋਹਾਂ ਧਿਰਾਂ ਦਾ ਪੱਖ ਜਾਣਕੇ ਸਮਝਾ ਬੁਝਾ ਕੇ ਮਾਮਲਾ ਸੁਲਝਾ ਲਿਆ। ਉਸ ਸੁਘੜ ਅਧਿਕਾਰੀ ਨੇ ਆਪਣੀ ਸੂਝ ਬੂਝ ਨਾਲ ਮਹੌਲ ਵਿਗੜਨ ਤੋਂ ਬਚਾਅ ਲਿਆ।

15 ਮਾਰਚ 1987 ਨੂੰ ਕਾਂਸ਼ੀ ਪੁਰ ਤੋਂ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਸ੍ਰੀ ਜੈ ਰਾਮ ਸਿੰਘ ਜੈ ਨੂੰ ਜਿਤਾਉਣ ਲਈ ਕਾਂਸ਼ੀ ਪੁਰ ਤੇ ਬਾਜਪੁਰ ਕਸਬਿਆਂ ਵਿਚ ਚੋਣ ਰੈਲੀਆਂ ਕਰਨ ਦਾ ਆਦੇਸ਼ ਸਾਨੂੰ ਮਿਲ ਚੁਕਾ ਸੀ। ਸਾਹਿਬ ਕਾਂਸ਼ੀ ਰਾਮ ਕਹਿਣ ਲੱਗੇ ਕਿ ਬਾਜਪੁਰ ਖੇਤਰ ਵਿਚ ਸਰਦਾਰਾਂ ਦੀ ਵੱਡੀ ਗਿਣਤੀ ਹੈ ਚੋਣ ਰੈਲੀ ਵਿਚ ਸਰਦਾਰ ਵੱਧ ਤੋਂ ਵੱਧ ਦਿਸਣੇ ਚਾਹੀਦੇ ਹਨ। ਅਸੀਂ ਪੰਜਾਬੀਆਂ ਦੀਆਂ ਢਾਣੀਆਂ, ਡੇਰਿਆਂ ਜਾਂ ਆਬਾਦੀਆਂ ਵਿਚ ਜਾਕੇ ਰੈਲੀ ਚ ਆਉਣ ਲਈ ਪ੍ਰੇਰਦੇ ਰਹੇ।

ਰੈਲੀ ਵਾਲੇ ਦਿਨ ਇਕ ਆਦਿਵਾਸੀ ਲੋਕਲ ਲੀਡਰ ਨੂੰ ਮੇਰੇ ਤੋਂ ਪਹਿਲਾ ਬੋਲਣ ਦਾ ਸਮਾਂ ਦਿੱਤਾ ਗਿਆ ਪਰ ਉਹ ਦੋ ਸ਼ਬਦ ਵੀ ਨਾ ਕਹਿ ਸਕਿਆ। ਮੈਂ ਸਾਹਿਬ ਦੇ ਨਾਲ ਦੀ ਕੁਰਸੀ ਤੇ ਸੱਜੇ ਹੱਥ ਬੈਠਾ ਸੀ।

"ਆਪ ਕੇ ਸਰਦਾਰ ਤੋ ਰੈਲੀ ਮੇਂ ਜ਼ਿਆਦਾ ਦਿਖਾਈ ਨਹੀਂ ਦੇ ਰਹੇ-- ਸਾਹਿਬ ਕਹਿਣ ਲੱਗੇ।

"ਹਾਂ ਸਰ ਸਰਦਾਰ ਤਾਂ ਸਰਕਾਰ ਤੋਂ ਡਰਦੇ ਈ ਬੜੇ ਨੇ। ਉਹ ਸਰਕਾਰ ਦੇ ਭਾਰੀ ਦਬਾਅ ਹੇਠ ਹਨ । ਅਖੇ ਸਾਡੇ ਲਾਇਸੈਂਸ ਜ਼ਬਤ ਕਰ ਲਏ ਜਾਣਗੇ। ਸਾਨੂੰ ਪਰੇਸ਼ਾਨ ਕਰੇਗੀ ਸਰਕਾਰ- ਮੈਂ ਦੱਸਿਆ।"

ਸਾਹਿਬ ਨੇ ਆਪਣੇ ਭਾਸ਼ਨ ਦੀ ਸ਼ੁਰੂਆਤ ਕਰਦਿਆਂ ਕਿਹਾ -"ਹਮਾਰਾ ਆਦਿਵਾਸੀ ਸਾਥੀ ਦੋ ਸ਼ਬਦ ਭੀ ਨਹੀਂ ਬੋਲ ਪਾਇਆ ਕਿਉਂ ਕਿ ਹਜ਼ਾਰੋਂ ਬਰਸੋਂ ਸੇ ਹਮਾਰੇ ਸਮਾਜ ਕੇ ਲੋਗੋਂ ਕੋ ਗੂੰਗੇ ਅਰ ਬਹਿਰੇ ਬਨਾ ਕਰ ਰਖਾ ਗਯਾ ਹੈ। ਫਿਰ ਭੀ ਆਜ ਕੁਛ ਲੋਗ ਬੋਲਨੇ ਲਗੇ ਹੈਂ ਪ੍ਰੰਤੂ ਬੋਲਨੇ ਕੇ ਸਾਥ ਸਾਥ ਹਮੇਂ ਕੁਛ ਕਰਨਾ ਭੀ ਹੋਗਾ, ਇਸ ਖੇਤਰ ਕੇ ਥਾਰੂ ਔਰ ਬੁਕਸਾ ਜਨਜਾਤੀ ਂ ਕੇ ਜਿਨ ਲੋਗੋਂ ਕੋ ਮਨੂਵਾਦੀ ਲੋਗੋਂ ਨੇ ਜੰਗਲੋਂ ਮੇਂ ਧਕੇਲ ਦੀਆ ਥਾ ਆਜ ਹਮਾਰੇ ਸਾਥ ਹੈਂ ਜੋ ਇਸ ਛੇਤਰ ਮੇਂ ਸਰਵਅਧਿਕ ਸਾਮੰਤਵਾਦੀ ਉਤਪੀੜਨ ਸੇ ਤਰਸਤ ਹੈਂ ਇਸ ਦੇਸ਼ ਮੇਂ ਹਮਾਰੇ ਆਦਿਵਾਸੀ ਭਾਈ ਭਾਰੀ ਸੰਖਿਆ ਮੇਂ ਹੈਂ ਪਰ ਉਨ੍ਹੇਂ ਮੁਨਾਸਿਬ ਅਧਿਕਾਰ ਨਹੀਂ ਮਿਲ ਸਕੇ ਹੈਂ ਆਜ ਵੇ ਭੀ ਅਪਨੇ ਅਧਿਕਾਰ ਪਾਨੇ ਕੇ ਲੀਏ ਚੁਪ ਨਹੀਂ ਬੈਠੇਂਗੇ।"

ਉਹਨਾਂ ਨੇ ਦੱਸਿਆ ਕਿ 1952 ਤੋਂ ਹੁੱਣ ਤਕ ਇਕ ਵੀ ਘੁਮਿਆਰ ਐਮ. ਐਲ. ਏ., ਐਮ. ਪੀ. ਨਹੀਂ ਬਣ ਸਕਿਆ। ਅਸੀਂ 15 ਮਹੀਨੇ ਪਹਿਲਾਂ ਹੀ ਆਪਣਾ ਘੁਮਿਆਰ ਉਮੀਦਵਾਰ ਤਹਿ ਕਰ ਦਿਤਾ ਸੀ।

ਮੇਰੇ ਵੱਲ ਇਸ਼ਾਰਾ ਕਰਦਿਆਂ ਕਹਿਣ ਲੱਗੇ- "ਹਮਾਰੇ ਸਾਥੀ ਨੇ ਹਮੇਂ ਅਭੀ ਅਭੀ ਬਤਾਇਆ ਹੈ ਕਿ ਹਮਾਰੀ ਰੈਲੀ ਮੇਂ ਸਰਦਾਰ ਲੋਗ ਆਨੇ ਸੇ ਇਸ ਲੀਏ ਕਤਰਾਤੇ ਹੈਂ ਕਿ ਉਨਕੇ ਅਸਲੇ ਕਿ ਲਾਇਸੈਂਸ ਸਰਕਾਰ ਜ਼ਬਤ ਕਰ ਲੇਗੀ। ਮੈਂ ਪੂਛਨਾ ਚਾਹਤਾ ਹੂੰ ਕਿ ਕਯਾ ਗੁਰੂ ਗੋਬਿੰਦ ਸਿੰਘ ਜੀ ਨੇ ਡਰਪੋਕ ਖਾਲਸਾ ਬਨਾਇਆ ਥਾ। ਉਨਹੋਂ ਨੇ ਕੌਨ ਸੇ ਲਾਇਸੈਂਸ ਲੀਏ ਥੇ ਕਿਸੀ ਸਰਕਾਰ ਸੇ। ਸਰਦਾਰ ਕਾ ਮਤਲਵ ਤੋ ਲੋਗੋਂ ਕੀ ਅਗਵਾਈ ਕਰਨੇ ਵਾਲਾ ਹੋਤਾ ਹੈ। ਨਿਰਭੈ ਅਰ ਬਹਾਦਰ ਜੋ ਕਿਸੀ ਕੀ ਕਾਣ ਨਹੀਂ ਰੱਖਤਾ। ਯੇਹ ਕੈਸੇ ਸਰਦਾਰ ਹੈਂ ਜੋ ਡਰ ਡਰ ਕਰ ਜੀਵਨ ਬਸਰ ਕਰਤੇ ਹੈਂ, ਭੈਅ ਭੀਤ ਹੈਂ। ਆਜ ਸਭੀ ਘਟ ਗਿਨਤੀ ਸਮੁਦਾਇ ਸਿਖੋਂ ਕੀ ਤਰਹ ਹੀ ਭੈਅ ਭੀਤ ਹੈਂ, ਪੀੜਤ ਹੈਂ ਇਸ ਕਾ ਕਾਰਨ ਹਮਾਰੀ ਨਾ ਸਮਝੀ ਹੈ, ਸਿੱਖੀ ਡਰਨੇ ਕੇ ਲੀਏ ਨਹੀਂ ਬਲਕਿ ਜ਼ੁਲਮ ਵ ਜ਼ਾਲਮ ਕਾ ਮੁਕਾਬਲਾ ਕਰਨੇ ਕੇ ਲੀਏ ਬਨਾਈ ਗਈ ਥੀ, ਇਨਸਾਨ ਅਰ ਇਨਸਾਨੀਅਤ ਕੇ ਲੀਏ ਆਪ ਕੋ ਤਯਾਰ ਰਹਿਨਾ ਹੈ।"

ਜਿੰਨਾਂ ਜੁਲਮ ਮੁਸਲਮਾਨ ਭਾਈਆਂ ਤੇ ਢਾਹਿਆ ਗਿਆ ਹੈ, ਜਿੰਨਾਂ ਉਹਨਾਂ ਨੂੰ ਦਬਾਇਆ ਗਿਆ ਹੈ, ਜਿੰਨਾਂ ਉਹਨਾਂ ਦਾ ਹੱਕ ਖੋਹਿਆ ਗਿਆ ਹੈ। ਉਤਨਾ ਹੋਰ ਕਿਸੇ ਸਮਾਜ ਦਾ ਨਹੀਂ। ਆਜ਼ਾਦੀ ਤੋਂ ਬਾਅਦ ਉਹਨਾਂ ਦੀ ਹਿੱਸੇਦਾਰੀ 33% ਤੋਂ ਘਟ ਕੇ 3% ਰਹਿ ਗਈ ਹੈ। ਉਹਨਾਂ ਦੇ ਖਿਲਾਫ ਹਰ ਰੋਜ ਕਿਧਰੇ ਨਾ ਕਿਧਰੇ ਦੰਗੇ ਭੜਕਾਏ ਜਾਂਦੇ ਹਨ। ਕਾਰੋਬਾਰ ਤਬਾਹ ਕੀਤੇ ਜਾਂਦੇ ਹਨ, ਕਤਲਿ -ਆਮ ਕੀਤਾ ਜਾਂਦਾ ਹੈ। ਬਲਾਤਕਾਰ ਹੁੰਦੇ ਹਨ। ਜਿਹੜਾ ਸਮਾਜ ਬ੍ਰਾਹਮਣਵਾਦੀਆਂ ਨਾਲੋਂ ਵੱਧ ਖੁਸ਼ਹਾਲ ਹੁੰਦਾ ਭਾਸਦਾ ਹੈ ਉਸਨੂੰ ਤਬਾਹ ਕਰਨ ਲਈ ਦੰਗੇ ਭੜਕਾਅ ਦਿਤੇ ਜਾਂਦੇ ਹਨ। ਜਾਂ ਕੋਈ ਹੋਰ ਢੰਗ ਤਰੀਕੇ ਵਰਤ ਕੇ ਪੰਗੂ ਬਣਾ ਦਿਤਾ ਜਾਂਦਾ ਹੈ। ਇਸ ਲਈ ਇਸ ਕਿਸਮ ਦੇ ਜੁਲਮ ਜ਼ਿਆਦਤੀ ਦੇ ਸ਼ਿਕਾਰ ਹਰ ਤਬਕੇ ਨੂੰ ਇੱਕਠੇ ਹੋ ਜਾਣਾ ਜਰੂਰੀ ਹੈ, ਸੰਗਠਿਤ ਹੋ ਜਾਣਾ ਜਰੂਰੀ ਹੈ।

ਜੇ ਅੱਤਿਆਚਾਰਾਂ ਦਾ ਸ਼ਿਕਾਰ ਸਮਾਜ ਇਕਮੁੱਠ ਹੋ ਜਾਂਦਾ ਹੈ ਤਾਂ ਇਹ "ਬਹੁਜਨ ਸਮਾਜ" ਬਣ ਜਾਂਦਾ ਹੈ ਤਾਂ ਫਿਰ ਮੁੱਠੀ ਭਰ ਲੋਕਾਂ ਦਾ ਰਾਜ ਨਹੀਂ ਚੱਲ ਸਕਦਾ। ਦੇਸ਼ ਅੰਦਰ ਜੋ ਜਮਹੂਰੀਅਤ ਹੈ ਉਸ ਦੇ ਦੋ ਰਸਤੇ ਬਣ ਗਏ ਹਨ ਅਮੀਰਾਂ ਦੇ ਨੋਟ ਤੇ ਗਰੀਬਾਂ ਦੇ ਵੋਟ। ਅਮੀਰਾਂ ਦੁਆਰਾ ਪੈਸੇ ਦੇ ਬਲਬੂਤੇ ਅਤੇ ਗੁੰਡਿਆਂ ਦਾ ਸਹਾਰਾ ਲੈਕੇ ਗਰੀਬਾਂ ਦਾ ਸੋਸ਼ਣ ਕੀਤਾ ਜਾਂਦਾ ਹੈ ਤੇ ਚੋਣਾਂ ਜਿੱਤਣ ਦੀ ਹਰ ਕੋਸ਼ਿਸ਼ ਕੀਤੀ ਜਾਂਦੀ ਹੈ।

ਗਰੀਬ ਬਸਤੀਆਂ ਵਿਚ ਕੱਚੀ ਸ਼ਰਾਬ ਦੀਆਂ ਭੱਠੀਆਂ ਲਾਕੇ ਸ਼ਰਾਬ ਵੇਚੀ ਜਾਂਦੀ ਹੈ ਜਾਂ ਮੁਫਤ ਪਿਲਾਈ ਜਾਂਦੀ ਹੈ। ਉਹਨਾਂ ਦੀਆਂ ਆਦਤਾਂ ਵਿਗਾੜੀਆਂ ਜਾਂਦੀਆਂ ਹਨ। ਸਾਨੂੰ ਕਾਂਗਰਸ ਰੂਪੀ ਭੱਠੀ ਬੰਦ ਕਰਨੀ ਚਾਹੀਦੀ ਹੈ। ਜੋ ਸਾਡੀਆਂ ਆਦਤਾਂ ਵਿਗਾੜਦੀ ਹੈ। ਆਦਿ ਵਾਸੀਆਂ ਦੀਆਂ ਜ਼ਮੀਨਾਂ ਖੋਹ ਕੇ ਉਹਨਾਂ ਨੂੰ ਪੰਗੂ ਬਣਾਇਆ ਜਾਂਦਾ ਹੈ। ਅਸੀਂ ਆਪਣਾ ਤੇ ਧਾਰਮਿਕ ਘੱਟ ਗਿਣਤੀਆਂ ਦਾ ਸੋਸ਼ਣ ਬੰਦ ਕਰਨ ਲਈ ਯਤਨਸ਼ੀਲ ਹਾਂ। ਧਾਰਮਿਕ ਘੱਟ ਗਿਣਤੀਆਂ ਤੇ ਦਲਿਤਾਂ ਦੀ ਕਮਜ਼ੋਰੀ ਇਹ ਹੈ ਕਿ ਉਹ ਆਪਣੇ ਸ੍ਵੈ-ਮਾਨ ਤੇ ਆਪਣੀ ਹੋਂਦ ਲਈ ਜੋ ਵੀ ਸੰਘਰਸ਼ ਕਰਦੇ ਹਨ ਇਕੱਲੇ ਇਕੱਲੇ ਹੀ ਕਰਦੇ ਹਨ ਅਤੇ ਅੰਤ ਆਪਣੀ ਤਾਕਤ ਗੁਆ ਕੇ ਹੋਰ ਕਮਜ਼ੋਰ ਹੋ ਜਾਂਦੇ ਹਨ।

ਇਸ ਲਈ ਸਭ ਨੂੰ ਸੰਗਠਨ ਹੋ ਕੇ ਪੂਰੀ ਤਿਆਰੀ ਨਾਲ ਸੰਘਰਸ਼ ਕਰਨਾ ਹੋਵੇਗਾ ਤਾਂ ਜੋ ਦੁਸ਼ਮਣ ਨੂੰ ਮੈਦਾਨਿ- ਜੰਗ ਚਿੱਤ ਕੀਤਾ ਜਾ ਸਕੇ। ਪਰ ਭਾਰਤ ਦੀ ਹਾਕਮ ਜਮਾਤ ਨਹੀਂ ਚਾਹੁੰਦੀ ਕਿ ਧਾਰਮਿਕ ਘੱਟ ਗਿਣਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਦਲਿਤ ਸੋਸ਼ਿਤ ਸਮਾਜ ਦੇ 85% ਲੋਕ ਇਕੱਠੇ ਹੋ ਕੇ ਦੇਸ਼ ਦੇ ਸਾਸ਼ਨ ਪ੍ਰਸਾਸ਼ਨ ਵਿਚ ਬਰਾਬਰੀ ਦੇ ਆਧਾਰ ਤੇ ਮਾਣ ਤੇ ਸਤਿਕਾਰ ਭਰੀ ਹਿੱਸੇਦਾਰੀ ਲੈ ਸਕਣ। ਇਸ ਲਈ ਮੈਂ ਅਪੀਲ ਕਰਦਾ ਹਾਂ ਕਿ ਉਹਨਾਂ ਨੂੰ ਗਿਰਾ ਦਿ ਜੋ 85% ਸਮਾਜ ਨੂੰ ਦੁਖੀ, ਲਾਚਾਰ ਤੇ ਬੇਬਸ ਰੱਖ ਕੇ ਕੇਵਲ 15% ਸਮਾਜ ਦਾ ਈ ਹਿਤ ਪੂਰਦੇ ਹਨ ਅੰਤ ਵਿਚ ਉਹਨਾਂ ਨੇ ਦਲਿਤ ਸ਼ੋਸ਼ਿਤ, ਪਿਛੜੇ, ਮੁਸਲਮਾਨ, ਸਿੱਖ, ਆਦਿ ਵਾਸੀ ਲੋਕਾਂ ਨੂੰ ਜ਼ੁਲਮ ਅਤੇ ਜ਼ਾਲਮ ਦਾ ਮੁਕਾਬਲਾ ਕਰਨ ਲਈ 23 ਮਾਰਚ ਨੂੰ ਚੋਣ ਵਾਲੇ ਦਿਨ ਬਹੁਜਨ ਸਮਾਜ ਪਾਰਟੀ ਦੇ ਉਮੀਦਵਾਰ ਨੂੰ ਭਾਰੀ ਵੋਟਾਂ ਨਾਲ ਜਿਤਾਉਣ ਦੀ ਅਪੀਲ ਕੀਤੀ।

ਬੇਸ਼ਕ ਇਸ ਸੀਟ ਤੋਂ ਉਸ ਸਮੇਂ ਬਸਪਾ ਦਾ ਘੁਮਾਰ ਉਮੀਦਵਾਰ ਤਾਂ ਨਾਂ ਜਿੱਤ ਸਕਿਆ ਪਰ ਸਾਹਿਬ ਕਾਂਸ਼ੀ ਰਾਮ ਵਲੋਂ ਅਪਣਾਏ ਗਏ ਰਾਜਨੀਤਕ ਦਾਅ ਪੇਚਾਂ ਦੀ ਬਦੌਲਤ ਅਕਬਰ ਅਹਿਮਦ ਡਿੰਪੀ ਆਜ਼ਾਦ ਉਮੀਦਵਾਰ 43213 ਵੋਟ ਹਾਸਲ ਕਰਕੇ ਜੇਤੂ ਪੁਜੀਸ਼ਨ ਹਾਸਲ ਕਰ ਗਿਆ ਅਤੇ ਉੱਤਰ ਪ੍ਰਦੇਸ਼ ਤੇ ਕੇਂਦਰ ਵਿਚ ਮਜਬੂਤ ਸਰਕਾਰਾਂ ਹੋਣ ਦੇ ਬਾਵਜੂਦ ਮੁੱਖ ਮੰਤਰੀ ਵਲੋਂ ਖਾਲੀ ਕੀਤੀ ਗਈ ਸੀਟ ਤੋਂ ਕਾਂਗਰਸ ਪਾਰਟੀ ਨੂੰ ਕੇਵਲ 35062 ਵੋਟ ਹੀ ਨਸੀਬ ਹੋ ਸਕੇ ਤੇ ਹਰ ਹਰਬਾ ਤੇ ਹੱਥ ਕੰਡਾ ਵਰਤਣ ਦੇ ਬਾਵਜੂਦ ਸਤਾਧਾਰੀ ਕਾਂਗਰਸ ਪਾਰਟੀ ਦੀ ਨਮੋਸ਼ੀਜਨਕ ਹਾਰ ਹੋਈ। ਸਾਹਿਬ ਕਾਂਸ਼ੀ ਰਾਮ ਵਲੋਂ ਬਾਅਦ ਵਿਚ ਅਕਬਰ ਅਹਿਮਦ ਡਿੰਪੀ ਨੂੰ ਬਹੁਜਨ ਸਮਾਜ ਪਾਰਟੀ ਵਿਚ ਸ਼ਾਮਿਲ ਕਰ ਲਿਆ ਗਿਆ ਸੀ ਤੇ ਫਿਰ ਉਹ ਬਸਪਾ ਦੇ ਟਿਕਟ ਤੇ ਸਾਂਸਦ ਵੀ ਬਣਿਆ ਸੀ।

*****

# ਪੰਜਾਬੀ ਸੂਬਾ ਮੋਰਚਾ 1955



ਆਜ਼ਾਦ ਹਿੰਦੁਸਤਾਨ ਦੀ ਰਾਜਨੀਤੀ ਵਿਚ 'ਪੰਜਾਬੀ ਸੂਬਾ' ਦੀ ਮੰਗ ਦਾ ਰਾਹ ਬੜਾ ਸੰਘਰਸ਼ਸ਼ੀਲ ਹੈ। 'ਸਾਕਾ ਗੁਰੂ ਕਾ ਬਾਗ' ਸਿੱਖਾਂ ਦਾ ਇਕ ਲੰਮਾ ਮੋਰਚਾ ਸੀ। ਉਸੇ ਤਰਜ਼ 'ਤੇ ਸਿੱਖਾਂ ਨੇ ਇਹ ਸੰਘਰਸ਼ ਕੀਤਾ ਹੈ। ਬਰਤਾਨਵੀ ਰਾਜ ਦੀ ਵੰਡ ਸਮੇਂ ਸਿੱਖਾਂ ਨੂੰ ਤੀਜੀ ਧਿਰ ਮੰਨ ਲਿਆ ਸੀ। ਸਿੱਖ ਆਗੂਆਂ ਨੇ ਹਿੰਦੁਸਤਾਨ ਨਾਲ ਜੁੜਨ ਦਾ ਆਪ ਫੈਸਲਾ ਲਿਆ। ਵੰਡ ਤੋਂ ਬਾਅਦ ਸਿੱਖਾਂ ਨੂੰ ਬੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਜਿਵੇਂ ਪੰਜਾਬੀ ਕਿਰਸਾਨੀ ਪੱਛਮੀ ਪਾਕਿਸਤਾਨ ਤੋਂ ਆ ਕੇ ਘੱਗਰ ਦਰਿਆ ਦੇ ਦੁਆਲੇ ਆਣ ਵੱਸੀ। ਪਟਿਆਲਾ ਪੂਰਬੀ ਪੰਜਾਬ ਸਟੇਟਸ ਯੂਨੀਅਨ ਵਿਚ ਪੰਜਾਬੀਆਂ ਦੀ ਵੱਡੀ ਵੱਸੋਂ ਸੀ। ਖੇਤੀ, ਵਪਾਰ, ਮਕਾਨ, ਜਾਇਦਾਦ ਅਤੇ ਮੁੜ ਵਸੇਬੇ ਦੇ ਕੰਮਾਂ ਵਿਚ ਨਵੀਂ ਸਰਕਾਰ ਨੇ ਪ੍ਰਬੰਧਾਂ ਵਿਚ ਵਿਤਕਰਾ ਕੀਤਾ। ਸਿੱਖਾਂ ਨੂੰ ਕਾਂਗਰਸ ਦੀ ਫਿਰਕਾਪ੍ਰਸਤੀ ਦਾ ਸਾਹਮਣਾ ਕਰਨਾ ਪਿਆ। ਸਿੱਖਾਂ ਨੂੰ ਹਿੰਦੁਸਤਾਨ ਨਾਲ ਜੁੜਨ ਦਾ ਪਛਤਾਵਾ ਹੋਣ ਲੱਗਾ। ਉਹਨਾਂ ਪੰਜਾਬੀ ਸੂਬਾ ਦੀ ਮੰਗ ਉਠਾਈ। ਸੰਨ 1948 ਵਿਚ ਸਰਕਾਰ ਨੇ ਭਾਸ਼ਾ ਦੇ ਆਧਾਰ 'ਤੇ ਸੂਬਿਆਂ ਦੀ ਵੰਡ ਲਈ ਅਯੋਗ ਬਣਾਇਆ। ਜਿਸਦਾ ਅਧਿਕਾਰ ਖੇਤਰ ਦੱਖਣੀ ਰਾਜਾਂ ਤੱਕ ਹੀ ਸੀ। ਉਤਰੀ ਭਾਰਤ, ਪੰਜਾਬ ਨੂੰ ਇਸ ਤੋਂ ਬਾਹਰ ਰੱਖਿਆ ਗਿਆ। ਕੇਰਲ, ਆਂਧਰਾ, ਤਾਮਿਲ, ਕਰਨਾਟਕ ਸੂਬੇ ਹੋਂਦ ਵਿਚ ਆਏ। ਸੰਨ 1953 ਵਿਚ ਰਾਜ ਪੁਨਰਗਠਨ ਆਯੋਗਬਣਿਆ। ਕਾਂਗਰਸ ਵੱਲੋਂ ਬੋਲੀ ਦੇ ਆਧਾਰ 'ਤੇ ਸੂਬਿਆਂ ਦੀ ਨਵੀਂ ਹੱਦਬੰਦੀ ਦਾ ਅਸੂਲ ਮੰਨਿਆ ਜਾ ਚੁੱਕਾ ਸੀ। ਸ਼੍ਰੋਮਣੀ ਅਕਾਲੀ ਦਲ ਨੇ ਵਿਚਾਰਿਆ ਕਿ ਜੇਕਰ ਪੰਜਾਬ, ਪੈਪਸੂ ਤੇ ਰਾਜਸਥਾਨ ਦੇ ਪੰਜਾਬੀ ਬੋਲਦੇ ਇਲਾਕੇ ਵੱਖ ਕਰਕੇ ਪੰਜਾਬੀ ਸੂਬਾ ਬਣਾ ਦਿੱਤਾ ਜਾਵੇ ਤਾਂ ਸਿੱਖਾਂ ਦੀ ਹਾਲਤ ਕੁਝ ਸੁਧਰ ਸਕਦੀ ਹੈ। ਇਸ ਤਰ੍ਹਾਂ ਪੰਜਾਬੀ ਸੂਬਾ ਦੀ ਮੰਗ ਪੇਸ਼ ਹੋਈ ਤੇ ਪੰਜਾਬੀ ਸੂਬਾ ਜਿੰਦਾਬਾਦ ਦੇ ਨਾਅਰੇ ਗੂੰਜਣ ਲੱਗ ਪਏ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਦੇਸ਼ ਦੀ ਵੰਡ ਪਿੱਛੋਂ ਪੰਜਾਬ ਵਿਚ ਜੋ ਪਹਿਲੀਆਂ ਆਮ ਚੋਣਾਂ ਹੋਈਆਂ, ਉਸ ਸਮੇਂ ਗੁਰਦੁਆਰਾ ਚੋਣਾਂ ਵੀ ਆ ਗਈਆਂ। ਕਾਂਗਰਸੀ ਸਿੱਖਾਂ ਨੇ ਖਾਲਸਾ ਦਲ ਦੇ ਨਾਮ ਦੀ ਇਕ ਨਵੀਂ ਜਥੇਬੰਦੀ ਇਹ ਚੋਣਾਂ ਲੜਨ ਲਈ ਬਣਾ ਲਈ। ਚੋਣਾਂ ਵਿਚ 132 ਸੀਟਾਂ ਵਿਚੋਂ ਕਾਂਗਰਸੀ ਸਿੱਖ ਇਕ ਵੀ ਸੀਟ ਨਾ ਜਿੱਤ ਸਕੇ। ਸਰਦਾਰ ਈਸ਼ਰ ਸਿੰਘ ਮਝੈਲ ਵੀ ਚੋਣ ਹਾਰ ਗਏ। ਸੌ ਫੀਸਦੀ ਅਕਾਲੀ ਉਮੀਦਵਾਰ ਸਫਲ ਹੋਏ। ਨਾਲ ਹੀ ਦੇਸ਼ ਭਗਤ ਬੋਰਡ ਦੇ ਕੁਝ ਮੈਂਬਰ ਸਫਲ ਹੋਏ, ਜਿਹਨਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੀ ਹਮਾਇਤ ਪ੍ਰਾਪਤ ਸੀ। ਪੰਜਾਬੀ ਸੂਬਾ ਦੀ ਮੰਗ ਤੇ ਰੋਕਾਂ ਪਾਈਆਂ ਜਾਣ ਲੱਗੀਆਂ ਕਿ ਇਸ ਨਾਲ ਹਿੰਦੂਆਂ ਦਾ ਨੁਕਸਾਨ ਹੋਵੇਗਾ। ਹੱਦਬੰਦੀ ਆਯੋਗ ਮਾਰਚ-ਅਪ੍ਰੈਲ 1955 ਨੂੰ ਪੰਜਾਬ ਆ ਰਿਹਾ ਸੀ। ਇਸ ਲਈ ਪੰਜਾਬੀ ਸੂਬਾ ਪ੍ਰਚਾਰ ਤੇ ਰੋਕ ਲਾਉਣ ਲਈ ਨਾਅਰਿਆਂ ਤੇ ਰੋਕ ਲਗਾ ਦਿੱਤੀ। ਲੁਧਿਆਣਾ 31 ਦਸੰਬਰ, 1954 ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਮਾਗਮ ਜਲੂਸ ਵਿਚ ਡਾਕਟਰ ਕਾਲੀਚਰਨ ਤੋਂ ਹਮਲਾ ਕਰਵਾ ਦਿੱਤਾ।ਜਿਸਨੇ ਮੰਨਿਆ ਕਿ ਅਸੀਂ ਪੰਜਾਬੀ ਸੂਬਾ ਦੀ ਫਿਰਕੂ ਮੰਗ ਨੂੰ ਰੋਕਣ ਲਈ ਮਹਾਂ ਪੰਜਾਬ ਦੀ ਲਹਿਰ ਚਲਾਈ ਹੈ। ਪਰ ਲਾਲਾ ਭੀਮ ਸੈਨ ਸੱਚਰ ਮੁੱਖ ਮੰਤਰੀ ਪੰਜਾਬ ਖਾਮੋਸ਼ ਸੀ। ਕਿਉਂਕਿ ਇਹ ਸਭ ਕੁਝ ਉਸਦੀ ਸ਼ਹਿ ਤੇ ਹੋਇਆ ਸੀ। ਉਹ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਮਾਂ ਵਿਚ ਵਿਘਨ ਪਾਉਣਾ ਚਾਹੁੰਦੇ ਸਨ। ਗੁਰਦੁਆਰਾ ਚੋਣਾਂ ਦੇ ਨਤੀਜਿਆਂ ਦੇ ਨਾਂ ਜਾਰੀ ਹੋਏ ਅਤੇ ਪਹਿਲੀ ਇਕੱਤਰਤਾ 4 ਜਨਵਰੀ 1955 ਨੂੰ ਰੱਖੀ ਗਈ। ਮਾਸਟਰ ਤਾਰਾ ਸਿੰਘ ਜੀ ਨੂੰ ਮੁਖੀ ਚੁਣਿਆ ਗਿਆ। ਪੰਜਾਬ ਸਰਕਾਰ ਦੇ ਗ੍ਰਹਿ ਸਕੱਤਰ ਨੇ ਨਾਮਜ਼ਦਗੀਆਂ ਦਾ ਕੰਮ ਸਿਰੇ ਨਹੀਂ ਚੜ੍ਹਨ ਦਿੱਤਾ। ਚੰਡੀਗੜ੍ਹ ਤੋਂ ਐਲਾਨ ਹੋਇਆ ਕਿ ਇਕੱਤਰਤਾ ਦੀ ਕਾਰਵਾਈ ਰੱਦ ਕੀਤੀ ਜਾਂਦੀ ਹੈ। ਅਗਲੀ ਇਕੱਤਰਤਾ ਦੀ ਤਾਰੀਖ 27 ਜਨਵਰੀ, 1955 ਰੱਖ ਦਿੱਤੀ। ਸਰਦਾਰ ਈਸ਼ਰ ਸਿੰਘ ਮਝੈਲ ਉਸ ਸਮੇਂ ਗੁਰਦੁਆਰਾ ਪ੍ਰਬੰਧ ਤੇ ਕਾਬਜ਼ ਸੀ। ਸਰਕਾਰ ਨੇ ਨਵੀਂ ਚੁਣੀ ਕਮੇਟੀ ਦੇ ਕੰਮਾਂ ਵਿਚ ਮੁਸ਼ਕਿਲਾਂ ਪਾਉਣ ਲਈ ਉਸਦੀ ਸਹਾਇਤਾ ਕੀਤੀ।

7 ਜਨਵਰੀ ਨੂੰ ਗੁਰਦੁਆਰਾ ਨਿਆਂ ਆਯੋਗ ਦੇ ਮੁਖੀ ਸਰਦਾਰ ਬੂਟਾ ਸਿੰਘ ਜੀ ਨੂੰ ਬਰਖਾਸਤ ਕਰ ਦਿੱਤਾ। ਵਕੀਲ ਸ. ਸਰਦੂਲ ਸਿੰਘ ਨੂੰ ਆਯੋਗ ਦਾ ਜੱਜ ਬਣਾ ਦਿੱਤਾ। ਨਵੀਂ ਚੁਣੀ ਕਮੇਟੀ ਵਿਚ ਗੁੱਸੇ ਦੀ ਲਹਿਰ ਪੈਦਾ ਹੋ ਗਈ ਕਿ ਇਹ ਲੋਕਤੰਤਰ ਦੇ ਖਿਲਾਫ ਹੈ। ਗੁਰਦੁਆਰਾ ਕਾਨੂੰਨ ਅਨੁਸਾਰ ਸਥਾਨਕ ਕਮੇਟੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਸਾਰੀਆਂ ਕਮੇਟੀਆਂ ਵਿਚ ਆਪਣਾ ਇਕ-ਇਕ ਪ੍ਰਤੀਨਿਧ ਮੈਂਬਰ ਨਾਮਜ਼ਦ ਕਰਦੀ ਹੈ। ਪਰ ਸਰਕਾਰ ਨੇ 10-11 ਜਨਵਰੀ 1955 ਨੂੰ ਸਰਕਾਰ ਪੱਖੀ ਖਾਲਸਾ ਦਲ ਦੇ ਮੈਂਬਰਾਂ ਨੂੰ ਸਥਾਨਕ ਕਮੇਟੀਆਂ ਵਿਚ ਨਾਮਜ਼ਦ ਕਰ ਦਿੱਤਾ। ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਇਹ ਆਯੋਗ ਨਾਮਜ਼ਦਗੀਆਂ ਨਾ ਕੀਤੀਆਂ ਜਾਣ।

ਅਕਾਲੀ ਆਗੂਆਂ ਨੇ ਪ੍ਰਧਾਨ ਮੰਤਰੀ ਪੰਡਤ ਨਹਿਰੂ ਨਾਲ ਗੱਲ ਕਰਨੀ ਚਾਹੀ। ਪ੍ਰਧਾਨ ਮੰਤਰੀ ਨੇ ਪੰਜਾਬ ਸਰਕਾਰ ਨਾਲ ਗੱਲ ਕਰਨ ਲਈ ਕਹਿ ਦਿੱਤਾ। ਮਾਸਟਰ ਤਾਰਾ ਸਿੰਘ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਸ. ਜੋਗਿੰਦਰ ਸਿੰਘ ਰੇਖੀ, ਸ਼੍ਰੋਮਣੀ ਕਮੇਟੀ ਦੇ ਦੋਹਾਂ ਸਕੱਤਰਾਂ ਸ. ਰਵੇਲ ਸਿੰਘ ਤੇ ਸ. ਹਰਨਾਮ ਸਿੰਘ ਸਮੇਤ 21 ਜਨਵਰੀ 1955 ਨੂੰ ਲਾਲਾ ਭੀਮ ਸੈਨ ਸੱਚਰ ਮੁੱਖ ਮੰਤਰੀ ਪੰਜਾਬ ਨਾਲ ਮੁਲਾਕਾਤ ਕੀਤੀ। ਇਸ ਸਮੇਂ ਸਰਦਾਰ ਹਰਬੰਸ ਸਿੰਘ ਗੁਜਰਾਲ ਐਡਵੋਕੇਟ ਵੀ ਨਾਲ ਸਨ। ਮਾਸਟਰ ਜੀ ਨੇ ਗੁਰਦੁਆਰਾ ਪ੍ਰਬੰਧ ਵਿਚ ਸਰਕਾਰ ਦੇ ਦਖਲ ਦਾ ਇਲਜ਼ਾਮ ਲਾਇਆ। ਮੁੱਖ ਮੰਤਰੀ ਨੇ ਵਿਸ਼ੇ ਦੀ ਗੱਲਬਾਤ ਤੋਂ ਪਾਸੇ ਹੋ ਕੇ ਬਿਆਨ ਦਿੱਤਾ ਕਿ ਮਾਸਟਰ ਜੀ ਪੰਜਾਬੀ ਸੂਬਾ ਹੀ ਨਹੀਂ, ਸਗੋਂ ਸਿੱਖ ਰਾਜ ਮੰਗਦੇ ਹਨ। ਉਸ ਵੇਲੇ ਪੰਜਾਬ ਵਿਰੋਧੀ ਧਿਰ ਦਾ ਪੱਖ ਮੁੱਖ ਮੰਤਰੀ ਪੂਰ ਰਹੇ ਸਨ। ਸਿੱਖ ਕੌਮ ਨੇ ਜਾਣ ਲਿਆ ਕਿ ਇਨਸਾਫ ਲਈ ਕੁਰਬਾਨੀਆਂ ਦੀ ਲੋੜ ਹੈ। ਪਰ ਫਿਰ ਵੀ ਸਬਰ ਤੋਂ ਕੰਮ ਲਿਆ। ਸਰਕਾਰ ਦਾ ਵਤੀਰਾ ਸਿੱਖ ਵਿਰੋਧੀ ਰਿਹਾ। ਵਿਸਾਖੀ ਤੇ ਅੰਮ੍ਰਿਤਸਰ ਸੀਸ ਭੇਟ ਮੁਹੱਲੇ ਦੇ ਹੋਣ ਵਾਲੇ ਜਲੂਸ ਵਿਚ ਪੰਜਾਬੀ ਸੂਬਾ ਦੇ ਨਾਅਰਿਆਂ 'ਤੇ 14 ਅਪ੍ਰੈਲ 1955 ਨੂੰ ਪਾਬੰਦੀ ਲਗਾ ਦਿੱਤੀ। ਮਾਸਟਰ ਜੀ ਅਤੇ ਸਰਦਾਰ ਹੁਕਮ ਸਿੰਘ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਨਾਅਰੇ ਨਾ ਲਾਉਣ। ਜਲੂਸ ਘੰਟਾ ਘਰ ਚੌਂਕ ਤੱਕ ਪੁੱਜਾ। ਲੁਧਿਆਣਾ ਦੇ ਡਾਕਟਰ ਕਾਲੀਚਰਨ ਦੇ ਗੁੰਡੇ ਚੌਂਕ ਵਿਚ ਖੜ੍ਹੇ ਸਨ। ਦਸੰਬਰ 1954 ਨੂੰ ਲੁਧਿਆਣਾ ਦੇ ਫਸਾਦ ਵਾਂਗ ਅੰਮ੍ਰਿਤਸਰ ਵਿਚ ਵੀ ਜਲੂਸ ਤੇ ਇੱਟਾਂ ਪੈਣ ਲੱਗੀਆਂ। ਜਲੂਸ ਵਿਚ ਸ਼ਾਂਤੀਪੂਰਨ ਪੰਜਾਬੀ ਸੂਬਾ ਜਿੰਦਾਬਾਦ ਦੇ ਨਾਅਰੇ ਲੱਗਣ ਲੱਗੇ। ਜਲੂਸ ਅੱਗੇ ਵਧਿਆ ਪਰ ਪ੍ਰਸ਼ਾਸਨ ਅਤੇ ਪੁਲਿਸ ਦਾ ਇਕਤਰਫਾ ਇਤਰਾਜ਼ਯੋਗ ਵਤੀਰਾ ਸੀ। ਜਲੂਸ ਤੋਂ ਬਾਅਦ ਬੁਰਜ ਅਕਾਲੀ ਫੂਲਾ ਸਿੰਘ ਵਿਖੇ ਬੋਲਦਿਆਂ ਮਾਸਟਰ ਜੀ ਨੇ ਕਿਹਾ ਕਿ ਹੁਣ ਜਲੂਸ ਉਤੇ ਹਮਲੇ ਨਹੀਂ ਸਹਾਰੇ ਜਾਣਗੇ। ਸਿੱਖ ਕੌਮ ਨੇ 'ਸੱਚਰ ਮੁਰਦਾਬਾਦ' ਦੇ ਨਾਅਰੇ ਲਾਏ।

ਗੜਬੜ ਮਚਾਉਣ ਵਾਲੇ ਕੁਝ ਫੜੇ ਗਏ। ਪੁਰਅਮਨ ਸਿੱਖ ਨੌਜਵਾਨ ਵੀ ਗ੍ਰਿਫਤਾਰ ਕੀਤੇ। ਗੁਰੂ ਕਾ ਬਾਗ ਤੋਂ ਮਾਸਟਰ ਜੀ ਨੇ ਐਲਾਨ ਕੀਤਾ ਕਿ 24 ਅਪ੍ਰੈਲ 1955 ਤੱਕ ਪੰਜਾਬੀ ਸੂਬਾ ਦੇ ਨਾਅਰਿਆਂ ਤੋਂ ਪਾਬੰਦੀ ਹਟਾਈ ਜਾਵੇ। ਪਰ ਸੱਚਰ ਸਰਕਾਰ ਨੇ ਨਾ ਸੁਣੀ। ਪਾਬੰਦੀ ਹਟਾਉਣ ਦੀ ਮੰਗ ਭਾਰਤ ਸਰਕਾਰ ਕੋਲ ਰੱਖੀ ਕਿ 9 ਮਈ 1955 ਤੱਕ ਦਾ ਸਮਾਂ ਦਿੱਤਾ ਜਾਂਦਾ ਹੈ। ਨਹੀਂ ਤਾਂ ਮੋਰਚਾ ਲੱਗੇਗਾ। ਮੋਰਚੇ ਨੂੰ ਚਲਾਉਣ ਦੇ ਅਧਿਕਾਰ ਮਾਸਟਰ ਜੀ ਨੂੰ ਦਿੱਤੇ ਗਏ। ਮਈ 1, 1955 ਨੂੰ ਦੀਵਾਨ ਚਮਨ ਲਾਲ ਵੱਲੋਂ ਸੱਦੀ ਇਕੱਤਰਤਾ ਵਿਚ ਅਕਾਲੀਆਂ ਵੱਲੋਂ ਸ. ਗੋਪਾਲ ਸਿੰਘ ਖਾਲਸਾ, ਸ. ਰਾਮਦਿਆਲ ਸਿੰਘ ਤੇ ਸ. ਅਜਮੇਰ ਸਿੰਘ ਸ਼ਾਮਲ ਹੋਏ। ਮਹਾਂ ਪੰਜਾਬ ਵੱਲੋਂ ਡਾਕਟਰ ਕਾਲੀਚਰਨ ਤੇ ਸਾਥੀ ਸਨ। ਫੈਸਲਾ ਹੋਇਆ ਕਿ ਪੰਜਾਬੀ ਸੂਬਾ ਦੇ ਨਾਅਰਿਆਂ 'ਤੇ ਜਵਾਬੀ ਨਾਅਰੇ ਨਹੀਂ ਲਗਾਏ ਜਾਣਗੇ।

ਮਈ 3, 1955 ਨੂੰ ਸੱਚਰ ਮੁੱਖ ਮੰਤਰੀ ਨੇ ਸ. ਅਜਮੇਰਸਿੰਘ ਅਤੇ ਸਾਥੀਆਂ ਨਾਲ ਮੁਲਾਕਾਤ ਵਿਚ ਕਿਹਾ ਕਿ ਨਾਅਰਿਆਂ ਤੋਂ ਪਾਬੰਦੀ ਹਟਾ ਲਈ ਜਾਵੇਗੀ। ਪਰ ਦਿੱਲੀ ਦੇ ਚੱਕਰ ਲਾ ਕੇ ਆਉਂਦਿਆਂ 7 ਮਈ, 1955 ਨੂੰ ਐਲਾਨ ਕੀਤਾ ਕਿ ਇਸ ਮੋਰਚੇ ਨੂੰ ਕੁਚਲ ਦਿੱਤਾ ਜਾਵੇਗਾ। ਮਈ 9, 1955 ਲੁਧਿਆਣਾ ਵਿਖੇ ਲਾਲਾ ਕੇਦਾਰ ਨਾਥਸਹਿਗਲ ਦੀ ਪ੍ਰਧਾਨਗੀ ਹੇਠ ਹੋਈ ਇਕੱਤਰਤਾ ਵਿਚ ਮੋਰਚੇ ਦੀ ਹਮਾਇਤ ਦਾ ਐਲਾਨ ਹੋਇਆ। ਮੋਰਚੇ 'ਤੇਅਮਲ ਸ਼ੁਰੂ ਹੋਇਆ। ਮਾਸਟਰ ਜੀ ਨੇ ਸੰਗਤਾਂ ਨੂੰ ਕਿਹਾ ਕਿ ਇਹ ਸਿੱਖ ਕੌਮ ਦੀ ਅਣਖ ਦਾ ਸਵਾਲ ਹੈ। ਮੋਰਚਾ ਲਾ ਦਿਓ। ਸੰਗਤਾਂ ਵੱਲੋਂ ਵੱਡਾ ਹੁੰਗਾਰਾ ਮਿਲਿਆ। ਮਾਸਟਰ ਜੀ ਨੇ 4-4 ਦੇ ਜਥਿਆਂ ਨੂੰ ਪੰਜਾਬੀ ਸੂਬਾ ਜਿੰਦਾਬਾਦ ਦੇ ਨਾਅਰੇ ਨਾਲ ਗ੍ਰਿਫਤਾਰੀਆਂ ਦੇਣ ਲਈ ਕਿਹਾ। ਮਈ 10, 1955 ਨੂੰ ਮਾਸਟਰ ਜੀ ਦੀ ਗ੍ਰਿਫਤਾਰੀ ਮੰਜੀ ਸਾਹਿਬ ਤੋਂ ਹੋਈ। ਉਸ ਦਿਨ 10 ਹੋਰ ਸਿੰਘਾਂ ਨੇ ਵੀ ਗ੍ਰਿਫਤਾਰੀ ਦਿੱਤੀ। ਪੁਲਿਸ ਨੇ ਧੜਾਧੜ ਗ੍ਰਿਫਤਾਰੀਆਂ ਸ਼ੁਰੂ ਕਰ ਦਿੱਤੀਆਂ। ਮਾਸਟਰ ਜੀ ਨੂੰ ਪਹਿਲਾਂ ਅੰਮ੍ਰਿਤਸਰ ਫਿਰ ਰੋਹਤਕ ਜੇਲ੍ਹ ਭੇਜ ਦਿੱਤਾ।

ਮੋਰਚੇ ਦੇ ਦੂਸਰੇ ਮੁਖੀ ਪ੍ਰਿੰਸੀਪਲ ਇਕਬਾਲ ਸਿੰਘ ਜੀ ਨੇ ਇਕ ਮਹੀਨਾ ਮੋਰਚਾ ਚਲਾਇਆ। ਉਹਨਾਂ ਨੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਨ 25 ਮਈ 1955 ਨੂੰ ਪੰਜਾਬੀ ਸੂਬਾ ਦਿਨ ਮਨਾਉਣ ਲਈ ਚੁਣਿਆ। ਸਰਕਾਰ ਨੇ ਪ੍ਰੋਗਰਾਮ ਨੂੰ ਫੇਲ੍ਹ ਕਰਨ ਲਈ ਗ੍ਰਿਫਤਾਰੀਆਂ ਦਾ ਦੌਰ ਅੰਮ੍ਰਿਤਸਰ ਤੋਂ ਸ਼ੁਰੂ ਕਰਕੇ ਪੂਰੇ ਪੰਜਾਬ ਵਿਚ ਗ੍ਰਿਫਤਾਰਆਂ ਦੀ ਮੁਹਿੰਮ ਸ਼ੁਰੂ ਹੋ ਗਈ। ਸਰਕਾਰ ਨੇ ਅਕਾਲੀ ਦਲ ਦਾ ਇਕ ਵੀ ਮੈਂਬਰ ਅਤੇ ਆਗੂ ਜੇਲ੍ਹ ਤੋਂ ਬਾਹਰ ਨਹੀਂ ਰਹਿਣ ਦਿੱਤਾ। ਮੋਰਚਾ ਬੇਪਨਾਹ ਜੋਸ਼ ਨਾਲ ਅੱਗੇ ਵਧਣ ਲੱਗਾ। ਜੁਲਾਈ 25 ਨੂੰ ਪੰਜਾਬ ਅਸੈਂਬਲੀ ਦੇ ਸਪੀਕਰ ਸ. ਗੁਰਦਿਆਲ ਸਿੰਘ ਢਿੱਲੋਂ ਅਤੇ ਪੰਜਾਬ ਕੌਂਸਲ ਦੇ ਸਭਾਪਤੀ ਸ. ਕਪੂਰ ਸਿੰਘ ਨੇ ਅਖਬਾਰਾਂ ਰਾਹੀਂ ਸਰਕਾਰੀ ਤਜਵੀਜ਼ ਦਿੱਤੀ ਕਿ ਸਰਕਾਰ ਨਾਲ ਗੱਲਬਾਤ ਕਰ ਲੈਣੀ ਚਾਹੀਦੀ ਹੈ। ਪ੍ਰਿੰਸੀਪਲ ਇਕਬਾਲ ਸਿੰਘ ਜੀ ਵੱਲੋਂ ਇਹ ਤਜਵੀਜ਼ ਠੁਕਰਾ ਦਿੱਤੀ ਗਈ।

ਸੰਗਤਾਂ ਵਿਚ ਹੋਰ ਉਤਸ਼ਾਹ ਜਾਗ ਪਿਆ। ਪੈਪਸੂ, ਪੰਜਾਬ, ਉਤਰ ਪ੍ਰਦੇਸ਼, ਬੰਬਈ, ਕਾਨਪੁਰ ਤੇ ਕਲਕੱਤੇ ਤੱਕ ਤੋਂ ਜਥਿਆਂ ਨੇ ਅੰਮ੍ਰਿਤਸਰ ਵੱਲ ਵਹੀਰਾ ਘੱਤ ਦਿੱਤੀਆਂ। ਮੋਰਚੇ ਦੇ ਪਹਿਲੇ ਇਕ ਮਹੀਨੇ ਵਿਚ ਹੀ 5000 ਗ੍ਰਿਫਤਾਰੀਆਂ ਹੋਈਆਂ। ਮੋਰਚੇ ਵਿਚ ਆਉਂਦੀ ਤੇਜੀ ਵੇਖ ਕੇ ਕਾਂਗਰਸੀ ਅਤੇ ਆਰੀਆ ਸਮਾਜੀ ਅਖਬਾਰਾਂ ਨੇ ਕਾਂਗਰਸੀ ਸਿੱਖਾਂ ਨੂੰ ਮੋਰਚੇ ਦੇ ਮੁਕਾਬਲੇ ਵਿਚ ਆਉਣ ਦਾ ਪ੍ਰਚਾਰ ਕੀਤਾ ਕਿ ਉਹਨਾਂ ਨੂੰ ਵਜ਼ੀਰੀਆਂ ਦਿਵਾਈਆਂ ਹਨ। ਜੂਨ 1955 ਵਿਚ ਸ. ਦਰਸ਼ਨ ਸਿੰਘ ਫੇਰੂਮਾਨ ਨੇ ਅਖਬਾਰਾਂ ਵਿਚ ਬਿਆਨ ਦਿੱਤਾ ਕਿ ਗੁਰਦੁਆਰੇ ਵਿਚ ਰਾਜਨੀਤੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮੰਜੀ ਸਾਹਿਬ ਦੇ ਦੀਵਾਨ ਵਿਚ ਜੋ ਰਾਜਸੀ ਤਕਰੀਰਾਂ ਹੁੰਦੀਆਂ ਹਨ, ਨੂੰ ਰੋਕਣ ਲਈ ਉਹ 25 ਜੂਨ 1955 ਨੂੰ 25 ਕਾਂਗਰਸੀ ਸਿੰਘਾਂ ਦਾ ਜਥਾ ਲੈ ਕੇ ਜਾਣਗੇ। ਕਾਂਗਰਸੀ ਸਿੱਖਾਂ ਨੇ ਇਸਦੀ ਹਮਾਇਤ ਦਾ ਐਲਾਨ ਕਰ ਦਿੱਤਾ।

ਸਰਦਾਰ ਪ੍ਰਤਾਪ ਸਿੰਘ ਕੈਰੋਂ, ਸ. ਈਸ਼ਰ ਸਿੰਘ ਮਝੈਲ ਨੇ ਅਕਾਲੀ ਆਗੂਆਂ ਨੂੰ ਧਮਕਾਉਣ ਦਾ ਯਤਨ ਕੀਤਾ ਕਿ ਕਾਂਗਰਸੀ ਸਿੱਖਾਂ ਦਾ ਜਥਾ ਮੰਜੀ ਸਾਹਿਬ ਦੀਵਾਨ ਵਿਚ ਜਾ ਕੇ ਫਸਾਦ ਕਰੇਗਾ। ਫਿਰ ਪੁਲਿਸ ਦੀ ਸਖਤੀ ਨਾਲ ਮੋਰਚਾ ਕੁਚਲ ਦਿੱਤਾ ਜਾਵੇਗਾ। ਜਥੇਦਾਰ ਭਾਨ ਸਿੰਘ ਨੇ ਟੱਕਰ ਲੈਣ ਦਾ ਐਲਾਨ ਕਰ ਦਿੱਤਾ। ਸ. ਸਰੂਪ ਸਿੰਘ ਵਿਧਾਇਕ ਨੇ ਕਿਹਾ ਕਿ ਮੁਕਾਬਲੇ ਦੀ ਕਮਾਨ ਮੈਂ ਸੰਭਾਲਾਂਗਾ, ਵੇਖਦੇ ਹਾਂ ਦੀਵਾਨ ਵੱਲ ਕੌਣ ਆਉਂਦਾ ਹੈ। ਸ. ਅਮਰ ਸਿੰਘ ਦੁਸਾਂਝ ਨੇ ਮੰਜੀ ਸਾਹਿਬ ਦੇ ਦੀਵਾਨ ਵਿਚ ਤਕਰੀਰ ਕਰਦੇ ਐਲਾਨ ਕੀਤਾ ਕਿ ਮੰਜੀ ਸਾਹਿਬ ਦੀਵਾਨ ਵੱਲ ਜੇਕਰ ਫੇਰੂਮਾਨ ਨੇ ਉਂਗਲ ਕੀਤੀ ਤਾਂ ਉਂਗਲ ਕੱਟ ਦਿੱਤੀ ਜਾਵੇਗੀ। ਜੇਕਰ ਅੱਖ ਚੁੱਕੀ ਤਾਂ ਉਹ ਕੱਢ ਕੇ ਸੁੱਟ ਦਿੱਤੀ ਜਾਵੇਗੀ। ਸੰਗਤਾਂ ਵਿਚ ਅਥਾਹ ਜੋਸ਼ ਭਰ ਗਿਆ। ਬਾਬਾਹਰਿਕ੍ਰਿਸ਼ਨ ਸਿੰਘ ਜੀ ਨੇ ਮਾਮਲਾ ਸੁਲਝਾਉਣ ਲਈ ਐਲਾਨ ਕੀਤਾ ਕਿ ਅੱਗੇ ਤੋਂ ਮੰਜੀ ਸਾਹਿਬ ਦੇ ਦੀਵਾਨ ਵਿਚ ਕਿਸੇ ਦਾ ਦਿਲ ਦੁਖਾਉਣ ਵਾਲੀ ਗੱਲ ਨਹੀਂ ਕੀਤੀ ਜਾਵੇਗੀ। ਕਾਂਗਰਸੀ ਸਿੱਖ ਆਗੂਆਂ ਨੇ ਕਿਹਾ ਕਿ ਉਹ ਹੁਣ ਜਵਾਬੀ ਮੋਰਚੇ ਲਈ ਜਥਾ ਲੈ ਕੇ ਨਹੀਂ ਜਾਣਗੇ।

ਮੰਜੀ ਸਾਹਿਬ ਦੇ ਦੀਵਾਨ ਤੋਂ ਤਕਰੀਰਾਂ ਹੁੰਦੀਆਂ ਰਹੀਆਂ। ਮੋਰਚਾ ਜੋਸ਼ ਨਾਲ ਅੱਗੇ ਵਧਦਾ ਗਿਆ। ਜੂਨ 15, 1955 ਤੱਕ ਗ੍ਰਿਫਤਾਰੀਆਂ ਦੀ ਗਿਣਤੀ 5000 ਤੋਂ ਉਪਰ ਸੀ। ਮਾਸਟਰ ਤਾਰਾ ਸਿੰਘ ਜੀ ਨੂੰ ਧਰਮਸ਼ਾਲਾ ਜੇਲ੍ਹ ਵਿਚ ਭੇਜ ਦਿੱਤਾ ਗਿਆ। ਅਕਾਲੀਆਂ ਨੇ ਐਲਾਨ ਕੀਤਾ ਕਿ ਮੋਰਚਾ ਉਦੋਂ ਤੱਕ ਚੱਲੇਗਾ, ਜਦੋਂ ਤੱਕ ਨਾਅਰਿਆਂ ਤੋਂ ਪਾਬੰਦੀ ਨਹੀਂ ਹਟਾ ਲਈ ਜਾਂਦੀ। ਸਿੰਘਾਂ ਨੇ ਕਈ ਖਾਸ ਦਿਨਾਂ ਤੇ ਵੀ ਗ੍ਰਿਫਤਾਰੀਆਂ ਦਿੱਤੀਆਂ। ਜਿਵੇਂ ਮਾਸਟਰ ਤਾਰਾ ਸਿੰਘ ਜੀ ਦੇ 71ਵੇਂ ਜਨਮ ਦਿਨ 271 ਗ੍ਰਿਫਤਾਰੀਆਂ ਹੋਈਆਂ। ਜੂਨ 29, 1955 ਨੂੰ ਮਹਾਰਾਜਾ ਰਣਜੀਤ ਸਿੰਘ ਜੀ ਦੀ 117ਵੀਂ ਬਰਸੀ ਤੇ ਗ੍ਰਿਫਤਾਰੀਆਂ ਹੋਈਆਂ। ਜੂਨ 29 ਆਜ਼ਾਦ ਪੰਜਾਬ ਦਿਨ, ਜੂਨ 30, 1955 ਨੂੰ ਘੱਲੂਘਾਰਾ ਦਵਸ ਤੇ ਜੁਲਾਈ 3, 1955 ਨੂੰ ਵੀ ਗ੍ਰਿਫਤਾਰੀਆਂ ਹੋਈਆਂ, ਜੋ ਸ਼ਹਿਰੀ ਆਜ਼ਾਦੀ ਦਾ ਦਿਨ ਸੀ।

ਪੰਜਾਬ ਦੇ ਮੁੱਖ ਮੰਤਰੀ ਲਾਲਾ ਭੀਮ ਸੈਨ ਸੱਚਰ ਅਤੇ ਉਪ ਇੰਸਪੈਕਟਰ ਜਨਰਲ ਪੁਲਿਸ ਨੇ ਪ੍ਰਸ਼ਾਸਨ ਨਾਲ ਮਿਲ ਕੇ ਮੋਰਚੇ ਨੂੰ ਸਖਤੀ ਨਾਲ ਦਬਾਅ ਦੇਣ ਦਾ ਫੈਸਲਾ ਕਰ ਲਿਆ। ਮੁੱਖ ਮੰਤਰੀ ਨੇ ਕਾਂਗਰਸੀ ਸਿੱਖਾਂ ਨੂੰ ਕਿਹਾ ਕਿ ਉਹ ਪਿੰਡਾਂ ਵਿਚ ਜਾ ਕੇ ਪੰਜਾਬੀ ਸੂਬਾ ਮੋਰਚਾ ਵਿਰੁੱਧ ਪ੍ਰਚਾਰ ਕਰਨ। ਪਰ ਮੋਰਚਾ ਹੋਰ ਵੀ ਤੇਜੀ ਨਾਲ ਅੱਗੇ ਵਧਦਾ ਗਿਆ। ਪੈਪਸੂ ਅਕਾਲੀ ਦਲ ਦੇ ਜਨਰਲ ਸਕੱਤਰ ਸ. ਰਾਜਿੰਦਰ ਸਿੰਘ ਪੱਤਰਕਾਰ ਵੀ ਗ੍ਰਿਫਤਾਰੀ ਦੇਣ ਅੰਮ੍ਰਿਤਸਰ ਪਹੁੰਚ ਗਏ। ਉਹਨਾਂ 2 ਜੁਲਾਈ 1955 ਨੂੰ ਮੰਜੀ ਸਾਹਿਬ ਦੀਵਾਨ ਤੋਂ ਐਲਾਨ ਕੀਤਾ ਕਿ ਸਿੱਖ ਕੌਮ ਮੋਰਚਾ ਫਤਿਹ ਕਰਨ ਤੋਂ ਬਿਨਾਂ ਪਿੱਛੇ ਨਹੀਂ ਹਟੇਗੀ।

ਸ਼੍ਰੋਮਣੀ ਅਕਾਲੀ ਦਲ ਦੇ ਨਾਲ ਸਾਰੀ ਸਿੱਖ ਕੌਮ ਖੜ੍ਹੀ ਹੋ ਗਈ ਸੀ। ਮੋਰਚਾ ਸ਼ੁਰੂ ਹੋਣ ਤੋਂ ਪਹਿਲਾਂ ਸਰਦਾਰ ਪ੍ਰਤਾਪ ਸਿੰਘ ਕੈਰੋਂ ਨੇ ਨਹਿਰੂ ਨੂੰ ਕਿਹਾ ਕਿ ਅਕਾਲੀ 1500 ਕੁ ਹੋਣਗੇ ਪਹਿਲਾਂ ਹੀ ਗ੍ਰਿਫਤਾਰ ਕਰ ਲਓ, ਮੋਰਚਾ ਖਤਮ ਹੋ ਜਾਵੇਗਾ। ਜਦੋਂ ਮੋਰਚੇ ਦੇ ਦੋ ਮਹੀਨੇ ਬੀਤੇ ਤਾਂ 8 ਹਜ਼ਾਰ ਜੇਲ੍ਹ ਜਾ ਚੁੱਕੇ ਸਨ।

ਜੂਨ ਦੇ ਅਖੀਰਲੇ ਹਫਤੇ, ਜਲੰਧਰ ਡਵੀਜ਼ਨ ਦੇ ਉਪ ਇੰਸਪੈਕਟਰ ਜਨਰਲ ਪੁਲਿਸ ਅਸ਼ਵਨੀ ਕੁਮਾਰ ਨੇ ਮੋਰਚੇ ਨੂੰ ਕੁਚਲਣਦੀ ਵਿਉਂਤ ਬਣਾਈ। ਉਸਨੇ ਮੁੱਖ ਮੰਤਰੀ ਨੂੰ ਕਿਹਾ ਕਿ ਮੈਨੂੰ 5 ਦਿਨਾਂ ਲਈ ਕਾਰਵਾਈ ਕਰਨ ਦੀ ਆਜ਼ਾਦੀ ਦੇਵੇ, ਮੈਂ ਮੋਰਚਾ ਕੁਚਲ ਦੇਵਾਂਗਾ। ਇਸ ਤਰ੍ਹਾਂ ਉਸਨੇ 4 ਜੁਲਾਈ, 9 ਜੁਲਾਈ 1955 ਤੱਕ ਛੋਟ ਮੰਗੀ ਸੀ। ਪੁਲਿਸ ਨੇ ਪ੍ਰੇਮ ਹੋਟਲ ਦੇ ਅਖੀਰ ਵਿਚ ਜੰਗਲਾ ਲਵਾ ਲਿਆ। ਜਿਸਦੀ ਨਿਗਰਾਨੀ ਅਕਾਲੀ ਦਲ ਦੇ ਸੇਵਾਦਾਰ ਕਰਦੇ ਸਨ। ਪੁਲਿਸ ਉਸ ਤੋਂ ਪਿੱਛੇ ਖੜ੍ਹੀ ਹੁੰਦੀ ਸੀ। ਜਦ ਸਤਿਆਗ੍ਰਹਿ ਨਾਅਰੇ ਮਾਰਦੇ ਜੰਗਲੇ ਤੋਂ ਅੱਗੇ ਵਧਦੇ ਤਾਂ ਪੁਲਿਸ ਗ੍ਰਿਫਤਾਰ ਕਰਦੀ ਸੀ। ਜੂਨ 1955 ਦੇ ਅਖੀਰ ਵਿਚ ਪੁਲਿਸ ਨੇ ਜੰਗਲਾ ਚੁਕਵਾ ਦਿੱਤਾ। ਪੁਲਿਸ ਗੁਰੂਰਾਮਦਾਸ ਸਰਾਂ ਤੋਂ ਅਕਾਲੀ ਦਫਤਰ ਤੱਕ ਗਸ਼ਤ ਕਰਨ ਲੱਗੀ। ਪੁਲਿਸ ਨੇ ਗੁਰਦੁਆਰਾ ਮੰਜੀ ਸਾਹਿਬ ਜਾ ਕੇ ਸੰਗਤਾਂ ਨੂੰ ਜਲੀਲ ਕਰਕੇ ਉਥੋਂ ਕੱਢ ਦਿੱਤਾ। ਸ਼੍ਰੋਮਣੀ ਕਮੇਟੀ ਦੀਆਂ ਜਾਇਜ਼ ਲਾਇਸੈਂਸੀ ਬੰਦੂਕਾਂ ਜਬਤ ਕਰ ਲਈਆਂ। ਅਕਾਲੀ ਸੇਵਾਦਾਰਾਂ ਦੀਆਂ ਬੰਦੂਕਾਂ ਵੀ ਜਬਤ ਕਰ ਲਈਆਂ।

ਪੁਲਿਸ ਦੀ ਅਸਲ ਕਾਰਵਾਈ 3-4 ਜੁਲਾਈ 1955 ਦੀ ਅੱਧੀ ਰਾਤ ਤੋਂ ਸ਼ੁਰੂ ਹੋ ਗਈ। ਬਿਨਾਂ ਵਰੰਟਾਂ ਦੇ ਗ੍ਰਿਫਤਾਰੀਆਂ ਹੋਈਆਂ। ਸਵੇਰੇ 3-4 ਵਜੇ ਹਜ਼ਾਰਾਂ ਪੁਲਿਸ ਵਾਲੇ ਲੈ ਕੇ ਅਸ਼ਵਨੀ ਕੁਮਾਰ ਨੇ ਆਪ ਧਾਵਾ ਬੋਲਿਆ। ਦਰਬਾਰ ਸਾਹਿਬ ਅਤੇ ਗੁਰੂ ਰਾਮਦਾਸ ਸਰਾਂ ਦੇ ਸਾਰੇ ਨਾਕੇ ਰੋਕ ਲਏ ਗਏ। ਪੁਲਿਸ ਦਾ ਸਖਤ ਪਹਿਰਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਦਫਤਰਾਂ 'ਤੇ ਹਮਲਾ ਕੀਤਾ ਗਿਆ। ਦਿੱਲੀ, ਕਾਨਪੁਰ, ਇੰਦੌਰ, ਰਾਜਸਥਾਨ ਦੇ ਸਤਿਆਗ੍ਰਹੀ ਗ੍ਰਿਫਤਾਰ ਕਰ ਲਏ ਅਤੇ ਹੋਰ ਮੁਸਾਫਰ ਵੀ ਟਰੱਕਾਂ ਵਿਚ ਬਿਠਾ ਕੇ ਜੇਲ੍ਹ ਵਿਚ ਲੈ ਗਏ।

ਮੰਜੀ ਸਾਹਿਬ ਦੀਵਾਨ ਤੇ ਧਾਰਾ 144 ਲਗਾ ਕੇ ਦੀਵਾਨ ਰੋਕਣ ਦਾ ਐਲਾਨ ਕਰ ਦਿੱਤਾ। ਪੁਲਿਸ ਨੇ ਗਸ਼ਤ ਤੇਜ ਕਰ ਦਿੱਤੀ। ਪੁਲਿਸ ਵਾਲੇ ਬਾਵਾ ਹਰਿਕ੍ਰਿਸ਼ਨ ਨਾਲ ਉਲਝ ਪਏ ਕਿ ਬਾਵਾ ਜੀ ਜੰਗਲੇ ਉਤੇ ਚੜ੍ਹ ਕੇ ਜੈਕਾਰੇ ਲਾਉਣ ਲੱਗ ਪਏ। ਸਰਦਾਰ ਹੁਕਮ ਸਿੰਘ ਨੇ ਕਿਹਾ ਕਿ ਫੌਜ ਨੂੰ ਵਾਪਸ ਭੇਜੋ। ਫੌਜ ਵਾਪਸ ਚਲੀ ਗਈ। ਪੁਲਿਸ ਨੂੰ ਅੱਗੇ ਵਧਾਉਣਾ ਸ਼ੁਰੂ ਕਰ ਦਿੱਤਾ। ਸਰਦਾਰ ਹੁਕਮ ਸਿੰਘ ਨੇ ਐਲਾਨ ਕੀਤਾ ਕਿ ਸਿੰਘੋ ਹੁਣ ਸਾਨੂੰ ਗੋਲੀਆਂ ਖਾਣੀਆਂ ਪੈਣੀਆਂ ਹਨ। ਜੋ ਗੋਲੀ ਖਾਣ ਲਈ ਤਿਆਰ ਹਨ। ਇੱਥੇ ਰਹਿਣ, ਬਾਕੀ ਚਲੇ ਜਾਣ। ਸਭ ਗੋਲੀਆਂ ਅੱਗੇ ਡਟ ਗਏ।

ਸੰਗਤਾਂ ਨੇ ਮੰਜੀ ਸਾਹਿਬ ਦਾ ਰਾਹ ਸ਼ਾਂਤੀਪੂਰਵਕ ਰੋਕ ਲਿਆ। ਪੁਲਿਸ ਨੇ ਅੱਥਰੂ ਗੈਸ ਅਤੇ ਡਾਂਗਾਂ ਦੀ ਵਰਤੋਂ ਕੀਤੀ। ਸੰਗਤਾਂ ਵਿਚ ਭਗਦੜ ਮੱਚ ਗਈ। ਸਿੰਘ ਡਟੇ ਰਹੇ। ਪੁਲਿਸ ਤਸ਼ੱਦਦ ਕਰਦੀ ਮੰਜੀ ਸਾਹਿਬ ਦੇ ਦੀਵਾਨ ਅਸਥਾਨ 'ਤੇ ਪੁੱਜ ਗਈ। ਬਹੁਤ ਸਾਰੀ ਸੰਗਤ ਪੁਲਿਸ ਕਾਰਵਾਈ ਵਿਚ ਜ਼ਖਮੀ ਹੋ ਗਈ। ਅਸ਼ਵਨੀ ਕੁਮਾਰ ਨੇ ਸੰਗਤਾਂ ਤੇ ਇਲਜਾਮ ਲਾਇਆ ਕਿ ਪ੍ਰਕਰਮਾ ਵਿਚੋਂ ਇੱਟਾਂ ਪੱਥਰ ਮਾਰੇ ਜਾ ਰਹੇ ਹਨ ਅਤੇ 7 ਗੋਲੀਆਂ ਵੀ ਚੱਲੀਆਂ ਹਨ। ਪਰ ਪੁਲਿਸ ਵਾਲੇ ਜ਼ਖਮੀ ਨਹੀਂ ਹੋਏ। ਆਗੂਆਂ ਨੇ ਕਿਹਾ ਕਿ ਪੱਥਰ ਤਾਂ ਭੜਕੀ ਭੀੜ ਵੱਲੋਂ ਮਾਰੇ ਜਾ ਸਕਦੇ ਹਨ ਪਰ ਗੋਲੀਆਂ ਚੱਲਣ ਦੀ ਗੱਲ ਝੂਠੀ ਹੈ। ਦਰਬਾਰ ਸਾਹਿਬ ਦੇ ਗ੍ਰੰਥੀ ਭਾਈ ਚੇਤ ਸਿੰਘ ਦੇ ਮਕਾਨ 'ਤੇ ਅੱਥਰੂ ਗੈਸ ਛੱਡੀ ਗਈ ਅਤੇ ਉਹਨਾਂ ਦਾ ਪਰਿਵਾਰ ਉਥੋਂ ਕੱਢ ਦਿੱਤਾ। ਪੁਲਿਸ ਅਫਸਰਾਂ ਦੀ ਅਗਵਾਈ ਹੇਠ ਪੁਲਿਸ ਨੇ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਇੱਟਾਂ, ਪੱਥਰ ਅਤੇ ਗੈਸ ਦੇ ਗੋਲੇ ਛੱਡੇ। ਪ੍ਰਕਰਮਾ ਵਿਚ ਇਕ ਦੀਵਾਰ ਡਿੱਗ ਪਈ। ਜਿਸ ਹੇਠ ਬਹੁਤ ਸਾਰੀ ਸੰਗਤ ਜ਼ਖਮੀ ਹੋਈ। ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਸਰਦਾਰ ਅਜਾਇਬ ਸਿੰਘ ਨੇ ਦੱਸਿਆ ਕਿ ਦੋ ਸਿੱਖ ਪੁਲਿਸ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ ਹਨ। ਪਰ ਪੁਲਿਸ ਨੇ ਤਸਦੀਕ ਨਹੀਂ ਕੀਤੀ।

ਗੈਸ ਦਰਬਾਰ ਸਾਹਿਬ ਦੀ ਮੰਜ਼ਿਲ ਵੱਲ ਪੁੱਜ ਗਈ। ਕੀਰਤਨ ਅਤੇ ਅਖੰਡ ਪਾਠ ਕਰਨ ਵਾਲੇ ਸੇਵਾਦਾਰਾਂ ਨੂੰ ਬੜੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਗੋਲੀਆਂ ਦੀ ਮਾਰ ਅਕਾਲ ਤਖਤ ਸਾਹਿਬ ਤੱਕ ਹੋਈ। ਸਾਰੀ ਕਾਰਵਾਈ ਦੀਆਂ ਤਸਵੀਰਾਂ ਲਈਆਂ ਗਈਆਂ। ਦਰਬਾਰ ਸਾਹਿਬ ਦੀ ਪਵਿੱਤਰਤਾ ਨੂੰ ਭੰਗ ਕੀਤਾ ਗਿਆ। ਪਰ ਸਤਿਆਗ੍ਰਹਿ ਨਹੀਂ ਰੁਕਿਆ। ਅਖਬਾਰਾਂ ਵਿਚ ਤਸਵੀਰਾਂ ਸਮੇਤ ਵੇਰਵਾ ਛਪਿਆ। ਮੰਜੀ ਸਾਹਿਬ ਤੇ ਪੁਲਿਸ ਦਾ ਕਬਜ਼ਾ ਸੀ। ਪ੍ਰਕਰਮਾ ਵਿਚ ਜਾਣ ਦਾ ਦਰਵਾਜ਼ਾ ਬੰਦ ਸੀ। ਅੱਥਰੂ ਗੈਸ ਦੇ ਗੋਲੇ ਛੱਡੇ ਜਾ ਰਹੇ ਸਨ। ਡਾਂਗਾਂ ਖੜਕ ਰਹੀਆਂ ਸਨ। ਪਿਸਤੌਲਾਂ ਤਣੀਆਂ ਹੋਈਆਂ ਸਨ। ਪਰ ਸਤਿਆਗ੍ਰਹੀ ਨੌਜਵਾਨ ਪਿੱਛੇ ਨਹੀਂ ਹਟੇ। ਅਕਾਲ ਤਖਤ ਸਾਹਿਬ ਦੇ ਸਾਹਮਣੇ ਦੀਵਾਨ ਲੱਗਾ। ਜਥੇਦਾਰ ਮੋਹਨ ਸਿੰਘ ਤੁੜ, ਜਥੇਦਾਰ ਬੂਟਾ ਸਿੰਘ, ਜਥੇਦਾਰ ਤਾਰਾ ਸਿੰਘ ਜੀ ਨੇ ਸਿੰਘਾਂ ਨੂੰ ਅੱਗੇ ਆਉਣ ਲਈ ਕਿਹਾ। ਸਿੰਘ ਸ਼ਾਂਤਮਈ ਡਟ ਗਏ। ਨੌਜਵਾਨ ਕੰਧ ਟੱਪ ਕੇ ਮੰਜੀ ਸਾਹਿਬ ਪਹੁੰਚੇ। ਪੰਜਾਬੀ ਸੂਬਾ ਜਿੰਦਾਬਾਦ ਦੇ ਨਾਅਰੇ ਲਾਉਂਦੇ ਡਾਂਗਾਂ ਖਾਂਦੇ ਤੇ ਉਹ ਗ੍ਰਿਫਤਾਰ ਹੋ ਜਾਂਦੇ। ਸਰਕਾਰ ਨੇ ਰੋਜ਼ਾਨਾ ਪ੍ਰਭਾਤ ਅਤੇ ਅਕਾਲੀ ਅਖਬਾਰਾਂ ਦੇ ਪ੍ਰਕਾਸ਼ਨ ਰੋਕ ਦਿੱਤੇ। ਅਜੀਤ ਅਤੇ ਅਕਾਲੀ ਪੱਤ੍ਰਿਕਾ ਤੇ ਰੋਕ ਦੀ ਕਾਰਵਾਈ ਹੋਈ। ਚਾਰੇ ਅਖਬਾਰਾਂ 4-9 ਜੁਲਾਈ 1955 ਤੱਕ ਬੰਦ ਰਹੀਆਂ ਤਾਂ ਜੋ ਪੁਲਿਸ ਤਸ਼ੱਦਦ ਦੀਆਂ ਖਬਰਾਂ ਅਖਬਾਰਾਂ ਰਾਹੀਂ ਬਾਹਰ ਨਾ ਨਿਕਲਣ। ਪੰਜ ਦਿਨਾਂ ਬਾਅਦ ਅਖਬਾਰ ਬਹਾਲ ਹੋਏ। ਭਾਵੇਂ ਬੀ. ਬੀ. ਸੀ. ਲੰਡਨ ਅਤੇ ਅਮਰੀਕਾ ਤੱਕ ਖਬਰਾਂ ਪੁੱਜ ਚੁੱਕੀਆਂ ਸਨ।

ਪੁਲਿਸ ਦਾ ਖਿਆਲ ਸੀ ਕਿ ਮੰਜੀ ਸਾਹਿਬ ਦੀਵਾਨ ਅਸਥਾਨ 'ਤੇ ਕਬਜ਼ਾ ਕਰਕੇ, ਦਰਬਾਰ ਸਾਹਿਬ ਦੀ ਨਾਕਾਬੰਦੀ ਕਰਕੇ ਉਹ ਮੋਰਚਾ ਕੁਚਲ ਦੇਣਗੇ। ਪੁਲਿਸ ਨੇ ਮੰਜੀ ਸਾਹਿਬ ਛਾਉਣੀ ਪਾ ਲਈ। ਗੁਰੂ ਰਾਮਦਾਸ ਸਰਾਂ, ਲੰਗਰ, ਪ੍ਰਕਾਸ਼ ਅਸਥਾਨ ਅਤੇ ਚਲਾਏ ਜਾ ਰਹੇ ਲੰਗਰਾਂ 'ਤੇ ਕਬਜ਼ਾ ਕਰ ਲਿਆ।

**(ਬਾਕੀ ਅਗਲੇ ਅੰਕ ਵਿਚ)**

# ਮੌਜਾਂ ਵੀ, ਮਿਹਨਤ ਵੀ, ਬਣਾਓ ਛੁੱਟੀਆਂ ਨੂੰ ਲਾਭਦਾਇਕ



ਰਾਜਿੰਦਰ ਸਿੰਘ ਰਾਜਨ ਪਠਾਨਕੋਟ
9417427656

ਪਿਆਰੇ ਵਿਦਿਆਰਥੀਓ, ਸਿੱਖਿਆ ਵਿਭਾਗ ਪੰਜਾਬ ਵੱਲੋਂ ਗਰਮੀ ਦੀਆਂ ਛੁੱਟੀਆਂ ਦਾ ਐਲਾਨ ਕਰ ਦਿੱਤਾ ਗਿਆ ਹੈ। ਇਹ ਛੁੱਟੀਆਂ ਤੁਹਾਡੇ ਲਈ ਮੌਜਾਂ ਭਰੀਆਂ ਰੁੱਤਾਂ ਦਾ ਤੋਹਫ਼ਾ ਹਨ, ਪਰ ਇਨ੍ਹਾਂ ਦਿਨਾਂ ਨੂੰ ਸਿਰਫ਼ ਆਰਾਮ ਅਤੇ ਮਨੋਰੰਜਨ ਤੱਕ ਸੀਮਤ ਕਰਨਾ ਤੁਹਾਡੇ ਸੁਨਹਿਰੇ ਭਵਿੱਖ ਲਈ ਨਿਆਂ ਨਹੀਂ ਹੋਵੇਗਾ। ਸਹੀ ਮਾਇਨੇ ਵਿਚ ਛੁੱਟੀਆਂ ਦੀ ਮਿਠਾਸ ਤਾਂ ਉਦੋਂ ਹੀ ਹੁੰਦੀ ਹੈ ਜਦੋਂ ਅਸੀਂ ਖੇਡਾਂ-ਕੁੱਦਾਂ ਦੇ ਨਾਲ-ਨਾਲ ਆਪਣੀ ਪੜ੍ਹਾਈ ਵੱਲ ਵੀ ਉਤਨੀ ਹੀ ਲਗਨ ਨਾਲ ਧਿਆਨ ਦੇਂਦੇ ਹਾਂ। ਇਹ ਸਮਾਂ ਤੁਹਾਡੇ ਕੋਲ ਆਪਣੇ ਮਨਪਸੰਦ ਵਿਸ਼ਿਆਂ ਦੀ ਦੁਹਰਾਈ ਕਰਨ, ਨਵੀਆਂ ਕਿਤਾਬਾਂ ਪੜ੍ਹਨ ਅਤੇ ਆਪਣੇ ਗਿਆਨ ਨੂੰ ਹੋਰ ਵਧਾਉਣ ਲਈ ਇਕ ਸੁਨਹਿਰੀ ਮੌਕਾ ਹੈ।ਆਉਣ ਵਾਲੇ ਸਮੇਂ ਦੀ ਤਿਆਰੀ ਅੱਜ ਦੀ ਲਗਨ 'ਤੇ ਨਿਰਭਰ ਕਰਦੀ ਹੈ। ਇਸ ਲਈ, ਗਰਮੀ ਦੀਆ ਛੁੱਟੀਆਂ ਵਿੱਚ ਆਪਣਾ ਰੋਜ਼ਾਨਾ ਸਮਾਂ ਐਸੇ ਤਰੀਕੇ ਨਾਲ ਵੰਡੋ ਕਿ ਮਨੋਰੰਜਨ, ਖੇਡਾਂ, ਪਰਿਵਾਰ ਨਾਲ ਸਮਾਂ ਬਿਤਾਉਣ ਦੇ ਨਾਲ ਪੜ੍ਹਾਈ ਨੂੰ ਵੀ ਮਹੱਤਵ ਦਿਵਾਇਆ ਜਾ ਸਕੇ। ਪਰ ਇਹ ਗੱਲ ਸਾਫ ਤੇ ਸਪਸ਼ਟ ਹੈ ਕਿ ਸਫਲਤਾ ਉਨ੍ਹਾਂ ਦੀ ਝੋਲੀ ਵਿੱਚ ਪੈਂਦੀ ਹੈ ਜੋ ਹਰ ਪਲ ਨੂੰ ਸਮਝਦਾਰੀ ਨਾਲ ਵਰਤਦੇ ਹਨ, ਇਸ ਲਈ, ਛੁੱਟੀਆਂ ਦੇ ਹਰ ਦਿਨ ਨੂੰ ਉਤਸ਼ਾਹ, ਲਗਨ ਅਤੇ ਸਿੱਖਣ ਦੀ ਭੁੱਖ ਨਾਲ ਜੀ ਤਾਂ ਹੀ ਜਾਕੇ ਫਿਰ ਮੌਜਾਂ ਵੀ ਬਣਨ, ਮਿਹਨਤ ਵੀ ਬਣੇ ਤੇ ਭਵਿੱਖ ਸਵਰੇ !

ਛੁੱਟੀਆਂ ਦੇ ਦਿਨਾਂ ਵਿੱਚ ਜਿਵੇਂ ਸਕੂਲ ਵਿੱਚ ਸਮਾਂ ਸਾਰਣੀ ਅਨੁਸਾਰ ਪਾਠ ਪੜ੍ਹਾਏ ਜਾਂਦੇ ਹਨ। ਸਵੇਰ ਦੀ ਸਭਾ ਤੋਂ ਲੈ ਕੇ ਵੱਖ-ਵੱਖ ਪੀਰੀਅਡਾਂ ਵਿੱਚ ਅੰਗਰੇਜ਼ੀ, ਹਿਸਾਬ, ਸਾਇੰਸ, ਪੰਜਾਬੀ, ਹਿੰਦੀ, ਸਰੀਰਕ ਸਿੱਖਿਆ, ਡਰਾਇੰਗ ਆਦਿ ਵਿਸ਼ਿਆਂ ਦੀ ਪੜ੍ਹਾਈ ਹੁੰਦੀ ਹੈ, ਉਸੇ ਤਰ੍ਹਾਂ ਛੁੱਟੀਆਂ ਦੌਰਾਨ ਵੀ ਅਸੀਂ ਆਪਣਾ ਸਮਾਂ ਵਿਅਰਥ ਨਹੀਂ ਗੁਆਉਣਾ, ਇਸੇ ਲਈ ਘਰ ਵਿੱਚ ਵੀ ਇੱਕ ਮਨਪਸੰਦ ਸਮਾਂ ਸਾਰਣੀ ਬਣਾਉਣੀ ਚਾਹੀਦੀ ਹੈ। ਸਵੇਰੇ ਸਵੇਰੇ ਉਠ ਕੇ ਤਾਜ਼ਗੀ ਨਾਲ ਜੰਗਲ ਪਾਣੀ ਕਰਨਾ, ਦੰਦਾਂ ਦੀ ਸਫਾਈ ਕਰਨੀ, ਨਹਾਉਣਾ, ਸਾਫ਼-ਸੁਥਰੇ ਕੱਪੜੇ ਪਾ ਕੇ ਭੋਜਨ ਕਰਨਾ, ਫਿਰ ਨਿਰਧਾਰਿਤ ਸਮਾਂ ਅਨੁਸਾਰ ਪੜ੍ਹਾਈ ਵਿੱਚ ਲੱਗ ਜਾਣਾ, ਇਹ ਤੁਹਾਡੀ ਦਿਨਚਰਿਆ ਦਾ ਅਹਿਮ ਹਿੱਸਾ ਬਣ ਜਾਵੇ ਅਤੇ ਅਧਿਆਪਕਾਂ ਵੱਲੋਂ ਦਿੱਤੇ ਹੋਏ ਅੰਗਰੇਜ਼ੀ, ਸਮਾਜਿਕ ਸਿੱਖਿਆ, ਹਿਸਾਬ, ਸਾਇੰਸ, ਸਿਹਤ ਤੇ ਸਰੀਰਕ ਸਿੱਖਿਆ, ਪੰਜਾਬੀ, ਹਿੰਦੀ, ਡਰਾਇੰਗ ਆਦਿ ਦੇ "ਹੋਮ ਵਰਕ" ਨੂੰ ਨਿਰੰਤਰਤਾ ਨਾਲ ਕਾਪੀਆਂ ਵਿੱਚ ਲਿਖੋ ਅਤੇ ਉਸ ਨੂੰ ਯਾਦ ਵੀ ਕਰਦੇ ਰਹੋ। ਇਹ ਨਿਸ਼ਚਿਤ ਤੌਰ 'ਤੇ ਤੁਹਾਡੀ ਸਮਝ ਅਤੇ ਲਿਖਤ ਦੋਹਾਂ ਵਿੱਚ ਨਿਖਾਰ ਲਿਆਉਣ ਵਿੱਚ ਸਹਾਇਕ ਹੋਵੇਗਾ।

ਇਸ ਦੇ ਨਾਲ-ਨਾਲ ਹਰ ਰੋਜ਼ ਕੁਝ ਸਮਾਂ ਪਾਠਕ੍ਰਮ ਤੋਂ ਇਲਾਵਾ ਪਸੰਦੀਦਾ ਕਿਤਾਬਾਂ ਪੜ੍ਹਨ ਲਈ ਰਾਖੋ, ਰੋਜ਼ ਇੱਕ ਨਵਾਂ ਸ਼ਬਦ ਅੰਗਰੇਜ਼ੀ, ਪੰਜਾਬੀ ਆਦਿ ਵਿੱਚ ਸਿੱਖੋ ਤੇ ਉਸ ਨਾਲ ਵਾਕ ਬਣਾਉ, ਮਾਪਿਆਂ ਦੇ ਘਰੇਲੂ ਕੰਮਾ ਵਿੱਚ ਸਹਿਯੋਗ ਕਰੋ, ਖੇਡਾਂ ਵਿੱਚ ਭਾਗ ਲਵੋ, ਤੇ ਸਿਹਤਮੰਦ ਬਣੋ ਅਤੇ ਸੱਭਿਆਚਾਰਕ ਕਰਤੱਵਾਂ ਜਿਵੇਂ ਗੀਤ, ਕਵਿਤਾ, ਚਿੱਤਰਕਾਰੀ ਜਾਂ ਨਾਟਕ ਵਿੱਚ ਦਿਲਚਸਪੀ ਲੈਣ ਦੀ ਕੋਸ਼ਿਸ਼ ਕਰੋ। ਇੱਧਰ-ਉੱਧਰ ਫਿਰਨਾ, ਫਜ਼ੂਲ ਸਮੇਂ ਵਿੱਚ ਗੱਪਾਂ ਮਾਰਨੀਆਂ, ਸਮੇਂ ਦੀ ਬਰਬਾਦੀ ਕਰਨ ਤੋਂ ਚੰਗਾ ਕੇ ਉਹ ਆਪਣੇ ਸਰੀਰ ਨੂੰ ਰਿਸ਼ਟ-ਪੁਸ਼ਟ ਬਣਾਉਣ ਲਈ ਸਵੇਰੇ ਯੋਗ ਆਸਣ ਕਰਕੇ ਆਪਣੇ ਸਰੀਰ ਨੂੰ ਅਨੇਕਾ ਬਿਮਾਰੀਆਂ ਤੋਂ ਨਿਜਾਤ ਦਿਵਾਉ ਕਿਉਕਿ ਯੋਗ ਇਕ ਐਸੀ ਵਿਦਿਆ ਹੈ ਜੋ ਸਦੀਆਂ ਤੋਂ ਮਨੁੱਖੀ ਜੀਵਨ ਨੂੰ ਤੰਦਰੁਸਤ, ਲੰਬੇ ਤੇ ਆਤਮਿਕ ਤੌਰ 'ਤੇ ਸੰਤੁਲਿਤ ਬਣਾਈ ਰੱਖਣ ਲਈ ਵਰਤੀ ਜਾਂਦੀ ਆ ਰਹੀ ਹੈ। ਅੱਜ ਦੇ ਵਿਗਿਆਨਕ ਯੁੱਗ ਵਿੱਚ ਵੀ ਯੋਗ ਦੇ ਲਾਭ ਸਿਰਫ਼ ਭਾਰਤ ਵਿੱਚ ਹੀ ਨਹੀਂ, ਸਾਰੀ ਦੁਨੀਆਂ ਵਿੱਚ ਮੰਨੇ ਜਾਂਦੇ ਹਨ। ਚੱਕਰ ਆਸਣ, ਸਰਵਾਂਗ ਆਸਣ, ਧਨੁਰ ਆਸਣ, ਪਸਚਿਮੋਤਾਨ ਆਸਣ, ਪ੍ਰਾਣਾਯਾਮ, ਉਸ਼ਤਰਾ ਆਸਣ, ਭੁਜੰਗ ਆਸਣ, ਮਕਰ ਆਸਣ, ਸ਼ਵ ਆਸਣ, ਵਜਰਾ ਆਸਣ, ਸਿੱਧ ਆਸਣ, ਸੁੱਖ ਆਸਣ, ਪਦਮ ਆਸਣ ਆਦਿ ਸਾਰੇ ਆਸਣ ਸੌਖੇ, ਘਰ ਵਿੱਚ ਬਿਨਾਂ ਕਿਸੇ ਵੱਡੇ ਸਾਧਨ ਦੇ ਕੀਤੇ ਜਾ ਸਕਦੇ ਹਨ। ਇਹ ਸਿਰਫ਼ ਸਰੀਰਕ ਵਿਆਯਾਮ ਹੀ ਨਹੀਂ, ਸਗੋਂ ਮਨ ਅਤੇ ਆਤਮਾ ਲਈ ਵੀ ਇਕ ਸੰਤੁਲਨਕਾਰੀ ਜਪ ਹਨ। ਯੋਗ ਦੇ ਨਾਲ ਸਰੀਰ ਦੇ ਅੰਦਰਲੇ ਅੰਗ ਠੀਕ ਢੰਗ ਨਾਲ ਕੰਮ ਕਰਨ ਲੱਗ ਪੈਂਦੇ ਹਨ, ਪਾਚਨ ਪ੍ਰਣਾਲੀ ਸੁਚਾਰੂ ਹੋ ਜਾਂਦੀ ਹੈ, ਮਨ ਦੀ ਚਿੰਤਾ, ਘਬਰਾਹਟ ਅਤੇ ਤਣਾਅ ਕੱਟਦਾ ਹੈ, ਨੀਂਦ ਸੁਚੱਜੀ ਆਉਂਦੀ ਹੈ, ਮਾਨਸਿਕ ਸ਼ਕਤੀਆਂ ਵਿੱਚ ਇਜ਼ਾਫਾ ਹੁੰਦਾ ਹੈ, ਇਮਿਊਨ ਸਿਸਟਮ ਮਜ਼ਬੂਤ ਹੋ ਜਾਂਦਾ ਹੈ ਜੋ ਸਾਨੂੰ ਬਿਮਾਰੀਆਂ ਤੋਂ ਬਚਾਉਂਦਾ ਹੈ, ਸਰੀਰ ਲਚਕਦਾਰ ਬਣਦਾ ਹੈ ਜਿਸ ਨਾਲ ਹੱਡੀਆਂ ਤੇ ਮਾਸ ਪੇਸ਼ੀਆਂ ਵੀ ਫੁਰਤੀਲੇਪਣ ਵਿੱਚ ਰਹਿੰਦੀਆ ਹਨ।



ਹਰ ਵਿਅਕਤੀ ਭਲੀ ਭਾਂਤ ਜਾਣਦਾ ਹੈ ਕਿ ਯੋਗ ਮਨੁੱਖ ਨੂੰ ਚੁਸਤ, ਚਲਾਕ ਤੇ ਆਤਮ-ਨਿਰਭਰ ਬਣਾਉਂਦਾ ਹੈ। ਇਹ ਆਸਣ ਸਾਨੂੰ ਸਿਰਫ਼ ਤੰਦਰੁਸਤ ਨਹੀਂ ਰੱਖਦੇ, ਸਗੋਂ ਜੀਵਨ ਜੀਊਣ ਦੀ ਇੱਕ ਅਜਿਹੀ ਰਾਹਦਾਰੀ ਦਿਖਾਉਂਦੇ ਹਨ ਜਿਸ ਵਿੱਚ ਤਣਾਅ ਤੋਂ ਰਹਿਤ, ਆਤਮਕ ਤੌਰ ਤੇ ਸ਼ਾਂਤ ਤੇ ਸਫਲ ਜੀਵਨ ਵੱਸਦਾ ਹੈ। ਸਵੇਰ ਦੀ ਠੰਡੀ ਹਵਾ ਵਿੱਚ, ਪੰਛੀਆਂ ਦੀ ਚਹਚਹਾਟ ਵਿਚ, ਖੁੱਲ੍ਹੇ ਆਸਮਾਨ ਹੇਠਾਂ ਜਦੋਂ ਵਿਦਿਆਰਥੀ ਕੁਝ ਸਮਾਂ ਆਪਣੇ ਆਪ ਲਈ ਕੱਢਦੇ ਹਨ, ਤਾਂ ਇਹ ਨਾ ਸਿਰਫ਼ ਸਰੀਰ ਲਈ ਵਰਦਾਨ ਹੁੰਦਾ ਹੈ, ਬਲਕਿ ਮਨ ਦੀ ਅੰਦਰੂਨੀ ਦੁਨੀਆਂ ਨੂੰ ਵੀ ਰੌਸ਼ਨ ਕਰ ਦਿੰਦਾ ਹੈ ਸੋ ਆਉ ਯੋਗ ਆਸਣ ਅਪਣਾਕੇ ਆਪਣੇ ਆਪ ਨੂੰ ਇਹਨਾਂ ਛੁੱਟੀਆਂ ਵਿੱਚ ਤੰਦਰੁਸਤ, ਖੁਸ਼ਹਾਲ ਤੇ ਆਤਮ-ਚੇਤਨ ਬਣਾਈਏ।

ਛੁੱਟੀਆ ਵਿੱਚ ਸਕੂਲੀ ਵਿਦਿਆਰਥੀ ਆਪਣੀਆਂ ਵਿਰਾਸਤੀ ਛੋਟੀਆਂ ਖੇਡਾਂ ਕੋਟਲਾ ਛਪਾਕੀ, ਜੰਡ ਬ੍ਰਾਹਮਣ, ਲੁਕਣ ਮੀਟੀ, ਚੀਚੋ-ਚੀਚ ਪਚੋਲੀਆਂ, ਕਾਵਾਂ ਘੋੜੀ, ਰੱਸਾ ਕੱਸੀ, ਬਿੱਲ ਬੱਚਿਆਂ ਦੀ ਮਾਂ,ਅਣਜਾਣੇ ਮਨ ਮਾਨ ਚਲੇ, ਰੱਬ ਦੀ ਖੁੱਡੀ, ਸਟਾਪੂ, ਪਿੱਠੂ, ਕੀੜ ਕੜਾਂਗ ਆਦਿ ਨਾਲ ਜੁੜਕੇ ਮਜ਼ੇ ਲੈਣ ਅਤੇ ਸਰੀਰ ਦਾ ਸੰਪੂਰਨ ਵਿਕਾਸ ਕਰਨ ਕਿਉਂਕਿ ਇਹ ਵਿਰਾਸਤੀ ਛੋਟੀਆਂ ਖੇਡਾਂ ਸਾਡੇ ਪਿੰਡਾਂ ਦੀ ਸੰਸਕ੍ਰਿਤੀ ਦਾ ਵੀ ਅਟੁੱਟ ਅੰਗ ਹਨ। ਇਹ ਸਾਨੂੰ ਭਾਈਚਾਰੇ ਦੀ ਭਾਵਨਾ, ਸਹਿਯੋਗ, ਅਤੇ ਮਿਲ-ਬੈਠਣ ਦੀ ਰੀਤ ਸਿਖਾਉਂਦੀਆਂ ਹਨ। ਇਹ ਖੇਡਾਂ ਬੱਚਿਆਂ ਦੀ ਚਲਾਕੀ, ਨਿਰਣੈ ਲੈਣ ਦੀ ਸਮਰਥਾ, ਅਤੇ ਮਨੋਰੰਜਨ ਦੇ ਨਾਲ-ਨਾਲ ਸਰੀਰਕ ਬਲ, ਚੁਸਤੀ ਤੇ ਸਹਿਨਸ਼ੀਲਤਾ ਨੂੰ ਵੀ ਵਧਾਉਂਦੀਆਂ ਹਨ। ਖੇਡਾਂ ਰਾਹੀਂ ਬੱਚਿਆਂ ਦੇ ਸਰੀਰ ਵਿਚ ਐਨਰਜੀ ਦਾ ਸੰਚਾਰ ਹੁੰਦਾ ਹੈ, ਉਨ੍ਹਾਂ ਦਾ ਮਨ ਖੁਸ਼ ਰਹਿੰਦਾ ਹੈ, ਅਤੇ ਉਹਨਾਂ ਦੇ ਵਿਚਾਰ ਵੀ ਸਕਾਰਾਤਮਕ ਬਣਦੇ ਹਨ।

ਛੁੱਟੀਆਂ ਵਿੱਚ ਮਾਂ-ਪਿਉ ਦੇ ਕੰਮਾਂ ਵਿੱਚ ਮਦਦ ਕਰੋ ਤੇ ਜਾਂ ਨਾਨਕੇ ਪਿੰਡ ਜਾਂ ਕਿਸੇ ਹੋਰ ਰਿਸ਼ਤੇਦਾਰ ਕੋਲ ਛੁੱਟੀਆਂ ਮਨਾਉਣ ਜਾਂਦੇ ਹੋ, ਤਾਂ ਇਨ੍ਹਾਂ ਦਿਨਾਂ ਨੂੰ ਸਿਰਫ਼ ਆਲਸੀ ਹੋ ਕੇ ਗੁਜ਼ਾਰਨਾ ਉਚਿਤ ਨਹੀਂ। ਉਥੇ ਵੀ ਆਪਣੇ ਦਿਨ ਦੀ ਯੋਜਨਾ ਬਣਾ ਕੇ, ਵਕਤ ਦੀ ਕਦਰ ਕਰਦੇ ਹੋਏ, ਮਾਪਿਆਂ ਦੇ ਘਰੇਲੂ ਕੰਮਾਂ ਵਿੱਚ ਹੱਥ ਵਟਾਉਣਾ ਤੁਹਾਡੀ ਜ਼ਿੰਮੇਵਾਰੀ ਹੈ। ਜਦੋਂ ਤੁਸੀਂ ਕਿਸੇ ਰਿਸ਼ਤੇਦਾਰ ਦੇ ਘਰ ਵਿਚ ਮੱਦਦਗਾਰ ਬਣਦੇ ਹੋ, ਉਹ ਤੁਹਾਨੂੰ ਸਿਰਫ਼ ਪਿਆਰ ਨਹੀਂ ਦਿੰਦੇ, ਸਗੋਂ ਤੁਹਾਡੀ ਉਡੀਕ ਅਗਲੀ ਵਾਰੀ ਵੀ ਉਮੀਦਾਂ ਨਾਲ ਕਰਦੇ ਹਨ। ਇਹ ਵਿਹਾਰ ਤੁਹਾਨੂੰ ਸੰਸਕਾਰ, ਸਮਰਪਣ ਅਤੇ ਨਿਰਭਰਤਾ ਸਿਖਾਉਂਦਾ ਹੈ।

ਇਸ ਤੋ ਇਲਾਵਾ ਛੁੱਟੀਆ ਦੌਰਾਨ ਹਮੇਸ਼ਾ ਆਪਣੀ ਜ਼ਿੰਦਗੀ ਨੂੰ ਸੰਭਾਲ ਕੇ, ਨਿਯਮਾਂ ਦੇ ਰਾਹੀ ਚਲੋ। ਜਦੋਂ ਵੀ ਘਰੋਂ ਬਾਹਰ ਨਿਕਲੋ, ਟਰਾਂਸਪੋਰਟ ਜਾਂ ਰੋਡ ਵਰਤੋ, ਤਾਂ ਸੜਕ ਸੁਰੱਖਿਆ ਨੂੰ ਕਦੇ ਨਾ ਭੁੱਲੋ। ਅਕਸਰ ਦੇਖਣ ਵਿੱਚ ਆਉਂਦਾ ਹੈ ਕਿ ਸੜਕਾਂ ਉੱਤੇ ਬੇਪਰਵਾਹੀ ਅਤੇ ਲਾਪਰਵਾਹੀ ਰਵੱਈਏ ਕਾਰਨ ਹੋਣ ਵਾਲੀਆਂ ਦੁਰਘਟਨਾਵਾਂ ਕਿਸੇ ਦੀ ਕੀਮਤੀ ਜਾਨ ਲੈ ਲੈਂਦੀਆਂ ਹਨ ਸੋ, ਛੁੱਟੀਆ ਵਿੱਚ ਹਰ ਵਿਦਿਆਰਥੀ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਸੜਕ ਪਾਰ ਕਰਦਿਆਂ ਕਿਨਾਰੀ ਲਾਈਨ ਦੀ ਵਰਤੋਂ ਕਰੋ, ਲਾਲ, ਹਰਾ ਤੇ ਪੀਲਾ ਟ੍ਰੈਫਿਕ ਲਾਈਟ ਸਿਸਟਮ ਸਮਝੋ ਅਤੇ ਮੰਨੋ, ਸਾਈਕਲ ਜਾਂ ਸਕੂਟੀ ਚਲਾਉਂਦੇ ਹੋਏ ਹਮੇਸ਼ਾ ਹੈਲਮੈਟ ਦਾ ਇਸਤੇਮਾਲ ਕਰੋ, ਸੜਕ ਦੇ ਖੱਬੇ ਪਾਸੇ ਚੱਲੋ, ਯਾਤਰਾ ਸੁਰਖਿਆ ਲਈ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰੋ, ਫੋਨ ਦਾ ਇਸਤੇਮਾਲ ਨਾ ਕਰੋ, ਕਿਸੇ ਵੀ ਆਉਣ ਵਾਲੇ ਵਾਹਨ ਦੇ ਅਗੇ ਦੌੜ ਕੇ ਸੜਕ ਕਦੇ ਵੀ ਪਾਰ ਨਾ ਕਰੋ। ਇਹ ਛੋਟੇ-ਛੋਟੇ ਕਦਮ ਤੁਹਾਡੀ ਜਾਨ ਦੀ ਰਾਖੀ ਕਰ ਸਕਦੇ ਹਨ।

ਅੰਤ: ਇਹ ਗਰਮੀਆਂ ਦੀਆਂ ਛੁੱਟੀਆਂ ਇੱਕ ਐਸਾ ਮੌਕਾ ਹਨ, ਜਿਥੇ ਤੁਸੀਂ ਆਪਣੇ ਜੀਵਨ ਨੂੰ ਅਨੁਸ਼ਾਸਨ, ਸਿਹਤ, ਖੇਡ, ਸੇਵਾ ਤੇ ਸੁਰੱਖਿਆ ਦੇ ਰਾਹੀਂ ਨਵੀਂ ਦਿਸ਼ਾ ਦੇ ਸਕਦੇ ਹੋ। ਇਹ ਦਿਨ ਸਿਰਫ਼ ਮਨੋਰੰਜਨ ਦੇ ਨਹੀਂ, ਸਵੈ ਵਿਕਾਸ, ਚੰਗੇ ਆਚਰਨ, ਤੇ ਸਿੱਖਣ-ਸਿਖਾਉਣ ਦੇ ਦਿਨ ਹਨ। ਆ ਇਹ ਛੁੱਟੀਆਂ ਕਿਤਾਬਾਂ, ਆਸਣਾਂ, ਖੇਡਾਂ, ਸੇਵਾ ਅਤੇ ਸੰਸਕਾਰਾਂ ਦੀ ਖੂਬਸੂਰਤ ਸੱਜੀ ਹੋਈ ਚੋਪਾਲ ਬਣਾਈਏ ਜੋ ਤੁਹਾਡੇ ਜੀਵਨ ਦਾ ਨਵਾਂ ਅਧਿਆਏ ਲਿਖੇ।

# ਭਾਰਤ ਵਿੱਚ ਸਭ ਤੋਂ ਵੱਡੇ ਖ਼ਤਰੇ ਦਾ ਸਾਹਮਣਾ ਕਰ ਰਿਹਾ ਹੈ ਸਾਂਝਾ ਪਰਿਵਾਰ

**ਵਿਜੈ ਗਰਗ**

ਭਾਰਤੀ ਸਾਂਝੇ ਪਰਿਵਾਰਾਂ ਦਾ ਪਿਛੋਕੜ ਉਸ ਮਨੁੱਖੀ ਸੰਵੇਦਨਾ ਨਾਲ ਜੁੜਿਆ ਹੋਇਆ ਹੈ ਜਿਸ ਵਿੱਚ ਪੂਰੀ ਦੁਨੀਆਂ ਨੂੰ ਆਪਣਾ ਪਰਿਵਾਰ ਮੰਨਿਆ ਜਾਂਦਾ ਹੈ। ਹਜ਼ਾਰਾਂ ਸਾਲਾਂ ਤੋਂ, ਭਾਰਤੀ ਪਰਿਵਾਰਾਂ ਦੀ ਪਛਾਣ ਦੌਲਤ, ਅਹੁਦੇ, ਜਾਇਦਾਦ ਦੁਆਰਾ ਨਹੀਂ, ਸਗੋਂ ਉਨ੍ਹਾਂ ਵਿੱਚ ਸ਼ਾਮਲ ਕਦਰਾਂ-ਕੀਮਤਾਂ, ਵਿਸ਼ਵਾਸਾਂ, ਨਿਯਮਾਂ ਅਤੇ ਸੰਕਲਪਾਂ ਦੁਆਰਾ ਕੀਤੀ ਜਾਂਦੀ ਰਹੀ ਹੈ। ਰਾਜਸ਼ਾਹੀ ਵਿੱਚ ਵੀ, ਪਰਿਵਾਰਾਂ ਦੀ ਮਹੱਤਤਾ ਉਹੀ ਰਹੀ ਜਿਵੇਂ ਅੱਜ ਲੋਕਤੰਤਰ ਵਿੱਚ ਵਿਅਕਤੀ ਪਰਿਵਾਰ ਦੀ ਇਕਾਈ ਹੈ। ਇਸ ਲਈ, ਇਹ ਜ਼ਰੂਰੀ ਹੈ ਕਿ ਹਰ ਵਿਅਕਤੀ ਦਾ ਆਪਸੀ ਰਿਸ਼ਤਾ ਅਤੇ ਵਿਵਹਾਰ ਬਿਹਤਰ ਹੋਵੇ। ਯਤ੍ਰ ਵਿਸ਼ਵਮ ਭਵਤਿ ਏਕ ਨੀੜਮ ਦਾ ਅਰਥ ਹੈ ਸੰਸਾਰ ਇੱਕ ਪਰਿਵਾਰ ਵਰਗਾ ਹੈ। ਸਾਡੀ ਪਰੰਪਰਾ ਦੁਨੀਆ ਨਾਲ ਜੁੜਨ ਅਤੇ ਮਨੁੱਖੀ ਸੱਭਿਆਚਾਰਾਂ ਦੇ ਸਾਰੇ ਰੂਪਾਂ ਨੂੰ ਅਪਣਾਉਣ ਵਿੱਚ ਉਦਾਰ ਰਹੀ ਹੈ। ਪਰਿਵਾਰ ਸਮਾਜ ਦੀ ਸਭ ਤੋਂ ਮਹੱਤਵਪੂਰਨ ਇਕਾਈ ਹੈ। ਦੁਨੀਆਂ ਦੇ ਹਰ ਸੱਭਿਅਕ ਵਿਅਕਤੀ ਦਾ ਫਰਜ਼ ਹੈ ਕਿ ਉਹ ਇਸ ਇਕਾਈ ਦਾ ਸਤਿਕਾਰ ਕਰੇ ਅਤੇ ਇਸਦਾ ਹਿੱਸਾ ਬਣੇ ਅਤੇ ਪਰਿਵਾਰ ਦੇ ਨਾਲ-ਨਾਲ ਆਪਣੀ ਮਹੱਤਤਾ ਨੂੰ ਬਣਾਈ ਰੱਖੇ। ਸਾਡੀ ਵੈਦਿਕ ਸਨਾਤਨ ਪਰੰਪਰਾ ਵਿੱਚ ਔਰਤਾਂ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ। ਪਰਿਵਾਰ ਦੀ ਔਰਤ ਨੂੰ ਉਹ ਸਤਿਕਾਰ ਦਿ ਜਿਸਦੀ ਉਹ ਹੱਕਦਾਰ ਹੈ। ਦੁਨੀਆਂ ਵਿੱਚ ਔਰਤਾਂ ਪ੍ਰਤੀ ਮਰਦਾਂ ਦੇ ਰਵੱਈਏ ਵਿੱਚ ਬਦਲਾਅ ਆਇਆ ਹੈ, ਪਰ ਉਸਨੂੰ ਉਹ ਸਤਿਕਾਰ ਨਹੀਂ ਦਿੱਤਾ ਗਿਆ ਜਿਸਦੀ ਉਹ ਹੱਕਦਾਰ ਹੈ। ਇੱਕ ਆਦਰਸ਼ ਪਰਿਵਾਰ ਦੀ ਸਿਰਜਣਾ ਇੱਕ ਆਦਰਸ਼ ਸਮਾਜ ਦੀ ਸਿਰਜਣਾ ਵੱਲ ਲੈ ਜਾਂਦੀ ਹੈ; ਇਸ ਦ੍ਰਿਸ਼ਟੀਕੋਣ ਤੋਂ ਵੀ ਸਾਂਝਾ ਪਰਿਵਾਰ ਮਹੱਤਵਪੂਰਨ ਹੈ। ਸਰਵੇਖਣ ਦਰਸਾਉਂਦੇ ਹਨ ਕਿ ਪਰਿਵਾਰਕ ਸਮੱਸਿਆਵਾਂ ਵਿੱਚ ਲਗਾਤਾਰ ਵਾਧਾ ਹੋਇਆ ਹੈ। ਭਾਰਤ ਵਿੱਚ ਜਿੱਥੇ ਪਰਿਵਾਰ ਕਦੇ ਵੀ ਸਭ ਤੋਂ ਮਜ਼ਬੂਤ ਨਹੀਂ ਹੁੰਦਾ। ਜੋ ਪਹਿਲਾਂ ਇੱਕ ਇਕਾਈ ਹੁੰਦੀ ਸੀ, ਉਸਦੀ ਤਾਕਤ ਕਈ ਸਮੱਸਿਆਵਾਂ ਅਤੇ ਪਰਿਵਾਰਕ ਕਦਰਾਂ-ਕੀਮਤਾਂ ਦੇ ਖੋਰੇ ਕਾਰਨ ਲਗਾਤਾਰ ਕਮਜ਼ੋਰ ਹੁੰਦੀ ਜਾ ਰਹੀ ਹੈ। ਪਰਿਵਾਰਾਂ ਵਿੱਚ ਨਵੀਆਂ ਸਮੱਸਿਆਵਾਂ ਦਿਖਾਈ ਦਿੰਦੀਆਂ ਹਨ। ਜੇਕਰ ਅੱਜ ਭਾਰਤ ਵਿੱਚ ਕੋਈ ਸੰਸਥਾ ਸਭ ਤੋਂ ਵੱਡੇ ਖ਼ਤਰੇ ਦਾ ਸਾਹਮਣਾ ਕਰ ਰਹੀ ਹੈ, ਤਾਂ ਉਹ ਹੈ ਸਾਂਝਾ ਪਰਿਵਾਰ। ਸੰਯੁਕਤ ਪਰਿਵਾਰਾਂ ਦੇ ਲਗਾਤਾਰ ਟੁੱਟਣ ਨੇ ਨਾ ਸਿਰਫ਼ ਸਮਾਜਿਕ ਰਿਸ਼ਤਿਆਂ ਦੀ ਮਹੱਤਤਾ ਨੂੰ ਪ੍ਰਭਾਵਿਤ ਕੀਤਾ ਹੈ, ਸਗੋਂ ਭਾਰਤੀ ਸਮਾਜ ਦੇ ਮੁੱਲਾਂ, ਨਿਯਮਾਂ, ਨੈਤਿਕਤਾ, ਵਿਵਹਾਰ ਅਤੇ ਪਛਾਣ ਨੂੰ ਵੀ ਪ੍ਰਭਾਵਿਤ ਕੀਤਾ ਹੈ। ਸਮਾਜ ਵਿੱਚ ਬਜ਼ੁਰਗਾਂ ਦੀ ਮਹੱਤਤਾ ਅਤੇ ਸਤਿਕਾਰ ਦਾ ਕਾਰਨ ਸਾਂਝੇ ਪਰਿਵਾਰ ਦੀ ਬਣਤਰ, ਕਦਰਾਂ-ਕੀਮਤਾਂ ਅਤੇ ਆਪਸੀ ਵਿਸ਼ਵਾਸ ਨਾਲ ਜੁੜਿਆ ਹੋਇਆ ਸੀ। ਇਹ ਅਟੁੱਟ ਬੰਧਨ ਢਿੱਲਾ ਪੈਣ ਲੱਗਾ। ਪਰਿਵਾਰ 'ਤੇ ਕੀਤੇ ਗਏ ਸਰਵੇਖਣ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਪੱਛਮੀ ਸੱਭਿਆਚਾਰ ਨੇ ਭਾਰਤੀ ਪਰਿਵਾਰ ਦੀਆਂ ਵਿਸ਼ੇਸ਼ਤਾਵਾਂ ਅਤੇ ਬਣਤਰ ਨੂੰ ਪ੍ਰਭਾਵਿਤ ਕੀਤਾ ਹੈ। ਪੱਛਮ ਨਾ ਸਿਰਫ਼ ਆਪਣਾ ਸੱਭਿਆਚਾਰ ਭਾਰਤ ਵਿੱਚ ਲੈ ਕੇ ਆਇਆ, ਸਗੋਂ ਇਸਦੀ ਸਮਾਜਿਕ ਬਣਤਰ ਅਤੇ ਕਦਰਾਂ-ਕੀਮਤਾਂ ਵੀ। ਇਸਦਾ ਨਤੀਜਾ ਇਹ ਨਿਕਲਿਆ ਕਿ ਭਾਰਤ ਵਿੱਚ ਸਾਂਝੇ ਪਰਿਵਾਰ ਪੱਛਮੀ ਮਾਡਲ ਦੇ ਛੋਟੇ ਪਰਿਵਾਰਾਂ ਦਾ ਰੂਪ ਧਾਰਨ ਕਰਨ ਲੱਗ ਪਏ, ਜਿੱਥੇ ਸਿਰਫ਼ ਵਿਅਕਤੀਗਤ ਤਰੱਕੀ ਨੂੰ ਹੀ ਮਹੱਤਵ ਦਿੱਤਾ ਜਾਂਦਾ ਸੀ। ਭਾਰਤ ਵਿੱਚ ਛੋਟੇ ਪਰਿਵਾਰਾਂ ਦੀ ਸਥਿਤੀ ਵੀ ਪੰਛੀਆਂ ਵਰਗੀ ਹੋ ਗਈ। ਜਿਵੇਂ ਪੰਛੀਆਂ ਦੇ ਬੱਚੇ ਵੱਡੇ ਹੋ ਕੇ ਆਪਣੇ ਪਰਿਵਾਰ ਤੋਂ ਵੱਖ ਹੋ ਜਾਂਦੇ ਹਨ ਅਤੇ ਆਪਣਾ ਪਰਿਵਾਰ ਬਣਾਉਂਦੇ ਹਨ। ਇਹ ਉਨ੍ਹਾਂ ਭਾਰਤੀ ਪਰਿਵਾਰਾਂ ਵਿੱਚ ਵੀ ਹੋਣ ਲੱਗਾ ਜਿਨ੍ਹਾਂ ਨੇ ਸੰਯੁਕਤ ਪਰਿਵਾਰ ਛੱਡ ਕੇ ਆਪਣੇ ਵੱਖਰੇ ਪਰਿਵਾਰ ਸਥਾਪਤ ਕਰਨੇ ਸ਼ੁਰੂ ਕਰ ਦਿੱਤੇ। ਸੰਯੁਕਤ ਪਰਿਵਾਰ ਦੀ ਬਣਤਰ, ਕਾਰਜ, ਪ੍ਰਕਿਰਤੀ, ਸਬੰਧਾਂ, ਕਦਰਾਂ-ਕੀਮਤਾਂ ਅਤੇ ਤਾਕਤ ਤੋਂ ਬਿਲਕੁਲ ਵੱਖਰੇ, ਇਨ੍ਹਾਂ ਛੋਟੇ ਨਵੇਂ ਬਣੇ ਪਰਿਵਾਰਾਂ ਦਾ ਸਮਾਜ ਵਿੱਚ ਯੋਗਦਾਨ ਵੀ ਲਗਭਗ ਖਤਮ ਹੋ ਗਿਆ। ਇਸ ਕਾਰਨ ਸਮਾਜ ਦੀ ਵਿਆਪਕਤਾ, ਤਾਕਤ ਅਤੇ ਆਪਸੀ ਪੂਰਕਤਾ ਵੀ ਖਤਮ ਹੋਣ ਲੱਗੀ। ਜੇਕਰ ਵਿਅਕਤੀਆਂ ਅਤੇ ਸਮਾਜ ਵਿੱਚ ਅਸੰਵੇਦਨਸ਼ੀਲਤਾ ਅਤੇ ਆਪਸੀ ਵਿਸ਼ਵਾਸ ਦੀ ਘਾਟ ਦਿਖਾਈ ਦਿੰਦੀ ਹੈ, ਤਾਂ ਇਸਦਾ ਵੱਡਾ ਕਾਰਨ ਉਨ੍ਹਾਂ ਮਨੁੱਖੀ ਅਤੇ ਸਮਾਜਿਕ ਕਦਰਾਂ-ਕੀਮਤਾਂ ਦਾ ਕਮਜ਼ੋਰ ਹੋਣਾ ਹੈ, ਜੋ ਇੱਕ ਵਿਅਕਤੀ ਅਤੇ ਇੱਕ ਆਦਰਸ਼ ਸਮਾਜ ਦਾ ਨਿਰਮਾਣ ਕਰਦੇ ਹਨ। 'ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ' ਦੇ ਅਨੁਸਾਰ ਪਰਿਵਾਰਾਂ ਵਿੱਚ ਬਹੁਤ ਕੁਝ ਬਦਲ ਗਿਆ ਹੈ।

ਇਸ ਅਨੁਸਾਰ ਪਰਿਵਾਰਾਂ ਵਿੱਚ ਔਰਤਾਂ ਦੀ ਸਥਿਤੀ ਵਿੱਚ ਬਦਲਾਅ ਆਇਆ ਹੈ। ਸਾਲ 2019-2021 ਦੇ ਸਰਵੇਖਣ ਅਨੁਸਾਰ, 18 ਪ੍ਰਤੀਸ਼ਤ ਘਰਾਂ ਵਿੱਚ ਔਰਤਾਂ ਘਰ ਦੀਆਂ ਮੁਖੀਆ ਸਨ। ਸਾਲ 2011 ਦੀ ਮਰਦਮਸ਼ੁਮਾਰੀ ਦੇ ਅੰਕੜਿਆਂ ਅਨੁਸਾਰ, 11 ਪ੍ਰਤੀਸ਼ਤ ਪਰਿਵਾਰ ਅਜਿਹੇ ਸਨ ਜਿਨ੍ਹਾਂ ਵਿੱਚ ਔਰਤਾਂ ਮੁਖੀਆ ਸਨ। ਇਸਦਾ ਮਤਲਬ ਹੈ ਕਿ ਸੱਤ ਪ੍ਰਤੀਸ਼ਤ ਦਾ ਅੰਤਰ ਹੈ। ਉਸ ਸਮੇਂ ਔਰਤਾਂ ਦੀ ਅਗਵਾਈ ਵਾਲੇ ਪਰਿਵਾਰਾਂ ਦੀ ਸਭ ਤੋਂ ਵੱਧ ਗਿਣਤੀ ਲਕਸ਼ਦੀਪ ਵਿੱਚ 43।7 ਪ੍ਰਤੀਸ਼ਤ ਅਤੇ ਕੇਰਲ ਵਿੱਚ 23 ਪ੍ਰਤੀਸ਼ਤ ਸੀ। ਭਾਰਤੀ ਪਰਿਵਾਰਾਂ ਵਿੱਚ ਔਰਤਾਂ ਨੂੰ ਪਰਿਵਾਰ ਦੀ ਮੁਖੀ ਵਜੋਂ ਸਤਿਕਾਰਿਆ ਜਾਂਦਾ ਰਿਹਾ ਹੈ। ਵਿਸਤ੍ਰਿਤ ਪਰਿਵਾਰ ਕਈ ਦੇਸ਼ਾਂ ਵਿੱਚ ਪ੍ਰਚਲਿਤ ਹੈ। ਖੋਜ ਵਿੱਚ 38 ਪ੍ਰਤੀਸ਼ਤ ਪਰਿਵਾਰ ਇਸ ਪ੍ਰਣਾਲੀ ਵਿੱਚ ਰਹਿ ਰਹੇ ਹਨ। ਅਜਿਹੇ ਪਰਿਵਾਰਾਂ ਵਿੱਚ, ਦਾਦਾ-ਦਾਦੀ, ਮਾਤਾ-ਪਿਤਾ, ਚਾਚਾ-ਚਾਚੀ, ਮਾਸੀ-ਮਾਸੀ ਅਤੇ ਬੱਚੇ ਇਕੱਠੇ ਰਹਿੰਦੇ ਹਨ। ਫਿਰ ਕੁਝ ਛੋਟੇ ਪਰਿਵਾਰ ਹਨ ਜਿੱਥੇ ਮਾਪੇ ਅਤੇ ਨਾਬਾਲਗ ਬੱਚੇ ਇਕੱਠੇ ਰਹਿੰਦੇ ਹਨ। ਭਾਰਤ ਵਿੱਚ 50 ਪ੍ਰਤੀਸ਼ਤ ਪਰਿਵਾਰ ਹੁਣ ਨਿਊਕਲੀਅਰ ਪਰਿਵਾਰਾਂ ਵਿੱਚ ਬਦਲ ਰਹੇ ਹਨ। ਇਸ ਦੇ ਨਾਲ ਹੀ ਭਾਰਤ ਵਿੱਚ ਸਿਰਫ਼ 17 ਪ੍ਰਤੀਸ਼ਤ ਪਰਿਵਾਰ ਸਾਂਝੇ ਪਰਿਵਾਰਾਂ ਵਜੋਂ ਰਹਿੰਦੇ ਹਨ, ਜਿੱਥੇ ਮਾਤਾ-ਪਿਤਾ, ਦਾਦਾ-ਦਾਦੀ ਅਤੇ ਪੋਤੇ-ਪੋਤੀਆਂ ਇਕੱਠੇ ਰਹਿੰਦੇ ਹਨ। ਸਾਂਝੇ ਪਰਿਵਾਰਾਂ ਦਾ ਯੁੱਗ ਹੌਲੀ-ਹੌਲੀ ਖਤਮ ਹੋ ਰਿਹਾ ਹੈ। ਇਸਦਾ ਕਾਰਨ ਉਨ੍ਹਾਂ ਦੇਸ਼ਾਂ ਦਾ ਸਮਾਜਿਕ ਢਾਂਚਾ, ਉਨ੍ਹਾਂ ਦੀ ਜੀਵਨ ਸ਼ੈਲੀ, ਪਰੰਪਰਾਵਾਂ ਅਤੇ ਵਿੱਤੀ ਹਾਲਾਤ ਹਨ। ਪੱਛਮੀ ਦੇਸ਼ਾਂ ਦਾ ਸਮਾਜ ਵਿਕਾਸਸ਼ੀਲ ਦੇਸ਼ਾਂ ਦੇ ਸਮਾਜ ਨਾਲੋਂ ਵਧੇਰੇ ਖੁਸ਼ਹਾਲ ਹੈ। ਆਪਸੀ ਵਿਚਾਰਧਾਰਕ ਪੂਰਕਤਾ ਬਹੁਤ ਘੱਟ ਹੈ। ਪੱਛਮ ਦੇ ਇੱਕ ਖੁਸ਼ਹਾਲ ਦੇਸ਼ ਵਿੱਚ ਬਹੁਤ ਘੱਟ ਸਾਂਝੇ ਪਰਿਵਾਰ ਬਚੇ ਹਨ। ਅੰਕੜੇ ਦਰਸਾਉਂਦੇ ਹਨ ਕਿ ਦੁਨੀਆ ਦੇ ਜ਼ਿਆਦਾਤਰ ਦੇਸ਼ਾਂ ਵਿੱਚ ਸਾਂਝੇ ਪਰਿਵਾਰ ਘੱਟ ਰਹੇ ਹਨ। ਸਿਰਫ਼ ਈਸਾਈ ਬਹੁਗਿਣਤੀ ਵਾਲੇ ਦੇਸ਼ਾਂ ਵਿੱਚ ਹੀ ਨਹੀਂ, ਸਗੋਂ ਮੁਸਲਿਮ ਦੇਸ਼ਾਂ ਵਿੱਚ ਵੀ ਭਾਰਤ ਵਾਂਗ ਸਾਂਝੇ ਪਰਿਵਾਰਾਂ ਦੀ ਗਿਣਤੀ ਲਗਾਤਾਰ ਘਟ ਰਹੀ ਹੈ। ਪੰਜਾਹ ਸਾਲ ਪਹਿਲਾਂ ਸਾਰੇ ਮੁਸਲਿਮ ਦੇਸ਼ਾਂ ਵਿੱਚ ਸਾਂਝੇ ਪਰਿਵਾਰਾਂ ਦੀ ਗਿਣਤੀ ਅੱਜ ਨਾਲੋਂ ਦਸ ਗੁਣਾ ਜ਼ਿਆਦਾ ਸੀ। ਉੱਥੇ ਵੀ ਪੱਛਮੀ ਦੇਸ਼ਾਂ ਦਾ ਪ੍ਰਭਾਵ ਰਿਹਾ ਹੈ। ਪਰਿਵਾਰਾਂ ਨੂੰ ਬਚਾਉਣਾ ਇੱਕ ਵੱਡੀ ਚੁਣੌਤੀ ਹੈ। ਪਰਿਵਾਰ ਨਾਲ ਸਬੰਧਤ ਮੁੱਦਿਆਂ, ਸਮੱਸਿਆਵਾਂ ਅਤੇ ਅੰਤਰਾਂ ਨੂੰ ਸਮਝਣਾ ਸਮੇਂ ਦੀ ਲੋੜ ਹੈ। ਪਰਿਵਾਰ ਦੀ ਮਹੱਤਤਾ ਨੂੰ ਸਹੀ ਢੰਗ ਨਾਲ ਸਮਝਣ ਲਈ ਪਰਿਵਾਰ ਦੀਆਂ ਆਰਥਿਕ, ਸਮਾਜਿਕ ਅਤੇ ਜਨਸੰਖਿਆ ਪ੍ਰਕਿਰਿਆਵਾਂ ਨੂੰ ਸਮਝਣਾ ਮਹੱਤਵਪੂਰਨ ਹੈ। ਪਰਿਵਾਰ ਦੀ ਖੁਸ਼ੀ ਉਸਦੀ ਤਰੱਕੀ ਬਾਰੇ ਦੱਸਦੀ ਹੈ, ਪਰ ਪਰਿਵਾਰ ਦੇ ਬਜ਼ੁਰਗਾਂ ਦੀ ਅਣਗਹਿਲੀ ਨੇ ਪਰਿਵਾਰ ਦੀ ਹਾਲਤ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਅਜਿਹੀ ਸਥਿਤੀ ਵਿੱਚ, ਪੀੜ੍ਹੀਆਂ ਵਿਚਕਾਰ ਅੰਤਰ ਨੂੰ ਸਮਝਣਾ ਅਤੇ ਇੱਕ ਦੂਜੇ ਪ੍ਰਤੀ ਸਤਿਕਾਰ ਅਤੇ ਪਿਆਰ ਦੀ ਭਾਵਨਾ ਪੈਦਾ ਕਰਨਾ ਇੱਕ ਚੁਣੌਤੀ ਤੋਂ ਘੱਟ ਨਹੀਂ ਹੈ। ਭਾਰਤ ਵਿੱਚ, ਇੱਕ ਅਜਿਹਾ ਦੇਸ਼ ਜਿੱਥੇ ਪੂਰੀ ਦੁਨੀਆ ਨੂੰ ਇੱਕ ਪਰਿਵਾਰ ਮੰਨਣ ਦੀ ਸੰਸਕ੍ਰਿਤੀ ਹੈ, ਪਰਿਵਾਰਾਂ ਦੀ ਮਹੱਤਤਾ ਨੂੰ ਬਣਾਈ ਰੱਖਣ ਬਾਰੇ ਜਾਗਰੂਕਤਾ ਵਧੀ ਹੈ। ਇੱਕ ਪਰਿਵਾਰ ਵਿੱਚ ਅਜਿਹੇ ਲੋਕ ਹੁੰਦੇ ਹਨ ਜੋ ਪੀੜ੍ਹੀ ਦਰ ਪੀੜ੍ਹੀ ਕਦਰਾਂ-ਕੀਮਤਾਂ ਨੂੰ ਅੱਗੇ ਵਧਾਉਂਦੇ ਹਨ। ਸਰਵੇਖਣ ਦਰਸਾਉਂਦੇ ਹਨ ਕਿ ਭਾਰਤ ਵਿੱਚ ਸਾਂਝੇ ਪਰਿਵਾਰਾਂ ਨੂੰ ਟੁੱਟਣ ਤੋਂ ਬਚਾਉਣ ਲਈ ਕੋਈ ਯਤਨ ਨਹੀਂ ਕੀਤੇ ਜਾ ਰਹੇ ਹਨ। ਸ਼ਹਿਰਾਂ ਅਤੇ ਕਸਬਿਆਂ ਵਾਂਗ, ਪਿੰਡਾਂ ਵਿੱਚ ਵੀ ਸਾਂਝੇ ਪਰਿਵਾਰ ਕਾਫ਼ੀ ਘੱਟ ਗਏ ਹਨ। ਇਸ ਪਿੱਛੇ ਕਾਰਨ ਲੋਕਾਂ ਦਾ ਖੇਤੀ ਤੋਂ ਵੱਖ ਹੋਣਾ ਹੈ। ਜੇਕਰ ਲੋਕ ਦੁਬਾਰਾ ਖੇਤੀ ਵੱਲ ਝੁਕਾਅ ਰੱਖਣ ਲੱਗ ਪੈਣ ਅਤੇ ਇਕੱਠੇ ਖੇਤੀ ਕਰਨ 'ਤੇ ਸਹਿਮਤੀ ਬਣ ਜਾਵੇ, ਤਾਂ ਸਾਂਝੇ ਪਰਿਵਾਰਾਂ ਦੇ ਟੁੱਟਣ ਨੂੰ ਰੋਕਿਆ ਜਾ ਸਕਦਾ ਹੈ। ਸੰਯੁਕਤ ਪਰਿਵਾਰ ਮਾਡਲ ਦੇ ਕਮਜ਼ੋਰ ਹੋਣ ਕਾਰਨ ਪਿੰਡਾਂ ਵਿੱਚ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਪੈਦਾ ਹੋ ਗਈਆਂ ਹਨ। ਇਸ ਲਈ ਸਮਾਜਿਕ ਸੁਧਾਰ ਲਈ। ਕੰਮ ਕਰਨ ਵਾਲੀਆਂ ਸੰਸਥਾਵਾਂ ਨੂੰ ਦੁਬਾਰਾ ਵਧੇਰੇ ਸਰਗਰਮ ਹੋਣ ਦੀ ਲੋੜ ਹੈ। ਇਸ ਨਾਲ ਨਾ ਸਿਰਫ਼ ਖੇਤੀਬਾੜੀ ਬਚੇਗੀ, ਸਗੋਂ ਸਾਂਝੇ ਪਰਿਵਾਰਾਂ ਅਤੇ ਪਿੰਡਾਂ ਨੂੰ ਵੀ ਬਚਾਇਆ ਜਾਵੇਗਾ।



# ਪੰਜਾਬੀ ਫ਼ਿਲਮ

ਅੰਮ੍ਰਿਤ ਪਵਾਰ

## ਲਾਜਵਾਬ ਅਭਿਨੇਤਾ ਸੁਪਰ ਮਾਡਲ-ਦਮਨ ਮਜੀਠੀਆ

ਸਤਾਰਾਂ ਸਾਲ ਦੇ ਗੱਭਰੂ ਵਾਲੀ ਚੁਸਤੀ ਫੁਰਤੀ ਦਮਨ ਮਜੀਠੀਆ ਵਿੱਚ ਹੈ ਜਿਸ ਨੂੰ ਮਲਕੀਤ ਰੌਣੀ ਤੋਂ ਪਰਮਜੀਤ ਪੱਲੂ ਤੇ ਸ਼ਿਵਿੰਦਰ ਮਾਹਲ ਉਤਸ਼ਾਹਿਤ ਕਰਦੇ ਆਖਦੇ ਨੇ ਅਭਿਨੈ ਤੇ ਮਾਡਲਿੰਗ ਅੱਜ ਕਰ ਕਿ ਉਹ ਸਟਾਰ ਬਣ ਰਿਹਾ ਹੈ ਕਿਤੇ ਸਾਲਾਂ ਪਹਿਲੇ ਐਸਾ ਹੁੰਦਾ ਤਾਂ ਹਿਮੈਨ ਧਰਮਿੰਦਰ ਦੀ ਤਰਾਂ ਉਸ ਦਾ ਨਾਂ ਹੋਣਾ ਸੀ। ਖੈਰ ਦਮਨ ਜਿੱਥੇ ਬੇਜੋੜ ਐਕਟਰ ਉਥੇ ਦਰਿਆਦਿਲ ਇਨਸਾਨ ਜਿਹੜਾ ਕਿਸੇ ਗਰੀਬ ਦੀ ਮਦਦ ਲਈ ਕਦੇ ਨਾਂਹ ਨਹੀਂ ਕਰਦਾ। ਇਹੀ ਪੁੰਨ ਉਸ ਨੂੰ ਇਸ ਉਮਰ ਵਿੱਚ ਹੋਰ ਜਵਾਨ ਤੇ ਸਟਾਰ ਮਾਡਲ, ਐਕਟਰ ਬਣਾ ਰਿਹਾ ਹੈ। ਵੈੱਬ ਸੀਰੀਜ਼ ਕੰਗ ਦੀ ਹੋਏ ਜਾਂ ਬੌਬੀ ਬਾਜਵਾ ਦੇ ਵੀਡਿਓ ਜਾਂ ਸੁੰਦਰਤਾ ਦੇ ਸ਼ੋ ਦਮਨ ਮਜੀਠੀਆ ਹਰ ਥਾਂ ਹਿੱਟ ਹੈ ਤੇ ਫਿੱਟ ਹੈ। ਉਸ ਦੀ ਨੇਕੀ ਤੇ ਦਰਿਆਦਿਲੀ ਤੇ ਇਹ ਕਹਿਣਾ ਪੈਂਦਾ ਕਿ ਸੱਤੇ ਖੈਰਾਂ ਹੋਵਣ ਆਫ਼ਰੀਨ ਦਮਨ ਮਜੀਠੀਆ ਦੀਆਂ।



## ਗੋਗੀ ਘੁਮਾਣ ਅਗਲਾ ਵੀਡਿਓ ਆਪ ਡਾਇਰੈਕਟ ਕਰਨ ਦੀ ਰੀਝ

ਗੋਗੀ ਘੁਮਾਣ ਹੀਰੋ ਬਣ ਗਿਆ ਸੀ ਤੇ ਕੁਲਦੀਪ ਪਾਰਸ ਨੇ ਫ਼ਿਲਮ ਦੀ ਯੋਜਨਾ ਬਣਾ ਲਈ ਸੀ ਪਰ ਪਾਰਸ ਦੀ ਅਚਾਨਕ ਮੌਤ ਤੇ ਗੋਗੀ ਘੁਮਾਣ ਦਾ ਦਿਲ ਟੁੱਟ ਜਾਣਾ ਤੇ ਫ਼ਿਰ ਅਮਰੀਕਾ ਆ ਵੱਸ ਜਾਣਾ ਅੱਜ ਯਾਦ ਹੈ। ਅੱਜ ਉਹ ਨਾਮਵਰ ਪ੍ਰਵਾਸੀ ਪੰਜਾਬੀ ਗਾਇਕ ਹੈ ਤੇ ਗੁਰਲੇਜ਼ ਅਖ਼ਤਰ ਨਾਲ "ਅੱਧਾ ਪਿੰਡ" ਕਰ ਕਿ ਚਰਚਿਤ ਹੈ। ਗੋਗੀ ਘੁਮਾਣ ਨੇ ਕਿਹਾ ਕਿ ਇੱਕ ਗੀਤ ਉਹ ਮਿਊਜ਼ਿਕ ਐਂਪਾਇਰ ਨਾਲ ਕਰਨ ਜਾ ਰਿਹਾ ਹੈ ਤੇ ਇਸ ਦਾ ਵੀਡਿਓ ਉਹ ਆਪ ਕਰੇਗਾ। ਅੱਧਾ ਕਲਾਕਾਰ ਖੁਦ ਅੱਧਾ ਡਾਇਰੈਕਟਰ ਹੁੰਦਾ ਹੈ ਤੇ ਇਹ ਸੋਚ ਕਿ ਉਹ ਅਮਰੀਕਾ ਤੋ ਪੰਜਾਬਣ ਮਾਡਲ ਕੁੜੀਆਂ ਲੱਭ ਰਿਹਾ ਹੈ। ਗੋਗੀ ਘੁਮਾਣ ਦੀ ਤ੍ਰਾਸਦੀ ਇਹ ਕਿ ਉਹ ਪਿਤਾ ਦੇ ਸੰਸਕਾਰ ਤੇ ਨਹੀਂ ਆ ਸਕਿਆ ਤੇ ਖੁਸ਼ੀ ਇਸ ਗੱਲ ਦੀ ਕਿ ਪਿਤਾ ਨੂੰ ਫੋਨ ਤੇ ਪੋਤਰੇ ਦਾ ਮੂੰਹ ਦਿਖਾ ਦਿੱਤਾ ਸੀ। ਗੋਗੀ ਹੁਣ ਅਜਿਹਾ ਡਿਊਟ ਕਰੇਗਾ ਜਿਸ ਦਾ ਵੀਡਿਓ ਉਹ ਯੂ ਐਸ ਏ ਬਣਾਏ ਤੇ ਉਸ ਦਾ ਨਿਰਦੇਸ਼ਕ ਉਹ ਹੋਏ। ਬਾਕੀ ਰਹੀ ਗੱਲ ਫ਼ਿਲਮਜ਼ ਦੀ ਤਾਂ ਗਿੱਪੀ ਗਰੇਵਾਲ ਨੇ ਜਿਸ ਤਰਾਂ ਬਾਹਰ ਰਹਿ ਕਿ ਲੰਬਾ ਸਮਾਂ ਸੁਪਨੇ ਤੋਂ ਦੂਰ ਰਿਹਾ ਇਸ ਤਰਾਂ ਗੋਗੀ ਘੁਮਾਣ ਹੁਣ ਵੀਡਿਓ ਖੁਦ ਨਿਰਦੇਸ਼ਤ ਕਰ ਕਿ ਦੱਸੇਗਾ ਕਿ ਓਹ ਡਾਇਰੈਕਸ਼ਨ ਦਾ ਵੀ ਮਾਹਿਰ ਹੈ।




## "ਪਿੰਜਰਾ" ਦੀ ਹੋ ਗਈ ਬੱਲੇ ਬੱਲੇ ਲਲਿਤ ਮਹਿਤਾ ਖੁਸ਼

ਹਾਈ ਪਿੱਚ ਸਟੂਡੀਓ ਨੇ ਆਰਵ ਪ੍ਰੋਡਕਸ਼ਨ ਨਾਲ ਫ਼ਿਲਮ "ਪਿੰਜਰਾ" ਬਣਾਈ ਤੇ ਉਹ ਪ੍ਰਸਿੱਧ ਓ ਟੀ ਟੀ ਐਪ ਚੌਪਾਲ ਟੀਵੀ ਨੂੰ ਪਸੰਦ ਆਈ ।ਲਲਿਤ ਮਹਿਤਾ ਅੰਮ੍ਰਿਤਸਰ ਦਾ ਕਲਾਕਾਰਾਂ ਦਾ ਮਸੀਹਾ ਨੇ ਇਹ ਫ਼ਿਲਮ ਬਣਾਈ ਤੇ ਨਿਰਦੇਸ਼ਕ ਲਿਆ ਸ਼ਿਵਮ ਸ਼ਰਮਾ ਨੂੰ ਨਾਲ ਸ਼ਿਖਾ ਸ਼ਰਮਾ ਦਾ ਸਾਥ ਅੱਛੀ ਮਨੋਰੰਜਨ ਵਾਲੀ ਫ਼ਿਲਮ ਬਣੀ ਹੈ। ਹਰੇਕ ਕਲਾਕਾਰ ਨੇ ਜਾਨ ਫੂਕ ਦਿੱਤੀ ਆਪਣੇ ਕਿਰਦਾਰ ਵਿੱਚ ਤੇ ਘੁੱਲੇ ਸ਼ਾਹ ਤੋਂ ਰਾਜ ਧਾਲੀਵਾਲ ਤੱਕ ਸਾਰੇ ਵਧੀਆ ਰਹੇ ਹਨ। ਲਲਿਤ ਮਹਿਤਾ ਨੇ "ਪਿੰਜਰਾ" ਦੇ ਗੀਤ ਸੰਗੀਤ ਤੇ ਵੀ ਧਿਆਨ ਦਿੱਤਾ ਤੇ ਸ਼ੰਕਰ ਸਾਹਨੀ, ਜੇਵੀ ਗਿੱਲ, ਸ਼ਾਹੀ ਕੁਲਵਿੰਦਰ ਤੇ ਸੁਮਨ ਭੱਟੀ ਤੋਂ ਗੀਤ ਕਰਵਾ "ਪਿੰਜਰਾ" ਮਨੋਰੰਜਕ ਬਣਾ ਦਿੱਤਾ ਜਿਸ ਵਿੱਚ ਦਰਸ਼ਕ ਕੈਦ ਹੋ ਕਿ ਖੁਸ਼ ਹੋ ਰਿਹਾ ਹੈ ਤੇ ਲਲਿਤ ਮਹਿਤਾ ਤੇ ਖੁਸ਼ ਹੈ ਹੀ ਹੈ।





## ਰੀਲਾਂ ਪਾਵਾਂਗੇ ਤੇ ਚਿਹਰੇ ਮਸ਼ਹੂਰ ਹੋਣਗੇ ਤੇ ਫ਼ਿਲਮ ਸਾਡੀ ਚਲੂ-ਲਾਡੀ ਢਿੱਲੋਂ



ਹੈ ਤੇ ਨਿਰਦੇਸ਼ਕ ਲਾਡੀ ਢਿੱਲੋਂ ਪਰ ਹੁਣ ਐਕਟਿੰਗ ਵੱਲ ਵੀ ਆ ਗਿਆ ਹੈ ਤਾਂ ਕਿ ਇੱਕ ਤਾਂ ਚੰਗੇ ਕਿਰਦਾਰ ਲਈ ਬਾਹਰ ਟੱਕਰ ਨਾ ਮਾਰਨੀ ਪਵੇਗੀ ਦੂਜਾ ਖੁਦ ਦੀ ਪਛਾਣ ਬਣੇਗੀ। ਲਿਹਾਜ਼ਾ "ਸ਼ਿੰਦਾ ਤੇ ਰਾਣੋ", "ਜ਼ੇਂਕਣ ਜੱਟੀ" ਛੋਟਾ ਹੌਲਦਾਰ" ਫ਼ਿਲਮਜ਼ ਦੇ ਨਿਰਦੇਸ਼ਕ ਲਾਡੀ ਢਿੱਲੋਂ ਨੇ ਇਹਨਾਂ ਵਿੱਚ ਅਭਿਨੈ ਵੀ ਕੀਤਾ ਹੈ। ਲਾਡੀ ਢਿੱਲੋਂ ਆਖਦੇ ਨੇ ਕਿ ਜ਼ਮਾਨਾ ਪ੍ਰਚਾਰੀ ਹੈ ਤੇ ਰੀਲ ਯੁੱਗ ਚਲ ਰਿਹਾ ਹੈ, ਇਸ ਲਈ ਪ੍ਰਿਯੰਕਾ ਚੱਢਾ ਨਾਲ ਮਿਲ ਉਹ ਸ਼ੋਰਟ ਤੇ ਰੀਲਾਂ ਬਣਾ ਕਮੇਡੀ ਭਰ ਸੋਸ਼ਲ ਮੀਡੀਆ ਤੇ ਅੱਪਲੋਡ ਕਰ ਰਿਹਾ ਹੈ ਤੇ ਉਸ ਦੇ ਚਿਹਰੇ ਨੂੰ ਲੋਕ ਪਹਿਚਾਣ ਦੇਣ। ਲਾਡੀ ਢਿੱਲੋਂ ਨੇ "ਪੁਲਸੀਆ ਯਾਰਾ" ਗੀਤ ਨਾਲ ਕਾਫ਼ੀ ਪ੍ਰਸ਼ੰਸਕ ਆਪਣੇ ਨਾਲ ਜੋੜੇ ਹਨ। ਇੱਕ ਦਿਨ ਵੱਡੇ ਵੱਡੇ ਸਟਾਰ ਮੇਰੀ ਫ਼ਿਲਮ ਕਰਨਗੇ ਨਿਰਦੇਸ਼ਕ ਲਾਡੀ ਢਿੱਲੋਂ ਦਾ ਦਾਅਵਾ ਹੈ ਤੇ ਆਤਮ ਵਿਸ਼ਵਾਸ ਹੈ।

## "ਦਾਰੋ" ਸ਼ਾਨਦਾਰ ਫ਼ਿਲਮ ਹੈ ਕੁੱਲ ਸਿੱਧੂ ਤੇ ਅਮਰਦੀਪ ਗਿੱਲ ਦੀ

ਅਮਰਦੀਪ ਸਿੰਘ ਗਿੱਲ ਕਦੇ ਫ਼ਿਲਮੀ ਆਲੋਚਕ ਸਨ ਤੇ ਫ਼ਿਲਮੀ ਪੱਤਰਕਾਰੀ ਵੀ ਕਰਦੇ ਸਨ। ਮਜ਼ੇਦਾਰ ਗੱਲ ਇਹ ਕਿ ਜਿਹੜੇ ਮੀਡੀਆ ਵਾਲੇ ਅੱਜ ਗਿੱਲ ਦਾ ਵਿਰੋਧ ਕਰਦੇ ਨੇ ਉਹ ਕਦੇ ਗਿੱਲ ਗਿੱਲ ਕਰ ਉਸ ਨੂੰ ਸ਼ਾਨਦਾਰ ਆਖਦੇ ਸਨ। ਛੱਡੋ ਤੇ ਅਮਰਦੀਪ ਸਿੰਘ ਗਿੱਲ ਨੇ "ਦਾਰੋ" ਬਣਾਈ ਹੈ ਤੇ ਛੇ ਭਾਸ਼ਾਵਾਂ ਵਿੱਚ ਇਹ ਆਈ ਹੈ। ਓ ਟੀ ਐਪ ਕੇਬਲ ਵੰਨ ਤੇ ਇਹ ਪ੍ਰਸਾਰਿਤ ਹੁੰਦੀ ਹੈ। ਫ਼ਿਲਮ ਦੇ ਸੰਵਾਦ ਦਮਦਾਰ ਤੇ ਅਸਲੀਅਤ ਜਿਵੇਂ "ਬੰਦੂਕ" ਲਫਜ਼ ਇਸਤਰੀ ਲਿੰਗ ਪਰ ਮਰਦ ਇਹ "ਬੰਦੂਕ" ਰੱਖ ਉਸ ਸਿਰ ਸ਼ੇਰ ਹੈ। ਫ਼ਿਲਮ ਵਿੱਚ ਕੁੱਲ ਸਿੱਧੂ ਦਾ ਯਾਦਗਾਰ ਕੰਮ ਹੈ ਤੇ ਮੀਨਾ ਕੁਮਾਰੀ ਅੱਜ ਦੀ ਉਹ ਹੈ ਤੇ ਪ੍ਰਦੀਪ ਦਾ ਕੰਮ ਵੀ ਅੱਛਾ ਹੈ। ਬੈਕਗ੍ਰਾਉਂਡ ਸਕੋਰ ਬਹੁਤ ਪ੍ਰਭਾਵਿਤ ਕਰਦਾ ਹੈ ਤੇ ਮਿਊਜ਼ਿਕ ਐਂਪਾਇਰ ਅੰਮ੍ਰਿਤ ਸਿੰਘ ਸਿੱਧੂ ਤੇ ਪਾਲ ਸਿੱਧੂ ਵੀ ਫ਼ਿਲਮ ਨਾਲ ਹੈ। ਅਮਰਦੀਪ ਸਿੰਘ ਗਿੱਲ ਇਸ ਫ਼ਿਲਮ ਨਾਲ ਇੱਕ ਵਾਰ ਫ਼ਿਰ ਉਭਰ ਕਿ ਸਾਹਮਣੇ ਆਏ ਨਿਰਦੇਸ਼ਕ ਹਨ ਤੇ ਉਹਨਾਂ ਨੂੰ ਵੀ ਮੁਬਾਰਕਬਾਦ।




## ਐਂਕਰ ਹੋਣ ਜਾਂ ਗਾਇਕ ਆਖਣ ਬੰਨੀ ਸ਼ਰਮਾ ਗ੍ਰੇਟ ਹੈ ਗ੍ਰੇਟ

ਬੰਨੀ ਸ਼ਰਮਾ ਪੰਜਾਬੀ ਮਿਊਜ਼ਿਕ ਇੰਡਸਟਰੀ ਦਾ ਦਿੱਗਜ ਹੈ ਜਿਸ ਨੇ ਸਵਰਗੀ ਗੁਲਸ਼ਨ ਕੁਮਾਰ ਜੀ ਨੂੰ ਆਪਣਾ ਪ੍ਰੇਰਕ ਮੰਨ ਆਖ਼ਿਰ ਇੱਕ ਦਿਨ ਉਹਨਾਂ ਨਾਲ ਕੰਮ ਕੀਤਾ ਤੇ ਐਸਾ ਅਸ਼ੀਰਵਾਦ ਲਿਆ ਕਿ ਅੱਜ ਦੂਜੇ ਗੁਲਸ਼ਨ ਦੀ ਤਰਾਂ ਜਰਨੈਲ ਘੁਮਾਣ ਦੀ ਉਹ ਸੱਜੀ ਖੱਬੀ ਧੜਕਨ ਹਨ। ਚਰਚਾ ਬੰਨੀ ਸ਼ਰਮਾ ਦੇ ਘੁਮਾਣ ਨਾਲ ਸ਼ੋ "ਪੰਜਾਬੀ ਜ਼ਿੰਦਾਬਾਦ" ਦੀ ਹੈ। ਮਸ਼ਹੂਰ ਸਟੇਜ ਟੀਵੀ ਐਂਕਰ ਬਲਦੇਵ ਰਾਹੀ ਆਖਦੇ ਨੇ ਕਿ ਬੰਨੀ ਸ਼ਰਮਾ ਗਾਗਰ ਵਿੱਚ ਭਰਿਆ ਸਾਗਰ ਹੈ ਜਿਹੜਾ ਮਿਊਜ਼ਿਕ ਤੇ ਟੀਵੀ ਦੋਵਾਂ ਖੇਤਰਾਂ ਵਿੱਚ ਕੀਤੇ ਕੰਮ ਦੀ ਬਦੌਲਤ ਅੱਛੇ ਤਰੀਕੇ ਨਾਲ ਸਥਾਪਿਤ ਹੈ। ਬੰਨੀ ਸ਼ਰਮਾ ਪੰਜਾਬੀ ਬੋਲੀ ਲਈ ਲਹਿਰ ਹੋਏ ਤਾਂ ਦੀਪਕ ਬਾਲੀ ਨਾਲ ਚਲਦਾ ਹੈ, ਮੇਲੇ ਤੇ ਸੰਗੀਤ ਦੌਰ ਹੋਣ ਭੱਟੀ ਭੜੀ ਵਾਲਾ ਨਾਲ ਤੁਰਦਾ ਹੈ ਤੇ ਵੱਡਾ ਫੈਸਲਾ ਹਕੀਕੀ ਸ਼ੋ "ਪੰਜਾਬੀ ਜ਼ਿੰਦਾਬਾਦ" ਓਹ ਜਰਨੈਲ ਘੁਮਾਣ ਨਾਲ ਕਰ ਰਿਹਾ ਹੈ। ਬੰਨੀ ਸ਼ਰਮਾ ਜਿਸ ਦੂਰਦਰਸ਼ਨ ਜਲੰਧਰ ਤੇ ਰਿਕਾਰਡ ਕਾਮਯਾਬ ਨਿੱਜੀ ਪ੍ਰੋਗਰਾਮ ਬਣਾ ਕਿ ਟੈਲੀਕਾਸਟ ਕੀਤੇ ਪੰਜਾਬੀ ਸੰਗੀਤ, ਕਲਚਰ ਤੇ ਫ਼ਿਲਮਜ਼ ਦੀ ਪਰਦੇ ਪਿੱਛੇ ਸਫ਼ਲ ਕਹਾਣੀ ਹੈ। ਗਾਇਕਾ ਦੌਲਿਸ਼ਾ ਨੇ ਕਿਹਾ ਸੀ ਕਿ ਬੰਨੀ ਸ਼ਰਮਾ ਨੂੰ ਮਿਲਣ ਦਾ ਅਰਥ ਸੰਗੀਤ ਖੇਤਰ ਦੋ ਮਾਹਿਰ ਤੇ ਕਿਸਮਤ ਵਾਲੇ ਇਨਸਾਨ ਦਾ ਮੇਲ ਹੈ ਜੈ ਹੋ।



## ਤੇਰੇ 'ਚੋਂ ਪਵੇ ਭੁਲੇਖਾ

ਬਾਬਲ ਸੀ ਜਦੋਂ ਤੁਰ ਗਿਆ ਮੈਂ ਸੀ ਉਦੋਂ ਨਿਆਣੀ ਵੇ,
ਕਰਤੀ ਸੀ ਉਮਰੋਂ ਪਹਿਲਾਂ ਫਿਕਰਾਂ ਮੈਂ ਸਿਆਣੀ ਵੇ,
ਰੁਲਗੇ ਚਾਅ ਵਿੱਚ ਗਰੀਬੀ ਸੀ ਮੇਰੇ ਧੀ ਧਿਆਣੀ ਦੇ,
ਮਿਲਿਆ ਮੈਨੂੰ ਬਣ ਫ਼ਰਿਸ਼ਤਾ ਵੇ ਸ਼ੇਖ ਤੂੰ ਕਾਬਲ ਦਾ,
ਤੇਰੇ ਚੋਂ ਪਵੇ ਭੁਲੇਖਾ ਮੈਨੂੰ ਮੇਰੇ ਬਾਬਲ ਦਾ ...

ਬੰਨਦੈ ਪੱਗ ਟੇਢੀ ਛੱਡ ਕੇ ਲੜ ਤੂੰ ਸਰਦਾਰਾ ਵੇ,
ਜੁੱਤੀ ਪਾ ਕੱਢਵੀਂ ਖੂੰਡਾ ਫੜ ਕੇ ਦਿਲਦਾਰਾ ਵੇ,
ਲੱਗੇਂ ਸ਼ਹਿਜ਼ਾਦਾ ਮੈਨੂੰ ਸ਼ਹਿਜਾਦਿਆਂ ਦੇ ਕਾਫਲ ਦਾ,
ਤੇਰੇ ਚੋਂ ਪਵੇ ਭੁਲੇਖਾ ...

ਦਿੰਦਾ ਤੂੰ ਝਿੜਕ ਹੈ ਮਿੱਠੀ ਬਾਪੂ ਜਿਵੇਂ ਦਿੰਦਾ ਸੀ,
ਘੁੱਟਕੇ ਲਾ ਛਾਤੀ ਮੋਹ ਨਾਲ ਛਿੰਦਾ ਪੁੱਤ ਕਹਿੰਦਾ ਸੀ,
ਜੰਨਤ ਮੇਰੀ ਜ਼ਿੰਦਗੀ ਬਣਗੀ ਬੁੱਤ ਸੀ ਮੈਂ ਗ਼ਾਫ਼ਿਲ ਦਾ,
ਤੇਰੇ ਚੋਂ ਪਵੇ ਭੁਲੇਖਾ ...

ਬੀਂਬੜ ਪਿੰਡ ਵਾਲੇ ਮੱਟੂਆ ਤਾਜ ਸਿਰ ਮੇਰੇ ਦਿਆ,
ਮਿਲਦੈ ਹਮਸਫ਼ਰ ਕਿਸੇ ਨੂੰ ਭਾਗਾਂ ਨਾਲ ਤੇਰੇ ਜਿਹਾ,
ਜ਼ਿੰਦਗੀ ਭਰ ਮਾਣ ਰਹੂਗਾ ਹੋਏ ਤੂੰ ਹਾਸਲ ਦਾ
ਤੇਰੇ ਚੋਂ ਪਵੇ ਭੁਲੇਖਾ ...

**- ਇੰਜੀ ਸਤਨਾਮ ਸਿੰਘ ਮੱਟੂ**
**91-97797-08257**

# ਵਿਲੱਖਣ ਤੇ ਆਧੁਨਿਕ ਹੋਏਗਾ ਪਹਿਲਾ ਵਾਰ ਪੰਜਾਬੀ ਰਿਆਲਿਟੀ ਸ਼ੋ ਪੰਜਾਬੀ ਜ਼ਿੰਦਾਬਾਦ




ਪੰਜਾਬੀ ਮਨੋਰੰਜਨ ਦੁਨੀਆਂ ਵੀ ਹੁਣ ਰਾਸ਼ਟਰੀ ਟੀਵੀ ਚੈਨਲਾਂ ਦੀ ਤਰਾਂ ਆਧੁਨਿਕ ਸਹੂਲਤਾਂ ਤੇ ਤਕਨੀਕ ਨਾਲ ਰਿਆਲਿਟੀ ਸ਼ੋ ਕਰ ਕਿ ਅੱਗੇ ਆ ਰਹੀ ਹੈ। ਫਿਰ ਵੀ ਅਜਿਹੇ ਸ਼ੋ ਲਈ ਵੱਡੀ ਯੋਜਨਾ ਬਣਾਉਣੀ ਪੈਂਦੀ ਹੈ। ਜਰਨੈਲ ਘੁਮਾਣ ਪੰਜਾਬੀ ਸੰਗੀਤ ਦੀ ਰਗ ਰਗ ਦੇ ਵਾਕਿਫ਼ ਤਜ਼ਰਬੇਕਾਰ ਇਨਸਾਨ ਹਨ ਤੇ ਸੀ ਐਮ ਸੀ ਕੰਪਨੀ ਨੂੰ ਭਾਰਤ ਦੀ ਟੋਪ ਆਡੀ ਵੀਡਿ ਕੰਪਨੀ ਉਹਨਾਂ ਦੀ ਮਿਹਨਤ ਨੇ ਬਣਾਇਆ। ਦੂਜੇ ਪਾਸੇ ਬੰਨੀ ਸ਼ਰਮਾ ਕੋਲ ਟੀਵੀ ਪ੍ਰੋਗਰਾਮ ਕਰਨ ਦਾ ਤਜ਼ਰਬਾ ਹੈ ਤੇ ਨਾਲ ਸੰਗੀਤ ਜਗਤ ਵਿੱਚ ਉਹਨਾਂ ਦੇ ਗੁਲਸ਼ਨ ਕੁਮਾਰ ਜੀ ਸਵਰਗੀ ਨਾਲ ਨਿੱਘਰ ਸੰਬੰਧ ਉਹਨਾਂ ਦੀ ਕਾਬਲੀਅਤ ਹਨ। ਦੋਵਾਂ ਨੇ ਦੁਬਈ ਜਾ ਕਿ ਇੱਕ ਆਖ਼ਿਰ ਐਸੇ ਰਿਆਲਿਟੀ ਸ਼ੋ ਦੀ ਰੂਪ ਰੇਖਾ ਬਣਾਈ ਕਿ ਇਹ ਸ਼ੋ ਰਜਿਸਟਰੇਸ਼ਨ ਸ਼ੁਰੂ ਹੋਈ ਹੈ। ਘੁਮਾਣ ਆਖਦੇ ਨੇ ਅਸੀਂ ਫਰੀ ਦਾਖਿਲਾ ਰੱਖਿਆ ਹੈ ਤੇ ਬੰਨੀ ਸ਼ਰਮਾ ਅਨੁਸਾਰ ਸਕਾਈ ਵਿਸਨ ਤੇ ਪੰਜਾਬੀ ਜ਼ਿੰਦਾਬਾਦ ਦੇ ਵੈੱਬ ਤੇ ਈਮੇਲ ਹੋਰ ਸੰਪਰਕ ਲਈ ਹਨ। ਸ਼ੋ ਐਸਾ ਹੋਏਗਾ ਕਿ ਪੰਜਾਬੀ ਜ਼ਿੰਦਾਬਾਦ ਹਰ ਪਾਸੇ ਨੇ ਇਹ ਦਿਖਾ ਦੇਣਾ ਹੈ ਤੇ ਬਹੁਤ ਕੁੱਝ ਸ਼ੋ ਵਿੱਚ ਕੰਮ ਕਰਨ ਵਾਲੇ ਨੂੰ ਲਾਭ ਹੋਏਗਾ। ਫਿਲਹਾਲ ਅਧਿਕਾਰਤ ਤੌਰ ਤੇ ਅਗਲੇ ਕੁੱਝ ਦਿਨ ਪੰਜਾਬੀ ਕਿੱਥੇ ਤੇ ਕਿਵੇਂ ਜ਼ਿੰਦਾਬਾਦ ਨੇ ਸ਼ੋ ਕਿੰਜ ਦਿਖਾਏਗਾ ਸਪੱਸ਼ਟ ਹੋਏਗਾ। ਐਨਾ ਹੈ ਕਿ ਜਿਸ ਘੁਮਾਣ ਨੇ ਭਗਵੰਤ ਮਾਨ, ਸ਼ੇਰਾ ਸਟਾਰ ਬਣਾਏ ਉਹ ਅਜੇ ਹੋਰ ਪੰਜਾਬੀ ਸਟਾਰ ਬਣਾ ਆਖੇਗਾ ਪੰਜਾਬੀ ਜ਼ਿੰਦਾਬਾਦ ਤੇ ਜਿਸ ਬੰਨੀ ਸ਼ਰਮਾ ਨੇ ਟੀਵੀ ਤੇ ਬੱਲੇ ਬੱਲੇ ਲੁੱਟੀ ਉਹ ਵੀ ਦਿਖਾ ਦੇਵੇਗਾ ਪੰਜਾਬੀ ਜ਼ਿੰਦਾਬਾਦ ਕਿਵੇ ਹਨ ਬਸ ਦੁਨੀਆਂ ਦੇ ਵੱਡੇ ਤੇ ਵਿਲੱਖਣ ਇਸ ਰੀਆਲ਼ਟੀ ਸ਼ੋ ਰਾਹੀਂ ਜਲਦੀ ਪਤਾ ਚਲੇਗਾ।

**- ਅੰਮ੍ਰਿਤ ਪਵਾਰ**

# ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ ਬੋਲੇ ਫ਼ਿਕਰ ਨਾ ਕਰ ਮਨੋਜ ਤਨੇਜਾ ਮਹਿਤਾ ਚੌਂਕ ਬਣੇਗਾ ਕੈਲਫੋਰਨੀਆ-ਗੁਰਵਿੰਦਰ ਸਿੰਘ ਰੰਧਾਵਾ

ਪੰਜਾਬ ਸਿਵਲ ਸਕੱਤਰੇਤ ਚੰਡੀਗੜ ਵਿਖੇ "ਸਟਾਰ ਆਫ ਮਹਿਤਾ ਚੌਂਕ" ਮਨੋਜ ਤਨੇਜਾ ਨੇ ਅੱਜ ਪੰਜਾਬ ਦੇ ਬਿਜਲੀ ਮੰਤਰੀ ਸਰਦਾਰ ਹਰਭਜਨ ਸਿੰਘ ਈਟੀ ਨਾਲ ਮੁਲਾਕਾਤ ਕੀਤੀ ਤੇ ਇਸ ਮੌਕੇ ਮਾਰਕੀਟ ਕਮੇਟੀ ਮਹਿਤਾ ਚੌਂਕ ਦੇ ਚੇਅਰਮੈਨ ਗੁਰਵਿੰਦਰ ਸਿੰਘ ਰੰਧਾਵਾ ਵੀ ਮੌਜੂਦ ਸਨ। ਮਨੋਜ ਤਨੇਜਾ ਨੇ ਗੁਰਵਿੰਦਰ ਸਿੰਘ ਰੰਧਾਵਾ ਤੇ ਅਜੇ ਗਾਂਧੀ ਸਰਪੰਚ ਮਹਿਤਾ ਚੌਂਕ ਦੇ ਯਤਨਾਂ ਨਾਲ ਆਮ ਆਦਮੀ ਪਾਰਟੀ ਵਿੱਚ ਸ਼ਿਰਕਤ ਕਰ ਕਿ ਮਹਿਤੇ ਚੌਂਕ ਵਿੱਚ ਆਪ ਨੂੰ



ਮਜ਼ਬੂਤ ਕੀਤਾ ਹੈ। ਬਿਜਲੀ ਮੰਤਰੀ ਹਰਭਜਨ ਸਿੰਘ ਈਟੀ ਨੂੰ ਮਨੋਜ ਤਨੇਜਾ ਨੇ ਕਿਹਾ ਕਿ ਤੁਹਾਡਾ ਸਹਿਯੋਗ ਰਹੇ ਤੇ ਗੁਰਵਿੰਦਰ ਸਿੰਘ ਜਿਹੇ ਆਪ ਦੇ ਮਿਹਨਤੀ ਆਗੂ ਤਾਂ ਮਹਿਤਾ ਚੌਂਕ ਕੈਲਫੋਰਨੀਆ ਬਣਾ ਕਿ ਰੱਖਣਾ ਹੈ ਤੇ ਸਾਰੇ ਮਹਿਤੇ ਵਿੱਚ ਰਾਤਰੀ ਲਾਈਟਾਂ ਲੱਗਣਗੀਆਂ ਤੇ ਸ਼ੁੱਧ ਪਾਣੀ ਤੇ ਟ੍ਰੈਫਿਕ ਲਈਟ ਦੇ ਇਲਾਵਾ ਟਰੈਫਿਕ ਪੁਲਿਸ ਦੀ ਤਾਇਨਾਤੀ ਵੀ ਇਥੇ ਹੋਏਗੀ। ਸਾਫ ਸਫਾਈ ਦੇ ਨਾਲ ਨਾਲ ਮਹਿਤਾ ਦਾ ਬੱਸ ਅੱਡਾ ਬਣੇਗਾ ਤੇ ਉਹਨਾਂ ਬਿਜਲੀ ਮੰਤਰੀ ਨੂੰ ਕਿਹਾ ਕਿ ਬਿਆਸ ਤੱਕ ਰੇਲਵੇ ਨੈੱਟਵਰਕ ਹੈ ਤੇ ਬਿਆਸ ਤੋਂ ਬਟਾਲਾ ਵਾਇਆ ਮਹਿਤਾ ਚੌਂਕ ਰੇਲ ਲਾਈਨ ਬਣਨ ਲਈ ਕੇਂਦਰ ਨੂੰ ਕਹਿਣ ਤਾਂ ਸਿੱਧਾ ਜਲੰਧਰ ਬਟਾਲਾ ਰੇਲ ਲਿੰਕ ਬਣੇ ਕਿਉਂਕਿ ਜਲੰਧਰ ਬਟਾਲਾ ਮੁੱਖ ਰੋਡ ਰੇਲ ਤੋ ਸੱਖਣੀ ਹੈ ਤੇ ਇਹ ਬਿਆਸ ਤੋਂ ਸਿੱਧਾ ਅੰਮ੍ਰਿਤਸਰ ਬਟਾਲਾ ਰੇਲ ਲਾਈਨ ਨਾਲ ਜੁੜ ਸਕਦੀ ਹੈ। ਹਰਭਜਨ ਸਿੰਘ ਈਟੀਓ ਨੇ ਕਿਹਾ ਕਿ ਮਨੋਜ ਤਨੇਜਾ ਨੂੰ ਜਲਦੀ ਪਾਰਟੀ ਵੱਡਾ ਅਹਿਮ ਅਹੁਦਾ ਦੇਵੇਗੀ ਤਾਂ ਕਿ ਉਹ ਮਹਿਤਾ ਚੌਂਕ ਆਪ ਪਾਰਟੀ ਨੂੰ ਮਜ਼ਬੂਤ ਬਣਾਉਣ ਲਈ ਕੰਮ ਕਰਨ।

ਬਾਅਦ ਵਿੱਚ ਮਨੋਜ ਤਨੇਜਾ ਤੇ ਗੁਰਵਿੰਦਰ ਸਿੰਘ ਰੰਧਾਵਾ ਚੇਅਰਮੈਨ ਮਾਰਕੀਟ ਕਮੇਟੀ ਮਹਿਤਾ ਚੌਂਕ ਨੇ ਮੰਤਰੀ ਸਾਬ ਨਾਲ ਬ੍ਰੇਕ ਫਾਸਟ ਵੀ ਕੀਤਾ ਤੇ ਮਹਿਤੇ ਅਮਨ ਕਾਨੂੰਨ ਦੇ ਹਲਾਤ ਵਧੀਆ ਰਹਿਣ ਤੇ ਵੀ ਵਿਚਾਰਾਂ ਹੋਈਆਂ ।

**- ਅੰਮ੍ਰਿਤ ਪਵਾਰ**